*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-8, ਅੰਕ-10, ਅਕਤੂਬਰ 2018 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਕੈਨੇਡਾ ਦੀਆਂ ਸਥਾਨਕ ਸਰਕਾਰਾਂ ਦੀ ਸੱਚਾਈ

ਬਾਕੀ ਦੇ ਸਰਮਾਏਦਾਰੀ ਰਾਜ ਪ੍ਰਬੰਧ ਵਾਲੇ ਮੁਲਕਾਂ ਵਾਂਗ ਕੈਨੇਡਾ ਵੀ ਲੋਕ ਤੰਤਰਿਕ ਸਥਾਨਕ ਸਰਕਾਰਾਂ ਦਾ ਭਰਮ ਪਾਲਦਾ ਹੈ। ਇਹ ਲੋਕਲ ਸਰਕਾਰਾਂ, ਜਿਨ੍ਹਾਂ ਨੂੰ ਆਮ ਭਾਸ਼ਾ ਵਿਚ, ਸਿਟੀ ਕਾਊਂਸਲ ਜਾਂ ਕਾਰਪੋਰੇਸ਼ਨ ਆਖਿਆ ਜਾਂਦਾ ਹੈ; ਕਿਵੇਂ ਵੀ ਲੋਕ ਤੰਤਰਿਕ ਨਹੀਂ ਹਨ। ਇਹ ਨਾ ਹੀ ਉਪਰਲੀ ਰਾਜ ਵਿਵਸਥਾ ਜਿਵੇਂ ਪ੍ਰੋਵੈਂਸ਼ਲ ਜਾਂ ਫੈਡਰਲ ਸਰਕਾਰ ਦੀਆਂ ਥੰਮ੍ਹ ਆਖੀਆਂ ਜਾ ਸਕਦੀਆਂ ਹਨ।



ਅਸਲ ਵਿਚ ਅਜੋਕੀ ਲੋਕਲ ਸਰਕਾਰ ਵਿਵਸਥਾ ਅਠਾਰਵੀਂ ਸਦੀ ਦੇ ਅੰਤਲੇ ਵੇਲੇ ਬਸਤੀਵਾਦੀ ਯੂਰਪੀਅਨ ਕੌਮਾਂ ਵਲੋਂ, ਮੂਲ ਵਾਸੀਆਂ ਦੀ ਸਹੀ ਮਾਅਨਿਆਂ ਦੀ ਡੈਮੋਕਰੈਟਿਕ ਵਿਵਸਥਾ ਨੂੰ ਕੁਚਲ ਕੇ ਸਥਾਪਤ ਕੀਤੀ ਗਈ ਹੈ। ਪ੍ਰਿੰਸ ਜਾਰਜ ਆਈਲੈਂਡ ਸੂਬੇ ਦੇ ਸ਼ਹਿਰ ਸੰਨ ਜੌਹਨ ਤੋਂ 1785 ਵਿਚ ਇਸ ਦੀ ਸ਼ੁਰੂਆਤ ਹੋਈ।

ਮੂਲ ਵਾਸੀਆਂ ਜਾਂ ਜਿਨ੍ਹਾਂ ਨੂੰ ਹੁਣ, ਕੈਨੇਡਾ ਦੀਆਂ ਪਹਿਲੀਆਂ ਕੌਮਾਂ, ਫਸਟ ਨੇਸ਼ਨਜ਼ ਆਖਿਆ ਜਾਂਦਾ ਹੈ, ਦੀ ਅਰਥ ਅਤੇ ਸਮਾਜਿਕ ਵਿਵਸਥਾ ਸਹੀ ਅਰਥਾਂ ਵਿਚ ਲੋਕ ਤੰਤਰਿਕ ਸੀ। ਸਮੁੱਚਾ ਭਾਈਚਾਰਾ ਜ਼ਮੀਨ, ਜਾਇਦਾਦ ਦਾ ਮਾਲਕ ਹੁੰਦਾ ਸੀ ਅਤੇ ਭਾਰਤ ਦੀ ਪੁਰਾਤਣ ਪੰਚਾਇਤ ਵਿਵਸਥਾ ਵਾਂਗ, ਉਨ੍ਹਾਂ ਦੇ ਸਾਰੇ ਸਮਾਜਿਕ ਮਸਲੇ ਭਾਈਚਾਰਕ ਪੰਚਾਇਤ ਰਾਹੀਂ ਹੱਲ ਕੀਤੇ ਜਾਂਦੇ ਸਨ। ਕਬੀਲੇ ਦਾ ਮੁਖੀ, ਜਨਤਕ ਚੋਣ ਰਾਹੀਂ ਚੁਣਿਆ ਜਾਂਦਾ ਸੀ। ਯੂਰਪੀਅਨ ਬਸਤੀਵਾਦੀਆਂ ਦੀ ਆਮਦ ਨੇ ਇਸ ਵਿਵਸਥਾ ਨੂੰ ਤਹਿਸ ਨਹਿਸ ਕਰ ਦਿੱਤਾ। ਆਪਣਾ ਸਾਮਰਾਜਵਾਦੀ ਯੂਰਪੀਅਨ ਮਾਡਲ ਲਾਗੂ ਕਰ ਦਿੱਤਾ। ਸੋ ਇਹ ਵਿਵਸਥਾ ਸਰਮਾਏਦਾਰੀ ਦੀਆਂ ਨੀਹਾਂ ਅਤੇ ਥੰਮ੍ਹ ਵਜੋਂ ਅੱਜ ਅਸੀਂ ਦੇਖ ਰਹੇ ਹਾਂ।

ਕੈਨੇਡਾ ਦੇ 1867 ਦੇ ਸੰਵਿਧਾਨ ਦੀ ਧਾਰਾ 98 (2) ਵਿਚ ਸਿਰਫ਼ ਇਹ ਲਿਖਿਆ ਹੈ ਕਿ ਪ੍ਰੋਵੈਂਸ਼ਲ ਸਰਕਾਰ, ਆਪਣੀ ਲੋੜ ਅਨੁਸਾਰ ਆਪਣੇ ਰਾਜ ਵਿਚ ਸਥਾਨਕ ਸਰਕਾਰਾਂ ਦਾ ਢਾਂਚਾ ਸਥਾਪਤ ਕਰਨ ਦੀ ਵਿਵਸਥਾ ਸਬੰਧੀ ਕਾਨੂੰਨ ਪਾਸ ਕਰ ਸਕਦੀ ਹੈ। ਇਸ ਤੋਂ ਅਗਾਂਹ ਕੈਨੇਡਾ ਦਾ ਸੰਵਿਧਾਨ ਖਾਮੋਸ਼ ਹੈ। ਇਸ ਲਈ ਕੈਨੇਡਾ ਦੇ 10 ਅੱਡੋ ਅੱਡਰੇ ਸੂਬਿਆਂ ਅਤੇ ਤਿੰਨ ਕੇਂਦਰੀ ਖੇਤਰਾਂ ਵਿਚ ਸਥਾਨਕ ਸਰਕਾਰਾਂ ਸਬੰਧੀ ਅੱਡੋ ਅੱਡਰੇ ਕਾਨੂੰਨ ਹਨ। ਸਥਾਨਕ ਸਰਕਾਰਾਂ, ਅਸਲ ਮਾਅਨਿਆਂ ਵਿਚ ਸੂਬਾ ਸਰਕਾਰਾਂ ਦੇ ਰਹਿਮੋਕਰਮ 'ਤੇ ਹਨ। ਸੂਬਾ ਸਰਕਾਰ ਆਪਣੀ ਮਰਜ਼ੀ ਅਨੁਸਾਰ ਉਨ੍ਹਾਂ ਦੀ ਸਥਾਪਨਾ ਕਰ ਸਕਦੀ ਹੈ, ਉਨ੍ਹਾਂ ਦਾ ਰਲੇਵਾਂ ਕਰ ਸਕਦੀ ਹੈ, ਪੱਧਰ ਘਟਾ ਵਧਾ ਸਕਦੀ ਹੈ ਜਾਂ ਤੋੜ ਵੀ ਸਕਦੀ ਹੈ।

ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in



2016 ਦੀ ਇਕ ਰਿਪੋਰਟ ਅਨੁਸਾਰ ਕੈਨੇਡਾ ਦੇ 10 ਸੂਬਿਆਂ ਅਤੇ ਤਿੰਨ ਕੇਂਦਰੀ ਖੇਤਰਾਂ ਵਿਚ, ਕੁੱਲ 3572 ਕਾਊਂਸਲਾਂ, ਕਮੇਟੀਆਂ ਜਾਂ ਕਾਰਪੋਰੇਸ਼ਨਾਂ ਹਨ। ਪਰ ਵਿੱਕੀ ਪੀਡੀਆ ਦੀ ਇਕ ਤਾਜ਼ਾ ਰਿਪੋਰਟ ਅਨੁਸਾਰ ਇਹ ਗਿਣਤੀ 3700 ਹੈ।

ਪੰਜ ਵੱਡੇ ਸੂਬੇ ਜਿਨ੍ਹਾਂ ਵਿਚ ਬਹੁਗਿਣਤੀ ਪੰਜਾਬੀ ਜਾਂ ਹੋਰ ਕੌਮੀਅਤਾਂ ਦੇ ਲੋਕ ਵਸਦੇ ਹਨ, ਉਨ੍ਹਾਂ ਵਿਚ ਗਿਣਤੀ ਇਸ ਪ੍ਰਕਾਰ ਹੈ -ਉਂਟਾਰੀਓ 444, ਬੀਸੀ 162, ਅਲਬਰਟਾ 354 ਕਬਿੱਕ 1134 ਅਤੇ ਮਨੀਟੋਬਾ 137

ਉਪਰੋਕਤ, 3700 ਕਾਊਂਸਲਾਂ ਦੀਆਂ ਕੁੱਲ 36 ਵੰਨਗੀਆਂ ਹਨ। ਜਿਵੇਂ ਸਿਟੀ ਕਾਊਂਸਲ, ਟਾਊਨ ਕਾਊਂਸਲ, ਵਿਲੇਜ਼ ਕਾਊਂਸ਼ਲ ਟਾਊਨਸ਼ਿਪ ਕਾਊਂਸਲ, ਹੈਮਲਿਟ ਕਾਊਂਸਲ, ਪਾਰਿਸ਼ ਕਾਊਂਸਲ ਜਾਂ ਸਿਰਫ਼ ਮਿਊਂਸਪੈਲਟੀ ਆਦਿ। ਇਸ ਤੋਂ ਅੱਗੇ, ਕਈ ਥਾਈਂ ਰਲੇਵੇਂ ਕਰਕੇ, ਕਾਊਂਟੀ ਕਾਊਂਸਲ, ਰਿਜ਼ਨਲ ਕਾਊਂਟੀ ਕਾਊਂਸਲ, ਰਿਜ਼ਨਲ ਜ਼ਿਲ੍ਹਾ ਕਾਊਂਸਲ ਜਾਂ ਰਿਜ਼ਨਲ ਪੇਂਡੂ ਕਾਊਂਸਲ, ਵੱਡੇ ਸ਼ਹਿਰਾਂ ਜਿਵੇਂ ਟੋਰਾਂਟੋ, ਵੈਨਕੂਵਰ ਆਦਿ ਵਿਚ ਮੈਨਰੋਪੋਲੀਟਨ ਕਾਊਂਸਲਾਂ ਵੀ ਹੋਂਦ ਵਿਚ ਹਨ।

ਪਹਿਲਾਂ ਮੈਂ ਆਖ ਚੁੱਕਿਆ ਹਾਂ ਕਿ ਇਹ ਵਿਵਸਥਾ ਸਰਮਾਏਦਾਰੀ ਰਾਜ ਪ੍ਰਬੰਧ ਦੀ ਨੀਂਹ ਤਾਂ ਆਖੀ ਜਾ ਸਕਦੀ ਹੈ ਪਰ ਡੈਮੋਕਰੈਟਿਕ ਬਿਲਕੁਲ ਨਹੀਂ। ਇਸ ਵਿਵਸਥਾ ਦੇ ਕੁਝ ਮੂਲ ਤੱਤ ਹਨ ਜੋ ਇਹ ਧਾਰਨਾ ਸਿੱਧ ਕਰਦੇ ਹਨ।

ਪਹਿਲਾ, ਕੈਨੇਡਾ ਦੇ ਸੰਵਿਧਾਨ ਵਿਚ, ਸਥਾਨਕ ਸਰਕਾਰਾਂ ਦੀ ਵਿਵਸਥਾ ਦੀ ਅਣਹੋਂਦ ਹੈ। ਇਸ ਤਰ੍ਹਾਂ ਇਹ ਵਿਵਸਥਾ ਪੰਗੂ ਬਣ ਕੇ, ਸੂਬਾ ਸਰਕਾਰ ਦੇ ਰਹਿਮ 'ਤੇ ਨਿਰਭਰ ਹੈ। ਇਸ ਦੀ ਇਕ ਤਾਜ਼ਾ ਤਰੀਨ ਉਦਾਹਰਣ ਉਟਾਰੀਓਂ ਪ੍ਰਾਂਤ ਦਾ ਟੋਰਾਂਟੋ ਸ਼ਹਿਰ ਹੈ। ਇਹ 44 ਵਾਰਡਾਂ ਵਿਚ ਵੰਡਿਆ

(ਬਾਕੀ ਸਫ਼ਾ 4 'ਤੇ)

























Si
SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.bruceliang.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
❖ Professional Services
❖ Free Home Evaluation
❖ Digital Marketing & Social Media
❖ Top Dollars in your Pocket
❖ Superb Negotiation Skills
❖ Team of 3 Realtors With Full Time Office Staff
SOLD
ROYAL LEPAGE
100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary,AB T2H 2H8
www.TiwanaTeam.com

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

Parminder Swaich
Surrey (BC)
604-760-4794

**Graphic Desinger**
Baljinder Singh
+91-98782-29598
+91-92167-29598
akashdeep.1064@gmail.com

**Honorary Advisory Board**

Sukhdev Singh Sandhu (Toronto)

Master Balbir Singh Gill (Toronto)
Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses with single garage

You can't beat these spectacular view

Priced to sell at $889,000

Call Rani - 403-612-7881
Amar - 403-470-2627



# ਕੈਨੇਡਾ ਦੀਆਂ ਸਥਾਨਕ ਸਰਕਾਰਾਂ ਦੀ ਸੱਚਾਈ

ਹੋਇਆ ਹੈ। 44 ਹੀ ਪ੍ਰੋਵਿੰਸ਼ਲ ਅਸੈਂਬਲੀ ਖੇਤਰ ਹਨ। 45ਵਾਂ ਸ਼ੇਅਰ ਓਪਨ ਸਿਸਟਮ ਰਾਹੀਂ ਚੁਣਿਆ ਜਾਂਦਾ ਹੈ ਪਰ ਟੋਰੀ ਸਰਕਾਰ ਦਾ ਡੱਗ ਫੋਰਡ ਪ੍ਰਾਈਮਰ, ਵਾਰਡਾਂ ਜਾਂ ਗਿਣਤੀ ਘਟਾ ਕੇ 25 ਕਰਨ 'ਤੇ ਤੁਲਿਆ ਹੋਇਆ ਹੈ। ਰਾਇਆਮਾ ਇਸਦੇ ਖਿਲਾਫ਼ ਹੈ ਪਰ ਉਸਨੇ ਕਾਊਂਸਲ ਤੇ ਇਹ ਕੁਹਾੜਾ ਚਲਾ ਹੀ ਦੇਣਾ ਹੈ।

ਦੂਜਾ, ਸਥਾਨਕ ਸਰਕਾਰਾਂ ਦੀ ਪ੍ਰੋਵਿੰਸ ਪੱਧਰ ਤੱਕ ਵੀ ਕੋਈ ਜੋੜਵੀ ਕੜੀ-ਆਰਗੇਨਾਈਜ਼ਿੰਗ ਲਿੰਕ ਨਹੀਂ। ਪੰਜਾਬ ਦੇ 12,000 ਕੁ ਹਜ਼ਾਰ ਪਿੰਡਾਂ ਦੀਆਂ ਆਪਣੀਆਂ ਪੰਚਾਇਤਾਂ ਹਨ। ਇਹ ਅੱਗੋਂ ਦੂਜੇ ਪੱਧਰ ਪੰਚਾਇਤ ਸੰਮਤੀ ਨਾਲ ਜੁੜ ਜਾਂਦੀਆਂ ਹਨ, ਪੰਚਾਇਤ ਸੰਮਤੀਆਂ ਤੀਜੇ ਪੱਧਰ ਜ਼ਿਲ੍ਹਾ ਪ੍ਰੀਸ਼ਦ ਨਾਲ ਇਕੱਠੀਆਂ ਹੋ ਜਾਂਦੀਆਂ ਹਨ। ਇਨ੍ਹਾਂ ਦੀ ਇਕ ਤਾਕਤ ਜੁੜਵੀਂ ਕੜੀ ਦੇ ਰੂਪ ਵਿਚ ਬਣ ਜਾਂਦੀ ਹੈ। ਸ਼ਹਿਰੀ ਵਿਵਸਥਾ ਇਸ ਤੋਂ ਵੱਖਰੀ ਹੈ। ਭਾਵੇਂ ਇਹ ਭੁਲੇਖਾ ਅੱਜ ਦੇ ਹਾਲਤ ਵਿਚ ਸਾਨੂੰ ਨਹੀਂ ਪਾਲਣਾ ਚਾਹੀਦਾ ਹੈ ਕਿ ਪੰਜਾਬ ਦਾ ਢਾਂਚਾ ਕੈਨੇਡਾ ਨਾਲੋਂ ਜ਼ਿਆਦਾ ਡੈਮੋਕ੍ਰੈਟਿਕ ਹੈ ਪਰ ਉਥੋਂ ਦੀ ਵਰਕਿੰਗ ਲੋਕਤੰਤਰੀ ਨਹੀਂ ਰਹੀ ਪਰ ਢਾਂਚਾ ਸਬੂਤਾ ਹੈ। ਇਥੋਂ ਦਾ ਢਾਂਚਾ ਹੀ ਗੈਰ ਲੋਕਤੰਤਰੀ ਹੈ ਜਿਹੜਾ ਲੋਕਾਂ ਦੀ ਤਾਕਤ ਨੂੰ ਖੇਰੂੰ ਖੇਰੂੰ ਕਰ ਕੇ ਰੱਖਦਾ ਹੈ।

ਤੀਜਾ, ਭਾਵੇਂ ਕੈਨੇਡਾ ਦੇ ਨਾਗਰਿਕ ਆਪਣੀ ਵੋਟ ਦਾ ਇਸਤੇਮਾਲ ਕਰਕੇ ਆਪਣੇ ਨੁਮਾਇੰਦੇ ਚੁਣ ਸਕਦੇ ਹਨ, ਪਰ ਇਸ ਤੋਂ ਅੱਗੇ ਉਹ ਕਾਊਂਸਲ ਕੋਈ ਸਿੱਧੀ ਪਹੁੰਚ ਨਹੀਂ ਕਰ ਸਕਦੇ। ਆਪਣੇ ਕਿਸੇ ਸਥਾਨਕ ਮਸਲੇ ਬਾਰੇ ਉਹ ਸਿਰਫ਼ ਪਟੀਸ਼ਨ ਕਰ ਸਕਦੇ ਹਨ। ਭਾਵ ਦਇਆ ਦੀ ਅਰਜ਼ੀ ਹੀ ਦੇ ਸਕਦੇ ਹਨ ਅਤੇ ਇਸ ਤਰ੍ਹਾਂ ਦੀ ਅਰਜ਼ੀਆਂ ਦਾ ਅੰਤ 100 ਵਿਚੋਂ 99ਵੇਂ ਵਾਰ ਨਾਂ ਮਨਜ਼ੂਰੀ ਵਿਚ ਹੀ ਹੁੰਦਾ ਹੈ।

ਚੌਥਾ, ਸਿਟੀ ਕਾਊਂਸਲਾਂ ਵਿਚ ਆਮ ਕਰਕੇ ਅਫ਼ਸਰਸ਼ਾਹੀ ਭਾਰੂ ਹੁੰਦੀ ਹੈ। ਇਥੇ ਬੀਸੀ ਦੇ ਸਰੀ ਸ਼ਹਿਰ ਦੀ ਮਿਸਾਲ ਪੇਸ਼ ਹੈ। ਸਰੀ ਬੀਸੀ ਦਾ ਪੰਜ ਛੇ ਲੱਖ ਦੀ ਆਬਾਦੀ ਵਾਲਾ ਕੈਨੇਡਾ ਦਾ ਦਸਵਾਂ ਵੱਡਾ ਸ਼ਹਿਰ ਹੈ। ਇਸ ਵਿਚ ਚੌਥੀ ਵਸੋਂ ਪੰਜਾਬੀ ਚੀਨੀ, ਕੋਰੀਅਨ, ਵੀਅਤਨਾਮੀ ਇਰਾਨੀ ਆਦਿ ਪਿਛੋਕੜ ਦੇ ਲੋਕ ਵਸਦੇ ਹਨ। ਸਰੀ ਸਕਾਈ ਟ੍ਰੇਨ ਰਾਹੀਂ ਵੈਨਕੂਵਰ ਨਾਲ ਜੁੜਿਆ ਹੋਇਆ ਹੈ। ਕਿੰਗ ਜਾਰਜ, ਸਰੀ ਸੈਂਟਰਲ ਅਤੇ ਸਕਾਟ ਰੋਡ ਤਿੰਨ ਮੈਟਰੋ ਸਟੇਸ਼ਨ ਹਨ। ਸਰੀ ਦੀਆਂ ਅਵਾਮੀ ਜਥੇਬੰਦੀਆਂ, ਲੋਕਾਂ ਅਤੇ ਬਹੁਗਿਣਤੀ ਕਾਊਂਸਲਰਾਂ ਦੀ ਚਿਰੋਕਣੀ ਮੰਗ ਹੈ ਕਿ ਸਕਾਈ ਟ੍ਰੇਨ ਲਾਈਨਾਂ ਦਾ ਵਾਧਾ ਕਰਕੇ ਸ਼ਹਿਰ ਦਾ ਅੰਦਰੂਨੀ ਟਰਾਂਸਪੋਰਟੇਸ਼ਨ ਨੂੰ ਸੁਚਾਰੂ ਬਣਾਇਆ ਜਾਵੇ। ਇਸ ਵੇਲੇ ਇਸ ਦਾ ਮੰਦਾ ਹਾਲ ਹੈ। ਇਹ ਸਰੀ ਦੇ ਵਿਕਾਸ ਅਤੇ ਵਿਸਤਾਰ ਵਿਚ ਅੜਿੱਕਾ ਹੈ। ਇਸ ਮੰਗ ਦਾ ਪਬਲਿਕ ਸੈਕਟਰ ਦੀਆਂ ਜਥੇਬੰਦੀਆਂ ਵੀ ਸਮਰਥਨ ਕਰਦੀਆਂ ਹਨ ਪਰ ਲੋਕ ਰਾਇ ਦੀਆਂ ਸਾਰੀਆਂ ਅਵਾਜ਼ਾਂ ਦਰ ਕਿਨਾਰ ਹਨ।

ਐਨ.ਡੀ.ਪੀ. ਦੀ ਜੌਹਨ ਹਾਰਜਨ ਸਰਕਾਰ, ਪਹਿਲੀ ਲਿਬਰਲ ਸਰਕਾਰ ਵਾਂਗ ਹੀ ਸਰੀ ਸਿਰ ਨਵਾਂ, ਖਰਚੀਲਾ ਲਾਈਟ ਰੇਲ ਢਾਂਚਾ ਲੋਕਾਂ ਸਿਰ ਮੜ੍ਹ ਰਹੀ ਹੈ ਜਿਸ ਦਾ ਐਨ ਚੋਣਾਂ ਤੋਂ ਪਹਿਲਾਂ ਐਲਾਨ ਕੀਤਾ ਗਿਆ ਹੈ। ਇਹ ਕਿਹੋ ਜਿਹਾ ਲੋਕਤੰਤਰ ਹੈ? ਲਾਈਟ ਰੇਲ, ਸਕਾਈ ਟ੍ਰੇਨ ਦੇ ਢਾਂਚੇ ਤੋਂ ਬਾਹਰ ਹੋਣ ਕਰਕੇ ਲੋਕਾਂ ਵਾਸਤੇ ਮਹਿੰਗੀ ਸਾਬਤ ਹੋਵੇਗੀ। ਇਸ ਵਿਚੋਂ ਪ੍ਰਾਈਵੇਟ ਮੁਨਾਫ਼ਾਕਾਰੀ ਅਤੇ ਅਫ਼ਸਰਸ਼ਾਹੀ ਦੀ ਗੰਢ-ਤਰੁੱਪ ਸਾਫ਼ ਨਜ਼ਰ ਆਉਂਦੀ ਹੈ।

ਕਿਉਂਕਿ ਕਾਊਂਸਲਾਂ ਵੱਖ-ਵੱਖ ਕਮੇਟੀਆਂ ਵਿਚ ਕੰਮ ਕਰਦੀਆਂ ਜਿਵੇਂ ਟੋਰਾਂਟੋ ਕਾਊਂਸਲ ਦੀਆਂ 16 ਵਿਭਾਗੀ ਕਮੇਟੀਆਂ ਹਨ ਜਿਨ੍ਹਾਂ ਵਿਚ ਐਡਵਾਈਜ਼ਰ ਦੇ ਰੂਪ ਵਿਚ ਅਫ਼ਸਰਸ਼ਾਹੀ ਹੀ ਨਿਰਣੇ ਲੈਂਦੀ ਹੈ। ਕਾਊਂਸਲਰ ਵਿਚਾਰੇ ਉਨ੍ਹਾਂ ਫੈਸਲਿਆਂ 'ਤੇ ਹੀ ਆਪਣੀ ਮੋਹਰ ਲਾਉਂਦੇ ਹਨ। ਮਸਲਿਆਂ 'ਤੇ ਬਹਿਸ ਬਹੁਤ ਘੱਟ ਹੁੰਦੀ ਹੈ। ਮੇਰੇ ਸ਼ਹਿਰ ਐਬਟਸਫੋਰਡ ਦੀ ਉਦਾਹਰਣ ਹੈ; ਇਕ ਸੀਨੀਅਰ ਕਾਊਂਸਲਰ ਜਿਹੜਾ ਹੁਣ ਮੇਅਰ ਵਜੋਂ ਖੜ੍ਹਾ ਹੈ, ਨੇ ਆਖਿਆ ਹੈ ਕਿ 96 ਫੀਸਦ ਫੈਸਲੇ ਸਰਵਸੰਮਤੀ ਨਾਲ ਕੀਤੇ ਗਏ। ਇਸ ਸਰਵਸੰਮਤੀ ਦੇ ਕੀ ਅਰਥ ਹਨ? ਅਸੀਂ ਆਪ ਅੰਦਾਜ਼ਾ ਲਾ ਸਕਦੇ ਹਾਂ।

ਪੰਜਵਾਂ ਵੱਡਾ ਤੱਤ ਇਹ ਹੈ ਕਿ ਕੋਈ ਵੀ ਸਥਾਨਕ ਸਰਕਾਰ, ਫੈਡਰਲ ਸਰਕਾਰ ਤੱਕ ਸਿੱਧੀ ਪਹੁੰਚ ਨਹੀਂ ਕਰ ਸਕਦੀ। ਉਸ ਨੂੰ ਸੂਬਾ ਸਰਕਾਰ ਤੱਕ ਹੀ ਸੀਮਤ ਰਹਿਣਾ ਪੈਂਦਾ ਹੈ। ਇਹ ਡੈਮੋਕ੍ਰੈਟਿਕ ਵਿਵਸਥਾ ਨਹੀਂ ਹੈ।

ਛੇਵਾਂ ਤੱਤ ਵੀ ਬਹੁਤ ਅਹਿਮ ਹੈ। ਕੌਮੀ ਜਾਂ ਰਾਜ ਪੱਧਰ ਦੀਆਂ ਰਾਜਨੀਤਕ ਪਾਰਟੀਆਂ ਸਥਾਨਕ ਚੋਣਾਂ ਵਿਚ ਗੈਰ ਹਾਜ਼ਰ ਹੁੰਦੀਆਂ ਹਨ। ਚੋਣਾਂ ਵਿਚ ਉਨ੍ਹਾਂ ਦੀ ਹਿੱਸੇਦਾਰੀ ਨਹੀਂ ਹੁੰਦੀ। ਕਾਊਂਸਲ ਪੱਧਰ ਦੀਆਂ ਛੋਟੀਆਂ ਪਾਰਟੀਆਂ ਜਾਂ ਸਲੇਟਾਂ ਤੱਕ ਹੀ ਕਾਊਂਸਲ ਦੀ ਰਾਜਨੀਤੀ ਸੀਮਤ ਹੋ ਕੇ ਰਹਿ ਜਾਂਦੀ ਹੈ।

ਸੱਤਵਾਂ ਤੱਤ ਇਹ ਹੈ ਕਿ ਕਾਊਂਸਲ ਦੀ ਸਮੁੱਚੀ ਅਰਥ ਵਿਵਸਥਾ ਤੇ ਅਫ਼ਸਰਸ਼ਾਹੀ ਦੀ ਜਕੜ ਹੁੰਦੀ ਹੈ। ਅਫ਼ਸਰਸ਼ਾਹੀ ਹੀ ਬਜਟ ਵਿਵਸਥਾ, ਟੈਕਸ ਉਗਰਾਹੀ ਅਤੇ ਲੇਖੇ ਜੋਖੇ ਦੀ ਇੰਚਾਰਜ ਹੁੰਦੀ ਹੈ। ਕਿਸੇ ਵੀ ਹਾਲਤ ਵਿਚ ਬਜਟ ਘਾਟੇ ਵਾਲਾ ਨਹੀਂ ਬਣਾਇਆ ਜਾ ਸਕਦਾ। ਉਪਰੋਕਤ ਲੱਛਣਾਂ ਤੋਂ ਬਿਨਾਂ ਵੀ ਕਈ ਹੋਰ ਮੂਲ ਤੱਤ ਹਨ ਜਿਨ੍ਹਾਂ ਦੀ ਵਿਆਖਿਆ ਇਸ ਲੇਖ ਵਿਚ ਸੰਭਵ ਨਹੀਂ। ਜਿਵੇਂ ਕਾਊਂਸਲੀ ਫੈਸਲਿਆਂ ਵਿਚ ਭਾਈ ਭਤੀਜਾਵਾਦ ਪਾਰਦਰਸ਼ਤਾ ਦੀ ਅਣਹੋਂਦ ਅਤੇ ਰੰਗ ਨਸਲ ਭੇਦ ਭਾਵ ਜੋ ਇਨ੍ਹਾਂ ਸਥਾਨਕ ਸਰਕਾਰਾਂ ਦੀ ਗੈਰ ਲੋਕਤੰਤਰੀ ਦਿੱਖ ਦਾ ਕਾਰਨ ਬਣਦੇ ਹਨ। ਆ ਰਹੀਆਂ ਚੋਣਾਂ ਦੇ ਸੰਦਰਭ ਵਿਚ ਇਸ ਤਰ੍ਹਾਂ ਦੀਆਂ ਟਿੱਪਣੀਆਂ ਪ੍ਰੈਸ ਅਤੇ ਸ਼ੋਸਲ ਮੀਡੀਏ 'ਤੇ ਪੜ੍ਹੀਆਂ ਜਾ ਸਕਦੀਆਂ ਹਨ।

**ਚੋਣ ਵਿਵਸਥਾ**

ਸਥਾਨਕ ਸਰਕਾਰਾਂ ਦੀ ਚੋਣ ਵਿਵਸਥਾ ਵੀ ਕੈਨੇਡਾ ਭਰ ਵਿਚ ਵੱਖੋ ਵੱਖਰੀ ਹੈ। ਇਨ੍ਹਾਂ ਦਾ ਕਾਰਜਕਾਲ ਦੋ, ਤਿੰਨ ਜਾਂ ਚਾਰ ਸਾਲ ਦਾ ਹੋ ਸਕਦਾ ਹੈ। ਚੋਣ ਦਾ ਦਿਨ ਅਤੇ ਮਹੀਨਾ ਮਿਥਿਆ ਹੁੰਦਾ ਹੈ। ਮਹੀਨਾ ਆਮ ਕਰਕੇ ਅਕਤੂਬਰ ਜਾਂ ਨਵੰਬਰ। ਹਫ਼ਤੇ ਦਾ ਪਹਿਲਾ, ਦੂਜਾ, ਤੀਜਾ ਚੌਥਾ ਆਦਿ ਦਿਨ ਹੋ ਸਕਦਾ ਹੈ। ਹਰ ਸਾਲ ਇਕੋ ਹੀ ਹੋਵੇਗਾ। 2018 ਵਿਚ ਕੈਨੇਡਾ ਦੇ ਹੇਠ ਲਿਖੇ ਸੂਬਿਆਂ ਵਿਚ ਚੋਣ ਸਾਰਣੀ ਇਸ ਤਰ੍ਹਾਂ ਹੈ।

ਬੀਸੀ ਅਕਤੂਬਰ ਦਾ ਤੀਜਾ ਸ਼ਨੀਵਾਰ, ਮਨੀਟੋਬਾ ਅਤੇ ਸਕੈਚਵਨ, ਅਕਤੂਬਰ ਦਾ ਚੌਥਾ ਬੁੱਧਵਾਰ। ਉਤਰ ਪੱਛਮੀ ਖੇਤਰ ਅਤੇ ਨੂਨਾਵੁੱਤ ਤੀਜਾ ਸੋਮਵਾਰ। ਯੂਕੋਨ, ਅਕਤੂਬਰ ਦਾ ਤੀਜਾ ਸੋਮਵਾਰ ਅਤੇ ਪ੍ਰਿੰਸ ਜਾਰਜ ਆਈਲੈਂਡ ਨਵੰਬਰ ਦਾ ਪਹਿਲਾ ਸੋਮਵਾਰ ਇਸ ਤਰ੍ਹਾਂ ਦਿਨ ਪੱਕਾ ਹੈ ਤਰੀਕ ਸਾਲ ਦੇ ਸਾਲ ਬਦਲ ਜਾਂਦੀ ਹੈ।

ਸਾਡੇ ਪੰਜਾਬੀ ਭਾਈਚਾਰੇ ਵਾਸਤੇ ਉਂਟਾਰੀਓ, ਬੀਸੀ ਅਤੇ ਮਨੀਟੋਬਾ ਦੀਆਂ ਚੋਣਾਂ ਅਹਿਮ ਹਨ। ਟੋਰਾਂਟੋ ਵਿਨੀਪੈਗ, ਵੈਨਕੂਵਰ, ਸਰੀ, ਐਬਟਸਫੋਰਡ ਵੱਡੇ ਸ਼ਹਿਰ ਹਨ ਅਤੇ ਪੰਜਾਬੀ ਵਸੋਂ ਦੇ ਗੜ੍ਹ ਹਨ। ਚੋਣਾਂ ਵਿਚ ਸਿਰਫ਼ ਕੈਨੇਡਾ ਦੇ ਨਾਗਰਿਕ ਹੀ ਹੱਕ ਰੱਖਦੇ ਹਨ। ਪੱਕੇ ਵਸਨੀਕ ਪੀ.ਆਰ. ਭਾਵੇਂ ਲੰਬੇ ਸਮੇਂ ਤੋਂ ਇਥੇ ਵਸਦੇ ਹਨ ਅਤੇ ਉਨ੍ਹਾਂ ਨੂੰ ਗੈਰ ਹਾਜ਼ਰੀ ਕਾਰਨ ਆਪਣੇ ਮੁਲਕ ਵਿਚ ਵੀ ਵੋਟ ਦਾ ਹੱਕ ਨਹੀਂ; ਉਹ ਵੋਟ ਦੇ ਹੱਕਦਾਰ ਨਹੀਂ। ਇਹ ਵੀ ਲੋਕਤੰਤਰਿਕ ਅਕਸ਼ ਦੇ ਉਲਟ ਭਾਵੀ ਹੈ।

ਵੈਸੇ ਵੀ ਚੋਣਾਂ ਵਿਚ ਔਸਤ ਫੀਸਦ 30 ਦੇ ਨੇੜੇ ਤੇੜੇ ਹੀ ਰਹਿੰਦੀ ਹੈ। ਮੂਲ ਵਾਸੀਆਂ ਵਾਸਤੇ ਵੀ ਤਾਨਾਸ਼ਾਹੀ ਵਰਗਾ ਵੱਖਰਾ ਸਿਸਟਮ ਹੈ।

ਸਥਾਨਕ ਸਰਕਾਰਾਂ ਦੇ ਕਾਰਜ ਖੇਤਰ

ਆਓ ਹੁਣ ਗੱਲ ਕਰੀਏ ਉਨ੍ਹਾਂ ਕੰਮਾਂ ਦੀ ਜੋ ਇਨ੍ਹਾਂ ਸਰਕਾਰਾਂ ਦੇ ਕਾਰਜ ਖੇਤਰ ਹਨ। ਜੋ ਕੰਮ ਇਹ ਲੋਕਾਂ ਵਾਸਤੇ ਕਰਦੇ ਹਨ ਜਾਂ ਉਲਟ ਭਾਵੀ ਰੂਪ ਵਿਚ ਜੋ ਲੋਕ ਹਿੱਤਾਂ ਦੇ ਕੰਮ ਇਨ੍ਹਾਂ ਨੂੰ ਕਰਨੇ ਚਾਹੀਦੇ ਹਨ ਪਰ ਨਹੀਂ ਕੀਤੇ ਜਾਂਦੇ।

ਇਨ੍ਹਾਂ ਦਾ ਕਾਰਜ ਖੇਤਰ ਬੜਾ ਵਿਸ਼ਾਲ ਹੈ। ਕਾਊਂਸਲ ਏਰੀਏ ਵਿਚ ਅਮਨ ਅਮਾਨ ਮੁੱਖ ਕਾਰਜ ਹੈ। ਪੁਲਿਸ ਫੋਰਸ ਇਸ ਵਾਸਤੇ ਕਾਊਂਸਲ ਦੇ ਅਧੀਨ ਹੁੰਦੀ ਹੈ। ਇਥੇ ਦੂਹਰੀ ਵਿਵਸਥਾ ਹੈ। ਲੋਕਲ ਫੋਰਸ ਹੈ ਅਤੇ ਆਰ.ਸੀ.ਐਮ.ਪੀ. ਹੈ। ਆਰ. ਸੀ. ਐਮ. ਪੀ.

**ਸਫ਼ਾ 1 ਦੀ ਬਾਕੀ**

ਕਾਊਂਸਲਾਂ ਕੋਲ ਫੈਡਰਲ ਸਰਕਾਰ ਵਲੋਂ ਲੋਨ ਜਾਂ ਡੈਪੂਟੇਸ਼ਨ 'ਤੇ ਹੁੰਦੀ ਹੈ। ਫੈਡਰਲ ਪੱਧਰ ਦੀਆਂ ਕੁੱਲ ਆਰ.ਸੀ.ਐਮ.ਪੀ. ਦੀਆਂ 2300 ਪੋਸਟਾਂ ਹਨ। ਅੱਧੀਆਂ ਖਾਲੀ ਹਨ। ਬਾਕੀ ਵੱਡਿਆਂ ਸ਼ਹਿਰਾਂ ਵਿਚ ਲੋਨ 'ਤੇ ਹਨ। ਅਮਨ ਅਮਾਨ ਦੀ ਪਰਖ ਉਦੋਂ ਹੁੰਦੀ ਹੈ ਜਦੋਂ ਨਿਵੇਕਲੇ ਕੇਸ ਜਿਵੇਂ ਮੂਲ ਵਾਸੀ ਕੌਮਾਂ ਨਾਲ ਜਾਂ ਹੋਰ ਘੱਟ ਗਿਣਤੀ ਕੌਮਾਂ ਨਾਲ ਸਬੰਧਤ ਨਸ਼ਰ ਹੁੰਦੇ ਹਨ। ਮੂਲ ਵਾਸੀਆਂ ਦੀਆਂ ਸੈਂਕੜੇ ਗੁੰਮ ਕੀਤੀਆਂ ਜਾਂ ਕਤਲ ਕੀਤੀਆਂ ਔਰਤਾਂ ਦਾ ਕੇਸ ਹੈ। ਪੁਲਿਸ ਫੋਰਸ ਵਿਚ ਡਰੱਗ ਸੇਵਨ, ਨਸਲਪ੍ਰਸਤੀ, ਲਿੰਗਕ ਭੇਦ ਭਾਵ ਅਤੇ ਸ਼ੋਸ਼ਣ ਦੇ ਦੋਸ਼ ਆਮ ਲੱਗਦੇ ਹਨ। ਪਰ ਕੋਈ ਗੁਨਾਹਗਾਰ ਪੁਲਿਸ ਅਫ਼ਸਰ ਘੱਟ ਹੀ ਚਾਰਜ ਕੀਤਾ ਦਿਸਦਾ ਹੈ।

ਦੂਜਾ ਵੱਡਾ ਕੰਮ ਹੈ ਵਿਕਾਸ ਵਿਵਸਥਾ ਦਾ। ਇਨ੍ਹਾਂ ਵਲੋਂ ਹਰ ਕੰਮ ਜੋ ਵਿਕਾਸ ਨਾਲ ਸਬੰਧਤ ਹੁੰਦਾ ਹੈ, ਸਰਮਾਏਦਾਰੀ ਮਾਡਲ ਵਿਚ ਆਂਕਿਆ ਜਾਂਦਾ ਹੈ। ਮੁਨਾਫ਼ਾ ਚਾਹੀਦਾ ਹੈ। ਭਾਵੇਂ ਲੋਕ ਬੇਘਰੇ ਹੋਣ, ਜੇਬਾਂ ਖਾਲੀ ਅਤੇ ਨਿਆਸਰੇ ਹੋਣ। ਉਨ੍ਹਾਂ ਕੋਲ ਖਾਣ ਖਰਚਣ ਵਾਸਤੇ ਕੱਖ ਨਾ ਹੋਵੇ। ਕੋਈ ਗੱਲ ਨਹੀਂ। ਦੁਜਿਆਂ ਕੋਲ ਜੋ ਬਚਿਆ ਹੈ ਉਹ ਨਿਚੋੜਿਆ ਜਾਵੇਗਾ। ਇਹ ਹੈ ਵਿਕਾਸ ਦਾ ਮਾਡਲ ਜੋ ਕਾਊਂਸਲਾਂ ਨੇ ਲਾਗੂ ਕਰਨਾ ਹੁੰਦਾ ਹੈ।

ਸਿੱਖਿਆ ਦਾ ਤੀਜਾ ਵੱਡਾ ਕਾਰਜ ਖੇਤਰ ਹੈ। ਇਥੇ ਵੀ ਕਾਊਂਸਲਾਂ ਵਲੋਂ ਮੁਨਾਫ਼ੇਖੋਰਾਂ ਦਾ ਹੀ ਪੱਖ ਪੂਰਿਆਂ ਜਾਂਦਾ ਹੈ। ਐਬਟਸਫੋਰਡ ਨਿਊਜ਼, ਬਾਈ ਵੀਕਲੀ ਵਿਚ, ਹੁਣੇ ਜਿਹੇ ਇਕ ਖ਼ਬਰ ਛਪੀ ਹੈ ਕਿ ਇਕੋ ਹੀ ਸਟੇਸ਼ਨਰੀ ਸਪਲਾਇਰ ਤੋਂ, ਇਕੋ ਜਿਹੇ ਸਕੂਲ ਬੈਗ, ਜ਼ਿਲ੍ਹਾ ਸਿੱਖਿਆ ਬੋਰਡ ਜੇ ਖਰੀਦ ਲੈਂਦਾ ਤਾਂ ਲੱਖਾਂ ਡਾਲਰ ਬਚ ਸਕਦੇ ਸਨ ਪਰ ਅਲੱਗ ਅਲੱਗ ਸਕੂਲਾਂ ਤੋਂ ਅਲੱਗ ਅਲੱਗ ਖਰੀਦਦਾਰੀ ਕਰਵਾ ਕੇ ਉਹੀ ਲੱਖਾਂ ਡਾਲਰ (ਲੋਕਾਂ ਦੇ ਟੈਕਸ ਦੇ) ਸਪਲਾਇਅਰ ਦਾ ਮੁਨਾਫ਼ਾ ਹੋ ਗਏ। ਸਕੂਲ, ਬੋਰਡਾਂ ਵਿਚ ਵੀ ਪੁਲਿਸ ਵਾਂਗ ਆਰਥਿਕ ਅਨਿਯਮਤਾਵਾਂ ਆਮ ਸੁਣੀਂਦੀਆਂ ਹਨ।

ਆਵਾਜਾਈ ਦੇ ਕਾਰਜ ਖੇਤਰ ਵਿਚ ਵੀ ਇਹੀ ਮੰਜ਼ਰ ਹੈ। ਕਾਰ ਕੰਪਨੀਆਂ ਦੀ ਧੌਂਸ ਹੈ। ਜੇ ਕਾਊਂਸਲਾਂ ਵਿਚ ਕੰਮ ਕਰਨਗੀਆਂ ਤਾਂ ਕਾਰ ਅਤੇ ਤੇਲ ਕੰਪਨੀਆਂ ਕੀ ਕਰਨਗੀਆਂ, ਮੁਨਾਫ਼ਾ ਕਿਵੇਂ ਕਮਾਉਣਗੀਆਂ। ਇਕ ਨਵਾਂ ਭਵਿੱਖ ਵਰਤਾਰਾ ਪੇਸ਼ ਹੈ। ਗ੍ਰੇਅ ਹਾਊਂਡ ਅਮਰੀਕਾ ਦੀ ਬੱਸ, ਕੰਪਨੀ, ਪੁਰਾਣੇ ਸਮੇਂ ਤੋਂ ਕੈਨੇਡਾ ਦੇ ਦੂਰ ਦੁਰਾਡੇ ਦੇ ਖੇਤਰਾਂ ਨੂੰ ਅਮਰੀਕਾ ਨਾਲ ਜੋੜਦੀ ਰਹੀ ਹੈ। ਹੁਣ ਉਸ ਨੇ ਜ਼ਿਆਦਾਤਰ ਖੇਤਰਾਂ, ਖਾਸ ਕਰਕੇ ਉਤਰੀ ਪੱਛਮੀ ਸੂਬਿਆਂ ਵਿਚੋਂ ਬੱਸ ਸੇਵਾ ਬੰਦ ਕਰਨ ਦਾ ਐਲਾਨ ਕੀਤਾ ਹੈ। ਇਸ ਨਾਲ ਲੋਕਾਂ ਵਾਸਤੇ ਸਸਤੇ ਵਿਚ ਪਾਰਸਲ ਅਤੇ ਸਫ਼ਰ ਸਹੂਲਤ ਵਿਚ ਵਿਘਨ ਪੈਣ ਦੇ ਅਸਾਰ ਹਨ। ਕੀ ਕੋਈ ਕਾਊਂਸਲਾਂ ਦੀ ਸਾਂਝੀਦਾਰੀ ਵਿਵਸਥਾ ਜਾਂ ਪਬਲਿਕ ਸੈਕਟਰ ਦੀ ਬੱਸ ਕੰਪਨੀ ਇਹ ਘਾਟਾ ਪੂਰਾ ਕਰੇਗੀ? ਲੋਕਾਂ ਦੀ ਮੰਗ ਹੈ ਕਿ ਅਜਿਹਾ ਹੋਵੇ। ਪਰ, ਪਰ...ਬਹੁਤ ਵੱਡਾ ਸਵਾਲ ਹੈ।

ਹਾਊਸਿੰਗ ਵਿਵਸਥਾ ਵਿਚ ਵੀ ਇਹੀ ਹਾਲ ਹੈ। ਖਾਸ ਕਰ ਘੱਟ ਆਮਦਨ ਲੋਕਾਂ ਵਾਸਤੇ ਹਾਊਸਿੰਗ ਕਾਰਜ ਵਾਸਤੇ ਕਿਸੇ ਕਾਊਂਸਲ, ਕਾਰਪੋਰੇਸ਼ਨ ਦੀ ਕੋਈ ਉਪਲਬਧੀ ਨਜ਼ਰ ਨਹੀਂ ਆਉਂਦੀ। ਕਾਊਂਸਲਾਂ, ਪ੍ਰਾਪਰਟੀ ਟੈਕਸ ਇਕੱਠੇ ਕਰਕੇ, ਖਰਚਣ ਵੇਲੇ ਖਜ਼ਾਨੇ ਦਾ ਮੂੰਹ ਰੀਅਲ ਇਸਟੇਟ, ਮੁਨਾਫ਼ੇਕਾਰਾਂ, ਬੈਂਕਾਂ ਅਤੇ ਬੀਮਾ ਕੰਪਨੀਆਂ ਦੇ ਹਿੱਤ ਪੂਰਦੀਆਂ ਦਿੱਸਦੀਆਂ ਹਨ।

ਬੱਲੇ ਕੈਨੇਡਾ, ਬੱਲੇ ਕੈਨੇਡਾ ਅਸੀਂ ਬਹੁਤ ਕਹਿੰਦੇ ਸੁਣਦੇ ਰਹਿੰਦੇ ਹਾਂ ਪਰ ਕੈਨੇਡਾ ਦੇ ਕਿਸੇ ਵੀ ਸ਼ਹਿਰੀ ਕਸਬੇ ਵਿਚ ਜੇ ਕੋਈ ਮੈਨੂੰ ਦੱਸ ਦੇਵੇ ਕਿ ਕਿ ਫਲਾਣੇ ਥਾਂ ਪਬਲਿਕ ਵਾਸ਼ਰੂਮਾਂ ਦੀ ਵਿਵਸਥਾ ਫਲਾਣੀ ਕਾਊਂਸਲ ਜਾਂ ਕਾਰਪੋਰੇਸ਼ਨ ਨੇ ਕੀਤੀ ਹੈ ਤਾਂ ਮੈਂ ਵੀ ਮੰਨ ਜਾਵਾਂਗਾ ਕਿ ਕੈਨੇਡਾ ਵਧੀਆ ਲੋਕ ਹਿਤੂ ਦੇਸ਼ ਹੈ। ਠੰਢਾ ਜਲਵਾਯੂ ਹੈ। ਬੁਢਾਪੇ ਨਾਲ ਤੇਜ਼ੀ ਨਾਲ ਵਧਦੀ ਵਸੋਂ ਹੈ। ਪਰ ਜਨਤਕ ਥਾਵਾਂ ਬੱਸ ਅੱਡਿਆਂ, ਆਮ ਲੋਕਾਂ ਦੇ ਲਾਂਘਿਆਂ, ਚੌਹਾਰਿਆਂ ਤੇ ਕੋਈ ਜਨਤਕ ਵਾਸ਼ਰੂਮ ਨਹੀਂ ਹਨ। ਲੋਕ ਵਿਚਾਰੇ ਕਰਨ ਤਾਂ ਕੀ ਕਰਨ? ਮੈਂ ਖੁਦ ਕਈ ਵਾਰ ਐਬਟਸਫੋਰਡ ਦੇ ਸੁਮਾਸ ਬਾਰਡਰ ਦੇ ਪਾਰਕਿੰਗਾਂ ਵਿਚ ਲੋਕਾਂ ਨੂੰ ਖੁੱਲ੍ਹੇ ਵਿਚ ਬੈਠੇ ਦੇਖਿਆ ਹੈ। ਸਰੀ ਦਾ ਸੈਂਟਰਲ ਟ੍ਰੇਨ ਅਤੇ ਬੱਸ ਅੱਡਾ ਹੈ। ਹਮੇਸ਼ਾ 200, 300 ਲੋਕ ਉਡੀਕ ਵਿਚ ਹੁੰਦੇ ਹਨ। ਦੋ ਤਿੰਨ ਘੰਟਿਆਂ ਦਾ ਐਧਰੋਂ-ਉਧਰ ਸਫ਼ਰ ਹੁੰਦਾ ਹੈ। ਕੋਈ ਜਨਤਕ ਵਾਸ਼ਰੂਮ ਨਹੀਂ। ਕਿਉਂ ਕੀ ਇਹ ਸਰੀ ਕਾਊਂਸਲ ਦਾ ਕਾਰਜ ਖੇਤਰ ਨਹੀਂ? ਜ਼ਰੂਰ ਹੈ। ਪਰ ਜੇ ਕਾਊਂਸਲ ਜਨਤਕ ਵਾਸ਼ਰੂਮ ਦੀ ਵਿਵਸਥਾ ਕਰੇਗੀ ਤਾਂ ਉਡੀਕਵਾਨ ਲੋਕ ਸ਼ਾਪਿੰਗ ਮਾਲਾਂ ਅਤੇ ਰੈਸਟੋਰੈਂਟਾਂ ਵਿਚ ਨਹੀਂ ਜਾਣਗੇ। ਹੁਣ ਦੱਸੋ ਉਹ ਅਦਾਰੇ ਮੁਨਾਫ਼ਾ ਕਿਵੇਂ ਕਮਾਉਣਗੇ। ਮੁਨਾਫ਼ਾ ਤਾਂ ਉਨ੍ਹਾਂ ਦੀਆਂ ਜੇਬਾਂ ਵਿਚ ਹੈ। ਸੋ ਬੇਨਤੀ ਹੈ ਕਿ ਜਿਸ ਸੱਜਣ ਦੀ ਵੋਟ ਹੈ ਉਹ ਇਸਤੇਮਾਲ ਜ਼ਰੂਰ ਕਰੇ ਅਤੇ ਨਾਲ ਹੀ ਮੇਰੇ ਉਪਰੋਕਤ ਵਿਚਾਰ ਜੇ ਠੀਕ ਹਨ ਤਾਂ ਉਨ੍ਹਾਂ ਦੀ ਚਰਚਾ ਉਮੀਦਵਾਰ ਨਾਲ ਜ਼ਰੂਰ ਕਰੇ।

ਇਹ ਵੀ ਲਿਖ ਦੇਣਾ ਕਿ ਚੋਣਾਂ ਪੇਪਰ ਬੈਲਟ ਵੀ ਹੋ ਸਕਦਾ ਹੈ ਅਤੇ ਇਲੈਕਟ੍ਰਾਨਿਕ ਵੋਟਿੰਗ ਵੀ ਹੋ ਸਕਦੀ ਹੈ। ਕਾਊਂਸਲਾਂ ਦੀ ਵਾਰਡਬੰਦੀ ਜਿਵੇਂ ਟੋਰਾਂਟੋ ਵਿਚ, ਵੀ ਹੋ ਸਕਦੀ ਹੈ ਅਤੇ ਖੁੱਲ੍ਹੀ ਵੋਟਿੰਗ ਜਿਵੇਂ ਸਰੀ, ਵੈਨਕੂਵਰ ਐਬਟਸਫੋਰਡ ਵਿਚ ਵੀ ਹੋ ਸਕਦੀ ਹੈ। ਕਾਊਂਸਲ ਮੇਅਰ ਦੋ ਕਿਸਮ ਦੇ ਹਨ। ਆਲ ਇਨ ਆਲ ਮੇਅਰ, ਇਸ ਵਿਚ ਮੇਅਰ ਹੀ ਸਰਬ ਸ਼ਕਤੀਮਾਨ ਹੁੰਦਾ ਹੈ। ਉਹ ਮੈਂਬਰਾਂ ਦੇ ਮਤੇ ਵੀਟੋ ਕਰ ਸਕਦਾ ਹੈ ਅਤੇ ਸਾਰੀ ਅਫ਼ਸਰਸ਼ਾਹੀ ਉਸਦੇ ਅਧੀਨ ਹੁੰਦੀ ਹੈ। ਉਹ ਭਰਤੀ ਵੀ ਕਰਦਾ ਹੈ ਅਤੇ ਡਿਸਮਿਸ ਵੀ ਕਰ ਸਕਦਾ ਹੈ। ਉਹ ਕਿਸੇ ਨੂੰ ਜਵਾਬਦੇਹ ਨਹੀਂ ਹੁੰਦਾ ਪਰ ਦੂਜੀ ਕਮਜ਼ੋਰ ਮੇਅਰ, ਵਿਵਸਥਾ ਆਮ ਹੈ। ਇਸ ਵਿਚ ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ, ਅਫ਼ਸਰਸ਼ਾਹੀ ਭਾਰੂ ਹੁੰਦੀ ਹੈ। ਸਵਾਲਾਂ ਦਾ ਸਵਾਲ ਇਹ ਹੈ ਕਿ ਜਿਹੜੀ ਵਿਵਸਥਾ ਨੂੰ ਲੋਕਤੰਤਰਿਕ ਆਖਿਆ ਜਾਵੇ। ਕਾਊਂਸਲ ਮੈਂਬਰਾਂ ਦੀ ਚੋਣ ਦੇ ਨਾਲ ਹੀ ਸਕੂਲ ਬੋਰਡ ਦੇ ਮੈਂਬਰ (ਸਕੂਲ ਟਰੱਸਟੀ) ਦੀ ਚੋਣ ਕੀਤੀ ਜਾਂਦੀ ਹੈ ਇਨ੍ਹਾਂ ਦਾ ਕਾਰਜ ਕਾਲ ਵੀ ਕਾਊਂਸਲ ਦੇ ਕਾਰਜ ਕਾਲ ਦੇ ਬਰਾਬਰ ਹੀ ਹੁੰਦਾ ਹੈ। ਇਨ੍ਹਾਂ ਦੀ ਗਿਣਤੀ ਪੰਜ ਸੱਤ ਜਾਂ ਨੌਂ ਤੱਕ ਹੋ ਸਕਦੀ ਹੈ। ਸਕੂਲ ਬੋਰਡ ਦੀ ਪ੍ਰਾਂਤਕ (ਪ੍ਰੋਵਿੰਸਲ) ਸਰਕਾਰਾਂ ਦੇ ਅਧੀਨ ਹੁੰਦੇ ਹਨ। ਸਕੂਲ ਬੋਰਡ ਵੀ ਲੋਕਤੰਤਰ ਵਿਧੀ ਤੋਂ ਵਿਰਵੇ ਹੁੰਦੇ ਹਨ ਇਸ ਦੀ ਇਕ ਉਦਾਹਰਣ ਪੇਸ਼ ਹੈ। 1015 ਵਿਚ ਬੀ.ਸੀ. ਦੇ ਵੈਨਕੂਵਰ ਸ਼ਹਿਰ ਦਾ ਸਕੂਲ ਬੋਰਡ ਲਿਬਰਲ ਸਰਕਾਰ ਨੇ ਇਸ ਕਰਕੇ ਭੰਗ ਕਰ ਦਿੱਤਾ ਕਿ ਉਹ ਸਿੱਖਿਆ ਖੇਤਰ ਵਿਚ ਸੁਧਾਰ ਕਰਨ ਵਾਸਤੇ ਅਧਿਆਪਕ ਜਥੇਬੰਦੀਆਂ ਦਾ ਸਮਰਥਨ ਕਰਦਾ ਸੀ।

**ਅੰਤਿਕਾ**

ਅੱਜ ਕੱਲ੍ਹ ਨਿਊਯਾਰਕ ਟਾਈਮਜ਼, ਟਰੰਪ ਅਤੇ ਉਸਦੀ ਟੀਮ ਦੇ ਮੈਂਬਰਾਂ ਮਗਰ ਹੱਥ ਧੋ ਕੇ ਪਿਆ ਹੋਇਆ ਹੈ। ਟੀਮ ਦੇ ਕਈ ਘਾਗ ਮੈਂਬਰ ਡਿੱਗ ਚੁੱਕੇ ਹਨ ਅਤੇ ਕਈ ਹੋਰ ਡਿੱਗਣ ਵਾਲੇ ਹਨ।

ਭਾਰਤੀ ਪੰਜਾਬੀ ਪਿਛੋਕੜ ਦੀ ਨਿੱਕੀ ਹੈਲੀ ਟੀਮ ਦੀ ਯੂ.ਐਨ.ਓ. ਵਿਚ ਅਮਰੀਕਾ ਦੀ ਸਫ਼ੀਰ ਹੈ। ਸਕਿਊਰਿਟੀ ਕਾਊਂਸਲ ਦੀਆਂ ਮੀਟਿੰਗਾਂ ਵਿਚ ਆਏ ਦਿਨ ਉਹ ਮਨਚਾਹੇ ਮੁਲਕਾਂ ਨੂੰ ਤਾਬੜ ਤੋੜ ਧਮਕੀਆਂ ਦੇ ਤੀਰ ਛੱਡਦੀ ਰਹਿੰਦੀ ਹੈ। ਅਸੀਂ ਫਲਾਣੇ ਮੁਲਕ ਦੁਨੀਆਂ ਦੇ ਨਕਸ਼ੇ ਤੋਂ ਮਿਟਾ ਦੇਵਾਂਗੇ, ਖਤਮ ਕਰ ਦੇਵਾਂਗੇ ਜਾਂ ਫਲਾਂ ਮੁਲਕਾਂ ਦੇ ਆਗੂ ਦਾ ਤਖਤ ਪਲਟ ਦੇਵਾਂਗੇ। ਜੋ ਉਹ ਰਹਿੰਦੀ ਹੈ ਲਾਗੂ ਵੀ ਹੁੰਦਾ ਦਿਸਦਾ ਹੈ। ਪਰ ਸੀਰੀਆ ਅਜੇ ਤੱਕ ਇਰਾਨ ਰੂਸ ਦੇ ਸਹਾਰੇ ਬਚਿਆ ਹੋਇਆ ਹੈ।

ਪਰ ਟਾਈਮਜ਼ ਨੇ ਖ਼ਬਰ ਨਸ਼ਰ ਕਰ ਦਿੱਤੀ ਕਿ ਉਸਦੀ ਸਰਾਫ਼ਤੀ ਰਿਹਾਇਸ਼ ਤੇ ਖਿੜਕੀ ਦੇ ਪਰਦੇ ਦੀ ਕੀਮਤ 52,701 ਅਮਰੀਕੀ ਡਾਲਰ ਹੈ। ਇਹ ਅਮਰੀਕਾ ਦੇ ਲੋਕਾਂ ਦੇ ਟੈਕਸਾਂ ਰਾਹੀਂ ਉਗਰਾਹੇ ਡਾਲਰਾਂ ਦੀ ਅੰਨੀ ਲੁੱਟ ਹੈ। ਸੋਸ਼ਲ ਮੀਡੀਏ 'ਤੇ ਹੜਥੰਮ ਮੱਚਿਆ ਹੋਇਆ ਹੈ। ਸਰਕਾਰੋਂ ਤਾਰਾਂ ਟਾਈਮਜ਼ ਨੂੰ ਖੜਕੀਆਂ ਹਨ ਤਾਂ ਟਾਈਮਜ਼ ਨੇ ਖ਼ਬਰ ਵਿਚ ਵਾਧਾ ਕਰਦਿਆਂ ਲਿਖ ਦਿੱਤਾ ਕਿ ਸੌਦਾ ਉਬਾਮੇ ਵੇਲੇ ਦਾ ਹੈ ਜੋ ਲਾਗੂ ਹੁਣ ਹੋਇਆ ਹੈ।

# ਮੈਂ ਨਾਸਤਿਕ ਕਿਵੇਂ ਬਣੀ

(ਇੱਕ ਮਜ਼ਦੂਰ ਔਰਤ ਦੀ ਕਹਾਣੀ)

“ਮੇਰੇ ਵਿੱਚ ਭੂਤ ਆਉਂਦੇ ਸੀ। ਮੈਂ ਘਰ ਦਾ ਸਮਾਨ ਤੋੜਨ ਲੱਗ ਜਾਂਦੀ ਸੀ। ਕਈ ਵਾਰ ਘਰ 'ਚ ਅੱਗ ਲਗਾਉਣ ਦੀ ਕੋਸ਼ਿਸ਼ ਵੀ ਕੀਤੀ।”

ਇਹ ਕਹਾਣੀ ਵਿੰਦਰਾਵਤੀ ਦੀ ਹੈ। ਜੋ ਕਿ ਲੁਧਿਆਣੇ ਦੀ ਮਜ਼ਦੂਰ ਬਸਤੀ ਈ.ਡਬਲਯੂ.ਐਸ. ਕਲੋਨੀ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਵਿੰਦਰਾ ਅਨਪੜ੍ਹ ਹੈ, ਪਰ ਸਮਾਜ ਵਿਚਲੇ ਅੰਧਵਿਸ਼ਵਾਸ਼ਾਂ ਤੇ ਵਹਿਮਾਂ-ਭਰਮਾਂ ਖਿਲਾਫ਼ ਅਗਾਂਹਵਧੂ ਵਿਚਾਰ ਰੱਖਦੀ ਹੈ। ਵਿੰਦਰਾ ਨੇਪਾਲ ਦੇ ਇੱਕ ਬਹੁਤ ਪਿਛੜੇ ਪਿੰਡ ਤੋਂ ਹੈ। ਉਸਦਾ ਵਿਆਹ ਬਿਹਾਰ ਵਿੱਚ ਹੋਇਆ ਤੇ ਆਪਣੇ ਪਤੀ ਨਾਲ ਪੰਜਾਬ ਵਿੱਚ ਆ ਕੇ ਰਹਿਣ ਲੱਗ ਗਈ। ਵਿੰਦਰਾ ਬਿਲਕੁਲ ਅਨਪੜ੍ਹ ਤੇ ਪਿਛੜੀ ਹੋਈ ਸੋਚ ਰੱਖਣ ਵਾਲੀ ਔਰਤ ਸੀ। ਉਸਦਾ ਪਤੀ ਹੀਰਾਮਨ ਲੁਧਿਆਣੇ ਵਿੱਚ ਮਜ਼ਦੂਰਾਂ ਦੀ ਜਥੇਬੰਦੀ ਟੈਕਸਟਾਇਲ ਹੌਜ਼ਰੀ ਕਾਮਗਾਰ ਯੂਨੀਅਨ ਦਾ ਮੈਂਬਰ ਸੀ। ਵਿੰਦਰਾ ਨੂੰ ਸ਼ੁਰੂ - ਸ਼ੁਰੂ ਵਿੱਚ ਆਪਣੇ ਪਤੀ ਦਾ ਯੂਨੀਅਨ 'ਚ ਆਉਣਾ ਪਸੰਦ ਨਹੀਂ ਸੀ। ਉਹ ਦੱਸਦੀ ਹੈ ਕਿ “ਕਈ ਵਾਰ ਰਾਜਵਿੰਦਰ(ਟੈਕਸਟਾਇਲ ਹੌਜ਼ਰੀ ਕਾਮਗਾਰ ਯੂਨੀਅਨ ਦੇ ਪ੍ਰਧਾਨ) ਜਾਂ ਕੁਝ ਹੋਰ ਸਾਥੀ ਕਮਰੇ ਆਉਂਦੇ ਸੀ ਤਾਂ ਮੈਂ ਮਨ-ਮਨ 'ਚ ਬਹੁਤ ਖਿਝਦੀ ਸੀ। ਆਪਣੇ ਪਤੀ ਨਾਲ ਲੜਦੀ ਵੀ ਸੀ। ਮੈਨੂੰ ਲੱਗਦਾ ਸੀ ਕਿ ਇਹ ਮੁਫ਼ਤ ਦੀਆਂ ਰੋਟੀਆਂ ਖਾਣ ਆ ਜਾਂਦੇ ਆ, ਅਸੀਂ ਤਾਂ ਪਹਿਲਾਂ ਗਰੀਬ ਆਂ, ਮਸਾਂ ਖ਼ਰਚੇ ਚਲਾਉਂਦੇ ਆਂ, ਉਪਰੋਂ ਇਹ ਫੰਡ ਵੀ ਲੈ ਜਾਂਦੇ ਆ।”

ਉਸ ਸਮੇਂ ਵਿੰਦਰਾ ਨੂੰ ਹਿਸਟੀਰੀਆ ਨਾਮ ਦੀ ਇੱਕ ਮਾਨਸਿਕ ਬਿਮਾਰੀ ਹੋ ਗਈ ਸੀ। ਸਾਰੇ ਸਮਝਦੇ ਸਨ ਕਿ ਉਸਨੂੰ ਭੂਤ ਚਿੰਬੜ ਗਈ ਹੈ। ਉਹ ਦੱਸਦੀ ਹੈ। “ਮੇਰੇ ਵਿੱਚ ਭੂਤ ਆਉਂਦੇ ਸੀ। ਮੈਂ ਘਰ ਦਾ ਸਮਾਨ ਤੋੜਨ ਲੱਗ ਜਾਂਦੀ ਸੀ। ਕਿ ਵਾਰ ਘਰ 'ਚ ਅੱਗ ਲਗਾਉਣ ਦੀ ਕੋਸ਼ਿਸ਼ ਵੀ ਕੀਤੀ। ਕਈ ਵਾਰ ਬੇਹੋਸ਼ ਵੀ ਹੋ ਜਾਂਦੀ ਸੀ।” ਇਹ ਦੌਰੇ ਪੈਣ ਦੌਰਾਨ ਜੋ ਕੁਝ ਵੀ ਉਹ ਕਰਦੀ ਕਈ ਵਾਰ ਬਾਅਦ ਵਿੱਚ ਉਸਨੂੰ ਕੁਝ ਵੀ ਯਾਦ ਨਹੀਂ ਰਹਿੰਦਾ ਸੀ। ਲੋਕ ਤਰ੍ਹਾਂ-ਤਰ੍ਹਾਂ ਦੇ ਤਾਂਤਰਿਕ ਤੇ ਬਾਬਿਆਂ ਕੋਲ ਲੈ ਕੇ ਜਾਣ ਦੀ ਸਲਾਹ ਦਿੰਦੇ ਸੀ।

ਇੱਕ ਦਿਨ ਉਸਦੇ ਪਤੀ ਨੇ ਰਾਜਵਿੰਦਰ ਨੂੰ ਸਾਰੀ ਕਹਾਣੀ ਦੱਸੀ। ਉਹਨਾਂ ਨੇ ਉਸਨੂੰ ਦੱਸਿਆ ਕਿ ਇਹ ਕੋਈ ਭੂਤ-ਪ੍ਰੇਤ ਵਾਲਾ ਮਾਮਲਾ ਨਹੀਂ ਸਗੋਂ ਇੱਕ ਦਿਮਾਗੀ ਬਿਮਾਰੀ ਹੈ। ਕੁਝ ਤਰਕਸ਼ੀਲ ਦੀਆਂ ਕਿਤਾਬਾਂ ਬਾਰੇ ਵੀ ਦੱਸਿਆ। ਹੀਰਾਮਨ ਨੇ ਵਿੰਦਰਾ ਨੂੰ ਇਹ ਕਿਤਾਬਾਂ ਪੜ੍ਹ ਕੇ ਸੁਣਾਉਣਾ ਸ਼ੁਰੂ ਕਰ ਦਿੱਤਾ।

ਵਿੰਦਰਾ ਦੱਸਦੀ ਹੈ ਕਿ “ਜਿਵੇਂ-ਜਿਵੇਂ ਹੀਰਾਮਨ ਕਿਤਾਬ ਪੜ੍ਹਦੇ , ਮੈਨੂੰ ਲੱਗਦਾ ਜਿਵੇਂ ਮੇਰੇ ਦਿਮਾਗ ਦੇ ਦਰਵਾਜ਼ੇ ਖੁੱਲ ਰਹੇ ਹਨ।” ਵਿੰਦਰਾ ਨੇ ਯੂਨੀਅਨ ਦੀਆਂ ਮੀਟਿੰਗਾਂ ਵਿੱਚ ਆਉਣਾ ਸ਼ੁਰੂ ਕਰ ਦਿੱਤਾ। ਇੱਥੇ ਆ ਕੇ ਉਹ ਦੇਸ਼ ਦੁਨੀਆਂ ਬਾਰੇ ਤੇ ਵਿਗਿਆਨ ਬਾਰੇ ਜਾਨਣ ਲੱਗੀ। ਉਸਦੀ ਬਿਮਾਰੀ ਦਿਨਾਂ ਵਿੱਚ ਹੀ ਖਤਮ ਹੋ ਗਈ। ਹੁਣ ਉਹ ਸਮਾਜਿਕ ਕੁਰੀਤੀਆਂ, ਵਹਿਮਾਂ-ਭਰਮਾਂ ਤੇ ਪੁਰਾਣੇ ਰਸਮ-ਰਿਵਾਜਾਂ ਤੋਂ ਦਿਲੋਂ ਨਫ਼ਰਤ ਕਰਨ ਲੱਗ ਗਈ ਸੀ। ਵਿੰਦਰਾ ਨੇ ਲਾਇਬ੍ਰੇਰੀ ਆ ਕੇ ਪੜ੍ਹਨਾ ਸਿੱਖਣਾ ਸ਼ੁਰੂ ਕਰ ਦਿੱਤਾ ਹੁਣ ਉਹ ਥੋੜ੍ਹੀ-ਥੋੜ੍ਹੀ ਹਿੰਦੀ ਪੜ੍ਹ ਲੈਂਦੀ ਹੈ। ਯੂਨੀਅਨ ਦਾ ਕੋਈ ਵੀ ਪਰਚਾ ਛਪਦਾ ਹੈ ਤਾਂ ਚਾਅ ਨਾਲ ਪੜ੍ਹਦੀ ਹੈ। ਹੋ ਸਕੇ ਤਾਂ ਕੰਮਾਂ ਵਿੱਚ ਵੀ ਹਿੱਸਾ ਲੈਂਦੀ ਹੈ। ਰੂੜੀਵਾਦੀ ਸੋਚ ਤੋਂ ਮੁਕਤ ਇਹ ਅਨਪੜ੍ਹ ਔਰਤ ਅੱਜ “ਪੜ੍ਹੇ-ਲਿਖੇ ਆਧੁਨਿਕ” ਔਰਤਾਂ ਨੂੰ ਵੇਲਾ ਵਿਹਾ ਚੁੱਕੇ ਰਸਮ ਰਿਵਾਜਾਂ ਤੇ ਪਿਛਾਂਹਖਿਚੂ ਵਿਚਾਰਾਂ ਦੀ ਮਾਨਸਿਕ ਗੁਲਾਮੀ ਦਾ ਸੰਗਲ ਤੋੜਨ ਦਾ ਸੁਨੇਹਾ ਦਿੰਦੀ ਹੈ।

-ਬਲਜੀਤ

# ਸਰੀ ਦੀਆਂ ਚੋਣਾਂ ਮੁੱਦਿਆਂ ’ਤੇ ਕਿ ਆਪਸੀ ਵਿਰੋਧਾਂ ’ਤੇ



ਪਰਮਿੰਦਰ ਕੌਰ ਸਵੈਚ
604 760 4794






ਇਸ ਸਮੇਂ ਕੈਨੇਡਾ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਮਿਊਂਸੀਪਲ ਚੋਣਾਂ ਹੋ ਰਹੀਆਂ ਹਨ ਜਿਸ ਕਰਕੇ ਉਮੀਦਵਾਰਾਂ ਨੂੰ ਚੋਣਾਂ ਦਾ ਬੁਖਾਰ ਚੜ੍ਹਿਆ ਹੈ ਜਿਹੜੇ ਲੋਕ ਚੋਣਾਂ ਵਿੱਚ ਖੜ੍ਹ ਕੇ ਜੋਰ ਅਜ਼ਮਾਈ ਕਰ ਰਹੇ ਹਨ ਉਹਨਾਂ ਨੂੰ ਤਾਂ ਹੋਣਾ ਹੀ ਹੈ ਪਰ ਆਮ ਲੋਕਾਂ ਲਈ ਇਹ ਮੁਸੀਬਤ ਹੈ ਕਿ ਇੱਕ ਹੀ ਸ਼ਹਿਰ ਵਿੱਚ ਕਿੰਨੀਆਂ ਕਿੰਨੀਆਂ ਸਲੇਟਾਂ ਖੜ੍ਹੀਆਂ ਹਨ, ਉਹ ਕਿਸ ਤਰ੍ਹਾਂ ਚੋਣ ਕਰਨ। ਕੀ ਜੋ ਉਹ ਇਸ ਸਮੇਂ ਕਹਿ ਰਹੇ ਹਨ, ਆਉਣ ਸਮੇਂ ਵਿੱਚ ਆਪਣੀ ਕਹਿਣੀ ਤੇ ਕਰਨੀ ਵਿੱਚ ਪੂਰੇ ਉਤਰਨਗੇ, ਇਹ ਤਾਂ ਸਮਾਂ ਹੀ ਦੱਸੇਗਾ। ਪਰ ਅੱਜ ਕੱਲ ਜਦੋਂ ਅਸੀਂ ਵੋਟਾਂ ਦੀ ਗੱਲ ਕਰਦੇ ਹਾਂ ਮੇਰਾ ਖਿਆਲ ਹੈ ਕਿ ਬਹੁਤੇ ਥਾਂਵਾਂ ਤੇ ਵੋਟਾਂ ਏਜੰਡਿਆਂ ’ਤੇ ਨਹੀਂ ਸਗੋਂ ਵਿਰੋਧੀਆਂ ਦੇ ਨੁਕਸਾਂ ਨੂੰ ਰਿੜਕ ਰਿੜਕ ਕੇ ਇੱਕ ਦੂਜੇ ਨੂੰ ਵੱਧ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਪੂਰਾ ਡਰਾਮਾ ਅਕਤੂਬਰ ਦੇ ਮਹੀਨੇ ਵਿੱਚ ਸਾਡੇ ਸਾਰੇ ਵੈਨਕੂਵਰ ਏਰੀਏ ਦੇ ਆਲੇ ਦੁਆਲੇ ਦੇ ਸ਼ਹਿਰਾਂ ਵਿੱਚ ਵੀ ਹੋ ਰਿਹਾ ਹੈ। ਮੈਂ ਗੱਲ ਕਰਨੀ ਚਾਹੁੰਦੀ ਹਾਂ ਸਰ੍ਹੀ ਸ਼ਹਿਰ ਦੀ। ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਸਰ੍ਹੀ ਇੱਕ ਪ੍ਰਮੁੱਖ ਸ਼ਹਿਰ ਹੈ। ਇਸ ਸ਼ਹਿਰ ਵਿੱਚ ਵੱਖ ਵੱਖ ਸੌ ਭਾਸ਼ਾਵਾਂ ਬੋਲਣ ਵਾਲੇ ਵੰਨ ਸਵੰਨੇ ਲੋਕ ਰਹਿੰਦੇ ਹਨ। ਇਹ ਬੀ. ਸੀ. ਦਾ ਵੈਨਕੂਵਰ ਤੋਂ ਬਾਅਦ ਦੂਜਾ ਵੱਡਾ ਸ਼ਹਿਰ ਹੈ। ਇਸਦੀ ਜਨਸੰਖਿਆ ਲਗਭਗ 500,000 ਤੋਂ ਉੱਪਰ ਹੈ। ਇਹ ਵਧ ਰਹੀ ਸੰਖਿਆ ਵਾਲਾ ਸ਼ਹਿਰ ਹੈ ਤਕਰੀਬਨ ਤਕਰੀਬਨ 1000 ਤੋਂ ਵੱਧ ਪਰਿਵਾਰ ਹਰ ਸਾਲ ਇਸ ਸ਼ਹਿਰ ਦੇ ਸ਼ਹਿਰੀ ਬਣਨ ਦਾ ਮਾਣ ਹਾਸਲ ਕਰਦਾ ਹੈ। ਇਸ ਵਿੱਚ ਜ਼ਿਆਦਾਤਰ ਘੱਟ ਗਿਣਤੀ ਲੋਕ ਰਹਿੰਦੇ ਹਨ। ਖਾਸ ਕਰਕੇ ਇਸਨੂੰ ਦੂਸਰਾ ਪੰਜਾਬ ਹੀ ਕਿਹਾ ਜਾਂਦਾ ਹੈ।

ਇਸ ਵਾਰ 20 ਅਕਤੂਬਰ ਨੂੰ ਇਲੈਕਸ਼ਨ ਹੋਣ ਜਾ ਰਹੀ ਹੈ ਅਜੇ ਅੱਜ ਮਹੀਨਾ ਪਿਆ ਹੈ ਪਰ ਉਮੀਦਵਾਰਾਂ ਨੇ ਲੋਕਾਂ ਦੇ ਘਰਾਂ ਵਿੱਚ ਜਾ ਜਾ ਕੇ ਚੋਣ ਪ੍ਰਚਾਰ ਸ਼ੁਰੂ ਕਰ ਲਿਆ ਹੈ। ਇਸ ਵਾਰ ਮੇਅਰ ਲਈ ਸੱਤ ਉਮੀਦਵਾਰ ਚੋਣ ਮੈਦਾਨ ਵਿੱਚ ਹਨ ਜੋ ਆਪਣੀ ਆਪਣੀ ਕੌਂਸਲਰਾਂ ਦੀ ਟੀਮ ਨਾਲ ਤੇ ਅਜ਼ਾਦ ਉਮੀਦਵਾਰ ਦੇ ਤੌਰ ’ਤੇ ਕੁਰਸੀ ਲਈ ਜ਼ੋਰ ਅਜ਼ਮਾਈ ਕਰਨਗੇ। ਸ਼ੁਰੂਆਤੀ ਦੌਰ ਵਿੱਚ ਹੀ ਲੱਗ ਰਿਹਾ ਹੈ ਕਿ ਇਸ ਵਾਰ ਵੀ ਚੋਣ ਮੁੱਦਿਆਂ ਤੇ ਨਹੀਂ ਲੜੀ ਜਾਵੇਗੀ ਸਗੋਂ ਇੱਕ ਦੂਜੇ ਤੇ ਦੂਸ਼ਨਬਾਜ਼ੀ ਦੇ ਅਦਭੁੱਤ ਤਰੀਕੇ ਲੱਭੇ ਜਾਣਗੇ। ਉਮੀਦਵਾਰਾਂ ਦੇ ਪੋਤੜੇ ਫੋਲ਼ੇ ਜਾਣਗੇ। ਜਦੋਂ ਇਸ ਤਰ੍ਹਾਂ ਦਾ ਮਾਹੌਲ ਦੇਖਦੇ ਹਾਂ ਤਾਂ ਜੱਗ ਜ਼ਾਹਰ ਹੋ ਜਾਂਦਾ ਹੈ ਕਿ ਨਾ ਪਹਿਲਿਆਂ ਨੇ ਲੋਕਾਂ ਬਾਰੇ ਗੰਭੀਰਤਾ ਨਾਲ ਸੋਚਿਆ ਹੈ ਤੇ ਨਾ ਹੀ ਇਹ ਸੋਚਣਗੇ। ਅਗਰ ਇਹਨਾਂ ਦੀਆਂ ਨੀਤਾਂ ਸਾਫ਼ ਹੋਣ ਅਤੇ ਲੋਕਾਂ ਲਈ ਸ਼ਹਿਰ ਵਿੱਚ ਕੰਮ ਕਰਨ ਤਾਂ ਕੀਤੇ ਕੰਮਾਂ ਨੂੰ ਲੋਕਾਂ ਨੇ ਵੋਟਾਂ ਪਾ ਹੀ ਦੇਣੀਆਂ ਹੁੰਦੀਆਂ ਹਨ ਪਰ ਨਹੀਂ, ਇਨ੍ਹਾਂ ਨੂੰ ਇੱਦਾਂ ਦੇ ਕਾਟੋ ਕਲੇਸ਼ ਕਰਕੇ ਲੋਕਾਂ ਨੂੰ ਬੁੱਧੂ ਬਨਾਉਣ ਦਾ ਢੰਗ ਆਉਂਦਾ ਹੈ।

ਇਨ੍ਹਾਂ ਦੀ ਆਪਸੀ ਦੂਸ਼ਨਬਾਜ਼ੀ ਦਾ ਡਰਾਮਾ ਤਾਂ ਅਸੀਂ ਹਰ ਰੋਜ਼ ਅਖ਼ਬਾਰਾਂ, ਰੇਡਿਓ, ਟੈਲੀਵਿਯਨ ਚੈਨਲਾਂ, ਫੇਸਬੁੱਕ ਤੇ ਵਟਸ ਐਪ ਤੇ ਦੇਖ ਹੀ ਰਹੇ ਹਾਂ। ਚਲੋ ਆਪਾਂ ਲੋਕਾਂ ਦਾ ਧਿਆਨ ਕੁੱਝ ਮੁੱਦਿਆਂ ਵੱਲ ਵੀ ਕਰ ਹੀ ਲਈਏ ਜਿਨ੍ਹਾਂ ਦਾ ਸਰ੍ਹੀ ਦੇ ਲੋਕਾਂ ਨੂੰ ਹਰ ਰੋਜ਼ ਸਾਹਮਣਾ ਕਰਨਾ ਪੈਂਦਾ ਹੈ। ਸਰ੍ਹੀ ਦੇ ਲੋਕਾਂ ਦਾ ਇਸ ਸਮੇਂ ਸਭ ਤੋਂ ਵੱਡਾ ਮੁੱਦਾ ਡਰੱਗ ਨੂੰ ਲੈ ਕੇ ਨੌਜਵਾਨਾਂ ਦੀ ਸੁਰੱਖਿਆ ਦਾ ਹੈ। ਜਿਸਦਾ ਮੂਲ ਕਾਰਨ ਡਰੱਗ ਦੇ ਆਲੇ ਦੁਆਲੇ ਘੁੰਮ ਰਿਹਾ ਹੈ ਜਿਸ ਵਿੱਚ ਨੌਜਵਾਨਾਂ ਦੀਆਂ ਗੈਂਗਵਾਰ ਤੇ ਓਵਰਡੋਜ਼ ਵਰਗੀਆਂ ਅਲਾਮਤਾਂ ਦੇ ਹੱਥੋਂ ਜਾਨਾਂ ਜਾ ਰਹੀਆਂ ਹਨ। ਪਿਛਲੇ ਕੁੱਝ ਸਾਲਾਂ ਤੋਂ ਗੈਂਗਵਾਰ ਵਿੱਚ ਚਲਦੀਆਂ ਗੋਲੀਆਂ ਵਿੱਚ 15-16 ਸਾਲ ਦੀ ਉਮਰ ਦੇ ਬੱਚਿਆਂ ਤੋਂ ਲੈ ਕੇ 40-50 ਸਾਲ ਤੱਕ ਦੇ ਲੋਕ ਬੇਸ਼ੱਕ ਆਪਸੀ ਲੜਾਈ ਵਿੱਚ ਮਾਰੇ ਜਾ ਰਹੇ ਹਨ ਪਰ ਇਨ੍ਹਾਂ ਸੜਕ ਤੇ ਕਾਰਾਂ ਵਿੱਚ ਚੱਲ ਰਹੀਆਂ ਗੋਲੀਆਂ ਦੀ ਮਾਰ ਹੇਠ ਕਈ ਵਾਰ ਬੇਕਸੂਰ ਵੀ ਮਾਰੇ ਜਾਂਦੇ ਹਨ। ਇਸ ਸਮੇਂ ਕੋਈ ਵੀ ਉਮੀਦਵਾਰ ਡਰੱਗ ਦੇ ਮੁੱਦੇ ਤੇ ਗੱਲ ਨਹੀਂ ਕਰ ਰਿਹਾ ਕਿ ਇਹ ਸਾਡੀਆਂ ਗਲ਼ੀਆਂ ਵਿੱਚ ਕਿਵੇਂ, ਕਿੱਥੋਂ ਤੇ ਕਿਸ ਤਰ੍ਹਾਂ ਪਹੁੰਚ ਰਹੀ ਹੈ, ਇਸ ਦੀ ਜ਼ੁੰਮੇਵਾਰ ਪੁਲੀਸ ਤੇ ਪ੍ਰਸ਼ਾਸ਼ਨ ਹੈ ਜੋ ਫੇਲ੍ਹ ਹੋ ਚੁੱਕਿਆ ਹੈ। ਇਸ ਪਿੱਛੇ ਵੱਡੇ ਵੱਡੇ ਡਰੱਗ ਤਸਕਰਾਂ ਦੀ ਮਿਲੀ ਭੁਗਤ ਹੈ ਜਿਸਨੂੰ ਇਹ ਲੀਡਰ ਤੇ ਪੁਲੀਸ ਅੱਖੋਂ ਪਰੋਖੇ ਕਰਕੇ ਮਾਪਿਆਂ ਸਿਰ ਮੜ੍ਹਨ ਦੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ। ਡਰੱਗ ਘਰਾਂ ਵਿੱਚ ਪੈਦਾ ਨਹੀਂ ਹੁੰਦੀ, ਬਾਹਰੋਂ ਆਉਂਦੀ ਹੈ, ਉਸਨੂੰ ਇਹ ਕਿਉਂ ਨਹੀਂ ਰੋਕ ਰਹੇ। ਸਾਡੇ ਟੈਕਸਾਂ ਦਾ 28% ਹਿੱਸਾ RCMP ਤੇ ਖ਼ਰਚ ਕੀਤਾ ਜਾਂਦਾ ਹੈ। ਹਾਂ ਹੁਣ ਇਸ ਮੁੱਦੇ ਤੇ ਲੜਾਈ ਲੜੀ ਜਾ ਰਹੀ ਹੈ ਕਿ ਕੁੱਝ ਕਹਿੰਦੇ ਹਨ RCMP ਚਾਹੀਦੀ ਹੈ ਤੇ ਕੁੱਝ ਕਹਿੰਦੇ ਹਨ City Police. ਆਮ ਲੋਕਾਂ ਨੂੰ ਕੀ ਫਰਕ ਪੈਂਦਾ ਹੈ ਕਿ ਕਿਹੜੀ ਪੁਲੀਸ ਹੈ। ਪੁਲੀਸ ਕੋਈ ਵੀ ਹੋਵੇ ਉਹ ਇਮਾਨਦਾਰੀ ਨਾਲ ਕੰਮ ਕਰੇ। ਜੋ ਬੱਚੇ ਮਾਰੇ ਜਾ ਚੁੱਕੇ ਹਨ ਉਨ੍ਹਾਂ ਦੇ ਕਾਤਲ ਕਿਉਂ ਨਹੀਂ ਫੜੇ ਜਾਂਦੇ। ਕੀ ਉਹਨਾਂ ਨੂੰ ਧਰਤੀ ਨਿਗਲ਼ ਜਾਂਦੀ ਹੈ ਜਾਂ ਅਸਮਾਨ ਵਿੱਚ ਉਡ ਜਾਂਦੇ ਹਨ। ਪੁਲੀਸ ਤੇ ਸਿਟੀ ਦੇ ਨੁਮਾਇੰਦਿਆਂ ਦਾ ਰੋਲ ਉਪਰਲੀਆਂ ਸਰਕਾਰਾਂ ਤੇ ਦਬਾਅ ਬਣਾ ਕੇ ਕਾਨੂੰਨਾਂ ਵਿੱਚ ਤਬਦੀਲੀ ਕਰਨ ਦਾ ਹੈ ਤਾਂ ਕਿ ਡਰੱਗ ਦਾ ਮੁੱਦਾ ਖ਼ਤਮ ਕੀਤਾ ਜਾ ਸਕੇ। ਗੈਂਗਵਾਰ ਅਤੇ ਓਵਰਡੋਜ਼ ਨਾਲ ਹੋ ਰਹੀਆਂ ਮੌਤਾਂ ਨੂੰ ਠੱਲ ਪਾਈ ਜਾ ਸਕੇ।

ਦੂਸਰਾ ਮੁੱਦਾ ਘਰ ਖ੍ਰੀਦਣ ਦੀ ਸਮਰੱਥਾ ਦਾ ਹੈ, ਬੇਸ਼ੱਕ ਇਹ ਇਕੱਲੀ ਸਰ੍ਹੀ ਦਾ ਮੁੱਦਾ ਨਹੀਂ ਸਗੋਂ ਸਾਰਾ ਲੋਅਰ ਮੇਨਲੈਂਡ ਇਸ ਮੁਸ਼ਕਲ ਦਾ ਸਾਹਮਣਾ ਕਰ ਰਿਹਾ ਹੈ। ਅਸੀਂ ਦੇਖ ਰਹੇ ਹਾਂ ਕਿ ਘਰਾਂ ਦੀਆਂ ਕੀਮਤਾਂ ਦਿਨੋ ਦਿਨ ਵਧ ਰਹੀਆਂ ਹਨ ਪਰ ਤਨਖਾਹਾਂ ਵਿੱਚ ਕੋਈ ਖਾਸ ਵਾਧਾ ਨਹੀਂ ਹੋ ਰਿਹਾ ਇਸ ਕਰਕੇ ਘਰ ਲੋਕਾਂ ਦੀ ਪਹੁੰਚ ਤੋਂ ਦੂਰ ਜਾ ਰਹੇ ਹਨ। ਰਹਿਣ ਸਹਿਣ ਤੇ ਗਰੋਸਰੀ ਤੇ ਗੈਸ ਦੀਆਂ ਕੀਮਤਾਂ ਦਿਨੋ ਦਿਨ ਵਧ ਰਹੀਆਂ ਹਨ ਇਸ ਕਰਕੇ ਘਰ ਲੈਣ ਦੀ ਸਮਰੱਥਾ ਦੂਰ ਹੁੰਦੀ ਜਾ ਰਹੀ ਹੈ ਇੱਥੋਂ ਤੱਕ ਕੇ ਲੋਕਾਂ ਨੂੰ ਘਰਾਂ ਦੇ ਕਿਰਾਏ ਦੇਣੇ ਮੁਸ਼ਕਲ ਹੋ ਰਹੇ ਹਨ। ਸਿਟੀ ਕੌਂਸਲ ਵਲੋਂ ਹਰੇਕ ਸਾਲ ਘਰਾਂ ਦੀਆਂ ਕੀਮਤਾਂ ਵਧਣ ਨਾਲ ਪ੍ਰੋਪਰਟੀ ਟੈਕਸ ਵਧਾ ਦਿੱਤਾ ਜਾਂਦਾ ਹੈ ਜਦਕਿ ਘਰ ਮਾਲਕ ਨੂੰ ਘਰ ਦੀ ਕੀਮਤ ਵਧਣ ਦਾ ਫਾਇਦਾ ਤਾਂ ਉਦੋਂ ਹੀ ਹੋਵੇਗਾ ਜਦੋਂ ਕਦੇ ਉਹ ਘਰ ਵੇਚੇਗਾ। ਜਿਹੜੇ ਲੋਕਾਂ ਕੋਲ ਇੱਕ ਤੋਂ ਵਾਧੂ ਘਰ ਹਨ ਉਹਨਾਂ ਤੇ ਵਾਧੂ ਟੈਕਸ ਜੀ ਸਦਕੇ ਲਾਉਣ ਪਰ ਹਰ ਘਰ ਤੇ ਐਨਾ ਟੈਕਸ ਲਾ ਕੇ ਕੀ ਸਰ੍ਹੀ ਵਿੱਚ ਬਹੁਤ ਤਰੱਕੀ ਹੋ ਰਹੀ ਉਹ ਕਿਧਰੇ ਦਿਸ ਨਹੀਂ ਰਹੀ। ਹਾਂ ਦਿਸ ਰਿਹਾ ਹੈ ਤਾਂ ਚਿੱਟਾ ਹਾਥੀ ਜੋ ਪੁਰਾਣੀ ਕੌਂਸਲ ਨੇ ਸਿਟੀ ਸੈਂਟਰ ਵਿੱਚ ਲਿਆ ਖੜ੍ਹਾਇਆ ਹੈ। ਸਿਟੀ ਦੇ ਸਾਰੇ ਕੰਮ ਬਹੁਤ ਵਧੀਆ ਹੋ ਰਹੇ ਸਨ ਪੁਰਾਣੀ ਬਿਲਡਿੰਗ ਵਿੱਚ ਵੀ ਪਰ ਟੈਕਸ ਪੇਅਰਾਂ ਦੇ ਪੈਸੇ ਦੀ ਪ੍ਰਵਾਹ ਕੀਤੇ ਬਿਨ੍ਹਾਂ ਲੋਕਾਂ ਨੂੰ ਹੋਰ ਸਹੂਲਤਾਂ ਦੇਣ ਦੀ ਬਜਾਇ ਆਪ ਸ਼ੀਸ਼ੇ ਦੇ ਮਹੱਲ ਵਿੱਚ ਇਹ ਆਪ ਬਿਰਾਜਮਾਨ ਹੋ ਗਏ ਹਨ। ਹੋਰ ਤਾਂ ਹੋਰ ਲੋਕ ਸਿਟੀ ਵਿੱਚ ਹਜ਼ਾਰਾਂ ਡਾਲਰ ਦੇ ਕੇ ਆਪਣੀਆਂ ਪ੍ਰੋਪਰਟੀਆਂ ਦੇ ਕੰਮ ਜਾਂ ਟੈਕਸ ਭਰਨ ਜਾਂਦੇ ਹਨ ਪਰ ਉਹਨਾਂ ਨੂੰ 10 ਮਿੰਟਾਂ ਲਈ ਵੀ ਕਾਰ ਪਾਰਕਿੰਗ ਦੇ ਪੈਸੇ ਦੇ ਕੇ ਜਾਣਾ ਪੈਂਦਾ ਹੈ। ਪੁਰਾਣੇ ਸਿਟੀ ਹਾਲ ਵਿੱਚ ਘੱਟੋ ਘੱਟ ਇਹੋ ਜਿਹੀ ਮੁੱਛ-ਮੁਛਾਈ ਤੋਂ ਲੋਕ ਬਚੇ ਹੋਏ ਸਨ। ਕੀ ਸਾਨੂੰ ਇਸਦਾ ਇਹ ਫਾਇਦਾ ਹੋਇਆ ਹੈ?

ਤੀਸਰਾ ਮੁੱਦਾ ਸਰ੍ਹੀ ਵਿੱਚ ਅੰਕੜਿਆਂ ਮੁਤਾਬਕ 2017 ਵਿੱਚ 602 ਬੇਘਰੇ ਸਨ ਜਿਨ੍ਹਾਂ ਵਿੱਚੋਂ 399 ਨੂੰ ਰਹਿਣ ਦੀ ਜਗ੍ਹਾ ਮਿਲੀ ਹੋਈ ਸੀ ਤੇ 203 ਸਟਰੀਟ ਤੇ ਰਹਿ ਰਹੇ ਹਨ। ਦੇਖਿਆ ਗਿਆ ਹੈ ਕਿ 2014 ਤੋਂ 2017 ਤੱਕ ਬੇਘਰਿਆਂ ਦੀ ਗਿਣਤੀ ਤੇਜ਼ੀ ਨਾਲ 49% ਦੀ ਦਰ ਨਾਲ ਵਧੀ ਹੈ। ਸਰ੍ਹੀ ਦੀ ਕੁੱਲ ਜਨਸੰਖਿਆ ਵਿਚੋਂ ਹਰ ਪੰਜਵਾਂ ਵਿਅਕਤੀ ਗਰੀਬੀ ਰੇਖਾ ਤੋਂ ਥੱਲੇ ਰਹਿ ਰਿਹਾ ਹੈ ਜਿਦਾ ਕਾਰਣ ਪੁਲੀਸ, ਪੜ੍ਹਾਈ ਤੇ ਸਿਹਤ ਸਬੰਧੀ ਖਰਚਿਆਂ ਨੂੰ ਦੱਸਿਆ ਗਿਆ ਹੈ। ਅਸੀਂ ਆਸ ਕਰਦੇ ਹਾਂ ਕਿ ਇਨ੍ਹਾਂ ਡਿਵੈਲਪਿਡ ਦੇਸ਼ਾਂ ਵਿੱਚ ਹਰ ਇਨਸਾਨ ਦੀਆਂ ਤਿੰਨ ਮੁਢਲੀਆਂ ਲੋੜਾਂ ਜ਼ਰੂਰ ਪੂਰੀਆਂ ਹੋਣੀਆਂ ਚਾਹੀਦੀਆਂ ਹਨ ਪਰ ਇੱਥੇ ਲੋਕਾਂ ਦੀਆਂ ਆਰਥਿਕ ਹਾਲਤਾਂ ਦਿਨੋ ਦਿਨ ਥੱਲੇ ਜਾ ਰਹੀਆਂ ਹਨ। ਸਰ੍ਹੀ ਫੂਡ ਬੈਂਕ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਉੱਥੋਂ ਫੂਡ ਲੈਣ ਵਾਲਿਆਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ। ਲੋਕ ਜਿੰਨਾ ਕੁ ਕਮਾਉਂਦੇ ਹਨ ਉਹ ਰੈਂਟਾਂ ਤੇ ਹੋਰ ਖਰਚਿਆਂ ਵਿੱਚ ਚਲਾ ਜਾਂਦਾ ਹੈ ਖਾਣ ਲਈ ਪੈਸੇ ਨਹੀਂ ਹੁੰਦੇ ਫਿਰ ਉਹ ਫੂਡ ਬੈਂਕ ਦਾ ਦਰ ਖੜਕਾਉਂਦੇ ਹਨ। ਬਹੁਤੇ ਲੋਕਾਂ ਦਾ ਆਮਦਨ ਤੇ ਖਰਚਾ ਬਰਾਬਰ ਸਰਾਬਰ ਹੀ ਚਲਦਾ ਹੈ। ਇਸ ਤੇ ਸਾਡੀ ਸਿਟੀ ਕੌਂਸਲ ਚੁੱਪ ਹੈ।

ਚੌਥਾ ਮੁੱਦਾ ਜਿਸਤੇ ਸਾਡੇ ਉਮੀਦਵਾਰ ਚੋਖੀ ਲੜਾਈ ਲੜ ਰਹੇ ਹਨ, ਉਸ ਬਾਰੇ ਵੀ ਗੱਲ ਕਰਨੀ ਬਣਦੀ ਹੈ। ਉਹ ਹੈ LRT ਤੇ Sky Train ਦਾ ਮੁੱਦਾ। ਖੈਰ ਦੋਨਾਂ ਨੇ ਹੀ ਲੋਕਾਂ ਦੀ ਸੇਵਾ ਕਰਨੀ ਹੈ ਆਵਾਜਾਈ ਦੀ ਸਹੂਲਤ ਜ਼ਰੂਰ ਮਿਲਣੀ ਚਾਹੀਦੀ ਹੈ ਕਿਸੇ ਰੂਪ ਵਿੱਚ ਹੋਵੇ। ਇਸਦੇ ਪਿੱਛੇ ਸੋਚਣ ਵਾਲੀ ਗੱਲ ਹੈ ਕਿ ਇਹ ਦੋਨੋ ਸਹੂਲਤਾਂ ਕਿੱਥੇ ਤੇ ਕਿਸ ਲਈ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਦੋਨਾਂ ਦੇ ਜੋ ਰੂਟ ਹਨ ਉਹ ਗਿੱਲਫੋਰਡ ਨੂੰ ਸਿਟੀ ਸੈਂਟਰ ਤੇ ਨਿਊਟਨ ਨਾਲ ਜੋੜਦੀਆਂ ਹਨ ਅਰਥਾਤ ਮੁੱਖ ਸੜਕਾਂ ਤੇ ਚੱਲਣਗੀਆਂ। ਜਿਨ੍ਹਾਂ ਉੱਤੇ ਵੱਡੇ ਵੱਡੇ ਹਾਈ ਰਾਈਜ਼ ਹਨ ਜਾਂ ਬਣ ਰਹੇ ਹਨ ਜਾਂ ਬਣਨਗੇ ਜਾਂ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਦੇ ਸਟੋਰ ਹਨ ਮਤਲਬ ਉੱਥੇ ਜਾਣ ਦੀਆਂ ਸਹੂਲਤਾਂ ਹਨ ਪਰ ਅਸੀਂ ਸਰ੍ਹੀ ਨਿਵਾਸੀਆਂ ਨੇ ਤਾਂ ਹਰ ਰੋਜ਼ ਘਰਾਂ ਤੋਂ ਉਠ ਕੇ ਕੰਮਾਂ ਤੇ ਜਾਣਾ ਹੁੰਦਾ ਹੈ ਜਿੱਥੇ ਸਾਡੇ ਛੋਟੇ ਛੋਟੇ ਸਮਾਲ ਬਿਜ਼ਨਿਸ ਹਨ ਜੋ 120 ਸਟਰੀਟ ਤੋਂ ਲੈ ਕੇ 132 ਦੇ ਦਰਮਿਆਨ ਹਨ। ਉੱਥੇ ਤਾਂ ਫਿਰ ਸਾਨੂੰ ਕਾਰਾਂ ਹੀ ਘੜੀਸਣੀਆਂ ਪੈਂਦੀਆਂ ਹਨ ਮਹਿੰਗਾ ਗੈਸ ਪਾ ਕੇ ਤੇ ਮਹਿੰਗੀ ਇਨਸ਼ੋਰੈਂਸ ਦੇ ਕੇ। ਸਾਡੀ ਸਹੂਲਤ ਤਾਂ ਇਹ ਹੈ ਕਿ ਆਵਾਜਾਈ ਨੂੰ ਮੇਨ ਸੜਕਾਂ ਜੋਗੀ ਨਾ ਰੱਖ ਕੇ ਸਗੋਂ ਲਿੰਕ ਸੜਕਾਂ ਨਾਲ ਜੋੜਿਆ ਜਾਵੇ ਕਿ ਆਮ ਸ਼ਹਿਰੀ ਨੂੰ ਇਸਦੀ ਸਹੂਲਤ ਮਿਲੇ ਜਿਹੜੇ ਆਪਣੀ ਖ਼ੂਨ ਪਸੀਨੇ ਦੀ ਕਮਾਈ ਚੋਂ ਟੈਕਸ ਦਿੰਦੇ ਹਨ। ਲਿੰਕ ਸੜਕਾਂ ਤੇ ਬੱਸ ਰੂਟਾਂ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਟਰਾਂਸ ਲਿੰਕ ਦਾ ਮਹਿਕਮਾ ਸਾਥੋਂ ਕਾਰਬਨ ਟੈਕਸ, ਟਰਾਂਸਪੋਟੇਸ਼ਨ ਟੈਕਸ ਆਦਿ ਲੈਂਦਾ ਹੈ। ਇਹ ਨੁਮਾਇੰਦੇ ਸਿਟੀ ਤੋਂ ਵੀ ਵਾਧੂ ਤਨਖਾਹਾਂ ਲੈਂਦੇ ਹਨ ਤੇ ਜੇ ਟਰਾਂਸ ਲਿੰਕ ਵਰਗੇ ਬੋਰਡ ਦੇ ਮੈਂਬਰ ਬਣਦੇ ਹਨ, ਉਧਰੋਂ ਵੀ ਦੂਹਰੀਆਂ ਤਨਖਾਹਾਂ ਲੈ ਜਾਂਦੇ ਹਨ। ਕੀ ਇਸ ਬਾਰੇ ਸਾਨੂੰ ਕੁੱਝ ਦੱਸਦੇ ਹਨ?

ਅਗਲੀ ਗੱਲ ਮੈਂ ਹਸਪਤਾਲ ਦੀ ਕਰਨੀ ਚਾਹੁੰਦੀ ਹਾਂ ਜੋ ਸਰ੍ਹੀ ਦੀ ਜਨਸੰਖਿਆ ਵਧਣ ਦੇ ਨਾਲ ਇੱਕ ਹੋਰ ਹਸਪਤਾਲ ਦੀ ਜ਼ਰੂਰਤ ਹੈ। 1973 ਤੋਂ ਬਾਅਦ ਉਸੇ ਹਸਪਤਾਲ ਵਿੱਚ ਥੋੜ੍ਹਾ ਬਹੁਤ ਵਾਧਾ ਤਾਂ ਕੀਤਾ ਗਿਆ ਹੈ ਪਰ ਪਿਛਲੀ ਲਿਬਰਲ ਸਰਕਾਰ ਨੇ ਤਾਂ ਜ਼ਮੀਨ ਵੀ ਡਿਵੈਪਲਰਾਂ ਨੂੰ ਵੇਚ ਦਿੱਤੀ, ਬਣਾਉਣਾ ਤਾਂ ਕੀ। ਬੇਸ਼ੱਕ ਇਸ ਵਿੱਚ ਉੱਪਰਲੀਆਂ ਸਰਕਾਰਾਂ ਦਾ ਵੱਡਾ ਰੋਲ ਹੁੰਦਾ ਹੈ ਪਰ ਆਪਣੇ ਸ਼ਹਿਰ ਦੇ ਹਿੱਤ ਵਿੱਚ ਕੰਮ ਕਰਵਾਉਣੇ ਸਾਡੀ ਸਿਟੀ ਕੌਂਸਲ ਦਾ ਕੰਮ ਹੁੰਦਾ ਹੈ। ਸਰ੍ਹੀ ਹਸਪਤਾਲ ਵਿੱਚ ਘੰਟਿਆਂ ਬੱਧੀ ਬਿਮਾਰਾਂ ਨੂੰ ਖੱਜਲ ਖੁਆਰ ਹੋਣਾ ਪੈਂਦਾ ਹੈ। ਇੱਥੇ ਸਾਰੀਆਂ ਸਰਜਰੀ ਵਾਲੀਆਂ ਸਹੂਲਤਾਂ ਵੀ ਨਹੀਂ ਹਨ ਇਸ ਕਰਕੇ ਬਹੁਤੇ ਮਰੀਜ਼ਾਂ ਨੂੰ ਰੋਇਲ ਕੋਲੰਬੀਆ ਜਾਣਾ ਪੈਂਦਾ ਹੈ ਸੋ ਕਈ ਵਾਰੀ ਸੁਣਨ ਵਿੱਚ ਆਇਆ ਹੈ ਕਿ ਹਸਪਤਾਲ ਤੋਂ ਦੂਸਰੇ ਹਸਪਤਾਲ ਤੱਕ ਪਹੁੰਚਣ ਲਈ ਕਈ ਵਾਰ ਮਰੀਜ਼ਾਂ ਦੀਆਂ ਮੌਤਾਂ ਵੀ ਹੋ ਜਾਂਦੀਆਂ ਹਨ। ਜਦਕਿ ਸਰ੍ਹੀ ਵੱਡਾ ਸ਼ਹਿਰ ਹੋਣ ਦੇ ਬਾਵਜੂਦ ਇੱਥੇ ਇਹ ਸਹੂਲਤਾਂ ਕਿਉਂ ਨਹੀਂ ਲਿਆਂਦੀਆਂ ਜਾਂਦੀਆਂ। ਇਹ ਲੋਕਲ ਸਰਕਾਰਾਂ ਦਾ ਕੰਮ ਹੈ ਕਿ ਉਹ ਲੋਕਾਂ ਦੀਆਂ ਅਜਿਹੀਆਂ ਮੰਗਾਂ ਤੇ ਕੰਮ ਕਰਨ। ਹਸਪਤਾਲ ਵਿੱਚ ਜਾਣ ਤੇ ਤਾਂ ਹੋਰ ਵੀ ਵੱਡੀ ਮੁਸੀਬਤ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ ਲੋਕ ਐਮਰਜੈਂਸੀ ਲਈ ਹੌਸਪੀਟਲ ਜਾਂਦੇ ਹਨ ਪਰ ਅਸੀਂ ਮਰੀਜ਼ ਨੂੰ ਦਾਖਲ ਕਰਾਉਣ ਤੋਂ ਪਹਿਲਾਂ ਪਾਰਕਿੰਗ ਦੇ ਪੈਸੇ ਜਮ੍ਹਾਂ ਕਰਾਉਣ ਲਈ ਪੈਸੇ ਚਾਰਜ਼ ਕਰਨ ਵਾਲੀ ਮਸ਼ੀਨ ਲੱਭਦੇ ਰਹਿੰਦੇ ਹਾਂ। ਉਹ ਵੀ ਸਾਢੇ ਚਾਰ ਡਾਲਰ ਪ੍ਰਤੀ ਘੰਟਾ, ਜੇ ਭੀੜ ਦੀ ਵਜ੍ਹਾ ਜੋ ਕਿ ਪੱਕੀ ਹੈ ਉਸ ਕਰਕੇ ਛੇ ਘੰਟੇ ਲੱਗ ਗਏ ਤਾਂ 27 ਡਾਲਰ ਦੇ ਕੇ ਆਉਗੇ। ਅਗਰ ਪਾਰਕ ਦੇ ਪੈਸੇ ਦੇਣ ਵਿੱਚ ਲੇਟ ਹੋ ਗਏ ਤਾਂ ਅਗਲੇ ਉਦੋਂ ਹੀ ਕਾਰ ਟੋਅ ਕਰਵਾ ਦੇਣਗੇ, ਫਿਰ ਪਤਾ ਨਹੀਂ ਕਿੰਨੇ ਦੇ ਕੇ ਛੁੱਟੋਗੇ ਕਿਉਂਕਿ ਸਰਕਾਰਾਂ ਪ੍ਰਾਈਵੇਟ ਕੰਪਨੀਆਂ ਨਾਲ ਇਹ ਕੌਂਟਰੈਕਟ ਕਰਕੇ ਆਪਣੀਆਂ ਜ਼ਿੰਮੇਵਾਰੀਆਂ ਉਹਨਾਂ ਨੂੰ ਸੌਂਪ ਕੇ ਆਪ ਹੌਲ਼ੀਆਂ ਫੁੱਲ ਹੋ ਜਾਂਦੀਆਂ ਹਨ ਤੇ ਉਹ ਸਾਲਾਂ ਬੱਧੀ ਲੋਕਾਂ ਤੋਂ ਪੈਸੇ ਬਟੋਰਦੀਆਂ ਰਹਿੰਦੀਆਂ ਹਨ। ਇੱਥੋਂ ਤੱਕ ਕਿ ਹਸਪਤਾਲ ਦੇ ਮੁਲਾਜ਼ਮਾਂ ਅਰਥਾਤ ਡਾਕਟਰ, ਨਰਸਾਂ ਜਾਂ ਹੋਰ ਕੰਮ ਕਰਨ ਵਾਲਿਆਂ ਨੂੰ ਵੀ ਕਾਰ ਪਾਰਕਿੰਗ ਦੇ ਪੈਸੇ ਦੇਣੇ ਪੈਂਦੇ ਹਨ।

ਕੁੱਝ ਕੁ ਹੋਰ ਨਿੱਕੀਆਂ ਮੋਟੀਆਂ ਗੱਲਾਂ ਵੱਲ ਜੋ ਅਸੀਂ ਰੋਜ਼ਾਨਾ ਦੇਖ ਰਹੇ ਹਾਂ ਉਨ੍ਹਾਂ ਗੱਲਾਂ ਬਾਰੇ ਵੀ ਧਿਆਨ ਦਿਵਾਉਣਾ ਚਾਹੁੰਦੀ ਹਾਂ। ਸਿਟੀ ਹਰ ਸਾਲ ਸੜਕਾਂ ਤੇ ਕੰਮ ਕਰਦੀ ਹੈ ਪਰ ਕੁੱਝ ਸੜਕਾਂ ਹਰ ਸਾਲ ਉਵੇਂ ਹੀ ਰਹਿੰਦੀਆਂ ਹਨ, ਉਹਨਾਂ ਦੀ ਮੁਰੰਮਤ ਹੀ ਨਹੀਂ ਕੀਤੀ ਜਾਂਦੀ ਜਾਂ ਕਈਆਂ ਦੀ ਕੀਤੀ ਜਾਂਦੀ ਹੈ ਤਾਂ ਇਸ ਸਾਲ ਸੜਕ ਦੇ ਵਿਚਾਲੇ ਫੁੱਲਾਂ ਲਈ ਜਗ੍ਹਾ ਰੱਖ ਲਈ ਜਾਂਦੀ ਹੈ ਤੇ ਅਗਲੇ ਕੁੱਝ ਸਾਲ ਤੱਕ ਉਹ ਚੱਕ ਦਿੱਤੀ ਜਾਂਦੀ। ਪਹਿਲਾਂ ਬਣਾਉਣ ਤੇ ਦੂਜੀ ਵਾਰ ਚੱਕਣ ਦਾ ਖਰਚਾ ਟੈਕਸ ਪੇਅਰਾਂ ਤੇ ਪੈਂਦਾ ਰਹਿੰਦਾ ਹੈ, ਕਿਉਂ ਨਹੀਂ ਦੂਰ ਦ੍ਰਿਸ਼ਟੀ ਨੂੰ ਮੁੱਖ ਰੱਖ ਕੇ ਕੰਮ ਕੀਤਾ ਜਾਂਦਾ। ਕਈ ਪਾਰਕਾਂ ਵਿੱਚ ਵੀ ਬਜ਼ੁਰਗਾਂ ਲਈ ਬੈਠਣ ਲਈ ਕੋਈ ਥਾਂਵਾਂ ਵੀ ਨਹੀਂ ਤੇ ਕਈਆਂ ਵਿੱਚ ਬਾਥਰੂਮਾਂ ਦੀ ਵੀ ਘਾਟ ਹੈ। ਇਨ੍ਹਾਂ ਕੁੱਝ ਕੁ ਮੁੱਦਿਆਂ ਬਾਰੇ ਸਾਨੂੰ ਸੁਚੇਤ ਹੋਣ ਦੀ ਲੋੜ ਹੈ ਕਿ ਜਦੋਂ ਉਮੀਦਵਾਰ ਸਾਥੋਂ ਵੋਟ ਮੰਗਣ ਆਉਣ ਤਾਂ ਅਸੀਂ ਇਹ ਜ਼ਰੂਰ ਪੁੱਛੀਏ ਕਿ ਇਸ ਵਾਰ ਉਹਨਾਂ ਦੇ ਕੀ ਏਜੰਡੇ ਹਨ। ਜਾਂ ਪਿਛਲੇ ਸਾਲਾਂ ਵਾਗੂੰ ਇਹਨਾਂ ਤੇ ਕੋਈ ਕੰਮ ਕਰਨਗੇ ਜਾਂ ਨਹੀਂ। ਇਹ ਚੋਣਾਂ ਦਾ ਮਹੱਤਵ ਆਮ ਲੋਕਾਂ ਲਈ ਬਹੁਤ ਹੁੰਦਾ ਹੈ ਕਿਉਂਕਿ ਇਹ ਨੁਮਾਇੰਦੇ ਸਾਡੀ ਗਲ਼ੀ ਗੁਆਂਢ ਵਿੱਚੋਂ ਉੱਠ ਕੇ ਹੀ ਸਾਡੇ ਲੀਡਰ ਬਣਦੇ ਹਨ। ਅਸਲ ਗੱਲ ਤਾਂ ਇਹ ਹੈ ਕਿ ਜਦੋਂ ਲੋਕਾਂ ਦਾ ਆਰਥਿਕਤਾ ਵਲੋਂ ਮਿਆਰ ਡਿੱਗ ਰਿਹਾ ਹੋਵੇ ਫਿਰ ਸਰਕਾਰਾਂ ਨੂੰ ਅਜਿਹੇ ਵਸੀਲੇ ਪੈਦਾ ਕਰਨੇ ਚਾਹੀਦੇ ਹਨ ਕਿ ਲੋਕਾਂ ਨੂੰ ਮੁਢਲੀਆਂ ਲੋੜਾਂ ਲਈ ਵੀ ਤਰਸਣਾ ਨਾ ਪਵੇ। ਅਸੀਂ ਲੋਕ ਆਪਣੀ ਕਿਰਤ ਕਮਾਈ ਦੇ ਵਿੱਚੋਂ ਸਰਕਾਰਾਂ ਨੂੰ ਐਨੇ ਟੈਕਸ ਦਿੰਦੇ ਹਾਂ ਇਸ ਲਈ ਸਾਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਦੇ ਸਨਮੁੱਖ ਹੋ ਕੇ ਸਵਾਲ ਵੀ ਉਠਾਉਣੇ ਚਾਹੀਦੇ ਹਨ ਤਾਂ ਕਿ ਇਨ੍ਹਾਂ ਨੂੰ ਪਤਾ ਲੱਗੇ ਕਿ ਲੋਕ ਹੁਣ ਜਾਗ ਪਏ ਹਨ।

# ਭਾਰਤੀ ਰਾਜਧਾਨੀ ਦੇ ਸ਼ਕਤੀ ਮੁਜ਼ਾਹਰੇ

## ਪੰਜਾਬ ਦੀਆਂ ਲਗਭਗ 40 ਜਥੇਬੰਦੀਆਂ ਵਲੋਂ ਬੁੱਧੀਜੀਵੀਆਂ 'ਤੇ ਪਾਏ ਝੂਠੇ ਕੇਸ ਅਤੇ ਗ੍ਰਿਫ਼ਤਾਰੀਆਂ ਦੇ ਵਿਰੋਧ 'ਚ ਚੰਡੀਗੜ੍ਹ 'ਚ ਲਾਮਿਸਾਲ ਮੁਜ਼ਾਹਰਾ





ਜਮਹੂਰੀ ਹੱਕਾਂ ਦੇ ਕਾਰਕੁੰਨਾਂ ਦੀ ਰਿਹਾਈ ਲਈ ਤੇ ਹੋਰਨਾਂ ਤੋਂ ਹੱਥ ਪਰ੍ਹੇ ਰੱਖਣ ਦੀ ਸੁਣਵਾਈ ਲਈ ਚੰਡੀਗੜ੍ਹ 'ਚ ਹੋਇਆ ਜਨਤਕ ਸ਼ਕਤੀ ਦਾ ਮੁਜ਼ਾਹਰਾ ਸੂਬੇ ਦੀ ਜਨਤਕ ਲਹਿਰ ਦੇ ਹਾਂਦਰੂ ਤੇ ਨਰੋਏ ਲੱਛਣਾਂ ਦਾ ਮੁਜ਼ਾਹਰਾ ਵੀ ਹੋ ਨਿਬੜਿਆ ਹੈ। ਸਭ ਤੋਂ ਉਘੜਵਾਂ ਲੱਛਣ ਸੂਬੇ ਦੀ ਲੋਕ ਲਹਿਰ ਦੀ ਜਮਹੂਰੀ ਰੰਗਤ ਦਾ ਉਘੜ ਕੇ ਪ੍ਰਗਟ ਹੋਣਾ ਹੈ। ਪੰਜਾਬ ਦੀ ਲੋਕ ਲਹਿਰ ਨੇ ਸੂਬੇ 'ਚ ਅਨੇਕਾਂ ਜਮਹੂਰੀ ਮਸਲਿਆਂ 'ਤੇ ਵੱਡੇ ਜਨਤਕ ਸੰਗਰਾਮ ਲੜੇ ਹਨ, ਧੀਆਂ ਦੀ ਆਨ-ਸ਼ਾਨ ਦੀ ਸ਼ਲਾਮਤੀ ਲਈ ਜੱਦੋਜਹਿਦ ਤੋਂ ਲੈ ਕੇ ਦਲਿਤ ਹੱਕਾਂ ਦਾ ਝੰਡਾ ਉੱਚਾ ਕਰਨ ਤੱਕ ਇਸ ਲਹਿਰ ਨੇ ਲੰਮਾ ਪੰਧ ਤੈਅ ਕੀਤਾ ਹੈ। ਬਹੁਤ ਨਾਜ਼ੁਕ ਮੌਕਿਆਂ 'ਤੇ ਗੁੰਝਲਦਾਰ ਸਥਿਤੀਆਂ ਦਰਮਿਆਨ ਹਾਕਮ ਜਮਾਤਾਂ ਦੀਆਂ ਪਾਟਕਪਾਊ ਤੇ ਫਿਰਕੂ ਚਾਲਾਂ ਨੂੰ ਪਛਾੜ ਕੇ ਜਮਾਤੀ ਏਕਤਾ ਦਾ ਪਰਚਮ ਉੱਚਾ ਕੀਤਾ ਹੈ। ਏਸ ਸਫਰ ਦੌਰਾਨ ਲੋਕ ਲਹਿਰ ਦਾ ਜਮਹੂਰੀ ਕਿਰਦਾਰ ਹੋਰ ਵਧੇਰੇ ਨਿਖਰਦਾ ਤੇ ਵਿਕਾਸ ਕਰਦਾ ਗਿਆ ਹੈ। ਲਗਭਗ 9 ਵਰ੍ਹੇ ਪਹਿਲਾਂ ਸੂਬੇ ਦੀ ਲੋਕ ਲਹਿਰ ਦੀਆਂ ਗਿਣਨਯੋਗ ਤੇ ਅਗਾਂਹਵਧੂ ਪਰਤਾਂ ਨੇ ਅਪ੍ਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦਾ ਗਠਨ ਕਰਕੇ ਆਦਿਵਾਸੀ ਖੇਤਰਾਂ 'ਚ ਬੋਲੇ ਹਕੂਮਤੀ ਹੱਲੇ ਖਿਲਾਫ ਸ਼ਾਨਦਾਰ ਜਨਤਕ ਲਾਮਬੰਦੀ ਦੀ ਮਿਸਾਲ ਸਿਰਜੀ ਸੀ। ਬੁੱਧੀਜੀਵੀਆਂ, ਜਮਹੂਰੀ ਹਲਕਿਆਂ ਤੇ ਜਨਤਕ ਲਹਿਰ ਦੇ ਅਨੇਕਾਂ ਸਰਗਰਮਾਂ ਨੇ ਜੋਟੀ ਪਾ ਕੇ ਇਸਦੇ ਵਿਰੋਧ ਲਈ ਮੋਰਚਾ ਮੱਲਿਆ ਸੀ। ਉਹਨਾਂ ਜੰਗਲੀ ਖੇਤਰਾਂ ਤੋਂ ਹਜ਼ਾਰਾਂ ਮੀਲ ਦੀ ਦੂਰੀ ਪੰਜਾਬ ਦੀ ਲੋਕ ਲਹਿਰ ਨੂੰ ਉਸਦੇ ਜਮਹੂਰੀ ਤੇ ਜਮਾਤੀ ਸਰੋਕਾਰਾਂ ਤੋਂ ਦੂਰ ਨਹੀਂ ਸੀ ਕਰ ਸਕੀ। ਅਜਿਹੇ ਅਸਰਦਾਰ ਜਨਤਕ ਵਿਰੋਧ ਦੀ ਲਹਿਰ ਨੇ ਮੁਲਕ ਭਰ ਦੇ ਬੁੱਧੀਜੀਵੀਆਂ ਤੇ ਜਮਹੂਰੀ ਹਲਕਿਆਂ ਤੋਂ ਲੈ ਕੇ ਇਨਕਲਾਬੀ ਹਲਕਿਆਂ ਦਾ ਧਿਆਨ ਖਿੱਚਿਆ ਸੀ। ਉਦੋਂ ਲੈ ਕੇ ਹੁਣ ਤੱਕ ਸੂਬੇ ਦੀ ਜਨਤਕ ਜਮਹੂਰੀ ਲਹਿਰ ਨੇ ਦੂਰ ਦੁਰਾਂਡੇ ਖੇਤਰਾਂ 'ਚ ਹੋ ਰਹੇ ਹਕੂਮਤੀ ਜਬਰ ਖਿਲਾਫ ਲਗਾਤਾਰ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਹੁਣ ਵੀ ਏਸੇ ਹਕੂਮਤੀ ਹਮਲੇ ਦੇ ਅੰਗ ਵਜੋਂ ਹੀ ਮੁਲਕ ਦੇ ਬੁੱਧੀਜੀਵੀ ਤੇ ਜਮਹੂਰੀ ਹਲਕਿਆਂ ਦੀਆਂ ਨਜ਼ਰਬੰਦੀਆਂ ਤੇ ਗ੍ਰਿਫਤਾਰੀਆਂ, ਕੇਸਾਂ ਖਿਲਾਫ ਨਿਤਰ ਕੇ ਪੰਜਾਬ ਦੀ ਜਮਹੂਰੀ ਲਹਿਰ ਨੇ ਆਪਣੀਆਂ ਸ਼ਾਨਾਮੱਤੀਆਂ ਪਿਰਤਾਂ ਨੂੰ ਹੋਰ ਅੱਗੇ ਵਧਾਇਆ ਹੈ। ਛਾਪਿਆਂ ਦੇ ਦਿਨ ਤੋਂ ਲੈ ਕੇ ਹੁਣ ਤੱਕ ਹੋਰਨਾਂ ਤਬਕਾਤੀ ਸੰਘਰਸ਼ ਰੁਝੇਵਿਆਂ ਦਰਮਿਆਨ ਵੀ ਇਹ ਸਰਗਰਮੀ ਜਨਤਕ ਸਰਗਰਮੀਆਂ ਦਾ ਅਟੁੱਟ ਹਿੱਸਾ ਬਣੀ ਹੋਈ ਸੀ। ਏਸੇ ਥੋੜ੍ਹੇ ਅਰਸੇ 'ਚ ਦਰਜਨਾਂ ਜਥੇਬੰਦੀਆਂ ਦਾ ਇਉਂ ਇੱਕ ਮੱਤ ਤੇ ਇੱਕਜੁੱਟ ਹੋ ਕੇ ਏਡੀ ਵਿਸ਼ਾਲ ਜਨਤਕ ਲਾਮਬੰਦੀ ਕਰਨਾ ਆਪਣੇ ਆਪ 'ਚ ਹੀ ਛੋਟੀ ਪ੍ਰਾਪਤੀ ਨਹੀਂ ਹੈ। ਜਮਾਤੀ ਘੋਲਾਂ ਦੇ ਅਖਾੜਿਆਂ 'ਚੋਂ ਹਜ਼ਾਰਾਂ ਕਿਰਤੀ ਲੋਕਾਂ ਦਾ ਰਾਜਧਾਨੀ 'ਚ ਪੁੱਜ ਕੇ, ਹਾਕਮਾਂ ਨੂੰ ਜਮਹੂਰੀ ਕਾਰਕੁੰਨਾਂ ਤੋਂ ਹੱਥ ਪਰ੍ਹੇ ਰੱਖਣ ਦੀ ਜਨਤਕ ਸੁਣਵਾਈ ਕਰਨਾ ਸੂਬੇ ਦੀ ਲੋਕ ਲਹਿਰ ਦੇ ਵਿਕਾਸ ਕਰ ਚੁੱਕੇ ਜਮਹੂਰੀ ਕਿਰਦਾਰ ਦੀ ਨਿਸ਼ਾਨਦੇਹੀ ਵੀ ਕਰਦਾ ਹੈ ਜਦੋਂ ਅਜੇ ਮੁਲਕ ਦੇ ਕਿਸੇ ਹੋਰ ਹਿੱਸੇ 'ਚੋਂ ਅਜਿਹੇ ਵਿਸ਼ਾਲ ਜਨਤਕ ਪ੍ਰਦਰਸ਼ਨ ਦੀ ਖਬਰ ਨਹੀਂ ਸੁਣਾਈ ਦਿੱਤੀ। ਇਸ ਤੋਂ ਮਹੱਤਵਪੂਰਨ ਗੱਲ ਇਹ ਵਿਸ਼ਾਲ ਜਨਤਕ ਮੁਜਾਹਰਾ ਬਹੁਤ ਹੀ ਸਪਸ਼ਟ 'ਤੇ ਨਿਤਰਵਾਂ ਪੈਂਤੜਾ ਲੈ ਕੇ ਕੀਤਾ ਗਿਆ ਹੈ। ਇਹ ਪੈਂਤੜਾ ਜਮਹੂਰੀ ਹੋਣ ਦੇ ਨਾਲ ਨਾਲ ਜਮਾਤੀ ਸਰੋਕਾਰਾਂ ਨਾਲ ਵੀ ਗੜੁੱਚ ਹੈ। ਇਹ ਸਿਰਫ ਨਾਗਰਿਕ ਅਜਾਦੀਆਂ ਦੇ ਘੇਰੇ 'ਚ ਰਹਿ ਕੇ ਕਾਨੂੰਨੀ ਬੰਧੇਜ 'ਚ ਕੇਸਾਂ ਦੇ ਠੀਕ ਗਲਤ ਹੋਣ ਦਾ ਅਧੂਰਾ ਪੈਂਤੜਾ ਨਹੀਂ ਹੈ ਸਗੋਂ ਹਮਲੇ ਦੇ ਮਕਸਦ ਪਛਾਣ ਕੇ, ਆਪਣੇ ਜਮਾਤੀ ਸਰੋਕਾਰਾਂ ਨਾਲ ਜੋੜ ਕੇ ਲਿਆ ਗਿਆ ਪੈਂਤੜਾ ਹੈ। ਪੰਜਾਬ ਦੀਆਂ ਜਨਤਕ ਜਥੇਬੰਦੀਆਂ ਨੇ ਇਸ ਨੂੰ ਆਰਥਿਕ ਸੁਧਾਰਾਂ ਦੇ ਨੀਤੀ ਹਮਲੇ ਦੇ ਕਦਮਾਂ ਦੇ ਅੰਗ ਵਜੋਂ ਲਿਆ ਹੈ। ਇਹ ਬੁੱਝਿਆ ਹੈ ਕਿ ਹਰ ਉਹ ਹਿੱਸਾ ਇਸ ਹਮਲੇ ਦੀ ਮਾਰ ਹੇਠ ਹੈ ਜੋ ਨਵੀਆਂ ਆਰਥਿਕ ਨੀਤੀਆਂ ਦਾ ਨੁਕਤਾਚੀਨ ਹੈ, ਵਿਰੋਧ ਕਰਦਾ ਹੈ, ਅੜਦਾ ਹੈ, ਖੜ੍ਹਦਾ ਹੈ ਜਾਂ ਬੋਲਦਾ ਹੈ। ਭਾਜਪਾਈ ਹਕੂਮਤ ਦੇ ਫਿਰਕੂ ਹੱਲੇ ਤੇ ਜਾਬਰ ਹੱਲੇ ਨੂੰ ਇੱਕ ਜੜੁੱਤ ਨੀਤੀ ਵਜੋਂ ਦੇਖਿਆ ਗਿਆ ਹੈ ਤੇ ਸੂਬੇ ਦੀ ਮਿਹਨਤਕਸ਼ ਕਿਰਤੀ ਜਨਤਾ ਦੀਆਂ ਮੰਗਾਂ ਤੇ ਸੰਘਰਸ਼ਾਂ ਨਾਲ ਇਸਦਾ ਕੜੀ ਜੋੜ ਦਰਸਾਇਆ ਗਿਆ। ਹੈ। ਜਥੇਬੰਦੀਆਂ ਦੇ ਹੱਥ ਪਰਚੇ 'ਚ ਭਾਜਪਾ ਦੇ ਨਾਲ ਹੋਰਨਾਂ ਹਾਕਮ ਜਮਾਤੀ ਪਾਰਟੀਆਂ ਦੇ ਜਮਹੂਰੀਅਤ ਬਚਾਉਣ ਦੇ ਦਾਅਵਿਆਂ ਦੀ ਹਕੀਕਤ ਉਘਾੜ ਕੇ, ਜਮਹੂਰੀਅਤ ਲਈ ਲੋਕ ਏਕਤਾ ਤੇ ਸੰਗਰਾਮ ਦਾ ਮਹੱਤਵ ਉਘਾੜਿਆਂ ਗਿਆ ਹੈ ਅਜਿਹੇ ਭਰਭੂਰ ਪੈਂਤੜੇ ਵਾਲੀ ਵਿਸ਼ਾਲ ਜਨਤਕ ਲਾਮਬੰਦੀ ਦਾ ਮੌਜੂਦਾ ਹਾਲਤਾਂ 'ਚ ਵਿਸ਼ੇਸ਼ ਸਿਆਸੀ ਮਹੱਤਵ ਬਣ ਜਾਂਦਾ ਹੈ।

ਇਹ ਮੁਜਾਹਰਾ ਮੁਲਕ ਭਰ ਦੇ ਜੂਝਦੇ ਕਿਰਤੀ ਲੋਕਾਂ ਨਾਲ ਪੰਜਾਬੀਆਂ ਦੀ ਸੰਗਰਾਮੀ ਏਕਤਾ ਦਾ ਝੰਡਾ ਵੀ ਉੱਚਾ ਕਰਦਾ ਹੈ। ਇਹ ਹਾਕਮਾਂ ਦੀਆਂ ਉਹਨਾਂ ਗੋਂਦਾ ਦਾ ਜਵਾਬ ਵੀ ਹੈ ਜੀਹਦੇ 'ਚ ਉਹ ਨਜ਼ਰਬੰਦ ਕੀਤੇ ਕਾਰਕੁੰਨਾਂ ਦੇ ਕੇਸਾਂ ਰਾਹੀਂ ਪੰਜਾਬ ਦੀ ਜਮਹੂਰੀ ਸਰਗਰਮੀ ਨੂੰ ਜੋੜ ਕੇ, ਮਾਰ ਹੇਠ ਲਿਆਉਣ ਦੇ ਮਨਸੂਬੇ ਪਾਲ ਰਹੇ ਹਨ। ਇਹ ਪੰਜਾਬ ਦੇ ਲੋਕਾਂ ਦੀ ਲਹਿਰ ਦਾ ਐਲਾਨ ਹੋ ਨਿਬੜਿਆ ਹੈ ਕਿ ਸੂਬੇ ਦੀਆਂ ਜਮਹੂਰੀ ਸ਼ਖਸ਼ੀਅਤਾਂ ਤੇ ਕਾਰਕੁੰਨਾਂ ਦੀਆਂ ਆਵਾਜਾਂ ਲੋਕ ਲਹਿਰ ਦੀ ਬੁੱਕਲ 'ਚ ਪਲ ਕੇ ਬੁਲੰਦ ਹੋਈਆਂ ਹਨ ਤੇ ਲੋਕਾਂ ਦੀ ਲਹਿਰ ਦੀ ਧਮਕ ਹੀ ਇਹਨਾਂ ਆਵਾਜਾਂ ਰਾਹੀਂ ਹਾਕਮਾਂ ਨੂੰ ਲਲਕਾਰਦੀ ਆ ਰਹੀ ਹੈ। ਇਹ ਆਵਾਜਾਂ ਜੇਲ੍ਹੀ ਡੱਕਣ ਦਾ ਅਰਥ ਲੋਕ ਲਹਿਰ ਦੀ ਧਮਕ ਨੂੰ ਕੈਦ ਕਰਨ ਦਾ ਭਰਮ ਪਾਲਣਾ ਹੈ ਤੇ ਸੂਬੇ ਦੇ ਕਿਰਤੀ ਲੋਕ ਇਹਨਾਂ ਆਵਾਜਾਂ ਨੂੰ ਹੋਰ ਬੁਲੰਦ ਕਰਨਗੇ, ਕਿ ਪੰਜਾਬ ਦੇ ਲੋਕ ਪੱਖੀ ਬੁੱਧੀਜੀਵੀ ਤੇ ਜਮਹੂਰੀ ਕਾਰਕੁੰਨ ਲੋਕਾਂ ਲਹਿਰ ਦੀ ਸੁਰੱਖਿਆ ਛਤਰੀ ਤੋਂ ਨਿਆਸਰੇ ਨਹੀਂ ਹਨ।

ਮੁਲਕ ਭਰ 'ਚ ਭਾਜਪਾ ਤੇ ਆਰ.ਐਸ.ਐਸ. ਦੇ ਜਾਬਰ ਫਾਸ਼ੀ ਹਮਲੇ ਖਿਲਾਫ ਜਨਤਕ ਨਾਬਰੀ ਦਾ ਹੋਕਾ ਦੇ ਰਿਹਾ ਅੱਜ ਦਾ ਮੁਜ਼ਾਹਰਾ ਕੱਜ ਵਾਲੀਆਂ ਉਹਨਾਂ ਸੋਚਾਂ ਲਈ ਵੀ ਸੁਝਾਊ ਨੁਕਤਾ ਬਣਨਾ ਚਾਹੀਦਾ ਹੈ ਜੋ ਪੰਜਾਬ ਦੀਆਂ ਵਿਸ਼ੇਸ਼ ਇਤਿਹਾਸਕ, ਭੂਗੋਲਿਕ ਤੇ ਸਿਆਸੀ ਹਾਲਤਾਂ 'ਚੋਂ ਵਿਗਸੀ ਲਹਿਰ ਜਨਤਕ ਲਹਿਰ ਦੇ ਜੁੱਸੇ ਤੇ ਕਿਰਦਾਰ ਨੂੰ ਘਟਾ ਕੇ ਅੰਗਦੀਆਂ ਹਨ। ਪੰਜਾਬ ਦੀ ਲੋਕ ਲਹਿਰ ਦੇ ਜਮਹੂਰੀ ਕਿਰਦਾਰ ਦੀ ਉਸਾਰੀ ਸਾਡੀ ਬਹੁਤ ਮੁੱਲਵਾਨ ਕਮਾਈ ਹੈ ਜੋ ਲਾਜ਼ਮੀ ਹੀ ਸੰਤੁਲਿਤ ਸੋਚਣੀ ਲਈ ਆਪਣਾ ਵਜ਼ਨ ਪਾਉਂਦੀ ਹੈ। ਇਹ ਅਹਿਮ ਨੁਕਤੇ ਵੱਲ ਵੀ ਸੰਕੇਤ ਕਰਦੀ ਹੈ ਕਿ ਇਹ ਜਮਹੂਰੀ ਕਿਰਦਾਰ ਇਨਕਲਾਬੀ ਦਿਸ਼ਾ ਦੇ ਚੌਖਟੇ ਚ ਹੋਏ ਅਭਿਆਸ ਦਾ ਸਿੱਟਾ ਹੈ

ਅੱਜ ਦੀ ਜਨਤਕ ਕਾਰਵਾਈ 'ਚ ਨਵ-ਜਮਹੂਰੀ ਇਨਕਲਾਬ 'ਚ ਉਸਰਨ ਵਾਲੇ ਸਾਂਝੇ ਮੋਰਚੇ ਦਾ ਅੰਗ ਬਣਦੇ ਉਹ ਸਾਰੇ ਕਿਰਤੀ ਹਿੱਸੇ ਵੀ ਸ਼ਾਮਲ ਸਨ, ਜਿੰਨ੍ਹਾਂ ਦੀਆਂ ਆਪਣੀਆਂ ਤਬਕਾਤੀ ਸਰਗਰਮੀਆਂ ਅਜੇ ਮੁੱਢਲੇ ਪੜਾਅ 'ਤੇ ਹੀ ਹਨ ਨਵੀਆਂ ਆਰਥਿਕ ਨੀਤੀਆਂ ਦੇ ਹੱਲੇ ਖਿਲਾਫ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨਾ ਸੂਬੇ ਦੀ ਲਹਿਰ ਦੇ ਆਪਣੇ ਵਿਕਾਸ ਲਈ ਵੀ ਅਹਿਮ ਘਟਨਾ ਹੈ. ਸੂਬੇ ਦੀ ਜਨਤਕ ਲਹਿਰ ਦਾ ਇਹ ਨਰੋਆ ਜਮਹੂਰੀ ਕਿਰਦਾਰ ਲਾਜ਼ਮੀ ਹੀ ਉਹਨਾਂ ਇਨਕਲਾਬੀਆਂ ਲਈ ਅਤਿ ਮੁੱਲਵਾਨ ਸਮੱਗਰੀ ਬਣਨਾ ਚਾਹੀਦਾ ਹੈ ਜੋ ਲੋਕ ਇਨਕਲਾਬ ਦੇ ਟੀਚੇ ਨੂੰ ਪ੍ਰਣਾਏ ਹੋਏ ਹਨ। ਇਸਨੂੰ ਸਿਰਫ ਜਮਹੂਰੀ ਲਹਿਰ ਕਹਿ ਕੇ ਛਟਿਆਉਣ ਦੀ ਬਿਰਤੀ ਦਾ ਸ਼ਿਕਾਰ ਹਿੱਸਿਆਂ ਨੂੰ ਇਹ ਭੇਤ ਪਾਉਣਾ ਚਾਹੀਦਾ ਹੈ ਕਿ ਨਵ ਜਮਹੂਰੀ ਇਨਕਲਾਬ 'ਚ ਕਿਸੇ ਲਹਿਰ ਦਾ ਖਰਾ ਤੇ ਰੂਹ ਤੋਂ ਪੂਰਾ ਭਰਵਾਂ ਜਮਹੂਰੀ ਕਿਰਦਾਰ ਹੀ ਇਸਨੂੰ ਇਨਕਲਾਬੀ ਲਹਿਰ ਦੀਆਂ ਸਭ ਤੋਂ ਮੋਹਰੀ ਟੁਕੜੀਆਂ 'ਚ ਸ਼ੁਮਾਰ ਕਰਦਾ ਦਾ ਹੈ ਤੇ ਅਗਲੇਰੇ ਵਿਕਾਸ ਰਾਹੀਂ ਇਨਕਲਾਬੀ ਹੋ ਨਿਬੜਦਾ ਹੈ। ਪਛੜੇ ਮੁਲਕਾਂ ਚ ਕਿਰਤੀ ਜਨਤਾ ਚ ਆਮ ਜਮਹੂਰੀ ਸੋਝੀ ਦੇ ਵਿਕਾਸ ਦਾ ਕਾਰਜ ਅਸਲ ਵਿੱਚ ਇਨਕਲਾਬੀ ਦਿਸ਼ਾ ਚੌਖਟੇ 'ਚ ਹੋ ਰਹੇ ਅਭਿਆਸ ਰਾਹੀਂ ਹੀ ਸਕਾਰ ਕੀਤਾ ਜਾ ਸਕਦਾ ਹੈ ਇਸੇ ਲਈ ਇਨ੍ਹਾਂ ਮੁਲਕਾਂ 'ਚ ਜਮਹੂਰੀ ਕਾਰਕੁਨਾਂ ਦੇ ਸਭ ਤੋਂ ਨੇੜਲੇ ਤੇ ਪੱਕੇ ਸੰਗੀ ਇਨਕਲਾਬੀ ਹੀ ਹੁੰਦੇ ਹਨ

ਸ਼ਾਲਾ, ਪੰਜਾਬ ਦੀ ਜਨਤਕ ਲਹਿਰ ਦਾ ਇਹ ਕਿਰਦਾਰ ਸਲਾਮਤ ਰਹੇ, ਹੋਰ ਵਧੇ ਫੁੱਲੇ ਤੇ ਇਨਕਲਾਬੀ ਘੁਲਾਟੀਆਂ ਲਈ ਜਰਖੇਜ਼ ਭੂਮੀ ਬਣਿਆ ਰਹੇ।

# ਬਰੈਂਪਟਨ ਐਕਸ਼ਨ ਕਮੇਟੀ ਵਲੋਂ ਕਰਵਾਈ ਗਈ ਪਿਕਨਿਕ ਨੂੰ ਵਲੰਟੀਅਰਾਂ ਵਲੋਂ ਭਰਵਾਂ ਹੁੰਗਾਰਾ



- ਨਾਹਰ ਸਿੰਘ ਔਜਲਾ -


ਬਰੈਂਪਟਨ ਐਕਸ਼ਨ ਕਮੇਟੀ ਵਲੋਂ 9 ਸਤੰਬਰ ਦਿਨ ਐਤਵਾਰ ਨੂੰ ਐਲਡਰੈਡੋ ਪਾਰਕ ਚ ਕਰਵਾਈ ਗਈ ਪਕਿਨਿਕ ਨੂੰ ਮੈਂਬਰਾਂ, ਵਲੰਟੀਅਰਜ਼ ਤੇ ਕਮਿਊਨਟੀ ਵਲੋਂ ਭਰਵਾਂ ਹੁੰਗਾਰਾ ਮਿਲਿਆ। ਇਹ ਇਕ ਨਿਵੇਕਲੀ ਕਿਸਮ ਦੀ ਪਿਕਨਿਕ ਹੁੰਦੀ ਹੈ ਜੋ ਕਿ ਕਮਿਊਨਟੀ ਨੂੰ ਮਿਨੀਮਮ ਵੇਜ ਤੇ ਜਾਂ ਉਸ ਤੋਂ ਵੀ ਘੱਟ ਤਨਖਾਹਾਂ ਤੇ ਕੰਮ ਕਰਨ ਵਾਲੇ ਵਰਕਰਾਂ ਦੀਆਂ ਸਮੱਸਿਆਵਾਂ ਅਤੇ ਉਹਨਾਂ ਦੇ ਬਣਦੇ ਹੱਕਾਂ ਬਾਰੇ ਚੇਤੰਨਤਾਂ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਇਸ ਮੋਕੇ ਤੇ ਐਕਸ਼ਨ ਕਮੇਟੀ ਦੀ ਆਰਗੇਨਾਈਜ਼ਰ ਨਵੀ ਔਜਲਾ ਤੇ ਸਿਮਰਨ ਨੇ ਪਿਛਲੇ ਸਾਲਾਂ ਚ ਵਰਕਰਾਂ ਵਲੋਂ ਲੰਮਾ ਸੰਘਰਸ਼ ਕਰ ਕੇ ਜਿੱਤੇ ਹੱਕਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ। ਵਰਕਰਾਂ ਦੇ ਮਸਲਿਆਂ ਨਾਲ ਸਬੰਧਤ ਸਵਾਲ ਵੀ ਲੋਕਾਂ ਤੋਂ ਪੁੱਛੇ ਗਏ ਤੇ ਠੀਕ ਉੱਤਰ ਦੇਣ ਵਾਲੇ ਨੂੰ ਇਨਾਮ ਵੀ ਕੱਢੇ ਗਏ। ਇਕੱਠੇ ਹੋਏ ਲੋਕਾਂ ਨੂੰ ਇਸ ਮੁੱਦੇ ਬਾਰੇ ਵੀ ਜਾਣਕਾਰੀ ਦਿੱਤੀ ਗਈ ਕਿ ਪਹਿਲਾਂ ਰਹਿ ਚੁੱਕੀ ਲਿਬਰਲ ਦੀ ਸਰਕਾਰ ਵਲੋਂ 2017 ਚ ਮਿਨੀਮਮ ਵੇਜ ਵਧਾ ਕੇ 15 ਡਾਲਰ ਕਰ ਦਿੱਤੀ ਗਈ ਸੀ। ਮਿਨੀਮਮ ਵੇਜ 14 ਡਾਲਰ ਤਾਂ ਪਿਛਲੇ ਸਾਲ ਤੋਂ ਹੀ ਲਾਗੂ ਹੋ ਗਈ ਸੀ ਤੇ 1 ਜਨਵਰੀ 2019 ਤੋਂ 15 ਡਾਲਰ ਲਾਗੂ ਹੋਣੇ ਹਨ ਪਰ ਨਵੀਂ ਬਣੀ ਪੀ ਸੀ ਪਾਰਟੀ ਦੇ ਲੀਡਰ ਡੱਗ ਫੋਰਡ ਨੇ ਮਿਨੀਮਮ ਵੇਜ 15 ਡਾਲਰ ਨਾ ਕਰਨ ਦਾ ਫੈਸਲਾ ਲਿਆ ਹੋਇਆ ਹੈ ਇਸੇ ਲਈ ਇਕੱਠੇ ਹੋਏ ਲੋਕਾਂ ਨੂੰ ਇਹ ਅਪੀਲ ਕੀਤੀ ਗਈ ਕਿ ਉਹ ਆਪੋ ਆਪਣੇ ਏਰੀਏ ਦੇ ਐਮ ਪੀ ਪੀਜ ਨੂੰ ਫੋਨ ਕਰ ਕੇ ਮਿਨੀਮਮ ਵੇਜ 15 ਡਾਲਰ ਕਰਨ ਲਈ ਕਹਿਣ। ਖਤਰਾ ਇਸ ਗੱਲ ਦਾ ਵੀ ਹੈ ਕਿ ਜਦੋਂ 15 ਡਾਲਰ ਮਿਨੀਮਮ ਵੇਜ ਵਾਲੇ ਕਾਨੂੰਨ ਨੂੰ ਰੱਦ ਕਰਨ ਲਈ ਬਿੱਲ 148 ਨੂੰ ਦੁਬਾਰਾ ਖੋਲਿਆ ਜਾਵੇਗਾ ਤਾਂ ਪੀ ਸੀ ਪਾਰਟੀ ਦੀ ਸਰਕਾਰ ਵਰਕਰਾਂ ਵਲੋਂ ਬੜੀ ਮੇਹਨਤ ਨਾਲ ਜਿੱਤੇ ਹੋਏ ਹੋਰ ਹੱਕਾਂ ਨੂੰ ਵੀ ਖਤਮ ਕਰ ਸਕਦੀ ਹੈ। ਇਸ ਮੌਕੇ ਤੇ ਚੇਤਨਾ ਕਲਚਰਲ ਸੈਂਟਰ ਦੀ ਟੀਮ ਵਲੋਂ ਇੰਟਰਨੈਸਨਲ ਸਟੂਡੈਂਟਸ ਨਾਲ ਸਬੰਧਤ ਮਸਲਿਆਂ ਤੇ ਇਕ ਨੁੱਕੜ ਨਾਟਕ ੨ਨਵੀਆਂ ਰਾਹਾਂ ਤੇ ਨਵੀਂ ਉਡਾਨ" ਵੀ ਪੇਸ਼ ਕੀਤਾ ਗਿਆ। ਨਾਹਰ ਔਜਲਾ ਵਲੋਂ ਲਿਖੇ ਤੇ ਡਰਾਇਕਟ ਕੀਤੇ ਇਸ ਨਾਟਕ ਚ ਸੁਖਜੀਤ ਸਿੰਘ, ਧਰਮਪਾਲ ਸਿੰਘ, ਗੁਰਜੰਟ ਔਜਲਾ, ਸਨੀ ਸ਼ਿਵਰਾਜ, ਨਵੀ ਔਜਲਾ, ਸ਼ਰਨਜੀਤ ਔਜਲਾ, ਨਿਰਮਲ ਸਿੱਧੂ ਤੇ ਵਿਕਰਮਜੀਤ ਰੱਖੜਾ ਨੇ ਆਪਣਾ ਕਿਰਦਾਰ ਬਾਖੂਬੀ ਨਿਭਾਇਆ। ਹਾਜ਼ਿਰ ਲੋਕਾਂ ਨੇ ਇਸ ਨਾਟਕ ਨੂੰ ਖੂਬ ਸੁਲਾਹਿਆ। ਸਰੋਕਾਰਾਂ ਦੀ ਅਵਾਜ਼ ਦੇ ਸੰਪਾਦਕ ਹਰਬੰਸ ਸਿੰਘ ਨੇ ਇਸ ਨਾਟਕ ਬਾਰੇ ਦੱਸਦਿਆਂ ਕਈ ਹੋਰ ਗੰਭੀਰ ਮਸਲਿਆਂ ਤੇ ਵੀ ਵਿਚਾਰ ਚਰਚਾ ਕੀਤੀ। ਸਿੱਖ ਸਪੋਕਸਮੈਨ ਅਖਬਾਰ ਦੇ ਸੰਪਾਦਕ ਡਾ: ਸੁਖਦੇਵ ਸਿੰਘ ਝੰਡ, ਅਗਾਂਹਵਧੂ ਲੇਖਕ ਤੇ ਕਮਿਊਨਟੀ ਆਗੂ ਜਰਨੈਲ ਸਿੰਘ ਅੱਚਰਵਾਲ, ਇਕਬਾਲ ਸਿੰਘ ਤੇ ਸੁੰਦਰਪਾਲ ਰਾਜਾਸਾਂਸੀ ਨੇ ਵੀ ਇਸ ਨਾਟਕ ਬਾਰੇ ਤੇ ਵਰਕਰਾਂ ਦੇ ਮਸਲਿਆਂ ਤੇ ਆਪਣੇ ਵਿਚਾਰ ਸਾਂਝੇ ਕੀਤੇ। ਔਜਲਾ ਬਦ੍ਰਜ਼ ਤੇ ਰਿੰਪੀ ਨੇ ਵੀ ਇਸ ਮੌਕੇ ਤੇ ਉਲੀਕੇ ਗਏ ਪ੍ਰੋਗਰਾਮ ਦੇ ਅਨੁਕੂਲ ਹੀ ਪ੍ਰੀਵਾਰਕ ਗੀਤ ਸੁਣਾਏ। ਇਸ ਪਿਕਨਿਕ ਦੇ ਸਮੇਂ ਤੇ ਕਈ ਵਲੰਟੀਅਰਾਂ ਨੇ ਸਖਤ ਮੇਹਨਤ ਕਰ ਕੇ ਖਾਣਾਂ ਵੀ ਆਪਣੇ ਘਰਾਂ ਤੋਂ ਆਪ ਹੀ ਬਣਾ ਕੇ ਲਿਆਂਦਾ ਜਿਸ ਨੂੰ ਸਾਰੇ ਲੋਕਾਂ ਨੇ ਬਹੁਤ ਪਸੰਦ ਕੀਤਾ। ਭਾਵੇਂ ਹੀ ਮੌਸਮ ਇੰਨਾਂ ਦਿਨਾਂ ਚ ਕਾਫੀ ਵਧੀਆ ਹੁੰਦਾ ਹੈ ਪਰ ਇਸ ਵਾਰ ਮੌਸਮ ਕਾਫੀ ਠੰਡਾ ਹੋਣ ਕਾਰਨ ਪ੍ਰਬੰਧਕ ਉਲੀਕੇ ਪ੍ਰੋਗਰਾਮ ਮੁਤਾਬਕ ਖੇਡਾਂ ਨਹੀਂ ਕਰਵਾ ਸਕ ਤੇ ਛੋਟੇ ਬੱਚਿਆਂ ਵਾਲੇ ਪ੍ਰੀਵਾਰਾਂ ਨੂੰ ਲੰਮਾ ਸਮਾਂ ਠਹਿਰਨ ਚ ਕਾਫੀ ਮੁਸ਼ਕਲ ਆਈ। ਇਸ ਮੌਕੇ ਤੇ ਉੱਘੇ ਵਕੀਲ ਸੁਰਿੰਦਰ ਕੈਲੀ, ਕਵਿੱਤਰੀ ਸੁੰਦਰਪਾਲ ਰਾਜਾਸਾਂਸੀ, ਕਿੰਗ ਰਿਅਲਟੀ ਦੇ ਮਾਲਕ ਸਾਬ ਸਹੋਤਾ ਵਲੋਂ ਆਰਥਿਕ ਮਦਤ ਵੀ ਦਿੱਤੀ ਗਈ। ਇਸ ਮੋਕੇ ਤੇ ਚੈਨਲ ਵਾਏ ਤੇ ਜ਼ੀ ਟੀ ਵੀ ਵਲੋਂ ਵੀ ਪ੍ਰੋਗਰਾਮ ਦੀ ਕਵਰੇਜ ਕੀਤੀ ਗਈ। ਅੰਤ ਚ ਐਕਸ਼ਨ ਕਮੇਟੀ ਦੇ ਆਗੂਆ ਵਲੋਂ ਸਾਰੇ ਹੀ ਲੋਕਾਂ ਦਾ ਸਮੁੱਚੇ ਮੀਡੀਏ ਦਾ ਤੇ ਵਲੰਟੀਅਰਜ਼ ਦਾ ਧੰਨਵਾਦ ਕੀਤਾ ਗਿਆ ਤੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਮਿਨੀਮਮ ਵੇਜ 15 ਡਾਲਰ ਕਰਵਾਉਂਣ ਲਈ 15 ਸਤੰਬਰ ਨੂੰ ਐਮ ਪੀ ਪੀਜ਼ ਦੇ ਦਫਤਰਾਂ ਅੱਗੇ ਕੀਤੇ ਜਾਣ ਵਾਲੇ ਐਕਸ਼ਨ 'ਚ ਜ਼ਰੂਰ ਹਿੱਸਾ ਲੈਣ।






ਬੂਟਾ ਸਿੰਘ ਨਵਾਂਸ਼ਹਿਰ
94634-74342

# ਮੋਹਣ ਭਾਗਵਤ ਦੀ ਤਿੰਨ ਰੋਜ਼ਾ ਭਾਸ਼ਣ ਲੜੀ: ਦਾਅਵੇ ਅਤੇ ਹਕੀਕਤ




ਪਿਛਲੇ ਦਿਨੀਂ ਰਾਜਧਾਨੀ ਦਿੱਲੀ ਵਿਚ ਆਰ.ਐੱਸ.ਐੱਸ. ਦੇ 'ਸਰਸੰਘ ਚਾਲਕ' ਮੋਹਣ ਭਾਗਵਤ ਦੀ ਤਿੰਨ ਰੋਜ਼ਾ ਭਾਸ਼ਣ ਲੜੀ ਕੀ ਸੰਘ ਦੇ ਬੁਨਿਆਦੀ ਨਜ਼ਰੀਏ ਵਿਚ ਹਕੀਕੀ ਬਦਲਾਓ ਦਾ ਸੰਕੇਤ ਹੈ ਜਾਂ ਇਹ ਮਹਿਜ਼ ਹਿੰਦੂਤਵ ਦੇ 'ਵਿਚਾਰਧਾਰਕ ਸਰੋਤ' ਦੀ ਆਪਣਾ ਚਿਹਰਾ-ਮੋਹਰਾ ਸੁਧਾਰਨ ਦੀ ਕਵਾਇਦ ਅਤੇ ਸਮਾਜ ਦੇ ਹੋਰ ਹਿੱਸਿਆਂ ਨੂੰ ਭਰਮਾਕੇ ਆਪਣੇ ਨਾਗ ਲਪੇਟੇ ਵਿਚ ਜਕੜਣ ਦਾ ਨਵਾਂ ਪ੍ਰਪੰਚ ਹੈ? ਬੌਧਿਕ ਹਲਕਿਆਂ ਦੇ ਇਕ ਹਿੱਸੇ ਵਿਚ ਇਹ ਸੋਚ ਉਭਰ ਰਹੀ ਹੈ ਕਿ ਸੰਘ ਨੇ ਮੁਲਕ ਦੇ ਲੋਕਤੰਤਰ ਦੀਆਂ ਹਕੀਕਤਾਂ ਤੋਂ ਸਿੱਖਕੇ ਖ਼ੁਦ ਨੂੰ ਬਦਲਣਾ ਸ਼ੁਰੂ ਕਰ ਦਿੱਤਾ ਹੈ। ਲਿਹਾਜ਼ਾ, ਇਹ ਜ਼ਰੂਰੀ ਹੈ ਕਿ ਭਾਸ਼ਣ ਲੜੀ ਦੇ ਮੁੱਖ ਨੁਕਤਿਆਂ ਦੀ ਤਰਕਪੂਰਨ ਚੀਰ-ਫਾੜ ਕੀਤੀ ਜਾਵੇ।

ਪਹਿਲੀ ਨਜ਼ਰੇ ਦੇਖਿਆਂ, ਸੰਘ ਵੱਲੋਂ ਆਪਣੇ ਅੰਦਰੂਨੀ ਗੁਪਤ ਕਾਰਵਿਹਾਰ ਤੋਂ ਬਾਹਰ ਨਿਕਲਕੇ ਵਿਰੋਧੀ ਖ਼ਿਆਲਾਂ ਵਾਲਿਆਂ ਨੂੰ ਆਪਣੇ ਪ੍ਰਮੁੱਖ ਆਗੂ ਨਾਲ ਸੰਵਾਦ ਰਚਾਉਣ ਲਈ ਸੱਦਾ ਦੇਣਾ ਇਕ ਮਹੱਤਵਪੂਰਨ ਬਦਲਾਓ ਜਾਪਦਾ ਹੈ। ਫਿਲਮੀ ਅਤੇ ਹੋਰ ਮਸ਼ਹੂਰ ਹਸਤੀਆਂ ਅਤੇ ਵਿਰੋਧੀ ਧਿਰ ਦੇ ਮੁੱਖ ਆਗੂਆਂ ਰਾਹੁਲ ਗਾਂਧੀ, ਅਖਲੇਸ਼ ਯਾਦਵ ਨੂੰ ਵੀ ਸ਼ਾਮਲ ਹੋਣ ਲਈ ਸੱਦਾਪੱਤਰ ਭੇਜੇ ਗਏ। ਇਸ ਤੋਂ ਪਹਿਲਾਂ ਇਸ ਸਾਲ ਜੂਨ ਮਹੀਨੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਨਾਗਪੁਰ ਸੈਸ਼ਨ ਵਿਚ ਬੁਲਾਕੇ ਉਸਨੂੰ ਭਾਸ਼ਣ ਦੇਣ ਲਈ ਮੰਚ ਮੁਹੱਈਆ ਕਰਨਾ ਅਤੇ ਫਿਰ ਪਿਛਲੇ ਦਿਨੀਂ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ ਆਯੋਜਤ 'ਵਿਸ਼ਵ ਹਿੰਦੂ ਸੰਮੇਲਨ' ਵਿਚ ਸੰਘ ਮੁਖੀ ਦਾ ਭਾਸ਼ਣ, ਇਹ ਸਭ ਬਾਹਰੀ ਜਗਤ ਨੂੰ ਇਕ ਸੰਦੇਸ਼ ਦੇਣ ਲਈ ਸੀ। ਇਹ ਕਿਹਾ ਗਿਆ ਕਿ ਇਹ ਮੰਚ ਅੱਜ ਦੇ ਭਖਵੇਂ ਮੁੱਦਿਆਂ ਉੱਪਰ ਖੁੱਲ੍ਹੀ ਵਿਚਾਰ-ਚਰਚਾ ਲਈ ਹੈ ਲੇਕਿਨ ਹਕੀਕਤ ਵਿਚ ਇਹ ਸੰਘ ਦੀਆਂ ਪੁਜੀਸ਼ਨਾਂ ਦਾ ਸਪਸ਼ਟੀਕਰਨ ਦਿੰਦੀ ਭਾਸ਼ਣ ਲੜੀ ਸੀ। ਬਹੁਤ ਸਾਰੇ ਮੁੱਦਿਆਂ ਬਾਰੇ ਵਿਚਾਰ ਪੇਸ਼ ਕੀਤੇ ਗਏ ਪਰ ਠੋਸ ਸਵਾਲਾਂ ਨੂੰ ਮੁਖ਼ਾਤਬ ਨਹੀਂ ਹੋਇਆ ਗਿਆ। ਦਰਅਸਲ ਸੰਘ ਦੀ ਚੋਟੀ ਦੀ ਲੀਡਰਸ਼ਿਪ ਆਪਣੇ ਬਾਰੇ ਬਣਿਆ ਇਹ ਪ੍ਰਭਾਵ ਖ਼ਤਮ ਕਰਨਾ ਚਾਹੁੰਦੀ ਹੈ ਕਿ ਇਹ ਵੱਖਰੇ ਵਿਚਾਰਾਂ, ਵੱਖਰੇ ਅਕੀਦਿਆਂ ਪ੍ਰਤੀ ਨਹਾਇਤ ਅਸਹਿਣਸ਼ੀਲ ਬੰਦ-ਦੁਆਰ ਸੰਸਥਾ ਹੈ। ਉਹ ਵਿਚਾਰਧਾਰਕ ਵਿਰੋਧੀਆਂ ਨੂੰ ਆਪਣੇ ਮੰਚਾਂ ਉੱਪਰ ਸੱਦਕੇ ਇਹ ਪ੍ਰਭਾਵ ਦੇਣਾ ਚਾਹੁੰਦੇ ਹਨ ਕਿ ਹਿੰਦੂਤਵ ਤਾਂ ਵੰਨ-ਸੁਵੰਨਤਾ ਨੂੰ ਕਲਾਵੇ ਵਿਚ ਲੈਣ ਵਾਲੀ ਬਹੁਤ ਹੀ ਸਹਿਣਸ਼ੀਲ ਤੇ ਦਰਿਆਦਿਲ ਵਿਚਾਰਧਾਰਾ ਹੈ ਜਿਸ ਦੇ ਦਰਵਾਜ਼ੇ ਹਰ ਤਰ੍ਹਾਂ ਦੇ ਵਿਰੋਧੀ ਖ਼ਿਆਲਾਂ ਵਾਲਿਆਂ ਲਈ ਖੁੱਲ੍ਹੇ ਹਨ। ਉਹ ਇਹ ਕਹਿਣਾ ਚਾਹੁੰਦੇ ਹਨ ਕਿ ਹਿੰਦੂਤਵ ਬਾਰੇ ਜੋ ਗ਼ਲਤ ਪ੍ਰਭਾਵ ਬਣਿਆ ਹੋਇਆ ਹੈ ਉਹ ਸੱਚ ਨਹੀਂ ਹੈ। ਕਿ ਹਿੰਦੂਤਵ ਦੀ ਸੰਘ ਮੁਖੀ ਵੱਲੋਂ ਕੀਤੀ ਗਈ ਵਿਆਖਿਆ ਹੀ ਸੰਘ ਦੀ ਸਹੀ ਤਰਜ਼ਮਾਨੀ ਕਰਦੀ ਸਟੀਕ ਵਿਆਖਿਆ ਹੈ।

ਸੰਘ ਮੁਖੀ ਦੇ ਭਾਸ਼ਣ ਦੇ ਕੁਛ ਨੁਕਤੇ ਇਸ ਕਰਕੇ ਤਲਿੱਸਮੀ ਜਾਪਦੇ ਹਨ ਕਿਉਂਕਿ ਇਹ ਸੰਘ ਦੇ ਮੋਢੀਆਂ ਦੀਆਂ ਹਿੰਦੂਤਵ ਦੀਆਂ ਮੂਲ ਧਾਰਨਾਵਾਂ ਬਾਰੇ ਵਿਸਤਾਰਤ ਲਿਖਤਾਂ ਤੋਂ ਹਟਵੀਂ ਵਿਆਖਿਆ ਪੇਸ਼ ਕਰਦੇ ਹਨ। ਇਕ ਵੱਡਾ ਬਦਲਾਓ ਸੰਵਿਧਾਨ ਪ੍ਰਤੀ ਪਹੁੰਚ ਹੈ। ਸੰਵਿਧਾਨ ਲਿਖੇ ਜਾਣ ਦੇ ਸਮੇਂ ਤੋਂ ਹੀ ਸੰਘ ਵਿਵਾਦਾਂ ਵਿਚ ਘਿਰਿਆ ਰਿਹਾ ਹੈ ਕਿਉਂਕਿ ਇਸ ਦੇ ਪ੍ਰਮੁੱਖ ਆਗੂ ਸ਼ੁਰੂ ਤੋਂ ਹੀ ਸੰਵਿਧਾਨ ਨੂੰ ਪਰਾਈਆਂ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਦਸਤਾਵੇਜ਼ ਕਰਾਰ ਦੇਕੇ ਮਨੂਸਮ੍ਰਿਤੀ ਨੂੰ ਸੰਵਿਧਾਨ ਮੰਨਣ ਅਤੇ ਤਿਰੰਗੇ ਝੰਡੇ ਦੀ ਬਜਾਏ ਭਗਵੇਂ ਪੇਸ਼ਵਾ ਝੰਡੇ ਨੂੰ ਅਪਣਾਏ ਜਾਣ ਦੀ ਵਕਾਲਤ ਕਰਦੇ ਆ ਰਹੇ ਹਨ। ਹੁਣ ਤਕ ਖ਼ੁਦ ਭਾਗਵਤ ਵੀ ਇਹ ਕਹਿੰਦੇ ਰਹੇ ਹਨ ਕਿ ਸੰਵਿਧਾਨ ਵਿੱਚੋਂ 'ਧਰਮਨਿਰਪੱਖਤਾ' ਅਤੇ 'ਸਮਾਜਵਾਦ' ਸ਼ਬਦ ਹਟਾਏ ਜਾਣੇ ਚਾਹੀਦੇ ਹਨ। ਇਸ ਵਾਰ ਉਹਨਾਂ ਦੇ ਭਾਸ਼ਣ ਦਾ ਸੰਦੇਸ਼ ਵੱਖਰਾ ਸੀ ਕਿ ਆਰ.ਐੱਸ.ਐੱਸ. ਦਾ ਭਾਰਤੀ ਗਣਰਾਜ ਦੇ ਚੌਖਟੇ ਨੂੰ ਬਦਲਣ ਦਾ ਕੋਈ ਇਰਾਦਾ ਨਹੀਂ। ਜਦੋਂ ਚਾਰ ਚੁਫੇਰੇ ਮੁਲਕ ਅੰਦਰ ਸੰਵਿਧਾਨ ਵਿਚ ਦਰਜ ਅਗਾਂਹਵਧੂ ਜਮਹੂਰੀ ਮੁੱਲਾਂ, ਜੋ ਜੰਗੇ-ਆਜ਼ਾਦੀ ਦੌਰਾਨ ਉੱਭਰੀ ਸਿਆਸੀ ਚੇਤਨਾ ਤਹਿਤ ਸੰਵਿਧਾਨ ਦਾ ਹਿੱਸਾ ਬਣਾਏ ਗਏ, ਨੂੰ ਫਾਸ਼ੀਵਾਦੀ ਤਰਜ਼ 'ਤੇ ਕੁਚਲਿਆ ਜਾ ਰਿਹਾ ਹੈ ਤਾਂ ਉਪਰੋਕਤ ਯਕੀਨਦਹਾਨੀ ਦੀ ਕੋਈ ਵਾਜਬੀਅਤ ਨਹੀਂ ਬਣਦੀ।

ਇਹ ਹੋਰ ਬਦਲਾਓ ਕਾਂਗਰਸ ਪ੍ਰਤੀ ਵਤੀਰੇ ਦੇ ਪੱਖ ਤੋਂ ਹੈ। ਮੋਦੀ-ਅਮਿਤ ਸ਼ਾਹ ਸਮੇਤ ਭਾਜਪਾ ਦੀ ਸਮੁੱਚੀ ਲੀਡਰਸ਼ਿਪ ਵੱਲੋਂ ਪਾਰਲੀਮੈਂਟਰੀ ਵਿਰੋਧੀ-ਧਿਰ ਦੇ ਖ਼ਿਲਾਫ਼ ਚਲਾਈ ਜਾ ਰਹੀ ਰਾਜਸੀ ਮੁਹਿੰਮ ਦੀ ਟੇਕ ਹੀ ਗਾਂਧੀ-ਨਹਿਰੂ ਨੂੰ ਭੰਡਣਾ ਅਤੇ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਹੈ। ਇਸ ਵਾਰ 'ਯੁਕਤ' (ਇਨਕਲੂਸਿਵ) ਭਾਰਤ ਦੀ ਵਕਾਲਤ ਕਰਦਿਆਂ ਭਾਗਵਤ ਇਹਨਾਂ ਭਾਸ਼ਣਾਂ ਦੌਰਾਨ ਕਾਂਗਰਸ ਅਤੇ ਇਸਦੀ ਇਤਿਹਾਸਕ ਭੂਮਿਕਾ ਦੀ ਤਾਰੀਫ਼ ਇਹਨਾਂ ਸ਼ਬਦਾਂ ਵਿਚ ਕਰਦੇ ਨਜ਼ਰ ਆਏ, 'ਬਹੁਤ ਸਾਰੇ ਮਹਾਨ ਲੋਕਾਂ ਨੇ ਬਹੁਤ ਕੁਰਬਾਨੀਆਂ ਕੀਤੀਆਂ ਅਤੇ ਉਹ ਅੱਜ ਵੀ ਸਾਡੇ ਲਈ ਪ੍ਰੇਰਨਾ ਹਨ। ਉਸ ਵਿਚਾਰਧਾਰਾ ਨੇ ਮੁਲਕ ਨੂੰ ਆਜ਼ਾਦੀ ਦੇ ਰਾਹ ਤੋਰਿਆ।' ਰਾਜਸੀ ਵਿਸ਼ਲੇਸ਼ਣਕਾਰਾਂ ਲਈ ਇਹ ਅਚੰਭੇ ਤੋਂ ਘੱਟ ਨਹੀਂ। ਇਸ ਬਦਲਾਓ ਦਾ ਲੋਕ ਸਰੋਕਾਰਾਂ ਨਾਲ ਕੋਈ ਲੈਣਾ-ਦੇਣਾ ਨਹੀਂ। ਦਰਅਸਲ, ਇਹ ਕਾਂਗਰਸ ਸਮੇਤ ਅਖਾਉਤੀ ਧਰਮਨਿਰਪੱਖ ਰਾਜਸੀ ਧਾਰਾ ਦੇ ਪਤਨ ਨਾਲ ਪੈਦਾ ਹੋਏ ਖ਼ਲਾਅ ਅੰਦਰ ਉਦਾਰ ਖ਼ਿਆਲਾਂ ਵਾਲੇ ਹਾਕਮ ਜਮਾਤੀ ਹਿੱਸਿਆਂ ਨੂੰ ਆਪਣੇ ਨਾਲ ਜੋੜਣ ਦੀ ਨਵੀਂ ਜੁਗਤ ਹੈ।

ਭਾਗਵਤ ਵੱਲੋਂ ਸੰਵਾਦ ਰਚਾਉਣ ਉਪਰ ਖ਼ਾਸ ਜ਼ੋਰ ਦਿੱਤਾ ਗਿਆ। ਲੇਕਿਨ ਸੰਵਾਦ ਦਾ ਪ੍ਰਪੰਚ ਇੱਥੋਂ ਹੀ ਜ਼ਾਹਰ ਹੋ ਜਾਂਦਾ ਹੈ ਜਦੋਂ ਸੰਘ ਮੁਖੀ ਅਗਾਂਹਵਧੂ ਬੌਧਿਕ ਸ਼ਖ਼ਸੀਅਤਾਂ ਨਰਿੰਦਰ ਡਭੋਲਕਰ, ਪ੍ਰੋਫੈਸਰ ਕਲਬੁਰਗੀ, ਗੋਵਿੰਦ ਪੰਸਾਰੇ, ਗੌਰੀ ਲੰਕੇਸ਼ ਦੇ ਕਤਲਾਂ ਦੇ ਵਰਤਾਰੇ ਬਾਰੇ ਖ਼ਾਮੋਸ਼ ਰਹਿੰਦੇ ਹਨ ਜਿਹਨਾਂ ਨੂੰ ਹਿੰਦੂਤਵੀ ਸਨਾਤਨ ਸੰਸਥਾ ਦੇ ਹਤਿਆਰੇ ਗਰੋਹਾਂ ਵੱਲੋਂ ਮਹਿਜ਼ ਇਸ ਕਾਰਨ ਕਤਲ ਕੀਤਾ ਗਿਆ ਕਿਉਂਕਿ ਉਹਨਾਂ ਦੇ ਵਿਚਾਰ ਵੱਖਰੇ ਸਨ। ਉਹ ਸੰਵਾਦ ਹੀ ਤਾਂ ਰਚਾ ਰਹੇ ਸਨ ਅਤੇ ਇਹ ਕਤਲ ਸਮੂਹ ਆਲੋਚਨਾਤਮਕ ਆਵਾਜ਼ਾਂ ਨੂੰ ਆਪਣੀ ਸੰਵਾਦ ਰਚਾ ਰਹੀ ਜ਼ੁਬਾਨ ਨੂੰ ਬੰਦ ਕਰ ਲੈਣ ਦਾ ਸੰਦੇਸ਼ ਸਨ।

ਭਾਸ਼ਣ ਲੜੀ ਵਿਚ ਸ੍ਰੀ ਭਾਗਵਤ ਫਰਮਾਉਂਦੇ ਹਨ ਕਿ ਮੁਸਲਮਾਨ, ਈਸਾਈ ਸਾਰੇ 'ਹਿੰਦੂ ਰਾਸ਼ਟਰ' ਦਾ ਹਿੱਸਾ ਹਨ। ਲੇਕਿਨ ਸੰਘ ਮੁਖੀ ਵੱਲੋਂ ਇਹਨਾਂ ਘੱਟਗਿਣਤੀਆਂ ਪ੍ਰਤੀ ਆਪਣੀ ਇਹ ਮੂਲ ਸਿਧਾਂਤਕ ਗੁਰਬੰਦੀ ਤਿਆਗਣ ਦਾ ਕੋਈ ਇਸ਼ਾਰਾ ਨਹੀਂ ਜੋ ਕਹਿੰਦੀ ਹੈ ਕਿ ਇਹਨਾਂ 'ਬੇਗਾਨਿਆਂ' ਨੂੰ ਮੰਨਣਾ ਪਵੇਗਾ ਕਿ ਪਿਤਰਭੂਮੀ ਦੇ ਨਾਲ-ਨਾਲ ਉਹਨਾਂ ਦੀ ਪੁਨਿਆਭੂਮੀ ਵੀ ਭਾਰਤ ਹੀ ਹੈ ਅਤੇ ਉਹਨਾਂ ਨੂੰ ਬਹੁਗਿਣਤੀ ਦੀ ਰਜ਼ਾ ਅਨੁਸਾਰ ਦੋਇਮ ਨਾਗਰਿਕ ਬਣਕੇ ਰਹਿਣਾ ਹੋਵੇਗਾ। ਗੋਲਵਾਲਕਰ ਅਨੁਸਾਰ ਮੁਸਲਮਾਨ "ਅੰਦਰੂਨੀ ਦੁਸ਼ਮਣ ਨੰ. 1" ਅਤੇ "ਈਸਾਈ ਅੰਦਰੂਨੀ ਦੁਸ਼ਮਣ ਨੰ. 2" ਹਨ। ਪਿਛਲੇ ਸਾਲਾਂ ਵਿਚ "ਵਿਜੈਦਸ਼ਮੀ" ਦੇ ਦਿਨ ਸੰਘ ਦੇ ਸਾਲਾਨਾ ਸਮਾਗਮਾਂ ਅਤੇ ਹੋਰ ਮੌਕਿਆਂ ਉੱਪਰ ਦਿੱਤੇ ਭਾਸ਼ਣਾਂ ਵਿਚ ਸ੍ਰੀ ਭਾਗਵਤ ਖ਼ੁਦ ਵੀ ਸੰਘ ਦੀ ਦਹਾਕਿਆਂ ਤੋਂ ਚਲੀ ਆ ਰਹੀ ਜ਼ਹਿਰੀਲੀ ਫਿਰਕੂ ਸੋਚ ਉੱਪਰ ਪਹਿਰਾ ਦਿੰਦੇ ਰਹੇ ਹਨ। ਇਹਨਾਂ ਅਕੱਟ ਤੱਥਾਂ ਦੀ ਰੌਸ਼ਨੀ ਵਿਚ ਸੰਘ ਮੁਖੀ ਵੱਲੋਂ ਪੇਸ਼ ਕੀਤੀ ਇਹ ਵਿਆਖਿਆ ਕਾਇਲ ਨਹੀਂ ਕਰਦੀ ਕਿ ਗੋਲਵਾਲਕਰ ਦੀਆਂ ਲਿਖਤਾਂ ਦੀਆਂ ਮੂਲ ਧਾਰਨਾਵਾਂ ਖ਼ਾਸ ਦੌਰ ਲਈ ਪ੍ਰਸੰਗਿਕ ਸਨ ਅਤੇ ਹੁਣ ਉਹਨਾਂ ਦੇ 'ਸੰਪਾਦਤ' ਅਤੇ ਸੋਧੇ ਹੋਏ ਰੂਪ ਨੂੰ ਹੀ ਪ੍ਰਮਾਣਿਕ ਮੰਨਿਆ ਜਾਣਾ ਚਾਹੀਦਾ ਹੈ। ਜਦੋਂ ਸੰਘ ਘੱਟਗਿਣਤੀਆਂ ਨੂੰ ਸੱਭਿਆਚਾਰਕ ਅਤੇ ਸਿਆਸੀ ਤੌਰ 'ਤੇ ਦਬਾਉਣ ਦੀ ਆਪਣੀ ਇਸ ਮੂਲ ਧਾਰਨਾ ਉੱਪਰ ਅਡੋਲ ਹੈ ਅਤੇ ਸੰਘ ਪਰਿਵਾਰ ਦੇ ਆਗੂਆਂ ਦੀ 'ਰਾਮਜ਼ਾਦੇ-ਹਰਾਮਜ਼ਾਦੇ' ਦੀ ਖੁੱਲ੍ਹੇਆਮ ਫਿਰਕੂ ਮੁਹਿੰਮ ਨੂੰ ਸੰਘ ਮੁਖੀ ਵੱਲੋਂ ਰੱਦ ਨਹੀਂ ਕੀਤਾ ਗਿਆ, ਜਦੋਂ ਸੰਘ ਰਾਮ ਮੰਦਰ ਹਰ ਹਾਲਤ ਵਿਚ ਬਣਾਏ ਜਾਣ ਉੱਪਰ ਬਜ਼ਿੱਦ ਹੈ ਫਿਰ ਉਪਰੋਕਤ 'ਸਮਾਂ ਅਨੁਕੂਲ' ਵਿਆਖਿਆ ਦੇ ਕੀ ਮਾਇਨੇ ਰਹਿ ਜਾਂਦੇ ਹਨ। ਘੱਟਗਿਣਤੀਆਂ ਦੀ ਤਾਂ ਗੱਲ ਛੱਡੋ, ਬਾਕੀ ਹਾਕਮ ਜਮਾਤੀ ਪਾਰਟੀਆਂ ਵੀ ਹਿੰਦੂਤਵ ਦੇ ਏਜੰਡੇ ਤਹਿਤ ਕੀਤੀ ਗਈ ਫਿਰਕੂ ਪਾਲਾਬੰਦੀ ਦੇ ਭਾਰੀ ਦਬਾਓ ਹੇਠ ਹਨ ਕਿ ਕਿਤੇ ਉਹਨਾਂ ਉੱਪਰ 'ਘੱਟਗਿਣਤੀਆਂ ਨੂੰ ਖ਼ੁਸ਼ ਕਰਨ' ਦੀ ਸਿਆਸਤ ਦਾ ਇਲਜ਼ਾਮ ਨਾ ਲੱਗ ਜਾਵੇ। ਇਸ ਨੂੰ ਪਿਛਲੇ ਸਮੇਂ ਵਿਚ ਰਾਹੁਲ ਗਾਂਧੀ ਦੇ 'ਸੌਫਟ ਹਿੰਦੂਤਵ', ਹਿੰਦੂ ਮੰਦਰਾਂ ਵਿਚ ਉਚੇਚੇ ਤੌਰ 'ਤੇ ਜਾਕੇ ਮੱਥੇ ਟੇਕਣ, ਕੈਲਾਸ਼ ਮਾਨਸਰੋਵਰ ਦੇ ਉਚੇਚੇ ਦਰਸ਼ਨ ਕਰਨ, ਮੱਧ ਪ੍ਰਦੇਸ਼ ਚੋਣ ਮੁਹਿੰਮ ਦਾ ਆਗਾਜ਼ ਧਾਰਮਿਕ ਪੂਜਾਪਾਠ ਨਾਲ ਕਰਨ ਅਤੇ ਮੱਧ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਕਮਲ ਨਾਥ ਵੱਲੋਂ ਸੂਬੇ ਦੀਆਂ 23026 ਗ੍ਰਾਮ ਪੰਚਾਇਤਾਂ ਅੰਦਰ ਗਊਸ਼ਾਲਾਵਾਂ ਬਣਾਉਣ ਦਾ ਵਾਅਦਾ ਕਰਨ ਤੋਂ ਸਪਸ਼ਟ ਦੇਖਿਆ ਜਾ ਸਕਦਾ ਹੈ।

ਸੰਘ ਮੁਖੀ ਦੇ 'ਯੁਕਤ' ਹਿੰਦੂਤਵ, ਗ਼ੈਰਹਿੰਦੂਆਂ ਪ੍ਰਤੀ ਦਰਿਆਦਿਲੀ ਆਦਿ ਨਾਲ ਸਜਾਏ ਭਾਸ਼ਣਾਂ ਵਿਚ 'ਹਰ ਤਰ੍ਹਾਂ ਦੀ ਹਿੰਸਾ ਗ਼ਲਤ ਹੈ ਅਤੇ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ' ਦੀ ਗੱਲ ਤਾਂ ਕੀਤੀ ਗਈ ਲੇਕਿਨ ਸੰਘ ਪਰਿਵਾਰ ਦੀਆਂ ਉਹਨਾਂ ਤਾਕਤਾਂ ਨੂੰ ਵਰਜਣ ਦਾ ਕੋਈ ਠੋਸ ਸੰਕੇਤ ਨਹੀਂ ਜੋ ਫਿਰਕੂ ਤੇ ਜਾਤਪਾਤੀ ਹਿੰਸਾ ਨੂੰ ਅੰਜਾਮ ਦੇ ਰਹੀਆਂ ਹਨ ਅਤੇ ਘੱਟਗਿਣਤੀਆਂ ਤੇ ਨਿਤਾਣੇ ਹਿੱਸਿਆਂ ਨੂੰ ਲਗਾਤਾਰ ਨਿਸ਼ਾਨਾ ਬਣਾ ਰਹੀਆਂ ਹਨ। ਉਹੀ ਪੁਰਾਣਾ ਪੈਂਤੜਾ, ਕਿ ਇਹ ਜਥੇਬੰਦੀਆਂ ਤਾਂ ਹਿੰਦੂਤਵ ਨਾਲ ਮਿਲਦੀ-ਜੁਲਦੀ ਸੋਚ ਵਾਲੇ 'ਹਾਸ਼ੀਆ ਅਨਸਰ' ਹਨ ਜੋ ਸੰਘ ਦਾ ਹਿੱਸਾ ਨਹੀਂ। ਪਿਛਲੀਆਂ ਲੋਕਸਭਾ ਚੋਣਾਂ ਵਿਚ ਭਾਜਪਾ ਲੀਡਰਸ਼ਿਪ ਵੱਲੋਂ ਇਕ ਵੀ ਮੁਸਲਮਾਨ ਉਮੀਦਵਾਰ ਨੂੰ ਟਿਕਟ ਨਹੀਂ ਦਿੱਤੀ ਗਈ। ਅਮਿਤ ਸ਼ਾਹ-ਰਾਮ ਮਾਧਵ ਵੱਲੋਂ ਮੁਸਲਿਮ ਫਿਰਕੇ ਨੂੰ ਚੋਣ ਅਮਲ ਵਿੱਚੋਂ ਬਾਹਰ ਧੱਕੇ ਜਾਣ ਨੂੰ ਵੱਡੀ ਪ੍ਰਾਪਤੀ ਦੇ ਤੌਰ 'ਤੇ ਪੇਸ਼ ਕਰਨਾ 'ਵਿਚਾਰਧਾਰਕ ਸਰੋਤ' ਦੀ ਪ੍ਰੇਰਨਾ ਤੋਂ ਬਗ਼ੈਰ ਸੰਭਵ ਨਹੀਂ ਸੀ। ਹਰ ਚੋਣ ਮੁਹਿੰਮ ਵਿਚ ਸੰਘ ਦਾ ਤਾਣਾਬਾਣਾ ਪੂਰਾ ਸਰਗਰਮ ਹੁੰਦਾ ਹੈ। ਮੋਦੀ ਵਜ਼ਾਰਤ ਵੱਲੋਂ ਮਈ 2014 ਵਿਚ ਸੱਤਾਧਾਰੀ ਹੋਣ ਦੇ ਸਮੇਂ ਤੋਂ ਲੈਕੇ ਆਪਣਾ ਰਿਪੋਰਟ ਕਾਰਡ ਪੇਸ਼ ਕਰਨ ਲਈ ਸੰਘ ਦੇ ਦਰਬਾਰ ਵਿਚ ਹਾਜ਼ਰ ਹੋਣ ਦੀਆਂ ਖ਼ਬਰਾਂ ਮੀਡੀਆ ਵਿਚ ਸੁਰਖ਼ੀਆਂ ਬਣਦੀਆਂ ਰਹੀਆਂ ਹਨ। ਜੱਗ ਜ਼ਾਹਰ ਤੱਥਾਂ ਦੇ ਮੱਦੇਨਜ਼ਰ ਸੰਘ ਮੁਖੀ ਦੇ ਇਸ ਦਾਅਵੇ ਨੂੰ ਕੌਣ ਸਵੀਕਾਰ ਕਰ ਲਵੇਗਾ ਕਿ ਆਰ.ਐੱਸ.ਐੱਸ. ਦਾ ਭਾਜਪਾ ਦੀ ਸਿਆਸਤ ਅਤੇ ਨੀਤੀਆਂ ਉੱਪਰ ਪ੍ਰਭਾਵ ਸੀਮਤ ਹੈ ਅਤੇ ਸੰਘ ਆਪਣੇ ਕਾਰਕੁਨਾਂ ਨੂੰ ਕਿਸੇ ਖ਼ਾਸ ਪਾਰਟੀ ਦੀ ਹਮਾਇਤ ਕਰਨ ਲਈ ਨਹੀਂ ਕਹਿੰਦਾ। ਇਹ ਅਸਲ ਸਵਾਲਾਂ ਤੋਂ ਟਾਲਾ ਵੱਟਣ ਅਤੇ ਵਿੱਥ ਬਣਾਕੇ ਜਵਾਬਦੇਹੀ ਤੋਂ ਬਚਣ ਦੇ ਪੁਰਾਣੇ ਤੌਰ-ਤਰੀਕੇ ਦਾ ਹੀ ਦੁਹਰਾਓ ਹੈ।

ਗ਼ੈਰਹਿੰਦੂ ਹਿੱਸਿਆਂ ਲਈ ਇਹ ਭਾਸ਼ਣ ਬੇਮਾਇਨੇ ਹਨ ਕਿਉਂਕਿ ਇਹਨਾਂ ਵਿਚ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਦੀਆਂ ਦਹਿਸ਼ਤੀ ਮੁਹਿੰਮਾਂ ਨੂੰ ਰੋਕਣ ਦੀ ਇੱਛਾ ਦਾ ਭੋਰਾ ਵੀ ਸੰਕੇਤ ਨਹੀਂ। ਸਗੋਂ ਖ਼ਾਸ ਇਲਾਕਿਆਂ ਦੀ 'ਬਦਲ ਰਹੀ ਵਸੋਂ ਬਣਤਰ' ਨੂੰ ਰੋਕਣ ਲਈ ਕਦਮ ਚੁੱਕਣ ਦੇ ਮਸ਼ਵਰੇ ਖ਼ਤਰਨਾਕ ਸੋਚ ਨੂੰ ਦਰਸਾਉਂਦੇ ਹਨ।

ਕੁਲਮਿਲਾਕੇ, ਇਹ ਕਵਾਇਦ ਆਪਣੇ ਸਿਆਸੀ ਏਜੰਡੇ ਦੇ ਹੱਕ ਵਿਚ ਮੁਲਕ ਦੇ ਗ਼ੈਰਹਿੰਦੂ ਹਿੱਸਿਆਂ ਦੀ ਹਮਾਇਤ ਜੁਟਾਉਣ ਲਈ ਹੈ ਨਾ ਕਿ ਉਹਨਾਂ ਨੂੰ ਬਰਾਬਰ ਨਾਗਰਿਕ ਮੰਨਕੇ ਬਣਦਾ ਸਥਾਨ ਦੇਣ ਲਈ। ਸੰਘ ਦੇ ਸਦਰ-ਮੁਕਾਮ ਨੇ ਇਹ ਜ਼ਰੂਰਤ ਮਹਿਸੂਸ ਕੀਤੀ ਜਾਪਦੀ ਹੈ ਕਿ ਚਾਰ ਸਾਲਾਂ ਵਿਚ ਭਾਰਤੀ ਸਮਾਜ ਦੀ ਫਿਰਕੂ-ਉੱਚਜਾਤੀ ਪਾਲਾਬੰਦੀ ਅਤੇ ਮੁਲਕ ਦੇ ਰਾਜਕੀ ਅਦਾਰਿਆਂ ਦੀ ਆਪਣੇ ਏਜੰਡੇ ਅਨੁਸਾਰ ਢਲਾਈ ਕੀਤੇ ਜਾਣ ਦੇ ਪੱਖ ਤੋਂ ਚੋਖਾ ਹਾਸਲ ਕੀਤਾ ਜਾ ਚੁੱਕਾ ਹੈ। ਹੁਣ ਕੌਮਾਂਤਰੀ ਪੂੰਜੀਨਿਵੇਸ਼ਕਾਰਾਂ, ਹਾਕਮ ਜਮਾਤੀ ਹਿੱਸਿਆਂ, ਲੋਕ ਰਾਇ ਨੂੰ ਪ੍ਰਭਾਵਿਤ ਕਰਨ ਵਾਲੇ ਬੁੱਧੀਮਾਨ ਹਿੱਸਿਆਂ ਆਦਿ ਨੂੰ ਆਪਣੇ ਹੱਕ ਵਿਚ ਕਰਨ ਲਈ ਦਿੱਖ ਸੁਧਾਰਨ ਦਾ ਵੇਲਾ ਹੈ ਕਿ ਸੰਘ ਦੀ ਲੀਡਰਸ਼ਿਪ ਸੰਘ ਪਰਿਵਾਰ ਦੀ ਹਮਲਾਵਰ ਭਗਵੀਂ ਸਿਆਸਤ ਨਾਲੋਂ ਅਲਹਿਦਾ ਦਰਿਆਦਿਲ ਸੋਚ ਵਾਲੀ ਹੈ। ਹੁਣ 2019 ਦੀਆਂ ਚੋਣਾਂ ਦੇ ਮੱਦੇਨਜ਼ਰ ਵੱਖ-ਵੱਖ ਹਿੱਸਿਆਂ ਨੂੰ ਪ੍ਰਭਾਵਤ ਕਰਨ ਲਈ ਹਿੰਦੂਤਵ ਦੀ ਹਮਲਾਵਰ ਸੁਰ ਨੂੰ ਨਰਮ ਕਰਨਾ ਅਤੇ ਨਾਲ ਹੀ ਮਾਲੀਆ-ਨੀਰਵ ਮੋਦੀ, ਰਾਫੇਲ ਸੌਦੇ ਦੇ ਮਹਾਂ-ਘੁਟਾਲਿਆਂ, ਨੋਟਬੰਦੀ ਸਮੇਤ ਹਰ ਖੇਤਰ ਵਿਚ ਅਵਾਮ ਵਿਰੋਧੀ ਬਦਨਾਮ ਕਾਰਗੁਜ਼ਾਰੀ ਨਾਲ ਦਾਗ਼ੀ 'ਮਹਾਂਨਾਇਕਾਂ' ਤੋਂ ਵਿੱਥ ਬਣਾਉਣਾ ਹੀ ਆਪਣੇ ਏਜੰਡੇ ਨੂੰ ਅਗਲੇ ਮੁਕਾਮ 'ਤੇ ਲਿਜਾਣ ਲਈ ਸਾਜ਼ਗਰ ਮਾਹੌਲ ਬਣਾਉਣ ਦਾ ਬਿਹਤਰ ਦਾਅਪੇਚ ਹੋ ਸਕਦਾ ਹੈ। ਸੰਘ ਪਰਿਵਾਰ ਦੀਆਂ ਜਥੇਬੰਦੀਆਂ ਦੀਆਂ ਦਹਿਸ਼ਤੀ ਕਾਰਵਾਈਆਂ ਤੋਂ ਦਾਅਪੇਚਕ ਵਿੱਥ ਦਿਖਾਉਣ ਲਈ ਸੰਘ ਦੇ ਚਿਹਰੇ-ਮੋਹਰੇ ਨੂੰ ਨਵੀਂ ਦਿੱਖ ਦੇਣਾ ਜ਼ਰੂਰੀ ਹੈ। ਖ਼ਾਸ ਕਰਕੇ, ਮੁਸਲਮਾਨਾਂ ਅਤੇ ਦਲਿਤਾਂ ਸਮੇਤ ਸਮੂਹ ਦੱਬੇਕੁਚਲੇ ਅਤੇ ਘੱਟਗਿਣਤੀ ਸਮਾਜਿਕ ਸਮੂਹਾਂ ਦੇ ਕੁਲੀਨ ਹਿੱਸਿਆਂ ਨੂੰ ਪ੍ਰਭਾਵਿਤ ਕਰਨਾ ਸੰਘ ਦੀ ਇਕ ਵੱਡੀ ਜ਼ਰੂਰਤ ਹੈ ਜੋ ਇਹਨਾਂ ਦਹਿਸ਼ਤੀ ਮੁਹਿੰਮਾਂ ਕਾਰਨ ਤਿੱਖੇ ਵਿਰੋਧ ਦੇ ਰੌਂਅ ਵਿਚ ਹਨ ਅਤੇ ਜਿਹਨਾਂ ਨੂੰ ਸੰਘ ਦਾ ਰਵਾਇਤੀ ਵਤੀਰਾ ਮਨਜ਼ੂਰ ਨਹੀਂ। ਇਸੇ ਕਾਰਨ ਧਾਰਮਿਕ ਅਸਹਿਣਸ਼ੀਲਤਾ ਅਤੇ ਹਿੰਦੂਤਵ ਦਹਿਸ਼ਤੀ ਗਰੁੱਪਾਂ ਨਾਲ ਜੁੜੇ ਹਕੀਕੀ ਮੁੱਦਿਆਂ ਗਊ ਹੱਤਿਆ, ਲਵ ਜਹਾਦ, ਦੇਸ਼ਧ੍ਰੋਹੀ ਪਾਕਿਸਤਾਨ ਚਲੇ ਜਾਓ ਆਦਿ ਅਤੇ ਇਹਨਾਂ ਦਿਨਾਂ ਵਿਚ ਕੀਤੇ ਜਾ ਰਹੇ ਫਿਰਕੂ ਹਮਲਿਆਂ ਬਾਰੇ ਕੋਈ ਠੋਸ ਬਿਆਨ ਨਹੀਂ ਅਤੇ ਜ਼ੋਰ ਸਿਰਫ਼ ਤੇ ਸਿਰਫ਼ ਦਿੱਖ ਸੁਧਾਰਨ ਉੱਪਰ ਹੈ।

ਸੰਘ ਦੀ ਸਭ ਤੋਂ ਬੜੀ ਖ਼ੂਬੀ ਇਹ ਹੈ ਕਿ ਇਹ ਖ਼ੁਦ ਨੂੰ ਸਮੇਂ ਅਨੁਸਾਰ ਢਾਲਣ ਲਈ ਆਪਣੀਆਂ ਨੀਤੀਆਂ ਵਿਚ ਕਿੰਨੀ ਵੀ ਭੰਨ-ਘੜ ਕਰ ਲਵੇ, ਇਸ ਦੀ ਮੂਲ ਫ਼ਿਤਰਤ ਬਰਕਰਾਰ ਰਹਿੰਦੀ ਹੈ। ਜਿਸ ਸੰਸਥਾ ਨੂੰ ਇਤਾਲਵੀ ਫਾਸ਼ੀ ਲਹਿਰ ਤੋਂ ਉਧਾਰ ਲਈ ਖ਼ਾਕੀ ਨਿੱਕਰ ਨੂੰ ਪੈਂਟ ਵਿਚ ਬਦਲਣ ਲਈ ਸਾਢੇ ਅੱਠ ਦਹਾਕੇ ਲੱਗੇ ਉਸ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਆਪਣਾ ਮੂਲ ਏਜੰਡਾ ਤਿਆਗਕੇ ਸੱਚਮੁੱਚ ਸਾਰਿਆਂ ਨੂੰ ਨਾਲ ਲੈਕੇ ਚੱਲਣ ਵਾਲਾ 'ਯੁਕਤ' ਨਜ਼ਰੀਆ ਅਖ਼ਤਿਆਰ ਕਰ ਲਵੇਗੀ। ਨੇੜ ਭਵਿੱਖ ਵਿਚ ਇਹ ਸਾਹਮਣੇ ਆ ਜਾਵੇਗਾ ਕਿ ਕਿਵੇਂ ਇਹ ਮੁਲਕ ਦੇ ਅਵਾਮ ਨੂੰ ਭਰਮਾਉਣ ਲਈ ਸੰਘ ਦਾ ਨਵਾਂ ਪ੍ਰਪੰਚ ਸੀ।

Hiring Drivers/Owners/Operators
GALAXY Frightline inc.
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092

Sukdev Singh Liddar
*2555 Steeles Ave E. Unit 11 *Brampton *ON*L6T4L6

# ਭਾਰਤ 'ਚ ਲੋਕ-ਪੱਖੀ ਬੁੱਧੀਜੀਵੀ ਗ੍ਰਿਫ਼ਤਾਰੀਆਂ ਵਿਰੁੱਧ ਬਰੈਂਪਟਨ ਵਿਖੇ ਰੋਸ ਪ੍ਰਦਰਸ਼ਨ




ਬਰੈਂਪਟਨ : ਮੋਦੀ ਸਰਕਾਰ ਦੁਆਰਾ ਬੁੱਧੀਜੀਵੀ ਮਨੁੱਖੀ ਅਧਿਕਾਰ ਕਾਰਕੁੰਨਾਂ ਦੀਆਂ ਗ੍ਰਿਫ਼ਤਾਰੀਆਂ ਦੇ ਵਿਰੋਧ ਵਿੱਚ ਕੈਨੇਡਾ ਬਰੈਂਪਟਨ ਵਿੱਚ ਵੀ ਰੋਸ ਪ੍ਰਦਰਸ਼ਨ। ਐਲਾਇੰਸ ਆਫ਼ ਪ੍ਰੋਗਰੈਸਿਵ ਕੈਨੇਡੀਅਨ (ਏ ਪੀ ਸੀ) ਦੇ ਸੱਦੇ ਤੇ ਇੱਕਠੇ ਲੋਕਾਂ ਨੇ ਇੰਡੀਅਨ ਪਾਸਪੋਰਟ ਦਫ਼ਤਰ ਬਰੈਂਪਟਨ ਦੇ ਸਾਹਮਣੇ ਮੋਦੀ ਸਰਕਾਰ ਵਿੱਰੁਧ ਨਾਅਰੇਬਾਜ਼ੀ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਪਕੜੇ ਮਨੁੱਖੀ ਅਧਿਕਾਰਾਂ ਦੇ ਬੁੱਧੀਜੀਵੀ ਕਾਰਕੁਨਾਂ ਪ੍ਰੋ: ਆਨੰਦ ਤੇਲਤੁੰਬੜੇ, ਐਡਵੋਕੇਟ ਸੁਧਾ ਭਾਰਦਵਾਜ਼, ਜਰਨਲਿਸਟ ਕੇ ਵੀ ਕੁਰਮਾਨਾਥ, ਪ੍ਰੋ: ਕੇ ਸੱਤਿਆਨਾਰਾਇਣਾ, ਲੇਖਕ ਪੀ ਵਰਵਰਾ ਰਾਓ, ਪ੍ਰੋ; ਵਰਨੋਨ ਗੋਂਨਸਾਲਵੇਜ਼, ਵਕੀਲ ਅਰੁਨ ਫ਼ੁਰੇਰਾ, ਜਰਨਲਸਿਟ ਗੌਤਮ ਨਵਲੱਖਾ, ਸਟੈਨ ਸਵਾਮੀ, ਜਰਨਲਸਿਟ ਕ੍ਰਾਂਤੀ ਤੇਕੁਲਾ, ਪ੍ਰੋ: ਸ਼ੋਮਾ ਸੇਨ, ਐਡਵੋਕੇਟ ਗਾਡਲਿੰਗ, ਸੁਧੀਰ ਧਾਵਲੇ, ਮਹੇਸ਼ ਰਾਵਤ, ਰੋਨਾ ਵਿਲਸਨ ਤੇ ਹੋਰਨਾਂ ਨੂੰ ਬਿਨਾਂ ਸ਼ਰਤ ਰਿਹਾ ਕਰਨ ਦੀ ਮੰਗ ਕੀਤੀ। ਪ੍ਰਦਰਸ਼ਨਕਾਰੀਆਂ ਨੇ ਆਪਣੀਆਂ ਮੰਗਾਂ ਅਤੇ ਨਾਅਰਿਆਂ ਨੂੰ ਦਰਸਾਉਂਦੇ ਪਲੇ-ਕਾਰਡ ਪਕੜੇ ਹੋਏ ਸਨ। ਰੋਸ ਪ੍ਰਦਰਸ਼ਨ ਵਿੱਚ ਵੱਖੋ-ਵੱਖ ਬੁਲਾਰਿਆਂ ਨੇ ਭਾਰਤ ਵਿੱਚ ਮੋਦੀ ਸਰਕਾਰ ਅਤੇ ਉਸਦੀ ਸਰਪ੍ਰਸਤੀ ਵਾਲੇ ਭਗਵਾਂ ਦਹਿਸ਼ਤਗਰਦਾਂ ਦੁਆਰਾ ਧਾਰਮਿਕ ਘੱਟ-ਗਿਣਤੀ, ਆਦੀਵਾਸੀਆਂ, ਦਲਿਤਾਂ ਅਤੇ ਬੁੱਧੀਜੀਵੀਆਂ ਤੇ ਕੀਤੇ ਜਾ ਰਹੇ ਹਮਲਿਆਂ ਦੀ ਨਿਖੇਧੀ ਕੀਤੀ। ਜਮਹੂਰੀ ਦੇਸ਼ ਅੰਦਰ ਲੋਕਾਂ ਦੇ ਖਾਣ-ਪੀਣ, ਧਾਰਮਿਕ ਅਤੇ ਵਿਚਾਰਾਂ ਦੀ ਆਜ਼ਾਦੀ ਉੱਪਰ ਪਾਬੰਦੀ ਥੋਪੀ ਜਾ ਰਹੀ ਹੈ। ਭੀਮ ਕੋਰੇਗਾਂਵ ਵਿੱਚ ਦਲਿਤ ਭਾਈਚਾਰੇ ਦੀ ਰੈਲੀ ਉੱਪਰ ਹਮਲਾ ਕਰਕੇ ਹਿੰਸਾ ਕਰਨ ਵਾਲੇ ਅਸਲ ਦੋਸ਼ੀਆਂ ਨੂੰ ਮੋਦੀ ਸਰਕਾਰ ਬਚਾਉਣ ਵਿੱਚ ਲਗੀ ਹੈ। ਅਸਲ ਦੋਸ਼ੀਆਂ ਤੇ ਪਰਦਾ ਪਾਉਣ ਲਈ ਮੋਦੀ ਸਰਕਾਰ ਲੋਕਪੱਖੀ, ਦਲਿਤ ਅਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀ ਕਾਰਕੁੰਨਾਂ ਪ੍ਰੋ: ਆਨੰਦ ਤੇਲਤੁੰਬੜੇ, ਐਡਵੋਕੇਟ ਸੁਧਾ ਭਾਰਦਵਾਜ਼, ਜਰਨਲੀਸਟ ਕੇ ਵੀ ਕੁਰਮਾਨਾਥ, ਪ੍ਰੋ: ਕੇ ਸੱਤਿਆਨਾਰਾਇਣਾ, ਲੇਖਕ ਪੀ ਵਰਵਰਾ ਰਾਓ, ਪ੍ਰੋ; ਵਰਨੋਨ ਗੋਂਨਸਾਲਵੇਜ਼, ਵਕੀਲ ਅਰੁਨ ਫ਼ੁਰੇਰਾ, ਜਰਨਲਿਸਟ ਗੌਤਮ ਨਵਲੱਖਾ, ਸਟੈਨ ਸਵਾਮੀ, ਜਰਨਲਿਸਟ ਕ੍ਰਾਂਤੀ ਤੇਕੁਲਾ ਤੇ ਹੋਰਨਾਂ ਵਿਰੁੱਧ ਲੋਕਾਂ ਨੂੰ ਭੜਕਾਉਣ ਅਤੇ ਮੋਦੀ ਦੀ ਹੱਤਿਆ ਵਰਗੇ ਝੂਠੇ ਕੇਸ ਪਾ ਕੇ ਫੜੋ-ਫੜਾਈ ਕੀਤੀ ਜਾ ਰਹੀ ਹੈ। ਇਸ ਤੋਂ ਦੋ ਮਹੀਨੇ ਪਹਿਲਾਂ ਪ੍ਰੋ: ਸ਼ੋਮਾ ਸੇਨ, ਐਡਵੋਕੇਟ ਗਾਡਲਿੰਗ, ਸੁਧੀਰ ਧਾਵਲੇ, ਮਹੇਸ਼ ਰਾਵਤ, ਰੋਨਾ ਵਿਲਸਨ ਵਰਗੇ ਸਮਾਜਿਕ ਕਾਰਕੁੰਨਾਂ ਨੂੰ ਵੀ ਝੂਠੇ ਕੇਸਾਂ ਵਿੱਚ ਫੜਿਆ ਜਾ ਚੁੱਕਿਆ ਹੈ। ਬੁਲਾਰਿਆਂ ਨੇ ਇਨ੍ਹਾਂ ਖਿਲਾਫ ਝੂਠੇ ਕੇਸ ਵਾਪਿਸ ਲੈ ਕੇ ਰਿਹਾ ਕਰਨ ਦੀ ਮੰਗ ਕੀਤੀ। ਫਾਸ਼ੀਵਾਦੀ ਨੀਤੀਆਂ ਵਾਲੀ ਮੋਦੀ ਸਰਕਾਰ ਦੀ ਸ਼ਹਿ ਪ੍ਰਾਪਤ ਭਗਵਾਂ ਆਤੰਕਵਾਦੀਆਂ ਹੱਥੋਂ ਕਤਲ ਹੋਏ ਬੱਧੀਜੀਵੀ ਵਰਗ ਦੇ ਕੁਲਬਰਗੀ, ਗਵਿੰਦ ਪਨਸਾਰੇ, ਦਭੋਲਕਰ, ਗੌਰੀ ਲੰਕੇਸ਼ ਦੇ ਕਾਤਲਾਂ ਨੂੰ ਜਲਦੀ ਸਜ਼ਾ ਦੀ ਮੰਗ ਕੀਤੀ ਗਈ। ਵੱਖੋ-ਵੱਖਰੇ ਬੁਲਾਰਿਆਂ ਨੇ ਮੋਦੀ ਸਰਕਾਰ ਤੇ ਆਮ ਲੋਕਾਂ ਨੂੰ ਵੋਟਾਂ ਵੇਲੇ ਝੂਠੇ ਵਾਅਦਿਆਂ ਨਾਲ ਗੁਮਰਾਹ ਕਰਨ ਦਾ ਦੋਸ਼ ਲਗਾਇਆ। ਆਰ. ਐਸ. ਐਸ. ਸੰਘ ਅਤੇ ਮੋਦੀ ਲਾਣੇ ਵੱਲੋਂ ਫਾਸ਼ੀਵਾਦੀ ਏਜੰਡੇ ਨਾਲ ਦੇਸ਼ ਨੂੰ ਧਾਰਮਿਕ ਕੱਟੜਪੰਥੀ ਰਾਸ਼ਟਰ ਵਿੱਚ ਤਬਦੀਲ ਕਰਨ ਦੀ ਕੋਝੀ ਚਾਲ ਚੱਲੀ ਜਾ ਰਹੀ ਹੈ । ਦਿਨ-ਦਿਹਾੜੇ ਕੁੱਟਮਾਰ, ਕਤਲਾਂ ਨਾਲ ਦੇਸ਼ ਦਾ ਲੋਕਤੰਤਰੀ ਮਾਹੌਲ ਵਿਗਾੜਿਆ ਜਾ ਰਿਹਾ ਹੈ। ਕਾਲੇ ਧਨ ਦੀ ਵਾਪਸੀ, ਬੇਰੋਜ਼ਗਾਰੀ ਖਤਮ ਕਰਨ, ਵਿਕਾਸ ਦੇ ਵਾਅਦੇ ਪੂਰੇ ਕਰਨ ਦੀ ਬਜ਼ਾਏ ਲੋਕਾਂ ਵਿੱਚ ਫਿਰਕੂ ਜ਼ਹਿਰ ਫੈਲਾਉਣ ਦੇ ਕੰਮ ਲੱਗੀ ਹੈ। ਆਰ ਐਸ ਐਸ ਮੋਦੀ ਲਾਣੇ ਨੇ ਭਾਰਤੀ ਲੋਕਤੰਤਰੀ ਸਵਿਧਾਨ ਦੀ ਦੁਰਵਰਤੋਂ ਕਰਕੇ ਅਣ-ਐਲਾਨੀ ਐਮਰਜੈਂਸੀ ਲਾਗੂ ਕਰ ਦਿੱਤੀ ਹੈ। ਆਪਣੇ ਭਗਵੇਂ ਏਜੰਡੇ ਨਾਲ ਭਾਰਤ ਦੇ ਘੱਟ-ਗਿਣਤੀ ਵਰਗਾਂ ਅਤੇ ਹਮਦਰਦਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ । ਮੋਦੀ ਸਰਕਾਰ ਹਰ ਖੇਤਰ ਵਿੱਚ ਫੇਲ ਸਾਬਤ ਹੋ ਰਹੀ ਹੈ । ਨੋਟਬੰਦੀ ਵਰਗੀਆਂ ਨੀਤੀਆਂ ਵੀ ਫਲਾਪ-ਸ਼ੋਅ ਸਾਬਤ ਹੋ ਚੁੱਕੀਆਂ ਹਨ ਮਹਿੰਗਾਈ, ਬੇਰੋਜ਼ਗਾਰੀ ਅਤੇ ਗਰੀਬੀ ਵਿੱਚ ਰਿਕਾਰਡ ਤੋੜ ਵਾਧਾ ਹੋਇਆ ਹੈ। ਸੰਸਾਰ ਮੰਡੀ ਵਿੱਚ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਵਿੱਚ ਵੀ ਰਿਕਾਰਡ ਤੋੜ੍ਹ ਗਿਰਾਵਟ ਆਉਣ ਕਰਕੇ ਸੰਸਾਰ ਮੰਡੀ ਵਿੱਚ ਭਾਰਤੀ ਵਿਉਪਾਰ ਆਰਥਿਕਤਾ ਡਾਵਾਂਡੋਲ ਹੋ ਚੁੱਕੀ ਹੈ । ਪੈਟਰੋਲ ਦੀਆਂ ਕੀਮਤਾਂ ਵੀ ਬੇਕਾਬੂ ਹੋਕੇ ਵੱਧ ਰਹੀਆਂ ਹਨ। ਡਾਲਰ ਦੇ ਮੁਕਾਬਲੇ ਰੁਪਏ ਦੀ ਗਿਰਾਵਟ ਕਰਕੇ ਕੈਨੇਡਾ ਪੜ੍ਹਨ ਆਏ ਵਿਦਿਆਰਥੀਆਂ ਦੀਆਂ ਫੀਸਾਂ ਵੀ ਹੋਰ ਮਹਿੰਗੀਆਂ ਹੋ ਗਈਆਂ ਹਨ। ਬੁਲਾਰਿਆਂ ਨੇ ਦੇਸ਼ ਦੇ ਵਿਕਾਸ ਦੀ ਬਜਾਏ, ਆਰਿਥਕ ਨਿਘਾਰ ਵਾਲੀ ਹਾਲਾਤ ਵੱਲ ਜਾਣ ਕਰਕੇ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ, ਮੋਦੀ ਸਰਕਾਰ ਦੀ ਆਲੋਚਣਾ ਕੀਤੀ। ਰੋਸ ਰੈਲੀ ਨੂੰ ਐਲਾਇੰਸ ਆਫ਼ ਪ੍ਰੋਗਰੈਸਿਵ ਕੈਨੇਡੀਅਨ (ਏ ਪੀ ਸੀ) ਦੇ ਕੋ-ਆਰਡੀਨੇਟਰ ਸ਼ਮਸ਼ਾਦ ਇਲਾਹੀ, ਡਾ: ਹਰਦੀਪ ਸਿੰਘ, ਹਰਪਰਮਿੰਦਰ ਗਦਰੀ, ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਦੇ ਆਗੂ ਡਾ: ਬਲਜਿੰਦਰ ਸੇਖੋਂ, ਕਮਿਉਨਿਸਟ ਪਾਰਟੀ ਆਫ਼ ਕੈਨੇਡਾ ਦੇ ਆਗੂ ਕਾ: ਮਲਕੀਤ ਸਿੰਘ, ਜਮਹੂਰੀ ਅਧਿਕਾਰਾਂ ਦੇ ਕਾਰਕੁੰਨ ਦੇ ਪਰਮਜੀਤ ਸਿੰਘ ਬਾਈ, ਸ਼੍ਰੀਲੰਕਾ ਦੇ ਕਮਿਉਨਿਸਟ ਆਗੂ ਕਾ: ਬਾਲਾ ਸਿਥਮ ਆਦਿ ਨੇ ਸੰਬੋਧਨ ਕੀਤਾ।

# ਟਰੂਡੋ ਦਾ ਨਾਫਟਾ

ਕਨੇਡਾ ਵਿਚ ਕੁੱਲ ਮਿਲਾ ਕੇ 16000 ਡੇਅਰੀ ਫਾਰਮਰ ਨੇ ਜੋ ਸਰਕਾਰ ਵੱਲੋ ਸਬਸਿਡੀ ਵੀ ਪ੍ਰਾਪਤ ਕਰਦੇ ਨੇ ; ਇਕ ਬੱਝੀ ਹੋਈ ਮਾਰਕੀਟ ਹੈ; ਕੈਨੇਡਾ ਵਿਚ ਲੇਬਰ ਰੇਟ ਅਮਰੀਕਾ ਦੇ ਮੁਕਾ...ਬਲੇ ਘੱਟ ਹੈ, ਕੈਨੇਡਾ ਵਿਚ ਫਰੇਟ ਹਾਊਲਿੰਗ ਰੇਟ ਅਮਰੀਕਾ ਦੇ ਮੁਕਾਬਲੇ ਘੱਟ ਹੈ, ਕੈਨੇਡਾ ਵਿਚ ਟੋਟਲ ਪਰੋਡਕਸ਼ਨ ਕੌਸਟ ਅਮਰੀਕਾ ਦੇ ਮੁਕਾਬਲੇ ਘੱਟ ਹੈ।

ਪਰ, ਕੈਨੇਡਾ ਵਿਚ ਦੁੱਧ ਅਤੇ ਉਸ ਤੋਂ ਬਣੀਆਂ ਚੀਜ਼ਾਂ ਅਮਰੀਕਾ ਨਾਲੋਂ ਲਗਭਗ ਦੁਗਣੇ ਰੇਟ ਤੇ ਮਹਿੰਗੀਆਂ ਨੇ ਕਿਉਂ, ਕਿਉਂਕਿ ਇਸ ਕੰਮ ਵਿਚ ਕੰਪੀਟੀਸ਼ਨ ਨਹੀਂ ਹੈ ਸੋ ਅਗਲੇ ਮਨ ਆਏ ਰੇਟ ਤੇ ਵੇਚਦੇ ਹਨ ਬਲਕਿ ਤੁਸੀ ਉਹਨਾ ਦੇ ਦੇਸ਼ ਵਿਚ ਜਾ ਕੇ ਵੀ ਵੇਚੋ ਫੇਅਰ ਪਲੇ ਗਰਾਊਂਡ ਬਣੇ ;

ਜਦ ਪ੍ਰੋਡਕਸ਼ਨ ਕੌਸਟ ਘੱਟ ਹੈ ਤਾਂ ਫੇਰ ਅਮਰੀਕਨ ਡੇਅਰੀ ਪਟੋਡਕਟਸ ਦਾ ਡਰ ਕਾਹਦਾ ਹੈ, ਆ ਲੈਣ ਦਿਉ ਉਹਨਾਂ ਨੂੰ;

ਕਹਿਣ ਨੂੰ ਲਿਬਰਲ ਨੇ ਮਤਲਬ ਸਭ ਦੇ ਬਰਾਬਰ ਦੇ ਹੱਕ ਨੇ, ਹਰ ਇਕ ਨੂੰ ਇਕੋ ਅੱਖ ਨਾਲ ਦੇਖਣਾ ਹੈ ਪਰ 16000 ਬੰਦੇ ਨੂੰ ਮੁਨਾਫਾ ਦੇਣ ਲਈ ਕੈਨੇਡਾ ਦੇ ਸਾਢੇ ਤਿੰਨ ਕਰੋੜ ਲੋਕਾਂ ਨੂੰ ਧੱਕੇ ਨਾਲ ਮਹਿੰਗੀਆਂ ਚੀਜਾਂ ਵੇਚੋ, ਕੱਲੀ ਡੇਅਰੀ ਹੀ ਕਿਉਂ ਟੈਲੀਕੌਮ ਸੈਕਟਰ ਵਿਚ ਵੀ ਅਮਰੀਕਨ ਕੰਪਨੀਆਂ ਨੂੰ ਵੜਨ ਨਹੀਂ ਦਿੱਤਾ ਜਾ ਰਿਹਾ ਜਦਕਿ ਕੰਪੀਟੀਸ਼ਨ ਹੋਵੇਗਾ ਤਾਂ ਘੱਟੋ ਘੱਟ ਲੋਕਾਂ ਨੂੰ ਸਸਤੀਆਂ ਚੀਜਾਂ ਮਿਲਣਗੀਆਂ ;

ਐਸ ਸ਼ੁਕਰਵਾਰ ਨੂੰ NAFTA ਦੀ ਆਖਰੀ ਗਲਬਾਤ ਖਤਮ ਹੋ ਜਾਣੀ ਹੈ ਅਤੇ ਜੇਕਰ ਲਿਬਰਲ ਜਬਰਦਸਤੀ ਕਨੇਡਾ ਨੂੰ ਇਸ ਤੋਂ ਬਾਹਰ ਖਿੱਚਦੇ ਨੇ ਤਾਂ ਨਤੀਜੇ ਮੇਰੇ ਤੁਹਾਡੇ ਸਮੇਤ ਸਭ ਨੂੰ ਭੁਗਤਣੇ ਪੈਣੇ ਨੇ ਉਹ ਵੀ ਸਿਰਫ ਸੋਲਾ ਹਜ਼ਾਰ ਬੰਦਿਆਂ ਦੇ ਮੁਨਾਫੇ ਕਰਕੇ;

ਕੈਨੇਡਾ ਦੀ ਟੋਟਲ ਐਕਸਪੋਰਟ ਦਾ 75% ਕੱਲੇ ਅਮਰੀਕਾ ਨੂੰ ਵੇਚਿਆ ਜਾਂਦਾ ਹੈ ਅਤੇ ਬਾਕੀ 25% ਦੂਜੀ ਦੁਨੀਆਂ ਨੂੰ, ਇਹ ਮੈਂ ਨਹੀਂ ਕਹਿੰਦਾ ਬਲਕਿ ਅਮਰੀਕਨ ਚੈਂਬਰ ਆਫ ਕਾਮਰਸ, ਕਨੇਡੀਅਨ ਨਿਊਜ਼ ਚੈਨਲਸ ਅਤੇ ਹਰ ਇਕਨਾਮਿਕ ਸੋਰਸ ਕਹਿ ਰਿਹਾ ਹੈ, ਜਦਕਿ ਅਮਰੀਕਾ ਦੀ ਕੈਨੇਡਾ ਨੂੰ ਐਕਸਪੋਰਟ ਸਿਰਫ 2% ਹੈ ਮਤਲਬ ਟਰਵੀਜਅਪ ਹੈ, ਉਹਨਾਂ ਨੂੰ ਕੋਈ ਫਰਕ ਨਹੀ ਪੈਂਦਾ ਜੇ ਉਹ ਕੈਨੇਡਾ ਨਾਲ ਵਪਾਰ ਨਾ ਕਰਨ ਬਲਕਿ ਆਹ 75% ਚੀਜਾ ਵਾਸਤੇ ਆਉਣ ਵਾਲੇ ਸਮੇਂ ਵਿਚ ਅਮਰੀਕਾ ਵਿਚ ਕੀ ਪਰੋਡਕਸ਼ਨ ਲਾਈਨ ਬਣਨ ਦੇ ਮੌਕੇ ਮੌਜੂਦ ਨੇ ਬਸ ਇਕ ਕੈਨੇਡੀਅਨ ਲੱਕੜ ਅਤੇ ਮਿੱਟੀ ਤੋਂ ਬਿਨਾ ;

ਇਕ ਮਿੰਟ ਵਿਚ 25 ਟਰੱਕ ਕੈਨੇਡਾ ਅਮਰੀਕਾ ਦਾ ਬੌਰਡਰ ਕਰੌਸ ਕਰਦੇ ਨੇ ਜਿਸ ਨਾਲ ਇਹ ਵਪਾਰ ਚਲ ਰਿਹਾ ਹੈ ਅਤੇ ਸਾਡੀ ਕੰਮਿਊਨਿਟੀ ਵੱਡੇ ਪੱਧਰ ਤੇ ਇਸ ਕਾਰੋਬਾਰ ਨਾਲ ਜੁੜੀ ਹੋਈ ਹੈ ;

25% ਟੈਰਿਫ ਜਿਸ ਦੀ ਟਰੰਪ ਗੱਲ ਕਰ ਰਿਹਾ ਹੈ ਉਸ ਨਾਲ ਉਂਟਾਰੀਓ ਅਤੇ ਕਿਊਬਕ ਦੀਆਂ ਲਗਭਗ ਤਿੰਨ ਲੱਖ ਤੋਂ ਉਪਰ ਨੌਕਰੀਆਂ ਸਿੱਧੇ ਅਤੇ ਅਸਿੱਧੇ ਤੌਰ 'ਤੇ ਪ੍ਰਭਾਵਿਤ ਹੋਣਗੀਆਂ ; ਸਟੀਲ ਇੰਡਸਟਰੀ ਵਿਚ ਤਾਂ ਲੇਅ ਉਵਰਾ ਹੋਣੀਆਂ ਸ਼ੁਰੂ ਵੀ ਹੋ ਚੁੱਕੀਆਂ ਨੇ ਅਤੇ ਹਲਾਤ ਹੋਰ ਵੀ ਬਦਤਰ ਹੋਣਗੇ ਜਦ ਅਮਰੀਕਨ ਕੰਪਨੀਆਂ ਨੇ ਪ੍ਰੋਡਕਸ਼ਨ ਸ਼ੁਰੂ ਕਰ ਦਿੱਤੀ। ਭਾਰਤੀ ਸਟੀਲ ਕੰਪਨੀ JSW ਸਟੀਲ ਅਮਰੀਕਾ ਦੇ ਸੂਬੇ ਉਹਾਇਓ ਵਿਚ ਆਪਣੇ ਛੋਟੇ ਪਲਾਂਟ ਨੂੰ ਵੱਡਾ ਕਰਨ ਲਈ 500 ਮਿਲੀਅਨ ਡਾਲਰ ਇਨਵੈਸਟ ਕਰ ਚੁੱਕੀ ਹੈ ਜਿੱਥੇ ਤਿੰਨ ਹਜ਼ਾਰ ਤੋਂ ਜ਼ਿਆਦਾ ਨਵੀਆਂ ਨੌਕਰੀਆਂ ਪੈਦਾ ਹੋਈਆਂ ਨੇ; ਅਸਰ ਜ਼ਰੂਰ ਹੋਵੇਗਾ ਅਤੇ ਭੈੜਾ ਹੋਵੇਗਾ ਪਰ ਸਮਾਂ ਲੱਗ ਜਾਂਦਾ ਇਹੋਜੇ ਟੈਰਿਫਾ ਦੇ ਨਤੀਜੇ ਆਉਣ ਨੂੰ; ਟਰੂਡੋ ਦੀ ਸਰਕਾਰ ਵਿਚ ਪੜ੍ਹੇ ਲਿਖੇ ਲੋਕ ਹੋ ਸਕਦੇ ਨੇ ਪਰ ਦੇਸ਼ ਅਤੇ ਸਰਕਾਰ ਚਲਾਉਣ ਵਾਸਤੇ ਤਜਰਬੇ ਦੀ ਵੀ ਬਹੁਤ ਲੋੜ ਹੁੰਦੀ ਹੈ ; ਟਰੂਡੋ ਪਿਛਲੇ ਦੋ ਸਾਲਾ ਦਾ ਮੈਕਸੀਕੋ ਨੂੰ ਭਰਾ ਭਰਾ ਕਰ ਰਿਹਾ ਸੀ ਬਈ ਉਹਨਾਂ ਤੋਂ ਬਿਨਾ ਅਮਰੀਕਾ ਨਾਲ ਡੀਲ ਨਹੀਂ ਕਰਨੀ; ਅਗਲਿਆਂ ਨੇ ਸਿਰ ਤੋਂ ਦੀ ਮਾਰਿਆ ਅਤੇ ਚੁੱਪ ਚੁਪੀਤੇ ਅਮਰੀਕਾ ਨਾਲ ਬਾਇਲਿਟਰਲ ਟਰੇਡ ਡੀਲ ਕਰ ਵੀ ਲਈ ਅਤੇ ਉਹ ਵੀ ਪੂਰੇ ਮੀਡੀਆ ਸਾਹਮਣੇ ਸਪੀਕਰ ਫੋਨ ਉਪਰ; ਜਿਸ ਹਲਕੇ ਪਨ ਨਾਲ ਟਰੰਪ ਨੇ ਕਿਹਾ ਕੈਨੇਡਾ ਵਾਸਤੇ ਡੀਲ ਖੁੱਲੀ ਹੈ ਕਰਨੀ ਕਰੇ ਨਹੀਂ ਕਰਨੀ ਉਹਨਾਂ ਦੀ ਮਰਜ਼ੀ ਇਕ ਵਾਰ ਸੁਣਕੇ ਟਰੂਡੋ ਤੇ ਹਾਸਾ ਅਤੇ ਕੈਨੇਡੀਅਨ ਲੋਕਾਂ ਤੇ ਤਰਸ ਆਇਆ। ਖੈਰ ਐਸ ਸ਼ੁਕਰਵਾਰ ਨੂੰ ਸਭ ਸਾਫ ਹੋ ਜਾਣਾ ਕਿ ਟਰੂਡੋ ਕੈਨੇਡਾ ਨੂੰ ਡਿੱਚ ਵਿਚ ਸੁੱਟਦਾ ਜਾਂ ਗਲੋਬਲਾਈਜੇਸ਼ਨ ਦੇ ਦੌਰ ਵਿਚ ਦਾਖਲ ਹੁੰਦਾ ਹੈ। ਗੁਆਂਢ ਵਿਚ ਵੱਡੀ ਮਾਰਕੀਟ ਹੈ ਹੁਣ ਦੇਖਣਾ ਹੈ ਕਿ ਟਰੂਡੋ ਉਸ ਨੂੰ ਅਕਸੈਪਟ ਕਰਦਾ ਹੈ ਜਾਂ ਸਿਰਫ ਕੁਝ ਕਾਰਪੋਰੇਟਾਂ ਨੂੰ ਮੁਨਾਫਾ ਪਹੁੰਚਾਉਣ ਲਈ ਆਮ ਕੈਨੇਡੀਅਨ ਲੋਕਾਂ ਨੂੰ ਬਲੀ ਦੇ ਬੱਕਰੇ ਬਣਾਉਂਦਾ ਹੈ।

ਬਾਕੀ ਆਹ ਛੋਟੀ ਜਿਹੀ ਭਵਿੱਖਬਾਣੀ ਜ਼ਰੂਰ ਦੇਖਿਓ ਬਈ ਨਾਫਟਾ ਰੱਦ ਹੋਣ ਨਾਲ ਆਮ ਲੋਕਾਂ ਤੇ ਕਿਸ ਕਦਰ ਅਸਰ ਹੋਣਾ ਹੈ ;

**ਮਹਿੰਦਰ ਪਾਲ ਸਿੰਘ ਬਰਾੜ ਲੰਢੇਕੇ**

Century 21
Century 21 Green Realty Inc. Brokerage.
Each Office is Independently Owned and Operated
Residential & Commercial
Kulwant Singh Punnu
Sales Representative
416-276-1566
REALTOR
MLS
www.century21.ca/greenrealty
Email : c21greenadmin@gmail.com
Ph : 905-565-9565 Fax : 905-565-9522

SANTOKH SINGH BASSI
We Also Do All Kinds of Car Repair
"Quality Service at Unbeatable retes"
FIRST MOBILE MECHANIC IN THE PUNJABI COMMUNITY
SPECIALIZING IN REBUILDING:
Alternators, Starters, Generators
Santokh S. Bassi
TEL: 905-451-4561
TEL: 905-951-9900
24 HRS. EMERGENCY SERVICE

GILL
Truck & Trailer Repair and Mobile Service
Cell: 416.312.4707
Tel: 905.458.3455
Fax: 905.458.3456
"Hiring Full and Part Time mechanics"
Open 7 days a week and, make it nice
04 Blair Dr,
Brampton, ON
L6P 2X5
gilltruckandtrailer@yahoo.com
Inderjit Gill
Heavy Duty Truck & Trailer Mechanic

# ਹੋਮ ਲਾਈਫ਼ ਸਿਲਵਰ ਸਿਟੀ ਦੇ ਦਫ਼ਤਰ ਦਾ ਉਦਘਾਟਨ






ਬੀਤੇ ਸ਼ਨੀਵਾਰ 29 ਸਤੰਬਰ 2018 ਨੂੰ ਮੇਫੀਲਡ ਐਂਡ ਬਰੈਮਲੀ ਰੋਡ ’ਤੇ ਬਣੇ ਨਵੇਂ ਬਰੈਂਪਟਨ ਦੇ ਵੱਡੇ ਪੁਲਾਜ਼ੇ ਵਿਖੇ ਹੋਮ ਲਾਈਫ ਸਿਲਵਰ ਸਿਟੀ ਦੀ ਸਮੁੱਚੀ ਟੀਮ ਵਲੋਂ ਆਧੁਨਿਕ ਟੈਕਨਾਲੋਜੀ ਨਾਲ ਲੈਸ ਆਪਣੇ ਨਵੇਂ ਦਫ਼ਤਰ ਦਾ ਉਦਘਾਟਨ ਬੜੀ ਧੂਮ-ਧਾਮ ਨਾਲ ਕੀਤਾ ਜੋ ਸਵੇਰੇ 11 ਵਜੇ ਸ਼ੁਰੂ ਹੋ ਕੇ ਸ਼ਾਮ 5 ਵਜੇ ਸਮਾਪਤ ਹੋਇਆ ਜਿਸ ਵਿਚ ਚੁਣੇ ਹੋਏ ਸਿਆਸੀ ਲੀਡਰ ਅਤੇ ਕੌਂਸਲਰ ਦੀਆਂ ਚੋਣਾਂ ਵਿਚ ਆਪਣੀ ਕਿਸਮਤ ਜਮਾਈ ਕਰ ਰਹੇ ਉਮੀਦਵਾਰਾਂ ਤੋਂ ਇਲਾਵਾ ਇਕ ਹਜ਼ਾਰ ਤੋਂ ਵੱਧ ਲੋਕਾਂ ਨੇ ਆਪਣੀ ਹਾਜ਼ਰੀ ਲਵਾਈ। ਨਵੇਂ ਦਫ਼ਤਰ ਦਾ ਉਦਘਾਟਨ ਕਰਦੇ ਸਮੇਂ ਐਂਡਰਿਊ ਸਿਮਰਮੈਨ ਨੇ ਕਿਹਾ ਕਿ ਇਸ ਰੀਅਲ ਅਸਟੇਟ ਬ੍ਰੋਕਰੇਜ਼ ਨੂੰ ਥੋੜ੍ਹੇ ਸਮੇਂ ’ਚ ਸਿਖਰਾਂ ’ਤੇ ਪਹੁੰਚਾਉਣ ਦਾ ਸਿਹਰਾ ਅਜੀਤ ਸਿੰਘ ਗਰਚਾ, ਬਲਜੀਤ ਸਿੰਘ ਗਰਚਾ ਅਤੇ ਮੁੱਖ ਪ੍ਰਬੰਧਕ ਹਰਬ ਗਰੇਵਾਲ ਸਿਰ ਜਾਂਦਾ ਹੈ। ਐਂਡਰਿਊ ਸਿਮਰਮੈਨ ਨੇ ਦੱਸਿਆ ਕਿ ਇਸ ਨਵੇਂ ਦਫ਼ਤਰ ਵਿਚ ਨਵੀਂ ਟੈਕਨਾਲੋਜੀ ਤੇ ਹਰ ਸਹੂਲਤ ਉਪਲਬਧ ਹੈ ਜੋ ਕਿ ਨਵੇਂ ਅਤੇ ਪੁਰਾਣੇ ਰੀਅਲ ਅਸਟੇਟ ਮੈਂਬਰਾਂ ਦੇ ਭਵਿੱਖ ਨੂੰ ਪੂਰੀ ਤਰ੍ਹਾਂ ਉਨਤ ਕਰਨ ਵਿਚ ਸਹਾਈ ਹੋ ਸਕਦਾ ਹੈ। ਗ੍ਰੈਂਡ ਓਪਨਿੰਗ ’ਤੇ ਕੇਕ ਕੱਟਣ ਦੀ ਰਸਮ ਬਰੈਂਪਟਨ ਦੇ ਮੇਅਰ ਲਿੰਡਾ ਜਾਫਰੀ ਨੇ ਕੀਤੀ। ਹੋਮ ਲਾਈਫ਼ ਸਿਲਵਰ ਸਿਟੀ ਦੀ ਟੀਮ ਨੇ ਹਾਜ਼ਰ ਹੋਏ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

RushLube Inc.
Complete Truck Repairs & Truck Wash with Drive Thru Truck Services
Jaskaranjit Singh (Jas)
TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1

STARLINE Painting Ltd.
STARLINE PAINTING LTD.
RESIDENTIAL • COMMERCIAL • INDUSTRIAL
• Hotel • Motel • Exterior & Interior
• Office Painting • Drywall Fixing
• Spray Painting
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call Sukhi for FREE Estimate
7 Days A Week
100% Satisfaction Guarantee
416.230.4000 • 647.409.1092
www.starlinepainting.com

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60, Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

IQBAL SIDHU INSURANCE ADVISOR
FINANCIAL SERVICES
• Life Insurance; - Term Life - Universal Life
• Critical Illness Insurance • Segregated Funds
• RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.com


SIDHU ACCOUNTING & TAX SERVICES
ACCOUNTING SERVICES
• Personal Tax Returns • Corporate Tax Returns
• Computerized Book Keeping
• Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email: sidhuaccounting@gmail.com
Unit 202, 4656 Westwinds Dr. NE Calgary, AB. T3J 3Z5 (Near Sikh Virsa Office)

# ਮੇਰਾ ਨਾਮ ਅਰੁੰਧਤੀ ਰਾਏ ਹੈ, ਮੈਂ ਵੀ ਸ਼ਹਿਰੀ ਨਕਸਲੀ ਹਾਂ



ਬੂਟਾ ਸਿੰਘ ਨਵਾਂਸ਼ਹਿਰ
94634-74342


[ਮਹਾਂਰਾਸ਼ਟਰ ਪੁਲਿਸ ਵੱਲੋਂ ਪੰਜ ਬੁੱਧੀਜੀਵੀਆਂ ਨੂੰ ਸ਼ਹਿਰੀ ਨਕਸਲੀਦਾ ਦੋਸ਼ ਲਗਾਕੇ ਗ੍ਰਿਫ਼ਤਾਰ ਕੀਤੇ ਜਾਣ ਬਾਰੇ ਬੁੱਕਰ ਇਨਾਮ ਜੇਤੂ ਲੇਖਿਕਾ ਦਾ ਪ੍ਰਤੀਕਰਮ]



ਅੱਜ ਸਵੇਰ (30 ਅਗਸਤ 2018) ਦੇ ਅਖ਼ਬਾਰਾਂ ਨੇ ਉਹ ਚੀਜ਼ ਸਾਫ਼ ਕਰ ਦਿੱਤੀ ਜਿਸ ਨੂੰ ਲੈਕੇ ਅਸੀਂ ਕੁਝ ਸਮੇਂ ਤੋਂ ਬਹਿਸ ਕਰਦੇ ਆ ਰਹੇ ਸੀ। ਇੰਡੀਅਨ ਐਕਸਪ੍ਰੈਸ ਦੀ ਮੁੱਖ ਸਫ਼ੇ ਦੀ ਰਿਪੋਰਟ ਕਹਿੰਦੀ ਹੈ ਪੁਲਿਸ ਨੇ ਅਦਾਲਤ ਨੂੰ ਦੱਸਿਆ: ਜਿਹਨਾਂ ਨੂੰ ਫੜਿਆ ਗਿਆ ਹੈ ਉਹ ਫਾਸ਼ੀਵਾਦੀ ਸਰਕਾਰ ਨੂੰ ਉਲਟਾਉਣ ਦੀ ਸਾਜ਼ਿਸ਼ ਘੜ ਰਹੇ ਸਨ। ਹੁਣ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡਾ ਸਾਹਮਣਾ ਇਕ ਐਸੇ ਨਿਜ਼ਾਮ ਨਾਲ ਹੈ ਜਿਸਨੂੰ ਇਸਦੀ ਆਪਣੀ ਹੀ ਪੁਲਿਸ ਫਾਸ਼ੀਵਾਦੀ ਕਹਿ ਰਹੀ ਹੈ। ਅੱਜ ਦੇ ਭਾਰਤ ਵਿਚ ਘੱਟਗਿਣਤੀ ਨਾਲ ਸਬੰਧਤ ਹੋਣਾ ਜੁਰਮ ਹੈ। ਕਤਲ ਹੋ ਜਾਣਾ ਜੁਰਮ ਹੈ। ਹਜੂਮੀ ਕਾਤਲਾਂ ਹੱਥੋਂ ਕਤਲ ਹੋਣਾ ਜੁਰਮ ਹੈ। ਗ਼ਰੀਬ ਹੋਣਾ ਜੁਰਮ ਹੈ। ਗ਼ਰੀਬਾਂ ਦੇ ਹੱਕ ਵਿਚ ਖੜਨਾ ਸਰਕਾਰ ਨੂੰ ਉਲਟਾਉਣਾ ਹੈ।

ਜਦੋਂ ਪੁਣੇ ਪੁਲਿਸ ਨੇ ਪੂਰੇ ਮੁਲਕ ਵਿਚ ਜਾਣੇ-ਪਛਾਣੇ ਕਾਰਕੁੰਨਾਂ, ਕਵੀਆਂ, ਵਕੀਲਾਂ ਅਤੇ ਈਸਾਈ ਪਾਦਰੀਆਂ ਦੇ ਘਰਾਂ ਵਿਚ ਇਕੋ ਸਮੇਂ ਛਾਪੇ ਮਾਰੇ ਅਤੇ ਨਾਗਰਿਕ ਹੱਕਾਂ ਦੇ ਕੱਦਾਵਰ ਘੁਲਾਟੀਆਂ ਅਤੇ ਦੋ ਵਕੀਲਾਂ ਨੂੰ ਹਾਸੋਹੀਣੇ ਇਲਜ਼ਾਮਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ, ਕਾਗਜ਼ੀ ਕਾਰਵਾਈ ਤੋਂ ਬਗ਼ੈਰ ਹੀ ਜਾਂ ਮਾਮੂਲੀ ਕਾਗਜ਼ੀ ਕਾਰਵਾਈ ਤਹਿਤ, ਤਾਂ ਸਰਕਾਰ ਜਾਣਦੀ ਹੋਵੇਗੀ ਕਿ ਇਸ ਨਾਲ ਰੋਹ ਪੈਦਾ ਹੋਵੇਗਾ। ਇਸ ਨੇ ਇਹ ਕਾਰਵਾਈ ਵਿੱਢਣ ਤੋਂ ਪਹਿਲਾਂ ਹੀ ਇਸ ਪ੍ਰੈੱਸ ਕਾਨਫਰੰਸ ਅਤੇ ਸਾਰੇ ਰੋਸ ਵਿਖਾਵਿਆਂ ਸਮੇਤ ਸਾਡੇ ਤਮਾਮ ਪ੍ਰਤੀਕਰਮਾਂ ਨੂੰ ਧਿਆਨ ਵਿਚ ਰੱਖਿਆ ਹੋਵੇਗਾ, ਜੋ ਪੂਰੇ ਮੁਲਕ ਵਿਚ ਹੋ ਰਹੇ ਹਨ। ਫਿਰ ਵੀ ਐਸਾ ਕਿਉਂ ਕੀਤਾ ਗਿਆ?

ਵੋਟਰਾਂ ਦੇ ਰੌਂਅ ਦੇ ਹਕੀਕੀ ਵਿਸ਼ਲੇਸ਼ਣਾਂ, ਲੋਕਨੀਤੀ-ਸੀਐੱਸਡੀਐੱਸ.-ਏਬੀਪੀ ਦੇ 'ਰਾਸ਼ਟਰ ਦਾ ਮਿਜ਼ਾਜ' ਦੇ ਸਰਵੇਖਣਾਂ ਤੋਂ ਸਾਹਮਣੇ ਆਇਆ ਹੈ ਕਿ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਕਬੂਲੀਅਤ (ਉਹਨਾਂ ਦੇ ਅਨੁਸਾਰ) ਖ਼ਤਰਨਾਕ ਤੇਜ਼ੀ ਨਾਲ ਘਟ ਰਹੀ ਹੈ। ਇਸਦਾ ਭਾਵ ਹੈ ਕਿ ਅਸੀਂ ਖ਼ਤਰਨਾਕ ਸਮਿਆਂ ਵਿਚ ਦਾਖ਼ਲ ਹੋ ਰਹੇ ਹਾਂ। ਮਕਬੂਲੀਅਤ ਨੂੰ ਲੱਗੇ ਇਸ ਖ਼ੋਰੇ ਦੇ ਕਾਰਨਾਂ ਤੋਂ ਧਿਆਨ ਹਟਾਉਣ ਅਤੇ ਵਿਰੋਧ ਦੀ ਵੱਧ ਰਹੀ ਇਕਮੁੱਠਤਾ ਨੂੰ ਤੋੜਨ ਲਈ ਬੇਕਿਰਕ ਅਤੇ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਹੁਣ ਤੋਂ ਲੈਕੇ ਚੋਣਾਂ ਤਕ ਗ੍ਰਿਫ਼ਤਾਰੀਆਂ, ਕਤਲਾਂ, ਹਜੂਮੀ ਕਤਲਾਂ, ਬੰਬ ਧਮਾਕਿਆਂ, ਜਾਅਲੀ ਹਮਲਿਆਂ, ਦੰਗੇ-ਫ਼ਸਾਦਾਂ, ਨਸਲੀ ਕਤਲੇਆਮਾਂ ਦਾ ਇਕ ਲਗਾਤਾਰ ਤਮਾਸ਼ਾ ਚੱਲੇਗਾ। ਅਸੀਂ ਚੋਣਾਂ ਦੀ ਰੁੱਤ ਨੂੰ ਹਰ ਤਰਾਂ ਦੀ ਹਿੰਸਾ ਦੀ ਸ਼ੁਰੂਆਤ ਨਾਲ ਜੋੜਕੇ ਦੇਖਣਾ ਸਿੱਖ ਲਿਆ ਹੈ। ਤੇ ਹਾਂ, ਪਾੜੋ ਤੇ ਰਾਜ ਕਰੋ। ਇਸ ਵਿਚ ਪਾੜੋ ਤੇ ਰਾਜ ਕਰੋ ਵੀ ਜੋੜ ਲਓ। ਹੁਣ ਤੋਂ ਲੈਕੇ ਚੋਣਾਂ ਤਕ ਕਦੋਂ, ਕਿੱਥੇ ਅਤੇ ਕਿਵੇਂ ਅੱਗ ਦਾ ਗੋਲਾ ਸਾਡੇ ਉੱਪਰ ਆ ਡਿੱਗੇਗਾ, ਅਤੇ ਉਸ ਦਾ ਸੁਭਾਅ ਕੀ ਹੋਵੇਗਾ? ਲਿਹਾਜ਼ਾ, ਇਸ ਤੋਂ ਪਹਿਲਾਂ ਕਿ ਮੈਂ ਵਕੀਲਾਂ ਅਤੇ ਕਾਰਕੁੰਨਾਂ ਦੀਆਂ ਗ੍ਰਿਫ਼ਤਾਰੀਆਂ ਦੀ ਗੱਲ ਕਰਾਂ, ਮੈਂ ਕੁਛ ਨੁਕਤੇ ਦੁਹਰਾਉਣਾ ਚਾਹੁੰਦੀ ਹਾਂ ਜਿਹਨਾਂ ਤੋਂ ਸਾਡਾ ਧਿਆਨ ਬਿਲਕੁਲ ਨਾ ਭਟਕੇ, ਚਾਹੇ ਅੱਗ ਵਰ ਰਹੀ ਹੋਵੇ ਅਤੇ ਚਾਹੇ ਸਾਡੇ ਨਾਲ ਕਿੰਨੀਆਂ ਵੀ ਅਜੀਬੋ ਗਰੀਬ ਘਟਨਾਵਾਂ ਵਾਪਰ ਰਹੀਆਂ ਹੋਣ।

1. ਇਕ ਸਾਲ ਨੌਂ ਮਹੀਨੇ ਪਹਿਲਾਂ 8 ਨਵੰਬਰ 2016 ਤੋਂ ਲੈਕੇ, ਜਦੋਂ ਮੋਦੀ ਟੀਵੀ ਉੱਪਰ ਪ੍ਰਗਟ ਹੋਏ ਅਤੇ ਉਸ ਵੱਲੋਂ ਸਰਕੂਲੇਸ਼ਨ ਵਿਚਲੀ 80ਫ਼ੀਸਦੀ ਕਰੰਸੀ ਦੀ ਨੋਟਬੰਦੀ ਦੀ ਨੀਤੀ ਦਾ ਐਲਾਨ ਕੀਤਾ ਗਿਆ। ਜਾਪਦਾ ਸੀ ਉਸ ਦੀ ਆਪਣੀ ਵਜ਼ਾਰਤ ਵੀ ਇਸ ਨਾਲ ਹੱਕੀਬੱਕੀ ਰਹਿ ਗਈ ਸੀ। ਹੁਣ ਰਿਜ਼ਰਵ ਬੈਂਕ ਆਫ ਇੰਡੀਆ ਨੇ ਐਲਾਨ ਕੀਤਾ ਹੈ ਕਿ 99ਫ਼ੀਸਦੀ ਕਰੰਸੀ ਬੈਂਕਿੰਗ ਵਿਵਸਥਾ ਵਿਚ ਵਾਪਸ ਆ ਗਈ ਹੈ। ਵੀਰਵਾਰ ਨੂੰ ਯੂ.ਕੇ. ਤੋਂ ਦ ਗਾਰਡੀਅਨ ਨੇ ਰਿਪੋਰਟ ਛਾਪੀ ਹੈ ਕਿ ਇਸ ਨੀਤੀ ਨੇ ਮੁਲਕ ਦੀ 1 ਫ਼ੀਸਦੀ ਜੀ.ਡੀ.ਪੀ. (ਕੁਲ ਘਰੇਲੂ ਪੈਦਾਵਾਰ) ਨਿਗਲ ਲਈ ਹੈ ਅਤੇ ਇਸਦੀ ਕੀਮਤ ਤਕਰੀਬਨ ਪੰਦਰਾਂ ਲੱਖ ਨੌਕਰੀਆਂ ਦੀ ਬਲੀ ਦੇਕੇ ਚੁਕਾਈ ਗਈ ਹੈ। ਇਸ ਦੌਰਾਨ, ਮੁਲਕ ਨੂੰ ਨਵੀਂ ਕਰੰਸੀ ਛਾਪਣ ਲਈ ਕਈ ਹਜ਼ਾਰ ਕਰੋੜ ਰੁਪਏ ਦੀ ਕੀਮਤ ਚੁਕਾਉਣੀ ਪਈ ਹੈ। ਨੋਟਬੰਦੀ ਤੋਂ ਬਾਦ ਗੁਡਜ਼ ਐਂਡ ਸਰਵਿਸਿਜ਼ ਟੈਕਸ ਆ ਗਿਆ - ਇਕ ਟੈਕਸ ਜਿਸ ਨੂੰ ਇਸ ਤਰੀਕੇ ਨਾਲ ਘੜਿਆ ਗਿਆ ਜਿਸਨੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਉੱਪਰ ਇਕ ਹੋਰ ਸੱਟ ਮਾਰੀ ਹੈ ਜੋ ਪਹਿਲਾਂ ਹੀ ਨੋਟਬੰਦੀ ਹੇਠ ਦਰੜੇ ਜਾ ਰਹੇ ਸਨ।

ਜਦੋਂਕਿ ਛੋਟੇ ਕੰਮ-ਧੰਦੇ ਵਾਲਿਆਂ, ਵਪਾਰੀਆਂ ਅਤੇ ਸਭ ਤੋਂ ਵੱਧ ਗ਼ਰੀਬਾਂ ਨੂੰ ਤਾਂ ਬੇਥਾਹ ਨੁਕਸਾਨ ਝੱਲਣਾ ਪਿਆ ਹੈ, ਭਾਜਪਾ ਦੀਆਂ ਨਜ਼ਦੀਕੀ ਬਹੁਤ ਸਾਰੀਆਂ ਕਾਰਪੋਰੇਸ਼ਨਾਂ ਦੀ ਦੌਲਤ ਵਿਚ ਕਈ ਗੁਣਾਂ ਇਜ਼ਾਫ਼ਾ ਹੋਇਆ ਹੈ। ਵਿਜੈ ਮਾਲੀਆ ਅਤੇ ਨੀਰਵ ਮੋਦੀ ਵਰਗੇ ਕਾਰੋਬਾਰੀਆਂ ਨੂੰ ਜਨਤਾ ਦੇ ਹਜ਼ਾਰਾਂ ਕਰੋੜ ਰੁਪਏ ਸਮੇਤ ਪੱਤਰੇ ਵਾਚ ਜਾਣ ਦੀ ਇਜਾਜ਼ਤ ਦਿੱਤੀ ਗਈ ਜਦਕਿ ਸਰਕਾਰ ਮੂੰਹ ਫੇਰਕੇ ਬੈਠੀ ਰਹੀ।

ਇਸ ਸਭ ਕਾਸੇ ਲਈ ਅਸੀਂ ਕਿਸ ਤਰਾਂ ਦੀ ਜਵਾਬਦੇਹੀ ਦੀ ਉਮੀਦ ਕਰ ਸਕਦੇ ਹਾਂ? ਕੁਛ ਵੀ ਨਹੀਂ? ਸਿਫ਼ਰ?

ਇਸ ਨਾਲ, ਜਦੋਂ ਇਸ ਵੱਲੋਂ 2019 ਦੀਆਂ ਚੋਣਾਂ ਲਈ ਕਮਰਕੱਸੇ ਕੀਤੇ ਜਾ ਰਹੇ ਹਨ, ਭਾਜਪਾ ਹੁਣ ਭਾਰਤ ਦੀ ਸਭ ਤੋਂ ਦੌਲਤਮੰਦ ਪਾਰਟੀ ਬਣਕੇ ਉੱਭਰੀ ਹੈ। ਗਜ਼ਬਨਾਕ ਗੱਲ ਇਹ ਹੈ, ਹਾਲ ਹੀ ਵਿਚ ਇਲੈਕਟੋਰਲ ਬੌਂਡ (ਭੁਗਤਾਨ ਦੀ ਨਵੀਂ ਬੇਨਾਮ ਵਿਧੀ-ਅਨੁਵਾਦਕ) ਨਾਲ ਇਹ ਯਕੀਨੀ ਬਣਾਇਆ ਹੈ ਕਿ ਸਿਆਸੀ ਪਾਰਟੀਆਂ ਦੀ ਦੌਲਤ ਦੇ ਵਸੀਲੇ ਗੁਪਤ ਰੱਖੇ ਜਾ ਸਕਣਗੇ।

2. ਸਾਨੂੰ ਸਾਰਿਆਂ ਨੂੰ 2016 ਵਿਚ ਮੁੰਬਈ ਵਿਚ ਹੋਇਆ 'ਮੇਕ ਇਨ ਇੰਡੀਆ' ਸਮਾਰੋਹ ਯਾਦ ਹੈ ਜਿਸ ਦਾ ਉਦਘਾਟਨ ਮੋਦੀ ਜੀ ਨੇ ਕੀਤਾ ਸੀ ਅਤੇ ਜਿਥੇ ਸੱਭਿਆਚਾਰਕ ਮੇਲੇ ਦਾ ਮੁੱਖ ਸ਼ਾਮਿਆਨਾ ਹੀ ਅੱਗ ਦੀ ਭੇਟ ਚੜ ਗਿਆ ਸੀ। ਖ਼ੈਰ, 'ਮੇਕ ਇਨ ਇੰਡੀਆ' ਦੇ ਖ਼ਿਆਲ ਦੀ ਅਸਲ ਚਿੰਤਾ ਰਾਫ਼ਾਲ ਲੜਾਕੂ ਜਹਾਜ਼ਾਂ ਦਾ ਸੌਦਾ ਹੈ, ਜਾਪਦਾ ਹੈ ਜਿਸਦਾ ਫ਼ੈਸਲਾ ਪ੍ਰਧਾਨ ਮੰਤਰੀ ਵੱਲੋਂ ਪੈਰਿਸ ਵਿਚ ਆਪਣੀ ਹੀ ਰੱਖਿਆ ਮੰਤਰੀ ਨੂੰ ਸਮੇਂ ਸਿਰ ਜਾਣਕਾਰੀ ਦੇਣ ਤੋਂ ਬਿਨਾ ਹੀ ਲਿਆ ਗਿਆ ਅਤੇ ਐਲਾਨ ਵੀ ਕਰ ਦਿੱਤਾ ਗਿਆ। ਇਹ ਬਦੇਸ਼ ਮੰਤਰਾਲੇ ਦੇ ਤਮਾਮ ਜਾਣੇ-ਪਛਾਣੇ ਸ਼ਿਸ਼ਟਾਚਾਰ ਦੇ ਖ਼ਿਲਾਫ਼ ਹੈ। ਹੁਣ ਲੁਕ-ਲੁਕੋ ਵਾਲੀ ਕੋਈ ਗੱਲ ਨਹੀਂ ਰਹੀ - ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵੱਲੋਂ 2012 ਵਿਚ ਜਹਾਜ਼ ਖ਼ਰੀਦਣ ਦਾ ਇਕ ਸੌਦਾ ਕੀਤਾ ਗਿਆ ਸੀ ਜਿਹਨਾਂ ਦੇ ਹਿੱਸੇ-ਪੁਰਜ਼ੇ ਹਿੰਦੁਸਤਾਨ ਏਅਰੋਨਾਟਿਕਸ ਨੇ ਜੋੜਨੇ ਸਨ। ਉਹ ਸੌਦਾ ਰੱਦ ਕਰਕੇ ਨਵਾਂ ਸੌਦਾ ਕੀਤਾ ਗਿਆ। ਹਿੰਦੁਸਤਾਨ ਏਅਰੋਨਾਟਿਕਸ ਨੂੰ ਝਟਕਾ ਦਿੱਤਾ ਗਿਆ। ਕਾਂਗਰਸ ਪਾਰਟੀ ਅਤੇ ਹੋਰ ਕਈਆਂ ਨੇ ਇਸ ਸੌਦੇ ਦਾ ਮੁਤਾਲਿਆ ਕਰਕੇ ਇਲਜ਼ਾਮ ਲਾਏ ਹਨ ਕਿ ਇਸ ਵਿਚ ਹੋਇਆ ਭ੍ਰਿਸ਼ਟਾਚਾਰ ਕਲਪਨਾ ਤੋਂ ਬਾਹਰ ਹੈ ਅਤੇ ਉਹਨਾਂ ਨੇ ਆਫਸੈੱਟ ਸੌਦੇ ਵਿਚ ਰਿਲਾਇੰਸ ਡਿਫੈਂਸ ਲਿਮਟਿਡ ਨੂੰ ਸ਼ਾਮਲ ਕੀਤੇ ਜਾਣ ਉੱਪਰ ਸਵਾਲ ਉਠਾਏ ਹਨ, ਜਿਸਨੇ ਆਪਣੀ ਜ਼ਿੰਦਗੀ ਵਿਚ ਕਦੇ ਜਹਾਜ਼ ਬਣਾਏ ਹੀ ਨਹੀਂ।

ਵਿਰੋਧੀ-ਧਿਰ ਨੇ ਸਾਂਝੀ ਸੰਸਦੀ ਕਮੇਟੀ ਬਣਾਕੇ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ। ਕੀ ਸਾਨੂੰ ਇਸਦੀ ਕੋਈ ਉਮੀਦ ਹੈ? ਜਾਂ ਸਾਨੂੰ ਬਾਕੀ ਹਰ ਚੀਜ਼ ਸਮੇਤ ਜਹਾਜ਼ਾਂ ਦੇ ਇਸ ਪੂਰੇ ਬੇੜੇ ਨੂੰ ਵੀ ਹਜ਼ਮ ਕਰ ਲੈਣਾ ਚਾਹੀਦਾ ਹੈ ਅਤੇ ਸਾਨੂੰ ਕੋਈ ਮੁਸ਼ਕਲ ਨਹੀਂ ਹੋਵੇਗੀ?

3. ਪੱਤਰਕਾਰ ਅਤੇ ਕਾਰਕੁੰਨ ਗੌਰੀ ਲੰਕੇਸ਼ ਦੇ ਕਤਲ ਦੀ ਕਰਨਾਟਕਾ ਪੁਲਿਸ ਵੱਲੋਂ ਜਾਂਚ ਕੀਤੇ ਜਾਣ ਨਾਲ ਬਹੁਤ ਸਾਰੀਆਂ ਗ੍ਰਿਫ਼ਤਾਰੀਆਂ ਹੋਈਆਂ ਹਨ ਜਿਸ ਦੇ ਸਿੱਟੇ ਵਜੋਂ ਸਨਾਤਨ ਸੰਸਥਾਵ ਵਰਗੀਆਂ ਕਈ ਸੱਜੇਪੱਖੀ ਹਿੰਦੂਤਵ ਜਥੇਬੰਦੀਆਂ ਦੀਆਂ ਸਰਗਰਮੀਆਂ ਬੇਨਕਾਬ ਹੋ ਗਈਆਂ ਹਨ।

ਇਸ ਨਾਲ ਇਕ ਗੁਪਤ, ਭਰਵੇਂ ਦਹਿਸ਼ਤੀ ਤਾਣੇਬਾਣੇ ਦਾ ਵਜੂਦ ਸਾਹਮਣੇ ਆਇਆ ਹੈ, ਜਿਸ ਕੋਲ ਹਿਟ ਲਿਸਟਾਂ, ਹਥਿਆਰ, ਗੋਲੀ-ਸਿੱਕੇ ਅਤੇ ਲੋਕਾਂ ਨੂੰ ਬੰਬ ਧਮਾਕਿਆਂ, ਕਤਲਾਂ ਅਤੇ ਜ਼ਹਿਰ ਦੇਕੇ ਮਾਰ ਮੁਕਾਉਣ ਦੀਆਂ ਯੋਜਨਾਵਾਂ ਅਤੇ ਮਹਿਫ਼ੂਜ਼ ਟਿਕਾਣਿਆਂ ਦਾ ਪੂਰਾ ਤੰਤਰ ਹੈ। ਐਸੇ ਕਿੰਨੇ ਗਰੁੱਪ ਇਸ ਕੰਮ ਵਿਚ ਜੁੱਟੇ ਹੋਏ ਹਨ ਅਤੇ ਕਿੰਨੇ ਇਸ ਗੁਪਤ ਨੂੰ ਲਗਾਤਾਰ ਅੰਜਾਮ ਦੇ ਰਹੇ ਹਨ? ਆਪਣੇ ਸਿਰ ਉੱਪਰ ਡਾਹਢਿਆਂ ਅਤੇ ਸੰਭਵ ਤੌਰ 'ਤੇ ਪੁਲਿਸ ਦੇ ਹੱਥ ਦੀ ਯਕੀਨਦਹਾਨੀ ਨਾਲ ਉਹਨਾਂ ਨੇ ਸਾਡੇ ਬਾਰੇ ਕੀ ਯੋਜਨਾਵਾਂ ਬਣਾ ਰੱਖੀਆਂ ਹਨ? ਇਹ ਕੋਈ ਨਹੀਂ ਜਾਣਦਾ। ਕਿਹੜੇ ਜਾਅਲੀ ਹਮਲੇ ਹੋਣਗੇ? ਕਿਹੜੇ ਅਸਲੀ? ਇਹ ਕਿੱਥੇ ਹੋਣਗੇ? ਕੀ ਇਹ ਕਸ਼ਮੀਰ ਵਿਚ ਹੋਣਗੇ? ਅਯੁੱਧਿਆ ਵਿਚ ਹੋਣਗੇ? ਕੁੰਭ ਮੇਲੇ 'ਤੇ ਹੋਣਗੇ? ਉਹ ਕਿੰਨਾ ਸੌਖੇ ਢੰਗ ਨਾਲ ਕਿਸੇ ਵੱਡੇ, ਜਾਂ ਨਿੱਕੇ ਜਹੇ ਹਮਲੇ ਜਿਸ ਨੂੰ ਗੋਦੀ ਮੀਡੀਆ ਸਮੂਹਾਂ ਵੱਲੋਂ ਬਹੁਤ ਹੀ ਵਧਾ-ਚੜਾਕੇ ਪੇਸ਼ ਕੀਤਾ ਜਾਂਦਾ ਹੈ, ਦੀ ਮੱਦਦ ਨਾਲ ਹਰ ਚੀਜ਼ ਨੂੰ ਲੀਹੋਂ ਲਾਹ ਸਕਦੇ ਹਨ, ਹਰ ਚੀਜ਼ ਨੂੰ। ਇਸ ਤੋਂ, ਜੋ ਕਿ ਅਸਲ ਖ਼ਤਰਾ ਹੈ, ਧਿਆਨ ਹਟਾਉਣ ਲਈ ਤਾਜ਼ਾ ਗ੍ਰਿਫ਼ਤਾਰੀਆਂ ਨੂੰ ਲੈਕੇ ਹੋ-ਹੱਲਾ ਮਚਾਇਆ ਜਾ ਰਿਹਾ ਹੈ।

4. ਜਿਸ ਤੇਜ਼ੀ ਨਾਲ ਵਿਦਿਅਕ ਸੰਸਥਾਵਾਂ ਨੂੰ ਤੋੜਿਆ ਜਾ ਰਿਹਾ ਹੈ। ਬਿਹਤਰੀਨ ਰਿਕਾਰਡ ਵਾਲੀਆਂ ਯੂਨੀਵਰਸਿਟੀਆਂ ਨੂੰ ਨਸ਼ਟ ਕੀਤਾ ਜਾ ਰਿਹਾ ਹੈ, ਐਸੀਆਂ ਨਕਲੀ ਯੂਨੀਵਰਸਿਟੀਆਂ ਨੂੰ ਸ਼੍ਰੇਸਟ ਦੱਸਿਆ ਜਾ ਰਿਹਾ ਹੈ ਜਿਹਨਾਂ ਦੀ ਹੋਂਦ ਕੇਵਲ ਕਾਗਜ਼ਾਂ ਵਿਚ ਹੈ। ਇਹ ਸਾਡੇ ਸਾਰਿਆਂ ਲਈ ਸਭ ਤੋਂ ਦੁਖਦਾਈ ਹੈ। ਇਹ ਕਈ ਤਰੀਕਿਆਂ ਨਾਲ ਹੋ ਰਿਹਾ ਹੈ। ਸਾਡੀਆਂ ਅੱਖਾਂ ਸਾਹਮਣੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਖੇਰੂੰ-ਖੇਰੂੰ ਕੀਤੀ ਜਾ ਰਹੀ ਹੈ। ਵਿਦਿਆਰਥੀ ਅਤੇ ਅਧਿਆਪਕ ਲਗਾਤਾਰ ਹਮਲਿਆਂ ਦੀ ਮਾਰ ਹੇਠ ਹਨ। ਬਹੁਤ ਸਾਰੇ ਚੈਨਲ ਕੂੜ-ਪ੍ਰਚਾਰ ਅਤੇ ਜਾਅਲੀ ਵੀਡੀਓ ਫੈਲਾਉਣ ਵਿਚ ਸਰਗਰਮ ਹਿੱਸੇਦਾਰ ਹਨ ਜਿਹਨਾਂ ਨੇ ਵਿਦਿਆਰਥੀਆਂ ਦੀ ਜ਼ਿੰਦਗੀ ਹੀ ਖ਼ਤਰੇ ਵਿਚ ਪਾ ਦਿੱਤੀ ਹੈ। ਨੌਜਵਾਨ ਸਕਾਲਰ ਉਮਰ ਖ਼ਾਲਿਦ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ ਜਿਸ ਨੂੰ ਬੇਕਿਰਕੀ ਨਾਲ ਬਦਨਾਮ ਕੀਤਾ ਗਿਆ ਅਤੇ ਉਸ ਦੇ ਬਾਰੇ ਝੂਠ ਫੈਲਾਏ ਗਏ।

ਇਸ ਤੋਂ ਅੱਗੇ ਇਤਿਹਾਸ ਵਿਚ ਖੋਟ ਰਲਾਇਆ ਜਾ ਰਿਹਾ ਹੈ ਅਤੇ ਸਿਲੇਬਸ ਉੱਪਰ ਬੇਵਕੂਫ਼ੀਆਂ ਲੱਦੀਆਂ ਜਾ ਰਹੀਆਂ ਹਨ। ਇਸ ਨਾਲ ਬਸ ਥੋੜੇ ਸਾਲਾਂ ਵਿਚ ਹੀ ਐਸਾ ਬੌਣਾਪਣ ਛਾ ਜਾਵੇਗਾ ਜਿਸ ਵਿੱਚੋਂ ਅਸੀਂ ਨਿਕਲ ਨਹੀਂ ਸਕਾਂਗੇ। ਅੰਤ ਵਿਚ, ਸਿੱਖਿਆ ਦਾ ਨਿੱਜੀਕਰਨ ਉਸ ਨਿਗੂਣੇ ਜਹੇ ਲਾਭ ਦਾ ਵੀ ਭੋਗ ਪਾ ਰਿਹਾ ਹੈ ਜੋ ਰਾਖਵੇਂਕਰਨ ਦੀ ਨੀਤੀ ਨਾਲ ਹਾਸਲ ਹੋਇਆ ਸੀ। ਅਸੀਂ ਸਿੱਖਿਆ ਦਾ ਦੁਬਾਰਾ ਬ੍ਰਾਹਮਣੀਕਰਨ ਹੁੰਦਾ ਦੇਖ ਰਹੇ ਹਾਂ, ਇਸ ਵਾਰ ਇਹ ਕਾਰਪੋਰੇਟ ਜਾਮੇ ਵਿਚ ਹੈ। ਦਲਿਤ, ਆਦਿਵਾਸੀ ਅਤੇ ਓ.ਬੀ.ਸੀ. ਨੂੰ ਇਕ ਵਾਰ ਫਿਰ ਗਿਆਨ ਦੀਆਂ ਸੰਸਥਾਵਾਂ ਵਿੱਚੋਂ ਕੱਢਿਆ ਜਾ ਰਿਹਾ ਹੈ ਕਿਉਂਕਿ ਉਹ ਫ਼ੀਸਾਂ ਨਹੀਂ ਦੇ ਸਕਦੇ । ਇਹ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ। ਇਹ ਉੱਕਾ ਹੀ ਨਾਮਨਜ਼ੂਰ ਚੀਜ਼ ਹੈ।

5. ਖੇਤੀਬਾੜੀ ਖੇਤਰ ਵਿਚ ਵਿਆਪਕ ਮੰਦਵਾੜਾ ਹੈ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ, ਮੁਸਲਮਾਨਾਂ ਨੂੰ ਕੁੱਟ-ਕੁੱਟਕੇ ਮਾਰਨ ਅਤੇ ਦਲਿਤਾਂ ਉੱਪਰ ਬੇਰਹਿਮੀ ਨਾਲ ਹਮਲੇ ਤੇ ਜਨਤਕ ਤੌਰ 'ਤੇ ਚਾਬੁਕ ਮਾਰੇ ਜਾਣ ਦੀਆਂ ਵਾਰਦਾਤਾਂ ਦੀ ਗਿਣਤੀ ਵੱਧ ਰਹੀ ਹੈ, ਭੀਮ ਆਰਮੀ ਦੇ ਆਗੂ ਚੰਦਰਸ਼ੇਖਰ ਆਜ਼ਾਦ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਸਨੇ ਉੱਚ ਜਾਤੀਆਂ ਦੇ ਹਮਲਿਆਂ ਨਾਲ ਮੱਥਾ ਲਾਉਣ ਦਾ ਜੇਰਾ ਕੀਤਾ ਸੀ। ਐੱਸ.ਸੀ.ਐੱਸ.ਟੀ. ਉੱਪਰ ਜ਼ੁਲਮਾਂ ਨੂੰ ਰੋਕਣ ਲਈ ਕਾਨੂੰਨ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਐਨਾ ਕੁਝ ਕਹਿਕੇ ਮੈਂ ਤਾਜ਼ਾ ਗ੍ਰਿਫ਼ਤਾਰੀਆਂ ਵੱਲ ਆਉਂਦੀ ਹਾਂ।

ਮੰਗਲਵਾਰ ਨੂੰ ਗ੍ਰਿਫ਼ਤਾਰ ਕੀਤੇ ਗਏ ਪੰਜਾਂ - ਵਰਨੋਨ ਗੋਂਜ਼ਾਲਵੇਜ਼, ਅਰੁਣ ਫਰੇਰਾ, ਸੁਧਾ ਭਾਰਦਵਾਜ, ਵਰਾਵਰਾ ਰਾਓ ਅਤੇ ਗੌਤਮ ਨਵਲੱਖਾ - ਵਿੱਚੋਂ ਕੋਈ ਵੀ 31 ਦਸੰਬਰ 2017 ਦੀ ਐਲਗਾਰ ਪ੍ਰੀਸ਼ਦ ਰੈਲੀ ਜਾਂ ਇਸ ਤੋਂ ਅਗਲੇ ਦਿਨ ਹੋਈ ਰੈਲੀ ਵਿਖੇ ਮੌਜੂਦ ਨਹੀਂ ਸੀ ਜਦੋਂ 3 ਲੱਖ ਦੇ ਕਰੀਬ ਲੋਕ, ਜ਼ਿਆਦਾਤਰ ਦਲਿਤ, ਭੀਮਾ-ਕੋਰੇਗਾਓਂ ਫ਼ਤਹਿ ਦੀ 200ਵੀਂ ਵਰੇਗੰਢ ਮਨਾਉਣ ਲਈ ਇਕੱਠੇ ਹੋਏ। (ਦਲਿਤ ਜਾਬਰ ਪੇਸ਼ਵਾ ਰਾਜ ਨੂੰ ਹਰਾਉਣ ਲਈ ਬਰਤਾਨਵੀਆ ਦੀ ਫ਼ੌਜ ਵਿਚ ਸ਼ਾਮਲ ਹੋ ਗਏ ਸਨ। ਇਹ ਉਹਨਾਂ ਚੰਦ ਜਿੱਤਾਂ ਵਿੱਚੋਂ ਇਕ ਸੀ ਜਿਹਨਾਂ ਦਾ ਦਲਿਤ ਮਾਣ ਨਾਲ ਜਸ਼ਨ ਮਨਾ ਸਕਦੇ ਹਨ।)

ਐਲਗਾਰ ਪ੍ਰੀਸ਼ਦ ਦੋ ਉੱਘੇ ਸੇਵਾਮੁਕਤ ਜੱਜਾਂ, ਜਸਟਿਸ ਪੀ.ਸੀ.ਸਾਵੰਤ ਅਤੇ ਜਸਟਿਸ ਕੋਲਸੇ ਪਾਟਿਲ, ਵੱਲੋਂ ਜਥੇਬੰਦ ਕੀਤੀ ਗਈ ਸੀ। ਅਗਲੇ ਦਿਨ ਹੋਈ ਰੈਲੀ ਉੱਪਰ ਹਿੰਦੂਤਵ ਜਨੂੰਨੀਆਂ ਨੇ ਹਮਲਾ ਕੀਤਾ ਜਿਸ ਨਾਲ ਦਿਨਾਂ ਤਕ ਅਸ਼ਾਂਤੀ ਬਣੀ ਰਹੀ। ਇਸ ਦੇ ਦੋ ਮੁੱਖ ਦੋਸ਼ੀ ਮਿਲਿੰਦ ਏਕਬੋਟੇ ਅਤੇ ਸੰਭਾਜੀ ਭੀੜੇ ਹਨ। ਦੋਵੇਂ ਅਜੇ ਵੀ ਖੁੱਲੇ ਤੁਰੇ ਫਿਰਦੇ ਹਨ। ਇਹਨਾਂ ਦੇ ਇਕ ਹਮਾਇਤੀ ਵੱਲੋਂ ਦਰਜ ਕਰਾਈ ਐੱਫ.ਆਈ.ਆਰ. ਤੋਂ ਬਾਦ, ਜੂਨ 2018 ਵਿਚ ਪੁਣੇ ਪੁਲਿਸ ਨੇ ਪੰਜ ਕਾਰਕੁੰਨਾਂ - ਰੋਨਾ ਵਿਲਸਨ, ਸੁਧੀਰ ਧਾਵਲੇ,






ਸ਼ੋਮਾ ਸੇਨ, ਮਹੇਸ਼ ਰਾਵਤ ਅਤੇ ਵਕੀਲ ਸੁਰਿੰਦਰ ਗਾਡਲਿੰਗ – ਨੂੰ ਗ੍ਰਿਫ਼ਤਾਰ ਕਰ ਲਿਆ। ਉਹਨਾਂ ਉੱਪਰ ਰੈਲੀ ਵਿਖੇ ਹਿੰਸਾ ਦੀ ਸਾਜ਼ਿਸ਼ ਰਚਣ ਅਤੇ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਇਲਜ਼ਾਮ ਲਗਾਇਆ ਗਿਆ। ਉਹਨਾਂ ਨੂੰ ਕਾਲਾ ਕਾਨੂੰਨ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ ਲਗਾਕੇ ਹਿਰਾਸਤ ਵਿਚ ਰੱਖਿਆ ਹੋਇਆ ਹੈ। ਚੰਗੇ ਭਾਗਾਂ ਨੂੰ ਉਹਨਾਂ ਨਾਲ ਇਸ਼ਰਤ ਜਹਾਂ, ਸੋਹਰਾਬੂਦੀਨ ਅਤੇ ਕੌਸਰ ਬੀ ਵਾਲੀ ਨਹੀਂ ਹੋਈ ਅਤੇ ਉਹ ਅਜੇ ਜਿਊਂਦੇ ਹਨ ਜਿਹਨਾਂ ਉੱਪਰ ਬਹੁਤ ਸਾਲ ਪਹਿਲਾਂ ਇਸੇ ਜੁਰਮ ਦਾ ਇਲਜ਼ਾਮ ਲਗਾਇਆ ਗਿਆ ਸੀ, ਪਰ ਉਹ ਮੁਕੱਦਮਾ ਦੇਖਣ ਲਈ ਜਿਊਂਦੇ ਨਾ ਰਹੇ।

ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਅਤੇ ਭਾਜਪਾ ਦੋਨਾਂ ਸਰਕਾਰਾਂ ਲਈ ਇਹ ਮਹੱਤਵਪੂਰਨ ਬਣਿਆ ਹੋਇਆ ਹੈ ਕਿ ਆਦਿਵਾਸੀਆਂ ਉੱਪਰ ਆਪਣੇ ਹਮਲਿਆਂ ਅਤੇ ਹੁਣ ਭਾਜਪਾ ਵੱਲੋਂ ਦਲਿਤਾਂ ਉੱਪਰ ਆਪਣੇ ਹਮਲਿਆਂ ਨੂੰ ਮਾਓਵਾਦੀਆਂ ਜਾਂ ਨਕਸਲੀਆਂ ਉੱਪਰ ਹਮਲਿਆਂ ਦੇ ਭੇਖ ਵਿਚ ਅੰਜਾਮ ਦਿੱਤਾ ਜਾਵੇ। ਇਸਦਾ ਕਾਰਨ ਇਹ ਹੈ ਕਿ ਮੁਸਲਮਾਨਾਂ ਦੇ ਉਲਟ ਜਿਹਨਾਂ ਦਾ ਚੁਣਾਵੀ ਗਣਿਤ ਵਿੱਚੋਂ ਤਕਰੀਬਨ ਨਾਮੋਨਿਸ਼ਾਨ ਹੀ ਮਿਟਾ ਦਿੱਤਾ ਗਿਆ ਹੈ, ਸਾਰੀਆਂ ਸਿਆਸੀ ਪਾਰਟੀਆਂ ਦੀ ਅੱਖ ਸੰਭਾਵੀ ਵੋਟ ਬੈਂਕ ਦੇ ਤੌਰ ’ਤੇ ਆਦਿਵਾਸੀ ਅਤੇ ਦਲਿਤ ਵੋਟਾਂ ਉੱਪਰ ਹੈ। ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰਕੇ ਅਤੇ ਉਹਨਾਂ ਨੂੰ ਮਾਓਵਾਦੀ ਕਰਾਰ ਦੇਕੇ ਸਰਕਾਰ ਦਲਿਤ ਰੀਝ ਨੂੰ ਇਕ ਹੋਰ ਨਾਂ ਦੇਕੇ ਇਸ ਨੂੰ ਸੱਟ ਮਾਰਨ ਅਤੇ ਅਪਮਾਨਿਤ ਕਰਨ ਦਾ ਜੁਗਾੜ ਕਰ ਰਹੀ ਹੈ – ਨਾਲ ਦੀ ਨਾਲ ਦਲਿਤ ਮੁੱਦਿਆਂ ਪ੍ਰਤੀ ਸੰਵੇਦਨਸ਼ੀਲ ਹੋਣ ਦਾ ਦਿਖਾਵਾ ਵੀ ਕਰ ਰਹੀ ਹੈ। ਅੱਜ, ਜਦੋਂ ਅਸੀਂ ਬੋਲ ਰਹੇ ਹਾਂ, ਪੂਰੇ ਮੁਲਕ ਵਿਚ ਹਜ਼ਾਰਾਂ ਲੋਕ ਜੇਲਾਂ ਵਿਚ ਬੰਦ ਹਨ, ਗ਼ਰੀਬ ਅਤੇ ਵਾਂਝੇ ਲੋਕ ਜੋ ਆਪਣੇ ਘਰਾਂ, ਆਪਣੀ ਜ਼ਮੀਨ, ਆਪਣੇ ਮਾਣ-ਸਨਮਾਨ ਲਈ ਲੜ ਰਹੇ ਹਨ – ਉਹ ਲੋਕ ਜਿਹਨਾਂ ਉੱਪਰ ਰਾਜਧ੍ਰੋਹ ਦਾ ਇਲਜ਼ਾਮ ਹੈ ਅਤੇ ਹੋਰ ਵੀ ਮਾੜੀ ਗੱਲ, ਉਹ ਬਿਨਾ ਮੁਕੱਦਮੇ ਚਲਾਏ ਜੇਲਾਂ ਵਿਚ ਤੁੰਨੇ ਹੋਏ ਸੜ ਰਹੇ ਹਨ।

ਦਸ ਲੋਕਾਂ-ਤਿੰਨ ਵਕੀਲਾਂ ਅਤੇ ਸੱਤ ਉੱਘੇ ਕਾਰਕੁੰਨਾਂ- ਦੀ ਗ੍ਰਿਫ਼ਤਾਰੀ ਨਾਲ ਨਿਤਾਣੇ ਲੋਕਾਂ ਲਈ ਨਿਆਂ ਜਾਂ ਕਾਨੂੰਨੀ ਨੁਮਾਇੰਦਗੀ ਦੀ ਉਮੀਦ ਨੂੰ ਹੀ ਖ਼ਤਮ ਕਰ ਦਿੱਤਾ ਗਿਆ ਹੈ। ਕਿਉਂਕਿ ਇਹ ਉਹਨਾਂ ਦੀ ਨੁਮਾਇੰਦਗੀ ਕਰ ਰਹੇ ਸਨ। ਕਈ ਸਾਲ ਪਹਿਲਾਂ, ਜਦੋਂ ਬਸਤਰ ਵਿਚ ਸਲਵਾ ਜੂਡਮ ਨਾਂ ਦੀ ਚੌਕਸੀ ਸੈਨਾ ਬਣਾਈ ਗਈ ਅਤੇ ਇਸ ਵੱਲੋਂ ਲੋਕਾਂ ਦੀਆਂ ਹੱਤਿਆਵਾਂ ਕਰਦਿਆਂ ਅਤੇ ਪੂਰੇ ਦੇ ਪੂਰੇ ਪਿੰਡ ਸਾੜਕੇ ਸੁਆਹ ਕਰਦਿਆਂ ਕਹਿਰ ਵਰਤਾਇਆ ਗਿਆ, ਉਦੋਂ ਪੀ.ਯੂ.ਸੀ.ਐੱਲ. (ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬਰਟੀਜ਼) ਛੱਤੀਸਗੜ੍ਹ ਦੇ ਜਨਰਲ ਸਕੱਤਰ ਡਾ. ਬਿਨਾਇਕ ਸੇਨ ਨੇ ਪੀੜਤਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਜਦੋਂ ਬਿਨਾਇਕ ਸੇਨ ਨੂੰ ਜੇਲ ਵਿਚ ਡੱਕ ਦਿੱਤਾ ਗਿਆ ਤਾਂ ਉਸਦੀ ਥਾਂ ਸੁਧਾ ਭਾਰਦਵਾਜ ਨੇ ਲੈ ਲਈ ਜੋ ਇਕ ਵਕੀਲ ਹੈ ਅਤੇ ਸਾਲਾਂ ਤੋਂ ਉਸ ਇਲਾਕੇ ਵਿਚ ਕੰਮ ਕਰ ਰਹੀ ਟਰੇਡ ਯੂਨੀਅਨ ਆਗੂ ਹੈ। ਪ੍ਰੋਫੈਸਰ ਸਾਈਬਾਬਾ, ਜਿਸਨੇ ਬਸਤਰ ਵਿਚ ਨੀਮ-ਫ਼ੌਜੀ ਕਾਰਵਾਈਆਂ ਵਿਰੁੱਧ ਬੇਧੜਕ ਹੋਕੇ ਮੁਹਿੰਮ ਚਲਾਈ, ਬਿਨਾਇਕ ਸੇਨ ਦੇ ਹੱਕ ’ਚ ਵੀ ਖੜ੍ਹੇ ਹੋਏ। ਜਦੋਂ ਉਹਨਾਂ ਨੇ ਸਾਈਬਾਬਾ ਨੂੰ ਗ੍ਰਿਫ਼ਤਾਰ ਕਰ ਲਿਆ, ਰੋਨਾ ਵਿਲਸਨ ਉਸਦੇ ਹੱਕ ਵਿਚ ਖੜ੍ਹੇ ਹੋਏ। ਸੁਰਿੰਦਰ ਗਾਡਲਿੰਗ ਸਾਈਬਾਬਾ ਦੇ ਵਕੀਲ ਸਨ। ਜਦੋਂ ਉਹਨਾਂ ਨੇ ਰੋਨਾ ਵਿਲਸਨ ਅਤੇ ਸੁਰਿੰਦਰ ਗਾਡਲਿੰਗ ਨੂੰ ਗ੍ਰਿਫ਼ਤਾਰ ਕਰ ਲਿਆ, ਸੁਧਾ ਭਾਰਦਵਾਜ, ਗੌਤਮ ਨਵਲੱਖਾ ਆਦਿ ਉਹਨਾਂ ਦੇ ਹੱਕ ਵਿਚ ਡੱਟ ਗਏ... ਅਤੇ ਇੰਞ ਇਹ ਸਿਲਸਿਲਾ ਚੱਲ ਰਿਹਾ ਹੈ।

ਨਿਤਾਣਿਆਂ ਨੂੰ ਘੇਰਾ ਘੱਤਿਆ ਜਾ ਰਿਹਾ ਹੈ ਅਤੇ ਖ਼ਾਮੋਸ਼ ਕੀਤਾ ਜਾ ਰਿਹਾ ਹੈ। ਜੋ ਆਵਾਜ਼ ਉਠਾਉਂਦੇ ਹਨ ਉਹਨਾਂ ਨੂੰ ਜੇਲਾਂ ਵਿਚ ਸੁੱਟਿਆ ਜਾ ਰਿਹਾ ਹੈ।

ਪ੍ਰਮਾਤਮਾ ਬਚਾਏ ਇਸ ਮੁਲਕ ਨੂੰ!

# ਸਰ੍ਹੀ ਸ਼ਹਿਰ ਦੀਆਂ ਪਿਛਲੇ ਮਹੀਨੇ ਦੀਆਂ ਸਰਗਰਮੀਆਂ

## ਗ੍ਰਿਫ਼ਤਾਰ ਕੀਤੇ ਪੰਜ ਕਾਰਕੁੰਨਾਂ ਨੂੰ ਰਿਹਾ ਕਰੋ

31 ਅਗਸਤ ਨੂੰ IAPI (Indian Abroad for Pluralist India) ਵਲੋਂ ਹਾਲੈਂਡ ਪਾਰਕ ਵਿੱਚ ਸ਼ਾਮ ਦੇ 6:30 ਵਜੇ ਭਾਰਤ ਵਿੱਚ ਵਕੀਲ, ਬੁੱਧੀਜੀਵੀ ਅਤੇ ਸਮਾਜਿਕ ਕਾਰਕੁੰਨਾਂ ਦੀਆਂ ਹੋ ਰਹੀਆਂ ਗ੍ਰਿਫ਼ਤਾਰੀਆਂ ਦੇ ਸਬੰਧ ਵਿੱਚ ਰੈਲੀ ਕੀਤੀ ਗਈ। ਭਾਰਤ ਵਿੱਚ ਗਰੀਬ, ਦਲਿਤਾਂ, ਕਾਮਿਆਂ ਤੇ ਦੱਬੇ ਕੁਚਲਿਆਂ ਦੀ ਬਾਂਹ ਫੜਨ ਵਾਲੇ ਬੁੱਧੀਜੀਵੀ ਜੋ ਉਹਨਾਂ ਦੀ ਅਵਾਜ਼ ਉਠਾਉਣੀ ਚਾਹੁੰਦੇ ਹਨ, ਭਾਰਤ ਦੀ ਫਾਸ਼ੀਵਾਦੀ ਸਰਕਾਰ ਉਹਨਾਂ ਤੇ ਜ਼ੁਲਮ ਢਾਹ ਰਹੀ ਹੈ, ਉਹਨਾਂ ਨੂੰ ਫੜ ਕੇ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਇਸ ਰੈਲੀ ਨੂੰ ਜਥੇਬੰਦੀ ਦੇ ਨੁਮਾਇੰਦੇ ਗੁਰਪ੍ਰੀਤ ਨੇ ਪਹਿਲੇ ਪੰਜ ਤੇ ਹੋਰ ਬੁੱਧੀਜੀਵੀ ਜਿਨ੍ਹਾਂ ਦੇ ਘਰਾਂ ਤੇ ਛਾਪੇ 28 ਅਗਸਤ ਨੂੰ ਮਾਰੇ ਗਏ ਸਨ, ਉਹਨਾਂ ਬਾਰੇ ਦੱਸਿਆ ਅਤੇ ਸਰਕਾਰ ਦੀਆਂ ਘਿਨਾਉਣੀਆਂ ਚਾਲਾਂ ਦਾ ਸੰਖੇਪ ਵਿੱਚ ਖੁਲਾਸਾ ਕੀਤਾ ਅਤੇ ਰੈਲੀ ਦੀ ਸ਼ੁਰੂਆਤ ਕੀਤੀ। ਸਭ ਤੋਂ ਪਹਿਲਾਂ ਅੰਮ੍ਰਿਤ ਦਿਵਾਨਾ ਨੇ ਡਾ. ਜਗਤਾਰ ਦੀ ਗ਼ਜ਼ਲ ‘ਹਰ ਮੋੜ ‘ਤੇ ਸਲੀਬਾਂ’, ਹਰ ਪੈਰ ਤੇ ਹਨੇਰਾ, ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ’ ਸਰੋਤਿਆਂ ਨਾਲ ਸਾਂਝੀ ਕੀਤੀ। ਚਿਨ ਬੈਨਰਜੀ ਨੇ ਸੰਸਦ ਅਤੇ ਹੋਰ ਜਥੇਬੰਦੀਆਂ ਵਲੋਂ ਕੱਢੀ ਗਈ ਸਾਂਝੀ ਸਟੇਟਮੈਂਟ ਉਲੋਕਤੰਤਰ ਖਤਰੇ ਵਿੱਚ, ਭਾਰਤ ਵਿੱਚ ਅਣ-ਐਲਾਨੀ ਐਮਰਜੈਂਸੀ” ਡੀਟੇਲ ਵਿੱਚ ਪੜ੍ਹ ਕੇ ਸੁਣਾਈ ਤੇ ਆਪਣੇ ਵਿਚਾਰ ਪੇਸ਼ ਕੀਤੇ। ਨੌਜਵਾਨ ਰਾਕੇਸ਼ ਕੁਮਾਰ ਨੇ ਬਹੁਤ ਹੀ ਭਾਵ ਪੂਰਤ ਸ਼ਬਦਾਂ ਵਿੱਚ ਭਾਜਪਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਖੰਘਾਲਿਆ ਤੇ ਹੋ ਰਹੇ ਵਰਤਾਰੇ ਬਾਰੇ ਚਿੰਤਾ ਪ੍ਰਗਟ ਕੀਤੀ ਕਿ ਜੇ ਇਵੇਂ ਚਲਦਾ ਰਿਹਾ ਤਾਂ ਲੋਕਾਂ ਦਾ ਜੀਣਾ ਹੋਰ ਵੀ ਦੁੱਭਰ ਹੋ ਜਾਵੇਗਾ। ਕੈਨੇਡੀਅਨ ਕਮਿਊਨਿਟੀ ਦੀ ਕਾਰਕੁੰਨ ਪੀ ਜੇ ਲਿੱਲੀ ਨੇ ਕੈਨੇਡਾ ਦੇ ਹਵਾਲੇ ਨਾਲ ਇੱਥੇ ਵੀ ਗਰੀਬਾਂ ਦੇ ਨਾਲ ਹੋ ਰਹੇ ਧੱਕੇ ਬਾਰੇ ਦੱਸਿਆ। ਉਸਨੇ ਵੀ ਭਾਰਤ ਵਿੱਚ ਸ਼ਹਿਰੀ ਅਜ਼ਾਦੀ ਤੇ ਹੋ ਰਹੇ ਹਮਲਿਆਂ ਦੀ ਨਿਖੇਧੀ ਕੀਤੀ ਅਤੇ ਦੱਸਿਆ ਕਿ ਕੈਨੇਡਾ ਵਿੱਚ ਕਿੰਡਰ ਮੌਰਗਨ ਪਾਈਪ ਲਾਈਨ ਦੇ ਘੋਲ ਵਿੱਚ ਧਰਨੇ ਤੇ ਬੈਠੇ ਲੋਕਾਂ ਨੂੰ ਕਿਵੇਂ ਧੱਕੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸਦਾ ਕਹਿਣਾ ਸੀ ਕਿ ਸਰਕਾਰ ਕਿਸੇ ਥਾਂ ਦੀ ਵੀ ਹੋਵੇ ਉਹ ਗਰੀਬਾਂ ਦੇ ਨਾਲ ਧੱਕਾ ਹੀ ਕਰਦੀ ਹੈ।ਦਲਿਤ ਜਥੇਬੰਦੀ ਵਲੋਂ ਰੂਪ ਲਾਲ ਗੇਦੂ ਨੇ ਭਾਰਤ ਵਿੱਚ ਦਲਿਤਾਂ, ਘੱਟ ਗਿਣਤੀਆਂ, ਮੁਸਲਮਾਨਾਂ ਨਾਲ ਹੋ ਰਹੇ ਮਤਰੇਈ ਮਾਂ ਵਾਲੇ ਸਲੂਕ ਦੀ ਨਿਖੇਧੀ ਕੀਤੀ। ਤਰਕਸ਼ੀਲ ਕਲਚਰਲ ਸੁਸਾਇਟੀ ਦੇ ਪ੍ਰਧਾਨ ਅਵਤਾਰ ਗਿੱਲ ਨੇ ਵੀ ਮੋਦੀ ਦੀ ਫਾਸ਼ੀਵਾਦੀ ਸਰਕਾਰ ਦੀਆਂ ਮਨਮਾਨੀਆਂ ਜੋ ਲੋਕ ਵਿਰੋਧੀ ਗਤੀ ਵਿਧੀਆਂ ਦਾ ਕੋਝਾ ਰੂਪ ਅਖਤਿਆਰ ਕਰ ਰਹੀਆਂ ਹਨ, ਬਾਰੇ ਚਿੰਤਾ ਪ੍ਰਗਟ ਕੀਤੀ ਤੇ ਲੋਕਾਂ ਨੂੰ ਇੱਕਮੁੱਠ ਹੋਣ ਦਾ ਸੁਨੇਹਾ ਵੀ ਦਿੱਤਾ। ਪਰਮਿੰਦਰ ਸਵੈਚ ਨੇ ਜਿੱਥੇ ਮੋਹਤਬਰ ਕਾਰਕੁੰਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਵਿਰੋਧ ਕੀਤਾ ਉੱਥੇ ਇਸ ਗੱਲ ਦੀ ਆਸ ਵੀ ਪ੍ਰਗਟਾਈ ਕਿ ਭਾਰਤ ਦੇ ਤਕਰੀਬਨ ਸਾਰੇ ਹੀ ਵੱਡੇ ਸ਼ਹਿਰਾਂ ਵਿੱਚ ਅਤੇ ਦੂਸਰੇ ਦੇਸ਼ਾਂ ਵਿੱਚ ਵੀ ਲੋਕ ਇਨ੍ਹਾਂ ਦੀ ਰਿਹਾਈ ਲਈ ਥਾਂ ਥਾਂ ਤੇ ਰੈਲੀਆਂ ਕਰ ਰਹੇ ਹਨ। ਅਗਰ ਲੋਕ ਆਪਣੇ ਹੱਕਾਂ ਲਈ ਜਾਗਰੂਕ ਹੋ ਰਹੇ ਹਨ ਤਾਂ ਉਹ ਇਹੋ ਜਿਹੇ ਮਨੁੱਖਤਾ ਦੇ ਵੈਰੀਆਂ ਨਾਲ ਆਢਾ ਵੀ ਲੈ ਸਕਣਗੇ। ਸਾਨੂੰ ਆਪਣਾ ਫਰਜ਼ ਨਿਭਾਉਂਦੇ ਹੋਏ ਉਹਨਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਭੁਪਿੰਦਰ ਮੱਲ੍ਹੀ ਨੇ ਵੀ ਥੋੜ੍ਹੇ ਸ਼ਬਦਾਂ ਵਿੱਚ ਮੋਦੀ ਸਰਕਾਰ ਦੇ ਕਾਲੇ ਕਾਰਨਾਮਿਆਂ ਦੀ ਨਿਖੇਧੀ ਕੀਤੀ ਤੇ ਬੁੱਧੀਜੀਵੀਆਂ ਨੂੰ ਰਿਹਾ ਕਰਨ ਦੀ ਮੰਗ ਕੀਤੀ। ਸਰਬਜੀਤ ਬਾਜ਼ ਨੇ ਇੱਕ ਗੀਤ ਸਾਂਝਾ ਕੀਤਾ ਅਤੇ ਅੰਤ ਵਿੱਚ ਪ੍ਰਸ਼ੋਤਮ ਦੁਸਾਂਝ ਨੇ ਜਥੇਬੰਦੀ ਵਲੋਂ ਸਾਰਿਆਂ ਦਾ ਧੰਨਵਾਦ ਕੀਤਾ ਕਿ ਸਭ ਨੇ ਸਮਾਂ ਕੱਢ ਕੇ ਇਸ ਰੈਲੀ ਵਿੱਚ ਹਿੱਸਾ ਲਿਆ ਹੈ। ਅੰਤ ਵਿੱਚ ਗੁਰਪ੍ਰੀਤ ਸਿੰਘ ਨੇ ਸਰਕਾਰ ਵਿਰੋਧੀ ਨਾਹਰੇ ਲਾਏ ਤੇ ਲੋਕਾਂ ਨੇ ਡੱਟ ਕੇ ਸਾਥ ਦਿੱਤਾ।

## ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਮੀਟਿੰਗ

ਭਾਰਤ ਵਿੱਚ ਬੁੱਧੀਜੀਵੀਆਂ ਤੇ ਹੋ ਰਹੇ ਹਮਲਿਆਂ ਦੇ ਸਬੰਧ ਵਿੱਚ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ 2 ਸਤੰਬਰ ਨੂੰ ਖੁੱਲ੍ਹਾ ਸੱਦਾ ਦੇ ਕੇ ਪ੍ਰੋਗਰੈਸਿਵ ਕਲਚਰਲ ਸੈਂਟਰ ਵਿੱਚ ਇੱਕ ਮੀਟਿੰਗ ਰੱਖੀ ਗਈ ਜਿਸ ਵਿੱਚ ਸਮਾਜ ਦੇ ਚਿੰਤਕਾਂ ਨੇ ਹਿੱਸਾ ਲਿਆ ਜੋ ਇਹ ਦੇਖ ਰਹੇ ਹਨ ਕਿ ਭਾਰਤ ਦੀ ਸਰਕਾਰ ਲੋਕਾਂ ਨੂੰ ਕਿਵੇਂ ਧਰਮਾਂ ਵਿੱਚ ਉਲਝਾ ਕੇ ਆਪਣੀਆ ਰੋਟੀਆਂ ਸੇਕ ਰਹੀ ਹੈ। ਮੀਟਿੰਗ ਦੀ ਸ਼ੁਰੂਆਤ ਕਰਦੇ ਹੋਏ ਜਥੇਬੰਦੀ ਦੇ ਜਨਰਲ ਸਕੱਤਰ ਹਰਭਜਨ ਚੀਮੇ ਨੇ ਸਭ ਦਾ ਸੁਆਗਤ ਕੀਤਾ ਅਤੇ ਭਾਰਤ ਦੇ ਹਲਾਤਾਂ ਬਾਰੇ ਬਹੁਤ ਹੀ ਡੀਟੇਲ ਵਿੱਚ ਦੱਸਿਆ।

ਅਮਰਜੀਤ ਚਾਹਲ ਨੇ ਕਿਹਾ ਕਿ ਹੁਣ ਸਮਾਂ ਹੈ ਕਿ ਇੱਥੇ ਦੀ ਤੇ ਇੰਟਰਨੈਸ਼ਨਲ ਅਰਥਾਤ ਭਾਰਤ ਦੇ ਮਸਲਿਆਂ ਦੀ ਗੱਲ ਇਕੱਠੇ ਹੋ ਕੇ ਕੀਤੀ ਜਾਵੇ।ਸਾਧੂ ਬਿਨਿੰਗ ਨੇ ਕਿਹਾ ਕਿ ਮੋਦੀ ਸਰਕਾਰ ਵਲੋਂ ਹਿੰਦੂ ਧਰਮ ਦਾ ਸਹਾਰਾ ਲੈ ਕੇ ਸਰਕਾਰੀ ਮਸ਼ੀਨਰੀ ਤੇ ਸ਼ੋਸ਼ਲ ਮੀਡੀਆ ਨੂੰ ਵਰਤ ਕੇ ਇਲੈਕਸ਼ਨ ਜਿੱਤਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ ਜਾ ਰਹੇ ਹਨ।ਇਸ ਕਿਸਮ ਦਾ ਲੋਕਾਂ ਵਿੱਚ ਧਾਰਮਿਕ ਜ਼ਜ਼ਬਾ ਪੈਦਾ ਕੀਤਾ ਜਾ ਰਿਹਾ ਹੈ ਕਿ ਜੇ ਉਹ ਹਿੰਦੂ ਨਹੀਂ ਤਾਂ ਉਹ ਹਿੰਦੋਸਤਾਨ ਵਿੱਚ ਰਹਿ ਨਹੀਂ ਸਕਦੇ। ਸੁਰਿੰਦਰ ਚਾਹਲ ਨੇ ਦੱਸਿਆ ਕਿ ਪੂੰਜੀਵਾਦ ਦੇ ਸੰਕਟ ਕਰਕੇ ਸਰਮਾਏਦਾਰੀ ਦੀ ਨਜ਼ਰ ਭਾਰਤ ਵਿੱਚ ਪਏ ਕੱਚੇ ਮਾਲ ਤੇ ਟਿਕੀ ਹੈ ਸੋ ਇਸ ਕਿਸਮ ਦਾ ਵਰਤਾਰਾ ਫੈਲ ਰਿਹਾ ਹੈ।ਘੱਟ ਗਿਣਤੀਆਂ ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਕਾਤਲਾਂ ਦੀ ਸਪੋਰਟ ਕੀਤੀ ਜਾ ਰਹੀ ਹੈ। ਇਕਬਾਲ ਨੇ ਬਹਿਸ ਵਿੱਚ ਹਿੱਸਾ ਲੈਂਦੇ ਹੋਏ ਕਿਹਾ ਕਿ ਭਾਰਤ ਦਾ ਹਿੰਦੁਸਤਾਨ ਨਾਂ ਆਫੀਸ਼ਲੀ ਨਹੀਂ ਹੈ ਸਗੋਂ ਆਰ ਐਸ ਐਸ ਨੇ ਹਿੰਦੂਤਵਾ ਦਾ ਪ੍ਰਚਾਰ ਕਰ ਕੇ ਹਿੰਦੁਸਤਾਨ ਬਣਾ ਲਿਆ। ਹੁਣ ਜਾਤਾਂ ਨੂੰ ਲੜਾਉਣ ਲਈ ਬ੍ਰਾਹਮਣਵਾਦ ਨੂੰ ਫੈਲਾਇਆ ਜਾ ਰਿਹਾ ਹੈ। ਕੈਨੇਡਾ ਦੀ ਗੱਲ ਕਰਦੇ ਹੋਏ ਉਸਨੇ ਕਿਹਾ ਕਿ ਸਾਨੂੰ ਇੱਥੋਂ ਦੇ ਮਸਲਿਆਂ ਤੇ ਵੀ ਗੱਲ ਕਰਨੀ ਚਾਹੀਦੀ ਹੈ। ਸੁਖਵੰਤ ਹੁੰਦਲ ਨੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਸਾਨੂੰ ਹਾਲਾਤਾਂ ਨੂੰ ਸਮਝਣ ਤੇ ਫਿਕਰ ਕਰਨ ਦੀ ਲੋੜ ਹੈ ਕਿ ਸਾਡੀ ਲੜਾਈ ਸਟੇਟ ਅਤੇ ਉਸ ਭੀੜ ਨਾਲ ਹੈ ਜਿਸਨੂੰ ਸਰਕਾਰ ਨੇ ਸਭ ਅਖਤਿਆਰ ਦੇ ਦਿੱਤੇ ਹਨ ਕਿ ਉਹ ਜੋ ਮਰਜ਼ੀ ਕਰਦੇ ਫਿਰਨ, ਸਰਕਾਰ ਉਹਨਾਂ ਦੀ ਮੁੱਠੀ ਵਿੱਚ ਹੈ, ਇਹੀ ਸਭ ਤੋਂ ਖਤਰਨਾਕ ਵਰਤਾਰਾ ਹੈ ਜੋ ਇਸ ਫਾਸ਼ੀਵਾਦ ਸਰਕਾਰ ਨੇ ਕਾਂਗਰਸ ਨਾਲੋਂ ਵੱਖਰਾ ਇੰਟਰੋਡਿਊਜ਼ ਕੀਤਾ ਹੈ। ਸੰਤੋਖ ਢੇਸੀ ਨੇ ਬੁੱਧੀਜੀਵੀਆਂ ਦੇ ਹਮਲਿਆਂ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਸਾਨੂੰ ਲਗਾਤਾਰ ਮੀਟਿੰਗਾਂ ਕਰਨੀਆਂ ਚਾਹੀਦੀਆਂ ਹਨ ਤਾਂ ਕਿ ਸਾਂਝੇ ਤੌਰ ਤੇ ਵਿਚਾਰ ਬਣਾ ਕੇ ਲੋਕਾਂ ਅੱਗੇ ਲਿਆਂਦੇ ਜਾਣ। ਪਰਮਿੰਦਰ ਸਵੈਚ ਨੇ ਆਪਣੇ ਵਿਚਾਰ ਦਿੰਦੇ ਹੋਏ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੀਆਂ ਨਿੱਕੀਆਂ ਨਿੱਕੀਆਂ ਰੰਜਸ਼ਾਂ ਨੂੰ ਭੁਲਾ ਕੇ ਸਾਰੀਆਂ ਖੱਬੇ ਪੱਖੀ ਤਾਕਤਾਂ ਇੱਕ ਜੁੱਟ ਹੋ ਕੇ ਸਾਂਝੇ ਐਕਸ਼ਨ ਕਰੀਏ ਤਾਂ ਹੀ ਅਸੀਂ ਭਾਰਤੀ ਲੋਕਾਂ ਤੇ ਹੋ ਰਹੇ ਤਸ਼ੱਦਦ ਦੇ ਖਿਲਾਫ਼ ਕੁੱਝ ਕਰ ਸਕਦੇ ਹਾਂ। ਅਮਰਜੀਤ ਚਾਹਲ ਨੇ ਚਿੰਤਾ ਜ਼ਾਹਰ ਕੀਤੀ ਕਿ ਨਵੀਂ ਜਨਰੇਸ਼ਨ ਸਾਡੇ ਨਾਲ ਨਹੀਂ ਹੈ। ਉਹਨਾਂ ਨੂੰ ਨਾਲ ਲੈਣ ਲਈ ਸਾਨੂੰ ਉਹਨਾਂ ਦੇ ਰਾਹ ਦੀਆਂ ਮੁਸ਼ਕਲਾਂ ਤੇ ਗੱਲ ਕਰਨੀ ਚਾਹੀਦੀ ਹੈ। ਨੌਜਵਾਨਾਂ ਦੇ ਜਜ਼ਬਿਆਂ ਨੂੰ ਵੀ ਸਮਝਣ ਦੀ ਲੋੜ ਹੈ। ਲਖਵੀਰ ਖੁਣਖੁਣ ਨੇ ਕਿਹਾ ਕਿ ਸਾਨੂੰ ਆਪਣੀ ਅਵਾਜ਼ ਭਾਰਤੀ ਸਫ਼ਾਰਤਖ਼ਾਨੇ ਤੱਕ ਪਹੁੰਚਾਉਣੀ ਚਾਹੀਦੀ ਹੈ। ਇਸ ਮੀਟਿੰਗ ਵਿੱਚ ਹਾਜ਼ਰ ਮੈਂਬਰ ਗੁਰਮੇਲ ਥਾਂਦੀ, ਮਲਕੀਤ ਸਵੈਚ, ਸੁਖਵੰਤ ਹੁੰਦਲ, ਸਾਧੂ ਬਿਨਿੰਗ, ਇਕਬਾਲ ਪੁਰੇਵਾਲ, ਮੱਖਣ ਦੁਸਾਂਝ, ਹਰਦੀਪ ਬੈਂਸ, ਸੁਰਿੰਦਰ ਚਾਹਲ, ਲਖਬੀਰ ਖੁਣਖੁਣ, ਸ਼ਹਿਨਾਜ਼ ਦੀਦੀ, ਅਮਰਜੀਤ ਚਾਹਲ, ਪਰਮਿੰਦਰ ਸਵੈਚ, ਅਮਰੀਕ ਦੁਸਾਂਝ, ਸਰਬਜੀਤ ਹੁੰਦਲ, ਪਲਵਿੰਦਰ ਸਿੰਘ ਲਿੱਟ, ਪ੍ਰੀਤਮ ਹਾਰਾ, ਗੁਰਸ਼ਰਨ ਗਿੱਲ ਤੇ ਹਰਭਜਨ ਚੀਮਾ ਨੇ ਸਾਂਝੇ ਤੌਰ ਤੇ ਫੈਸਲਾ ਕੀਤਾ ਕਿ ਮਨੁੱਖੀ ਹੱਕਾਂ ਦੇ ਕਾਰਕੁਨਾਂ ਤੇ ਹੋ ਰਹੇ ਹਮਲਿਆਂ ਲਈ ਭਾਰਤ ਸਰਕਾਰ ਦੀ ਨਿਖੇਧੀ ਕਰਦੇ ਹੋਏ ਚਾਰ ਮਤੇ ਪਾਸ ਕੀਤੇ ਗਏ।

RESOLUTIONS

1. The attacks on Human Rights activists must be stopped immediately by Indian Government.

2. Silencing of dissent in India must be vociferously denounced by all.

3. Attacks on Intellectuals, Rights activists, Dalits and minorities and their incarceration and killing must be stopped now. This and other barbaric acts of Indian state must be stopped immediately.

4. The recently arrested and all other political prisoners must be released unconditionally and immediately.

## ਭਾਈ ਰਤਨ ਸਿੰਘ ਰਾਏਪੁਰ ਡੱਬਾ ਨੂੰ ਸ਼ਰਧਾਂਜ਼ਲੀ

ਗ਼ਦਰ ਪਾਰਟੀ ਦੇ 1919 ਤੋਂ 1922 ਤੱਕ ਰਹੇ ਪ੍ਰਧਾਨ ਭਾਈ ਰਤਨ ਸਿੰਘ ਰਾਏਪੁਰ ਡੱਬਾ ਦੀ 75ਵੀਂ ਬਰਸੀ ਤੇ 23 ਸਤੰਬਰ, 2018 ਨੂੰ ਪ੍ਰੋਗਰੈਸਿਵ ਕਲਚਰਲ ਸੈਂਟਰ ਵਿੱਚ ਇੱਕ ਸਮਾਗਮ ਕੀਤਾ ਗਿਆ। ਇਹ ਸਮਾਗਮ ਪੰਜਾਬੀ ਸਾਹਿਤਕ ਤੇ ਸਭਿਆਚਾਰਕ ਵਿਚਾਰ ਮੰਚ, ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ ਅਤੇ ਸ਼ਬਦ ਲੋਕ ਦੇ ਸਾਂਝੇ ਯਤਨਾਂ ਨਾਲ ਉਲੀਕਿਆ ਗਿਆ ਸੀ। ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਅਮਰਜੀਤ ਚਾਹਲ ਨੇ ਆਪਣੇ ਸੁਆਗਤੀ ਸ਼ਬਦਾਂ ਵਿੱਚ ਸਾਰਿਆ ਨੂੰ ਜੀ ਆਇਆਂ ਕਿਹਾ ਅਤੇ ਸਟੇਜ ਸੰਚਾਲਕ ਸਤਵੰਤ ਦੀਪਕ ਨੂੰ ਸਟੇਜ ਤੇ ਬੁਲਾਇਆ। ਸਤਵੰਤ ਦੀਪਕ ਨੇ ਮੁੱਖ ਬੁਲਾਰੇ ਸੋਹਣ ਸਿੰਘ ਪੂਨੀ, ਡਾ. ਰਘਬੀਰ ਸਿਰਜਣਾ, ਡਾ. ਸੁਰਿੰਦਰ ਧੰਜਲ ਅਤੇ ਡਾ. ਸਾਧੂ ਸਿੰਘ ਨੂੰ ਮਾਣ ਸਤਿਕਾਰ ਨਾਲ ਸਟੇਜ ਤੇ ਪ੍ਰਧਾਨਗੀ ਮੰਡਲ ਵਿੱਚ ਬਿਠਾਇਆ। ਗ਼ਦਰ ਪਾਰਟੀ ਦੀ ਸੰਖੇਪ ਜਾਣਕਾਰੀ ਤੋਂ ਬਾਅਦ ਸੋਹਣ ਪੂਨੀ ਨੂੰ ਬੁਲਾਇਆ ਗਿਆ। ਸੋਹਣ ਪੂਨੀ ਨੇ ਗ਼ਦਰ ਲਹਿਰ ਦੇ ਇਤਿਹਾਸ ਤੇ ਚਾਨਣਾ ਪਾਉਂਦੇ ਹੋਏ ਬਾਬਾ ਮੁਨਸ਼ਾ ਸਿੰਘ ਦੁਖੀ ਦੀਆਂ ਕਵਿਤਾਵਾਂ ਦੀਆਂ ਕਾਵਿ-ਟੂਕਾਂ ਰਾਹੀਂ ਉਸ ਲਹਿਰ ਦੀ ਸਮਾਜਵਾਦੀ ਸੋਚ ਨੂੰ ਸਰੋਤਿਆਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਉਹਨਾਂ ਇਹ ਵੀ ਦੱਸਿਆ ਕਿ ਬੀਬੀ ਭਗਵੰਤ ਕੌਰ ਪਹਿਲੀ ਕਨੇਡੀਅਨ ਕਵਿੱਤਰੀ ਸੀ ਜਿਸਨੇ 1930 ਵਿੱਚ ਇਸਤਰੀ ਸਭਾ ਬਣਾਈ ਸੀ। ਭਾਈ ਰਤਨ ਸਿੰਘ ਰਾਏਪੁਰ ਡੱਬਾ ਇੰਡੀਆ ਕਿਉਂ ਨਹੀਂ ਗਏ ਉਸ ਬਾਰੇ ਜੋ ਕਿਆਸ ਅਰਾਈਆਂ ਹਨ ਉਹਨਾਂ ਬਾਰੇ ਵੀ ਦੱਸਿਆ ਪਰ ਕਿਹਾ ਕਿ ਫਿਰ ਵੀ ਉਹਨਾਂ ਦੀ ਕੁਰਬਾਨੀ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਡਾ. ਰਘਬੀਰ ਸਿੰਘ ਸਿਰਜਣਾ ਨੇ ਆਪਣੇ ਭਾਸ਼ਨ ਵਿੱਚ ਕਿਹਾ ਕਿ ਕੁੱਝ ਲੋਕ ਗ਼ਦਰੀ ਬਾਬਿਆਂ ਨੂੰ ਸਿੱਖਾਂ ਨਾਲ ਜੋੜ ਕੇ ਉਹਨਾਂ ਦੇ ਨਿਰਪੱਖ ਤੇ ਵਿਸ਼ਾਲ ਘੇਰੇ ਨੂੰ ਛੋਟਾ ਕਰ ਰਹੇ ਹਨ ਜਦਕਿ ਉਹਨਾਂ ਨੇ ਅੰਤਰਰਾਸ਼ਟਰੀ ਪੱਧਰ ਤੇ ਕੰਮ ਕੀਤਾ ਹੈ। ਉਹਨਾਂ ਇੰਟਰਨੈਸ਼ਨਲ ਕਮਿਊਨਿਸਟ ਪਾਰਟੀ ਤੋਂ ਅਗਵਾਈ ਲੈ ਕੇ ਹੀ ਉਹ ਕੰਮ ਕਰਨਾ ਚਾਹੁੰਦੇ ਸਨ ਜਿਸ ਦਾ ਸਬੂਤ ਹੈ ਕਿ 80 ਤੋਂ ਵੱਧ ਗ਼ਦਰੀ ਸਮਾਜਵਾਦ ਦਾ ਪਾਠ ਪੜ੍ਹਨ ਮਾਸਕੋ ਗਏ ਸਨ। ਡਾ. ਸੁਰਿੰਦਰ ਧੰਜਲ ਨੇ ਸਤੰਬਰ ਵਿੱਚ ਮਹੱਤਵਪੂਰਣ ਉਹਨਾਂ ਦਿਨਾਂ ਬਾਰੇ ਸਾਂਝ ਪਾਈ ਜਿਹੜੇ ਲੋਕ ਨਾਇਕਾਂ ਨਾਲ ਜੁੜੇ ਹੋਏ ਹਨ ਤੇ ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਵੀ ਦਿੱਤੀ। ਜਿਵੇਂ ਸਤੰਬਰ 8-9 ਨੂੰ ਹਿੰਦੋਸਤਾਨ ਸੋਸ਼ਲਿਸਟ ਰੀਪਬਲਿਕਨ ਬਣਿਆ ਸੀ, 9 ਸਤੰਬਰ ਨੂੰ ਪਾਸ਼ ਦਾ ਜਨਮ, 13 ਸਤੰਬਰ ਨੂੰ 24 ਗ਼ਦਰੀਆਂ ਦੇ ਪਹਿਲੇ ਲਾਹੌਰ ਕਾਨਪੇਰੇਸੀ ਕੇਸ ਦਾ ਫੈਸਲਾ ਜੀਹਦੇ ਵਿੱਚ 7 ਨੂੰ ਫਾਂਸੀ ਤੇ 17 ਨੂੰ ਉਮਰ ਕੈਦ ਹੋਈ। ਨਾਟਕਕਾਰ ਗੁਰਸ਼ਰਨ ਸਿੰਘ ਦਾ ਜਨਮ 16 ਸਤੰਬਰ ਤੇ 27 ਸਤੰਬਰ ਨੂੰ ਸਦੀਵੀਂ ਵਿਛੋੜਾ, ਮਦਨ ਲਾਲ ਢੀਂਗਰਾ ਦਾ ਜਨਮ ਦਿਨ 18 ਸਤੰਬਰ 1883, ਸ਼ਹੀਦ ਭਗਤ ਸਿੰਘ ਦਾ ਜਨਮ ਦਿਨ 27-28 ਸਤੰਬਰ 1907 ਨੂੰ ਸੀ। ਭਾਈ ਰਤਨ ਸਿੰਘ ਰਾਏਪੁਰ ਡੱਬਾ ਵੀ ਸਤੰਬਰ 1943 ਨੂੰ ਸਦੀਵੀਂ ਵਿਛੋੜਾ ਦੇ ਗਏ ਸਨ। ਡਾ. ਸਾਧੂ ਸਿੰਘ ਨੇ ਆਪਣੇ ਸਮੇਟਵੇਂ ਭਾਸ਼ਨ ਵਿੱਚ ਗ਼ਦਰ ਲਹਿਰ ਦੀ ਅੱਜ ਦੇ ਸਮੇਂ ਵਿੱਚ ਪ੍ਰਸੰਗਕਤਾ ਬਾਰੇ ਬੋਲਦਿਆਂ ਕਿਹਾ ਕਿ ਧਰਮ ਨਿਰਪੱਖਤਾ ਅਤੇ ਸਮਾਜ ਦੀ ਬਰਾਬਰੀ ਵਰਗੇ ਵਿਚਾਰਾਂ ਦੀ ਅੱਜ ਵੀ ਲੋੜ ਹੈ। ਉਨ੍ਹਾਂ ਨੇ ਕਿਹਾ ਕਿ ਗ਼ਦਰੀਆਂ ਦਾ ਫੈਸਲਾ ਸੀ ਕਿ ਧਰਮ ਤੇ ਸਿਆਸਤ ਵੱਖਰੀਆਂ ਵੱਖਰੀਆਂ ਗੱਲਾਂ ਹਨ। ਪਾਰਟੀ ਮੀਟਿੰਗ ਵਿੱਚ ਕੋਈ ਧਰਮ ਦੀ ਗੱਲ ਨਹੀਂ ਹੋਵੇਗੀ ਤੇ ਸਾਂਝੀ ਰਸੋਈ ਦਾ ਸੰਕਲਪ ਹੀ ਉਹਨਾਂ ਦੀ ਸੋਚ ਤੇ ਪਹਿਰਾ ਦਿੰਦਾ ਹੈ। ਗ਼ਦਰ ਫੇਲ੍ਹ ਹੋਣ ਦਾ ਕਾਰਣ ਤੁਜਰਬੇ ਦੀ ਕਮੀ ਸੀ। ਪਰ ਉਹਨਾਂ ਦੀਆਂ ਪਾਈਆਂ ਲੀਹਾਂ ਤੇ ਲੋਕ ਅੱਜ ਵੀ ਤੁਰ ਰਹੇ ਹਨ ਤੇ ਤਦੇ ਇਹੋ ਜਿਹੇ ਸ਼ਰਧਾਂਜ਼ਲੀ ਸਮਾਰੋਹ ਕੀਤੇ ਜਾ ਰਹੇ ਹਨ। ਅੰਤ ਵਿੱਚ ਸੁਰਿੰਦਰ ਚਾਹਲ ਨੇ ਜਿੱਥੇ ਬੁਲਾਰਿਆਂ ਦੇ ਕੀਮਤੀ ਵਿਚਾਰਾਂ ਦਾ ਅਦਾਨ ਪ੍ਰਦਾਨ ਲਈ ਉਹਨਾਂ ਦਾ ਧੰਨਵਾਦ ਕੀਤਾ ਉੱਥੇ ਸਰੋਤਿਆਂ ਦਾ ਵੀ ਧੰਨਵਾਦ ਕੀਤਾ ਜਿਹਨਾਂ ਨਿੱਠ ਕੇ ਤਿੰਨ ਘੰਟੇ ਦਾ ਗੰਭੀਰ ਪ੍ਰੋਗਰਾਮ ਸੁਣਿਆ।




Matrimonial Advertisement

• ਜੱਟ ਸਿੱਖ ਗਿੱਲ ਕੈਨੇਡੀਅਨ ਪੀ.ਆਰ. 1991 ’ਚ ਜਨਮੇ ਐਮ.ਏ. 5-9” ਲੜਕੇ ਲਈ ਲੜਕੀ ਦੀ ਲੋੜ। ਸਟੂਡੈਂਟ ਵੀ ਵਿਚਾਰਨ ਯੋਗ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਵਿਚ ਸੈਟਲ ਹੈ। ਲੁਧਿਆਣਾ ਜ਼ਿਲੇ ਨੂੰ ਪਹਿਲ। ਸੰਪਰਕ: 780-850-7730 ਜਾਂ 780-762-4681, navgill72@gmail.com

• A healthy fit 38 year old male looking for a life partner! For more information email lookingforlifepartner@outlook.com or phone 204-488-6960.

• ਦਹੇਜ ਅਤੇ ਹੋਰ ਰੀਤੀ ਰਿਵਾਜਾਂ ਤੋਂ ਮੁਕਤ, ਚੰਗੇ ਸਿਹਤਮੰਦ ਅਤੇ ਨਵੇਂ ਉਸਾਰੂ ਖਿਆਲਾਂ ਵਾਲੇ 39 ਸਾਲਾ ਨੌਜਵਾਨ ਵਾਸਤੇ ਜੀਵਨ ਸਾਥਣ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ Lookingforlifepartner@outlook.com ਜਾਂ ਫੋਨ 204 488 6960, 204488696




ਹਰਚਰਨ ਸਿੰਘ ਪਰਹਾਰ
403-681-8689
hp8689@gmail.com

# ਸੈਕਸ, ਡਰੱਗਜ਼, ਇੰਟਰਟੇਨਮੈਂਟ ਬਨਾਮ ਆਤਮਿਕ ਆਨੰਦ !

ਦੁਨੀਆਂ ਭਰ ਵਿੱਚ ਪ੍ਰਚਲਤ ਜਥੇਬੰਧਕ ਧਾਰਮਿਕ ਫਿਰਕਿਆਂ ਦੇ ਪ੍ਰਚਾਰ ਸਾਧਨਾਂ, ਮਰਿਯਾਦਾਵਾਂ ਜਾਂ ਗ੍ਰੰਥਾਂ ਵੱਲ ਨਿਗ੍ਹਾ ਮਾਰੀਏ ਤਾਂ ਦੇਖਣ ਨੂੰ ਲਗਦਾ ਹੈ ਕਿ ਇਹ ਸਭ ਮਨੁੱਖਤਾ ਦੀ ਭਲਾਈ ਲਈ ਜਾਂ ਸਮਾਜ ਨੂੰ ਬਿਹਤਰ ਬਣਾਉਣ ਲਈ, ਆਪਣੇ ਸ਼ਰਧਾਲੂਆਂ ਨੂੰ ਜਿਸ ਢੰਗ ਨਾਲ ਨੈਤਿਕਤਾ ਦਾ ਪਾਠ ਪੜ੍ਹਾ ਰਹੇ ਹਨ, ਇਸ ਨਾਲ ਇਹ ਮਨੁੱਖਤਾ ਦਾ ਬੜਾ ਭਲਾ ਕਰ ਰਹੇ ਹਨ। ਪਰ ਉਨ੍ਹਾਂ ਦੇ ਅਜਿਹੇ ਪ੍ਰਚਾਰ ਨਾਲ ਪਿਛਲ਼ੇ 5000 ਸਾਲ ਦੇ ਇਨ੍ਹਾਂ ਦੇ ਅਖੌਤੀ ਧਰਮ ਪ੍ਰਚਾਰ ਨੇ ਮਨੁੱਖ ਨੂੰ ਅੱਗੇ ਤੋਂ ਅੱਗੇ ਅਨੈਤਿਕ ਹੀ ਬਣਾਇਆ ਹੈ। ਜੇ ਸੰਸਾਰ ਭਰ ਦੇ ਵੱਖ-ਵੱਖ ਦੇਸ਼ਾਂ ਦੇ ਸਮਾਜਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਜਾਵੇ ਤਾਂ ਇਹ ਗੱਲ ਪ੍ਰਤੱਖ ਸਮਝ ਆਉਂਦੀ ਹੈ ਕਿ ਉਹ ਸਮਾਜ ਵੱਧ ਅਨੈਤਿਕ, ਚਰਿਤਰਹੀਣ ਜਾਂ ਅਸੱਭਿਅਕ ਹਨ, ਜਿਥੇ ਇਨ੍ਹਾਂ ਅਖੌਤੀ ਧਰਮਾਂ ਦਾ ਵੱਧ ਬੋਲ-ਬਾਲਾ ਹੈ ਤੇ ਖਾਸਕਰ ਉਥੇ ਜਿਥੇ ਧਰਮ ਅਧਾਰਿਤ ਰਾਜ ਪ੍ਰਬੰਧ ਹੈ। ਪਿਛਲਾ ਤੇ ਮੌਜੂਦਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਧਰਮ ਅਧਾਰਿਤ ਰਾਜ, ਸਭ ਤੋਂ ਨਖਿਧ ਸਾਬਿਤ ਹੋਏ ਹਨ। ਜਿਥੇ ਮਨੁੱਖ ਦਾ ਹੋਣਾ ਕੋਈ ਅਹਿਮੀਅਤ ਨਹੀਂ ਰੱਖਦਾ, ਸਗੋਂ ਗਲ਼ੀਆਂ, ਸੜ੍ਹੀਆਂ ਤੇ ਰੂੜੀਵਾਦੀ ਧਾਰਮਿਕ ਮਰਿਯਾਦਾਵਾਂ ਤੇ ਪ੍ਰੰਪਰਾਵਾਂ ਦੀ ਪ੍ਰਧਾਨਤਾ ਹੈ, ਜਿਸਨੇ ਮਨੁੱਖ ਨੂੰ ਦਵੰਧ ਵਿੱਚ ਪਾ ਕੇ ਸਿਰੇ ਦਾ ਪਾਖੰਡੀ ਬਣਾ ਦਿੱਤਾ ਹੈ। ਬਾਹਰੋਂ ਧਾਰਮਿਕ ਪਹਿਰਾਵੇ ਤੇ ਚਿੰਨ੍ਹਾਂ ਨਾਲ ਲੈਸ ਤੇ ਧਰਮ ਵਿੱਚ ਵੱਧ ਵਿਸ਼ਵਾਸ਼ੀ ਦਿਸਣ ਵਾਲਾ ਮਨੁੱਖ ਹੀ ਸਭ ਤੋਂ ਵੱਧ ਅਧਾਰਮਿਕ ਤੇ ਅਨੈਤਿਕ ਹੁੰਦਾ ਹੈ। ਅਜਿਹੇ ਵਿੱਚ ਬਾਹਰੋਂ ਧਾਰਮਿਕ ਰੀਤਾਂ, ਰਸਮਾਂ ਨਿਭਾਉਂਦਾ ਮਨੁੱਖ, ਅੰਦਰੋਂ ਖੋਖਲਾ ਹੁੰਦਾ ਜਾ ਰਿਹਾ ਹੈ ਤੇ ਲੁਕ-ਛਿਪ ਕੇ ਉਹ ਅਜਿਹਾ ਸਭ ਕੁੱਝ ਕਰ ਰਿਹਾ ਹੈ, ਜਿਸਨੂੰ ਇਹ ਧਾਰਮਿਕ ਫਿਰਕੇ ਸਦੀਆਂ ਤੋਂ ਪੀੜ੍ਹੀ-ਦਰ-ਪੀੜ੍ਹੀ ਅਨੈਤਿਕ ਤੇ ਅਸਭਿਅਕ ਦੱਸ ਰਹੇ ਹਨ। ਆਮ ਤੌਰ ਤੇ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਤਕਰੀਬਨ ਸਾਰੇ ਧਾਰਮਿਕ ਫਿਰਕੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਆਪਣੇ ਪ੍ਰਚਾਰ ਸਾਧਨਾਂ ਰਾਹੀਂ ਕਾਮ (ਸੈਕਸ), ਨਸ਼ੇ (ਡਰੱਗਜ਼), ਮਨੋਰੰਜਨ (ਇੰਟਰਟੇਨਮੈਂਟ) ਆਦਿ ਦਾ ਵਿਰੋਧ ਕਰਦੇ ਹਨ ਤੇ ਇਸਨੂੰ ਨਾ ਸਿਰਫ ਧਰਮ ਵਿਰੋਧੀ ਗਰਦਾਨਦੇ ਹਨ, ਸਗੋਂ ਇਸਨੂੰ ਮਨੁੱਖਤਾ ਵਿਰੋਧੀ ਕੁਕਰਮ ਕਹਿ ਕੇ ਵੀ ਪ੍ਰਚਾਰ ਕਰਦੇ ਹਨ। ਜਥੇਬੰਧਕ ਧਰਮ ਮਨੁੱਖ ਨੂੰ ਆਪਣੀਆਂ ਨਾਕਾਰਤਮਕ ਤਾਕਤਾਂ (ਨੈਗੇਟਿਵ ਅਨਰਜੀਜ਼) ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੇਸ਼, ਨਫਤਰ ਆਦਿ ਨੂੰ ਸਕਾਰਾਤਮਕ ਬਣਾ ਕੇ ਜੀਵਨ ਨੂੰ ਆਨੰਦਮਾਈ ਬਣਾਉਣ ਦਾ ਰਸਤਾ ਦਿਖਾਉਣ ਦੀ ਥਾਂ, ਉਨ੍ਹਾਂ ਦਾ ਦਮਨ (ਸਪਰੈਸ਼ਨ) ਕਰਨਾ ਸਿਖਾਉਂਦੇ ਹਨ, ਜਿਸ ਨਾਲ ਮਨੁੱਖ ਦੁਬਿਧਾ ਦਾ ਸ਼ਿਕਾਰ ਹੋ ਕੇ ਧਾਰਮਿਕ ਪਾਖੰਡੀ ਬਣ ਜਾਂਦਾ ਹੈ। ਅਜਿਹਾ ਪ੍ਰਚਾਰ ਅੱਜ ਤੋਂ ਨਹੀਂ, ਜਦੋਂ ਤੋਂ ਜਥੇਬੰਧਕ ਧਰਮ ਹੋਂਦ ਵਿੱਚ ਆਏ ਹਨ, ਉਦੋਂ ਤੋਂ ਹੀ ਅਜਿਹਾ ਕਰਦੇ ਆ ਰਹੇ ਹਨ। ਬੇਸ਼ਕ ਮਨੁੱਖ ਇਸ ਧਰਤੀ ਤੇ ਲੱਖਾਂ ਸਾਲਾਂ ਤੋਂ ਇਸ ਰੂਪ ਵਿੱਚ ਵਿਚਰ ਰਿਹਾ ਹੈ, ਪਰ ਮੌਜੂਦਾ ਜਥੇਬੰਧਕ ਧਾਰਮਿਕ ਫਿਰਕਿਆਂ ਦਾ ਇਤਿਹਾਸ 5000 ਸਾਲ ਤੋਂ ਜ਼ਿਆਦਾ ਪੁਰਾਣਾ ਨਹੀਂ ਹੈ ਤੇ ਇਤਿਹਾਸ ਇਸ ਗੱਲ ਦੀ ਵੀ ਗਵਾਹੀ ਭਰਦਾ ਹੈ ਕਿ ਮਨੁੱਖ ਜਿਤਨਾ ਅਨੈਤਿਕ ਇਨ੍ਹਾਂ 5000 ਸਾਲਾਂ ਵਿੱਚ ਹੋਇਆ ਹੈ, ਉਤਨਾ ਅਨੈਤਿਕ ਪਹਿਲਾਂ ਕਦੇ ਵੀ ਨਹੀਂ ਸੀ। ਇਸ ਤੋਂ ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਮੌਜੂਦਾ ਜਥੇਬੰਧਕ ਧਰਮਾਂ ਨੇ ਮਨੁੱਖ ਦੀ ਨਿੱਜ਼ੀ ਆਜ਼ਾਦੀ ਨੂੰ ਧਰਮ ਦੀਆਂ ਅਖੌਤੀ ਮਰਿਯਾਦਾਵਾਂ ਜਾਂ ਪ੍ਰੰਪਰਾਵਾਂ ਦੇ ਨਾਮ ਤੇ ਕੁਚਲਿਆ ਹੈ ਤੇ ਉਸਦੀ ਸੋਚ ਨੂੰ ਵੀ ਮਾਨਵਤਾਵਾਦੀ ਨਹੀਂ ਰਹਿਣ ਦਿੱਤਾ ਅਤੇ ਉਸਨੂੰ ਫਿਰਕਿਆਂ ਦੀ ਸੰਕੀਰਣ ਸੋਚ ਵਿੱਚ ਬੰਨ੍ਹ ਕੇ ਮਨੁੱਖ ਨੂੰ ਮਨੁੱਖ ਤੋਂ ਤੋੜਿਆ ਹੈ, ਮਨੁੱਖੀ ਸਾਂਝ ਨੂੰ ਬਰਬਾਦ ਕੀਤਾ ਹੈ, ਇਸੇ ਕਰਕੇ ਧਰਮ ਮਨੁੱਖ ਲਈ ਕੱਚ ਦਾ ਸਮਾਨ ਬਣਿਆ ਹੋਇਆ ਹੈ, ਜਿਥੇ ਉਸਦੀਆਂ ਧਾਰਮਿਕ ਭਾਵਨਾਵਾਂ ਛੋਟੀ ਛੋਟੀ ਗੱਲ ਤੇ ਭੜਕ ਸਕਦੀਆਂ ਹਨ, ਮਨੁੱਖ ਨੂੰ ਇਨ੍ਹਾਂ ਜਥੇਬੰਧਕ ਧਾਰਮਿਕ ਫਿਰਕਿਆਂ ਨੇ ਬਹੁਤ ਹੀ ਅਸਹਿਣਸ਼ੀਲ ਬਣਾ ਦਿੱਤਾ ਹੈ। ਮਨੁੱਖ ਧਰਮ ਦੇ ਨਾਮ ਤੇ ਹਮੇਸ਼ਾਂ ਮਰਨ ਮਾਰਨ ਲਈ ਤਿਆਰ ਰਹਿੰਦਾ ਹੈ। ਪੰਜ ਹਜਾਰ ਸਾਲ ਦੇ ਇਤਿਹਾਸ ਵਿੱਚ ਪੰਦਰਾਂ ਹਜ਼ਾਰ ਯੁੱਧ ਧਰਮ ਦੇ ਨਾਮ ਤੇ ਹੋ ਚੁੱਕੇ ਹਨ। ਅੱਜ ਵੀ ਧਰਮ ਦੇ ਨਾਮ ਤੇ ਅੱਤਵਾਦ ਫੈਲਾਇਆ ਜਾ ਰਿਹਾ ਹੈ। ਇਸ ਸਭ ਨਾਲ ਮਨੁੱਖ ਦਾ ਮਾਨਸਿਕ ਵਿਕਾਸ ਨਹੀਂ, ਵਿਨਾਸ਼ ਹੀ ਹੋਇਆ ਹੈ। ਇੱਕ ਪਾਸੇ ਸਾਇੰਸਦਾਨਾਂ ਵਲੋਂ ਬਣਾਏ ਖਤਰਨਾਕ ਹਥਿਆਰਾਂ ਨੂੰ ਧਾਰਮਿਕ ਫਿਰਕੇ ਭੰਡਦੇ ਹਨ, ਦੂਜੇ ਪਾਸੇ ਇਨ੍ਹਾਂ ਖਤਰਨਾਕ ਤੇ ਮਾਰੂ ਹਥਿਆਰਾਂ ਦੀ ਵਰਤੋਂ ਵੀ ਸਭ ਤੋਂ ਵੱਧ ਧਾਰਮਿਕ ਫਿਰਕਿਆਂ ਦੇ ਜਨੂੰਨੀ ਲੋਕ ਹੀ ਕਰ ਰਹੇ ਹਨ। ਬੇਸ਼ਕ ਮਨੁੱਖ ਨੇ ਆਪਣੀ ਮਿਹਨਤ ਤੇ ਦਿਮਾਗ ਨਾਲ ਆਰਥਿਕ ਤੇ ਮਸ਼ੀਨੀ ਤਰੱਕੀ ਕੀਤੀ ਹੈ, ਪਰ ਇਨ੍ਹਾਂ ਧਰਮਾਂ ਨੇ ਮਨੁੱਖ ਦੀ ਇਸ ਖੋਜੀ ਬਿਰਤੀ ਜਾਂ ਵਿਗਿਆਨਕ ਸੋਚ ਨੂੰ ਵੀ ਖੁੰਡਾ ਕਰਨ ਲਈ ਜਾਂ ਇਸ ਤੇ ਰੋਕਾਂ ਲਗਾਉਣ ਵਿੱਚ ਕਦੇ ਕੋਈ ਕਸਰ ਬਾਕੀ ਨਹੀਂ ਛੱਡੀ। ਇਨ੍ਹਾਂ ਜਥੇਬੰਧਕ ਧਰਮਾਂ ਦੇ ਅਨੇਕਾਂ ਵਿਰੋਧਾਂ ਦੇ ਬਾਵਜੂਦ ਵੀ ਮਨੁੱਖ ਨੇ ਆਰਥਿਕ ਤੇ ਵਿਗਿਆਨਕ ਖੇਤਰ ਵਿੱਚ ਬੜੀਆਂ ਵੱਡੀਆਂ ਮੱਲਾਂ ਮਾਰੀਆਂ ਹਨ, ਜਿਸ ਨਾਲ ਮਨੁੱਖ ਨੂੰ ਅੱਜ ਹਰ ਖੇਤਰ ਵਿੱਚ ਅਨੇਕਾਂ ਸੁੱਖ-ਸੁਵਿਧਾਵਾਂ ਉਪਲਬਧ ਹੋਈਆਂ ਹਨ ਤੇ ਮਨੁੱਖ ਦੀ ਜਾਨ ਕੁੱਝ ਸੁਖਾਲੀ ਹੋਈ ਹੈ। ਪਰ ਮੌਜੂਦਾ ਧਾਰਮਿਕ ਫਿਰਕਿਆਂ ਦੇ ਇਸ ਨੈਤਿਕਤਾ ਦੇ ਪ੍ਰਚਾਰ ਅਤੇ ਮਨੁੱਖ ਦੀ ਆਰਥਿਕ ਤੇ ਵਿਗਿਆਨਕ ਤਰੱਕੀ ਦੇ ਬਾਵਜੂਦ ਮਨੁੱਖ ਅਨੈਤਿਕ ਹੋਇਆ ਹੈ। ਸੈਕਸ, ਡਰੱਗਜ਼ ਤੇ ਇੰਟਰਟੇਨਮੈਂਟ, ਜਿਸਦਾ ਤਕਰੀਬਨ ਸਾਰੇ ਧਾਰਮਿਕ ਫਿਰਕੇ ਵਿਰੋਧ ਕਰਦੇ ਹਨ, ਇਸਦੇ ਬਾਵਜੂਦ ਮਨੁੱਖ ਇਸ ਵੱਲ ਜ਼ਿਆਦਾ ਉਲਾਰ ਹੋਇਆ ਹੈ। ਅੱਜ ਦੁਨੀਆਂ ਭਰ ਵਿੱਚ ਇਨ੍ਹਾਂ ਤਿੰਨਾਂ ਖੇਤਰਾਂ ਨਾਲ ਸਬੰਧਿਤ ਕਰਾਈਮ ਵਧ ਰਿਹਾ ਹੈ। ਲੋਕ ਦਿਨੋ-ਦਿਨ ਕਾਮ, ਨਸ਼ੇ ਤੇ ਮਨੋਰੰਜ਼ਨ ਵੱਲ ਜ਼ਿਆਦਾ ਅਕਰਸ਼ਿਤ ਹੋ ਰਹੇ ਹਨ। ਪਿਛਲੇ 50 ਕੁ ਸਾਲਾਂ ਵਿੱਚ ਜਥੇਬੰਧਕ ਧਾਰਮਿਕ ਫਿਰਕਿਆਂ ਦਾ ਆਧਾਰ ਵੱਡੀ ਪੱਧਰ ਤੇ ਖੁਰਿਆ ਹੈ। ਪਿਛਲੇ 20-25 ਸਾਲਾਂ ਵਿੱਚ ਪੈਦਾ ਹੋਈ ਨਵੀਂ ਜਨਰੇਸ਼ਨ ਦਾ ਇਨ੍ਹਾਂ ਧਰਮਾਂ ਵਿੱਚ ਕੋਈ ਬਹੁਤਾ ਯਕੀਨ ਨਹੀਂ ਰਿਹਾ, ਬੇਸ਼ਕ ਉਹ ਆਪਣੇ ਮਾਪਿਆਂ ਜਾਂ ਸਮਾਜ ਦੇ ਪ੍ਰਭਾਵ ਵਿੱਚ ਲੋਕ ਦਿਖਾਵੇ ਲਈ ਥੋੜੀ ਬਹੁਤ ਰੁਚੀ ਜਰੂਰ ਦਿਖਾਉਂਦੇ ਹਨ। ਜੇ ਇਹੀ ਵਰਤਾਰਾ ਚਲਦਾ ਰਿਹਾ ਤਾਂ ਆਉਣ ਵਾਲੇ 50 ਕੁ ਸਾਲਾਂ ਵਿੱਚ ਲੋਕਾਂ ਦਾ ਵਿਸ਼ਵਾਸ਼ ਇਨ੍ਹਾਂ ਅਖੌਤੀ ਜਥੇਬੰਧਕ ਨਕਲੀ ਧਰਮਾਂ ਤੋਂ ਉਠ ਜਾਵੇਗਾ।

› ਸੋਚਣ ਵਾਲਾ ਵਿਸ਼ਾ ਇਹ ਹੈ ਕਿ ਹਰ ਤਰ੍ਹਾਂ ਦੇ ਵਿਰੋਧ ਤੇ ਪ੍ਰਚਾਰ ਦੇ ਬਾਵਜੂਦ ਲੋਕ ਸੈਕਸ, ਡਰੱਗਜ਼ ਤੇ ਇੰਟਰਟੇਨਮੈਂਟ ਵੱਲ ਉਲਾਰ ਕਿਉਂ ਹੁੰਦੇ ਹਨ। ਉਨ੍ਹਾਂ ਨੂੰ ਇਸ ਵਿਚੋਂ ਕੀ ਮਿਲਦਾ ਹੈ ਕਿ ਉਹ ਪਰਿਵਾਰ, ਸਮਾਜ, ਕਨੂੰਨ ਆਦਿ ਦੇ ਵਿਰੋਧ ਨੂੰ ਝੱਲ ਕੇ ਵੀ ਇਸਦਾ ਸੁਆਦ ਲੈਣਾ ਚਾਹੁੰਦੇ ਹਨ। ਇਸ ਵਿੱਚ ਅਜਿਹਾ ਕੀ ਹੈ ਕਿ ਉਨ੍ਹਾਂ ਨੂੰ ਬਚਪਨ ਤੋਂ ਪੜ੍ਹਾਏ ਗਏ ਨੈਤਿਕਤਾ ਦੇ ਸਾਰੇ ਪਾਠ ਭੁੱਲ ਜਾਂਦੇ ਹਨ, ਇਨ੍ਹਾਂ ਦਾ ਮਜ਼ਾ ਲੈਣ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਰਹਿੰਦੇ ਹਨ। ਅੱਜ ਇਨ੍ਹਾਂ ਤਿੰਨਾਂ ਖੇਤਰਾਂ ਨਾਲ ਸਬੰਧਿਤ ਬਹੁਤ ਵੱਡੀ ਇੰਡਸਟਰੀ ਬਣ ਚੁੱਕੀ ਹੈ। ਦੁਨੀਆਂ ਭਰ ਦੇ ਕਰਾਈਮ ਦੇ ਅੰਕੜੇ ਇਸ ਗੱਲ ਦੇ ਗਵਾਹ ਹਨ ਕਿ ਹਰ ਕਰਾਈਮ ਕਿਸੇ ਨਾ ਕਿਸੇ ਢੰਗ ਨਾਲ ਇਨ੍ਹਾਂ ਤਿੰਨਾਂ ਨਾਲ ਹੀ ਸਬੰਧਿਤ ਹੁੰਦਾ ਹੈ। ਅਸਲ ਵਿੱਚ ਮਨੁੱਖ ਦੇ ਅੰਦਰ ਕੁਦਰਤ ਵਲੋਂ ਕੁੱਝ ਅਜਿਹਾ ਪ੍ਰਬੰਧ ਕੀਤਾ ਹੋਇਆ ਹੈ ਕਿ ਉਸਨੂੰ ਆਨੰਦ ਦੀ ਤੀਬਰ ਤਲਾਸ਼ ਹੈ। ਉਹ ਚਾਹੁੰਦਾ ਹੈ ਕਿ ਆਪਣੀ ਦੁਨੀਆਂਦਾਰੀ ਨਿਭਾਉਂਦੇ ਹੋਏ ਵੀ ਉਸ ਕੋਲ



ਕੁੱਝ ਪੱਲ ਅਜਿਹੇ ਹੋਣ, ਜਿਸ ਨਾਲ ਉਸਨੂੰ ਸਭ ਕੁੱਝ ਭੁੱਲ ਜਾਵੇ ਤੇ ਉਹ ਆਨੰਦ ਵਿੱਚ ਜੀਅ ਸਕੇ। ਦੁਨੀਆਂਦਾਰੀ ਦੇ ਝਮੇਲਿਆਂ ਵਿੱਚ ਫਸਿਆ ਮਨੁੱਖ ਅਨੇਕਾਂ ਤਰ੍ਹਾਂ ਦੀਆਂ ਚਿੰਤਾਵਾਂ, ਈਰਖਾਵਾਂ, ਲਾਲਸਾਵਾਂ ਵਿੱਚ ਘਿਰਿਆ ਮਹਿਸੂਸ ਕਰਦਾ ਹੈ। ਪਦਾਰਥ ਤੇ ਮਸ਼ੀਨਰੀ ਦੀ ਤਰੱਕੀ ਨੇ ਮਨੁੱਖ ਨੂੰ ਵੀ ਮਸ਼ੀਨ ਬਣਾ ਦਿੱਤਾ ਹੈ। ਉਹ ਇਸ ਮਸ਼ੀਨੀ ਜ਼ਿੰਦਗੀ ਨੂੰ ਕੁੱਝ ਵਕਤ ਲਈ ਭੁੱਲ ਜਾਣਾ ਚਾਹੁੰਦਾ ਹੈ। ਇਸ ਲਈ ਅਨੇਕਾਂ ਤਰ੍ਹਾਂ ਦੀਆਂ ਦੁਬਿਦਾਵਾਂ ਤੇ ਪਾਖੰਡਾਂ ਦੇ ਬਾਵਜੂਦ ਵੀ ਮਨੁੱਖ ਜਥੇਬੰਧਕ ਧਾਰਮਿਕ ਫਿਰਕਿਆਂ ਦੀ ਸੰਗਤ ਵਿੱਚ ਉਸ ਆਨੰਦ ਦੀ ਭਾਲ ਵਿੱਚ ਜਾਂਦਾ ਹੈ, ਜਿਥੇ ਉਸਨੂੰ ਝੂਠੀ ਨੈਤਿਕਤਾ ਤੇ ਕਿਤਾਬੀ (ਗ੍ਰੰਥਾਂ ਆਦਿ ਦੀ) ਜਾਣਕਾਰੀ ਤੋਂ ਵੱਧ ਕੁੱਝ ਹਾਸਿਲ ਨਹੀਂ ਹੁੰਦਾ। ਪਰ ਜਦੋਂ ਉਹ ਸੈਕਸ, ਡਰੱਗਜ਼ ਤੇ ਇੰਟਰਟੇਨਮੈਂਟ ਦੀ ਸ਼ਰਣ ਜਾਂਦਾ ਹੈ ਤਾਂ ਉਸਨੂੰ ਆਨੰਦ ਮਿਲਦਾ ਹੈ, ਸਕੂਨ ਮਿਲਦਾ ਹੈ, ਸੁੱਖ ਮਿਲਦਾ ਹੈ, ਬੇਸ਼ਕ ਉਹ ਵਕਤੀ ਹੀ ਹੁੰਦਾ ਹੈ। ਉਹ ਇਸ ਆਨੰਦ ਵਿੱਚ ਸਦੀਵੀ ਰਹਿਣਾ ਚਾਹੁਣ ਦੇ ਬਾਵਜੂਦ ਰਹਿ ਨਹੀਂ ਸਕਦਾ। ਇਸ ਲਈ ਉਹ ਇਹ ਆਨੰਦ ਮਾਨਣ ਤੋਂ ਬਾਅਦ ਹੋਰ ਦੁਖੀ ਹੁੰਦਾ ਹੈ।

› ਆਉ ਦੇਖੀਏ ਕਿ ਅਸਲ ਵਿੱਚ ਆਨੰਦ ਕੀ ਹੈ ? ਜਿਸਦੀ ਇਛਾ ਹਰ ਇਨਸਾਨ ਦੇ ਅੰਦਰ ਕਿਸੇ ਨਾ ਕਿਸੇ ਤਰ੍ਹਾਂ ਮੌਜੂਦ ਹੈ। ਉਸ ਆਨੰਦ ਦੀ ਭਾਲ ਮਨੁੱਖ ਜਾਣੇ-ਅਣਜਾਣੇ, ਵੱਖ-ਵੱਖ ਢੰਗਾਂ ਰਾਹੀਂ ਸਾਰੀ ਉਮਰ ਕਰਦਾ ਰਹਿੰਦਾ ਹੈ, ਪਰ ਬਹੁਤ ਵਿਰਲੇ ਹੀ ਮਨੁੱਖ ਹੁੰਦੇ ਹਨ, ਜਿਨ੍ਹਾਂ ਨੂੰ ਉਸ ਆਨੰਦ ਨੂੰ ਮਾਨਣ ਦਾ ਸੁਭਾਗ ਪ੍ਰਾਪਤ ਹੋਵੇ। ਕਈ ਵਾਰ ਅਸੀਂ ਸੁੱਖ ਨੂੰ ਵੀ ਆਨੰਦ ਸਮਝਣ ਦਾ ਭੁਲੇਖਾ ਖਾ ਲੈਂਦੇ ਹਾਂ ਤੇ ਇਸ ਵਿੱਚ ਹੀ ਫਸ ਕੇ ਰਹਿ ਜਾਂਦੇ ਹਾਂ। ਪਰ ਥੋੜੇ ਸੁੱਖਾਂ ਤੋਂ ਬਾਅਦ ਫਿਰ ਦੁੱਖ ਆ ਜਾਂਦੇ ਹਨ ਤੇ ਅਸੀਂ ਮਨ ਨੂੰ ਸਮਝਾਉਂਦੇ ਹਾਂ ਕਿ ਜੀਵਨ ਇਸੇ ਤਰ੍ਹਾਂ ਹੀ ਚਲਦਾ ਹੈ, ਕਦੇ ਸੁੱਖ ਤੇ ਕਦੇ ਦੁੱਖ। ਕੋਈ ਵਿਅਕਤੀ ਨਾ ਹਮੇਸ਼ਾਂ ਸੁੱਖੀ ਰਹਿ ਸਕਦਾ ਹੈ ਤੇ ਨਾ ਹੀ ਹਮੇਸ਼ਾਂ ਦੁੱਖੀ ਰਹਿ ਸਕਦਾ ਹੈ। ਅਜਿਹਾ ਕੁੱਝ ਹੀ ਸਾਡੇ ਧਾਰਮਿਕ ਫਿਰਕੇ ਵੀ ਪ੍ਰਚਾਰ ਕਰਦੇ ਹਨ। ਇਸ ਲਈ ਮਨੁੱਖ ਉਸ ਪਰਮ ਆਨੰਦ ਦੀ ਭਾਲ ਛੱਡ ਦਿੰਦਾ ਹੈ, ਜਿਥੇ ਹਮੇਸ਼ਾਂ ਪਰਮ ਸ਼ਾਂਤੀ ਤੇ ਪਰਮ ਆਨੰਦ ਹੈ। ਫਿਰ ਮਨੁੱਖ ਇਹ ਵੀ ਸੋਚਦਾ ਹੈ ਕਿ ਸ਼ਾਇਦ ਇਸ ਪਰਮ ਸ਼ਾਂਤੀ ਅਤੇ ਪਰਮ ਆਨੰਦ ਤੇ ਅਧਿਕਾਰ ਕੁੱਝ ਗੁਰੂਆਂ, ਭਗਤਾਂ, ਸੰਤਾਂ, ਮਹਾਂਪੁਰਸ਼ਾਂ ਨੂੰ ਹੀ ਹੈ। ਇਸ ਲਈ ਸੋਚਦਾ ਹੈ ਕਿ ਸਾਡੇ ਲਈ ਤੇ ਸੁੱਖ ਬਾਹਰ ਹੀ ਹੈ। ਪਰ ਸੁੱਖ ਅਸਲ ਵਿੱਚ ਦੁੱਖ ਦਾ ਹੀ ਛੋਟਾ ਰੂਪ ਹੈ ਤੇ ਜੋ ਆਨੰਦ ਮਨੁੱਖ ਨੂੰ ਸੈਕਸ, ਡਰੱਗਜ਼ ਤੇ ਇੰਟਰਟੇਨਮੈਂਟ ਤੋਂ ਮਿਲਦਾ ਹੈ, ਉਹ ਸੁੱਖ ਦਾ ਥੋੜਾ ਵੱਡਾ ਰੂਪ ਹੈ। ਜੇ ਥੋੜਾ ਧਿਆਨ ਨਾਲ ਦੇਖੀਏ ਤਾਂ ਕਿਹਾ ਜਾਂਦਾ ਸੁੱਖ, ਅਸਲ ਵਿੱਚ ਦੁੱਖ ਦਾ ਛੋਟਾ ਰੂਪ ਹੁੰਦਾ ਹੈ ਤੇ ਜੇ ਉਸ ਅਖੌਤੀ ਸੁੱਖ ਦੀ ਮਾਤਰਾ ਵਧਾ ਦਿੱਤੀ ਜਾਵੇ ਤਾਂ ਉਹੀ ਸੁੱਖ ਫਿਰ ਦੁੱਖ ਦਾ ਕਾਰਨ ਬਣ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਮਨੁੱਖ ਨੂੰ ਨਸ਼ੇ ਵਿਚੋਂ ਸੁੱਖ ਜਾਂ ਆਨੰਦ ਮਿਲਦਾ ਹੈ, ਜੇ ਉਹ ਇਸਨੂੰ ਇੱਕ ਲਿਮਿਟ ਵਿੱਚ ਰਹਿ ਕੇ ਵਰਤਦਾ ਹੈ, ਪਰ ਜੇ ਉਹ ਵੱਧ ਸੁੱਖ ਲੈਣ ਲਈ ਵੱਧ ਨਸ਼ੇ ਕਰਨ ਲੱਗੇ ਤਾਂ ਉਹੀ ਨਸ਼ੇ ਦੁੱਖਾਂ ਦਾ ਕਾਰਨ ਬਣ ਜਾਂਦੇ ਹਨ। ਇਸੇ ਤਰ੍ਹਾਂ ਹੋਰ ਸੁੱਖ ਹਨ। ਜੇ ਅਸੀਂ ਉਨ੍ਹਾਂ ਦੀ ਮਾਤਰਾ ਵਧਾ ਦੇਈਏ ਤਾਂ ਉਹ ਦੁੱਖਾਂ ਦਾ ਕਾਰਨ ਬਣ ਜਾਂਦੇ ਹਨ। ਇਸੇ ਲਈ ਹਰ ਸੁੱਖ, ਦੁੱਖ ਦਾ ਹੀ ਛੋਟਾ ਰੂਪ ਹੂੰਦਾ ਹੈ ਤੇ ਦੁੱਖ-ਸੁੱਖ ਇੱਕ ਹੀ ਸਿੱਕੇ ਦੇ ਦੋ ਪਹਿਲੂ ਹਨ। ਪਰ ਆਨੰਦ ਇਨ੍ਹਾਂ ਤੋਂ ਬਹੁਤ ਉਪਰਲੀ ਅਵਸਥਾ ਦਾ ਨਾਮ ਹੈ। ਆਮ ਤੌਰ ਤੇ ਮਨੁੱਖ ਉਸ ਹਿਰਨ ਵਾਂਗ ਸੁੱਖਾਂ ਜਾਂ ਆਨੰਦ ਦੀ ਭਾਲ ਬਾਹਰ ਵਸਤੂਆਂ, ਦੁਨਿਆਵੀ ਸੁੱਖ-ਸਹੂਲਤਾਂ, ਧੀਆਂ-ਪੁੱਤਰਾਂ, ਪਦਵੀਆਂ, ਧਨ-ਦੌਲਤ, ਸ਼ੋਹਰਤ, ਸਮਾਜ ਸੇਵਾ, ਧਰਮ ਸੇਵਾ, ਦੇਸ਼ ਸੇਵਾ ਆਦਿ ਵਿਚੋਂ ਲੱਭਦਾ ਹੈ, ਜਦਕਿ ਉਸਨੂੰ ਪਤਾ ਨਹੀਂ ਕਿ ਆਨੰਦ ਕਿਤੇ ਬਾਹਰ ਨਹੀਂ, ਇਹ ਤੇ ਸਾਡੇ ਅੰਦਰ ਹੀ ਹੈ। ਜਿਸ ਤਰ੍ਹਾਂ ਹਿਰਨ ਦੇ ਖੁਸ਼ਬੂਦਾਰ ਕਸਤੂਰੀ ਤਾਂ ਅੰਦਰ ਹੀ ਹੁੰਦੀ ਹੈ, ਪਰ ਉਹ ਉਸਦੀ ਭਾਲ ਵਿੱਚ ਜੰਗਲ ਵਿੱਚ ਭਟਕਦਾ ਫਿਰਦਾ ਹੈ। ਇਸੇ ਤਰ੍ਹਾਂ ਮਨੁੱਖ ਸੁੱਖਾਂ ਜਾਂ ਆਨੰਦ ਦੀ ਭਾਲ ਬਾਹਰ ਕਰਦਾ ਹੈ। ਨਕਲੀ ਧਰਮ ਵੀ ਬਾਹਰੀ ਪੂਜਾ ਪਾਠ ਜਾਂ ਕਰਮਕਾਂਡਾਂ ਵਿਚੋਂ ਹੀ ਸੁੱਖਾਂ ਜਾਂ ਆਨੰਦ ਮਿਲਣਾ ਦੱਸਦੇ ਹਨ ਕਿਉਂਕਿ ਉਨ੍ਹਾਂ ਕੋਲ ਵੀ ਆਨੰਦ ਦਾ ਕੋਈ ਅਨੁਭਵ ਨਹੀਂ ਹੈ। ਉਨ੍ਹਾਂ ਨੇ ਵੀ ਉਸ ਆਨੰਦ ਦਾ ਸੁਆਦ ਨਹੀਂ ਚੱਖਿਆ ਹੁੰਦਾ। ਉਸ ਅੰਮ੍ਰਿਤ ਨੂੰ ਨਹੀਂ ਪੀਤਾ ਹੁੰਦਾ, ਜਿਹੜਾ ਅੰਦਰੋਂ ਮਿਲਦਾ ਹੈ।

› ਅਜਿਹਾ ਕੀ ਹੈ ਕਿ ਮਨੁੱਖ ਸਭ ਕੁੱਝ ਮਾੜਾ ਸਹਾਰ ਕੇ ਵੀ ਸੈਕਸ, ਨਸ਼ੇ ਤੇ ਮਨੋਰੰਜ਼ਨ ਨੂੰ ਨਹੀਂ ਛੱਡਦਾ। ਇਸ ਵਿਚੋਂ ਅਜਿਹਾ ਕੀ ਮਿਲਦਾ ਹੈ ਕਿ ਉਹ ਸਮਾਜ ਵਿੱਚ ਬਦਨਾਮੀ, ਪਰਿਵਾਰ ਵਲੋਂ ਲਾਹਨਤਾਂ, ਧਨ ਦੀ ਬਰਬਾਦੀ ਆਦਿ ਬਰਦਾਸ਼ਤ ਕਰਨ ਲਈ ਤਿਆਰ ਹੁੰਦਾ ਹੈ, ਪਰ ਇਨ੍ਹਾਂ ਦਾ ਰਸ ਜਰੂਰ ਮਾਨਣਾ ਚਾਹੁੰਦਾ ਹੈ। ਅਸਲ ਵਿੱਚ ਇਨ੍ਹਾਂ ਦੀ ਵਰਤੋਂ ਕਰਕੇ ਉਹ ਆਪਣਾ ਅੱਗਾ ਪਿਛਾ ਭੁੱਲ ਜਾਂਦਾ ਹੈ, ਭਾਵ ਉਸਨੂੰ ਨਾ ਪਿਛੋਕੜ (ਭੂਤਕਾਲ) ਦਾ ਕੋਈ ਦੁੱਖ ਤੇ ਨਾ ਹੀ ਭਵਿੱਖ ਦੀ ਕੋਈ ਚਿੰਤਾ ਰਹਿੰਦੀ ਹੈ। ਆਮ ਤੌਰ ਤੇ ਅਸੀਂ ਭੂਤਕਾਲ ਤੇ ਭਵਿੱਖ ਵਿੱਚ ਜਿਉਂਦੇ ਹਾਂ, ਇਸੇ ਕਰਕੇ ਹੁਣ (ਪਰੈਜੈਂਟ) ਜੋ ਸਾਡੇ ਕੋਲ ਹੈ, ਜੋ ਪਲ ਪਲ ਕਰਕੇ ਸਾਡੇ ਤੋਂ ਖਿਸਕਦਾ ਜਾ ਰਿਹਾ ਹੈ, ਉਸਨੂੰ ਮਾਨਣਾ ਨਹੀਂ ਆਉਂਦਾ। ਤੁਸੀਂ ਕਦੇ ਵੀ ਆਪਣੇ ਆਪ ਨੂੰ ਜਾਗਰੂਕ ਹੋ ਕੇ ਦੇਖੋ, ਹਮੇਸ਼ਾਂ ਪਾਸਟ ਜਾਂ ਫਿਊਚਰ ਵਿੱਚ ਹੀ ਹੁੰਦੇ ਹਾਂ, ਇਹੀ ਸਾਡੇ ਦੁੱਖਾਂ-ਤਕਲੀਫਾਂ ਦਾ ਕਾਰਨ ਹੈ। ਸਾਨੂੰ ਪਰੈਜੈਂਟ ਮੋਮੈਂਟ ਜੀਉਣਾ ਨਹੀਂ ਆਉਂਦਾ। ਸੈਕਸ, ਨਸ਼ੇ ਤੇ ਮਨੋਰੰਜ਼ਨ ਵਿੱਚ ਮਨੁੱਖ ਅਜਿਹਾ ਗੁਆਚਦਾ ਹੈ ਕਿ ਉਸਨੂੰ ਭੂਤ ਤੇ ਭਵਿੱਖ ਭੁੱਲ ਜਾਂਦਾ ਹੈ ਤੇ ਉਹ ਆਪਣੇ ਅੰਦਰ ਸ਼ਾਂਤੀ ਤੇ ਆਨੰਦ ਦਾ ਅਨੁਭਵ ਕਰਦਾ ਹੈ। ਪਰ ਇਹ ਆਨੰਦ ਸਦੀਵੀ ਨਹੀਂ, ਕੁੱਝ ਪਲ ਜਾਂ ਕੁੱਝ ਸਮੇਂ ਦਾ ਹੁੰਦਾ ਹੈ, ਮੁੜ ਕੇ ਮਨੁੱਖ ਫਿਰ ਉਥੇ ਹੀ ਪਹੁੰਚ ਜਾਂਦਾ ਹੈ ਤੇ ਇਸੇ ਤਰ੍ਹਾਂ ਸਾਰੀ ਉਮਰ ਭਟਕਦਾ ਹੈ। ਇਸਦੇ ਉਲਟ ਸੱਚੇ ਧਰਮ ਗਿਆਨੀਆਂ ਜਾਂ ਸੰਤਾਂ ਨੇ ਆਪਣੇ ਅਨੁਭਵ ਨਾਲ ਉਸ ਅੰਦਰ ਦੇ ਆਨੰਦ ਨੂੰ ਮਾਨਣ ਤੋਂ ਬਾਅਦ ਸਾਨੂੰ ਕਿਹਾ ਹੈ ਕਿ ਜੇ ਅਸੀਂ ਉਸ ਆਨੰਦ ਜਾਂ ਪਰਮ ਸ਼ਾਂਤੀ ਨੂੰ ਉਪਲਬਧ ਹੋ ਜਾਈਏ ਤਾਂ ਇਸਦਾ ਨਸ਼ਾ ਕਦੇ ਉਤਰਦਾ ਨਹੀਂ। ਇਹ ਨਸ਼ਾ ਸਦੀਵੀ ਹੈ। ਇਹ ਨਾਮ ਦੀ ਉਹ ਖੁਮਾਰੀ ਹੈ, ਜਿਹੜੀ ਹਮੇਸ਼ਾਂ ਚੜ੍ਹੀ ਰਹਿੰਦੀ ਹੈ। ਇਸ ਪਰਮ ਆਨੰਦ ਦੀ ਅਵਸਥਾ ਨੂੰ ਮਾਣਦਾ ਹੋਇਆ ਮਨੁੱਖ ਦੁੱਖ-ਸੁੱਖ ਤੋਂ ਉਪਰ ਉਠ ਜਾਂਦਾ ਹੈ। ਪਰ ਸਾਡੇ ਅਖੌਤੀ ਨਕਲੀ ਧਰਮਾਂ ਦੇ ਨਕਲੀ ਪੁਜਾਰੀਆਂ ਜਾਂ ਪ੍ਰਚਾਰਕਾਂ ਕੋਲ ਉਸ ਨਾਮ ਦੇ ਨਸ਼ੇ ਦਾ ਕੋਈ ਅਨੁਭਵ ਨਹੀਂ ਹੈ, ਉਨ੍ਹਾਂ ਨੇ ਤਾਂ ਧਾਰਮਿਕ ਗ੍ਰੰਥਾਂ ਦੇ ਸ਼ਬਦ ਯਾਦ ਕੀਤੇ ਹੋਏ ਹਨ ਤੇ ਸਾਨੂੰ ਸੁਣਾਈ ਜਾਂਦੇ ਹਨ। ਵਿਦਵਾਨਾਂ ਨੇ ਧਰਮ ਗ੍ਰੰਥਾਂ ਦੇ ਆਪਣੇ ਦਿਮਾਗ ਨਾਲ ਅਰਥਾਂ ਦੇ ਅਨਰਥ ਕਰਕੇ ਆਪਣੀ ਵਿਦਵਤਾ ਦਾ ਵਿਖਾਵਾ ਹੀ ਕੀਤਾ ਹੁੰਦਾ ਹੈ, ਵਿਚੋਂ ਕੱਢਣ ਪਾਉਣ ਲਈ ਕੁੱਝ ਨਹੀਂ ਹੁੰਦਾ। ਅੱਖਰਾਂ ਜਾਂ ਸ਼ਬਦਾਂ 'ਚੋਂ ਕਦੇ ਕਿਸੇ ਨੂੰ ਨਾ ਗਿਆਨ ਮਿਲਿਆ ਹੈ ਤੇ ਨਾ ਹੀ ਆਨੰਦ। ਪਰ ਇਹ ਨਕਲੀ ਧਾਰਮਿਕ ਫਿਰਕੇ ਮਨੁੱਖ ਤੋਂ ਉਹ ਸਭ ਨੈਤਿਕਤਾ ਦੇ ਨਾਮ ਤੇ ਖੋਹਣਾ ਚਾਹੁੰਦੇ ਹਨ, ਜੋ ਮਨੁੱਖ ਨੂੰ ਕੁੱਝ ਪਲ ਲਈ ਸਕੂਨ ਜਾਂ ਆਨੰਦ ਦਿੰਦੇ ਹਨ। ਮੇਰਾ ਇਹ ਮੰਨਣਾ ਹੈ ਕਿ ਦੁਨੀਆਂ ਭਰ ਦੇ ਧਾਰਮਿਕ ਫਿਰਕੇ, ਸਰਕਾਰਾਂ ਜਾਂ ਸਮਾਜ ਸੇਵੀ ਸੰਗਠਨ, ਜਿਤਨਾ ਮਰਜੀ ਪ੍ਰਚਾਰ ਕਰਨ, ਜਿਤਨੀਆਂ ਮਰਜ਼ੀ ਰੋਕਾਂ ਲਗਾਉਣ, ਜਿਤਨੇ ਮਰਜ਼ੀ ਨੈਤਿਕਤਾ ਦੇ ਪਾਠ ਪੜ੍ਹਾਉਣ, ਨਰਕਾਂ ਦੇ ਡਰਾਵੇ ਦੇਣ, ਲੋਕ ਇਨ੍ਹਾਂ ਦੀ ਕਦੇ ਨਹੀਂ ਸੁਣਨਗੇ, ਬੇਸ਼ਕ ਦਿਖਾਵੇ ਲਈ ਬਾਹਰੋਂ ਧਰਮੀ ਭਾਵੇਂ ਬਣੇ ਰਹਿਣ। ਜੇ ਮਨੁੱਖ ਨੂੰ ਕਹੀਆਂ ਜਾਂਦੀਆਂ ਬੁਰਾਈਆਂ ਤੋਂ ਬਚਾਉਣਾ ਹੈ, ਕਾਮ, ਨਸ਼ਿਆਂ ਤੇ ਹੋਰ ਤਰ੍ਹਾਂ ਦੇ ਜ਼ੁਰਮ ਤੋਂ ਬਚਾਉਣਾ ਹੈ ਤਾਂ ਮਨੁੱਖ ਨੂੰ ਇਨ੍ਹਾਂ ਤੋਂ ਮਿਲਣ ਵਾਲੇ ਆਨੰਦ ਜਾਂ ਸੁੱਖ ਤੋਂ ਵੱਡਾ ਸੁੱਖ ਦੇਣਾ ਪਵੇਗਾ। ਵਕਤੀ ਆਨੰਦ ਦੀ ਥਾਂ ਸਦੀਵੀ ਆਨੰਦ ਵਾਲੇ ਨਸ਼ੇ ਦੀ ਚਾਟ ਲਗਾਉਣੀ ਪਵੇਗੀ, ਜਿਸਨੂੰ ਉਹ ਰੋਜ਼ਾਨਾ ਆਪਣੇ ਅੰਦਰੋਂ ਬਿਨਾਂ ਕਿਸੇ ਖਰਚੇ ਦੇ, ਜਦੋਂ ਮਰਜ਼ੀ ਪੀ ਸਕੇ। ਜਦੋਂ ਤੱਕ ਸਾਡੇ ਅਖੌਤੀ ਧਰਮ ਜਾਂ ਧਾਰਮਿਕ ਪ੍ਰਚਾਰਕ ਜਾਂ ਸਮਾਜ ਸੇਵਕ ਜਾਂ ਸਰਕਾਰਾਂ ਅਜਿਹਾ ਆਨੰਦ ਪ੍ਰਦਾਨ ਨਹੀਂ ਕਰ ਸਕਦੇ, ਉਦੋਂ ਤੱਕ ਮਨੁੱਖ ਨੂੰ ਇਨ੍ਹਾਂ ਤੋਂ ਹਟਾਉਣਾ ਅਸੰਭਵ ਹੈ। ਜੇ ਅਸੀਂ ਮਨੁੱਖ ਤੋਂ ਇਹ ਥੋੜ ਚਿਰਾ ਆਨੰਦ ਖੋਹਣ ਦਾ ਯਤਨ ਕਰਾਂਗੇ ਤਾਂ ਨਤੀਜੇ ਹੋਰ ਵੀ ਭਿਆਨਕ ਹੀ ਨਿਕਲਣਗੇ, ਜਿਸ ਤਰ੍ਹਾਂ ਅੱਗੇ ਤੋਂ ਅੱਗੇ ਨਿਕਲ ਰਹੇ ਹਨ। ਜਿਵੇਂ ਜਿਵੇਂ ਸਾਇੰਸਦਾਨ ਕੁਦਰਤ ਦੇ ਭੇਦਾਂ ਨੂੰ ਖੋਜਦੇ ਜਾ ਰਹੇ ਹਨ ਤੇ ਮਨੁੱਖ ਲਈ ਬਾਹਰੀ ਸੁੱਖ-ਸਹੂਲਤਾਂ ਵੀ ਪੈਦਾ ਕਰ ਰਹੇ, ਉਸੇ ਤਰ੍ਹਾਂ ਮਨੁੱਖ ਨਕਲੀ ਧਰਮਾਂ ਵਲੋਂ ਪਾਏ ਗਏ ਭਰਮਾਂ ਤੋਂ ਹੀ ਨਹੀਂ, ਸਗੋਂ ਧਰਮ ਪੁਜਾਰੀਆਂ ਵਲੋਂ ਮਨੁੱਖ ਨੂੰ ਨੈਤਿਕ ਬਣਾਉਣ ਲਈ ਦਿੱਤੇ ਜਾਂਦੇ ਡਰਾਵਿਆਂ ਤੋਂ ਵੀ ਮੁਕਤ ਹੋ ਰਿਹਾ ਹੈ। ਜੇ ਧਰਮ ਨੇ ਅਜਿਹੇ ਅਨੁਭਵੀ ਵਿਅਕਤੀ ਪੈਦਾ ਨਾ ਕੀਤੇ, ਜਿਹੜੇ ਆਪ ਵੀ ਆਨੰਦਤ ਹੋਣ ਤੇ ਦੂਜਿਆਂ ਨੂੰ ਆਨੰਦਤ ਕਰਨ ਦੇ ਕਾਬਿਲ ਹੋਣ, ਧਰਮਾਂ ਦਾ ਕੋਈ ਭਵਿੱਖ ਨਹੀਂ। ਮੈਂ ਤਾਂ ਕਹਿੰਦਾ ਹਾਂ ਕਿ ਅਜਿਹੇ ਧਰਮਾਂ ਤੋਂ ਮਨੁੱਖ ਨੇ ਫਿਰ ਲੈਣਾ ਵੀ ਕੀ ਹੈ, ਜਿਹੜੇ ਉਸਨੂੰ ਡਰਾਉਣ, ਭਰਮਾਉਣ ਤੇ ਸੋਸ਼ਣ ਕਰਨ ਦੇ ਹੀ ਅੱਡੇ ਹਨ। ਸਾਨੂੰ ਇੰਨੀ ਗੱਲ ਜਾਣ ਲੈਣੀ ਚਾਹੀਦੀ ਹੈ ਕਿ ਜਿਥੇ ਪਰਮ ਆਨੰਦ ਤੇ ਪਰਮ ਸ਼ਾਂਤੀ, ਪਰੈਜੈਂਟ ਮੋਮੈਂਟ ਵਿੱਚ ਹੈ, ਉਥੇ ਇਹ ਕਿਤਿਉਂ ਬਾਹਰੋਂ ਨਹੀਂ ਮਿਲ ਸਕਦੀ, ਇਹ ਖਜ਼ਾਨਾ ਸਾਡੇ ਅੰਦਰ ਹੀ ਹੈ। ਇਹ ਭੰਡਾਰ ਸਾਡੇ ਅੰਦਰ ਹੀ ਹੈ। ਇਸਤੇ ਸਾਡਾ ਸਭ ਦਾ ਪੂਰਨ ਹੱਕ ਹੈ। ਅਜਿਹਾ ਨਹੀਂ ਕਿ ਇਸ ਤੇ ਹੱਕ ਕੁੱਝ ਸੱਚੇ ਧਰਮੀ ਮਹਾਂਪੁਰਸ਼ਾਂ ਨੂੰ ਹੀ ਸੀ ਤੇ ਅਸੀਂ ਸਿਰਫ ਉਨ੍ਹਾਂ ਦੀ ਪੂਜਾ ਪਾਠ ਹੀ ਕਰੀਏ ਜਾਂ ਉਨ੍ਹਾਂ ਦੇ ਗ੍ਰੰਥਾਂ ਜਾਂ ਸ਼ਬਦਾਂ ਦਾ ਭਾਰ ਹੀ ਢੋਂਹਦੇ ਰਹੀਏ। ਉਹ ਆਨੰਦ ਕਿਵੇਂ ਮਿਲੇ, ਉਸ ਆਨੰਦ ਦੀ ਝਲਕ ਕਿਵੇਂ ਪਾ ਸਕੀਏ, ਸਾਨੂੰ ਲੋੜ ਹੈ, ਅਜਿਹੇ ਕਿਸੇ ਅਨੁਭਵੀ ਨੂੰ ਖੋਜਣ ਦੀ। ਆਪਣੇ ਅੰਦਰ ਝਾਤੀ ਮਾਰਨ ਦੀ। ਜਥੇਬੰਧਕ ਧਾਰਮਿਕ ਫਿਰਕਿਆਂ ਤੋਂ ਬਾਹਰ ਨਿਕਲਣ ਦੀ, ਤਾਂ ਹੀ ਉਸ ਪਰਮ ਆਨੰਦ ਵੱਲ ਅਸੀਂ ਕੋਈ ਕਦਮ ਵਧਾ ਸਕਦੇ ਹਾਂ। ਆਪਣਾ ਤਜ਼ਰਬਾ ਆਪ ਕੀਤੇ ਬਿਨਾਂ ਉਸ ਆਨੰਦ ਨੂੰ ਨਹੀਂ ਮਾਣਿਆ ਜਾ ਸਕਦਾ। ਦੂਜਿਆਂ ਦਾ ਉਧਾਰਾ ਤੇ ਬਾਸਾ ਗਿਆਨ ਸਾਡੇ ਕਿਸੇ ਕੰਮ ਨਹੀਂ ਆ ਸਕਦਾ। ਜਦੋਂ ਆਨੰਦ ਦਾ ਝਰਨਾ ਸਾਡੇ ਅੰਦਰੋਂ ਫੁੱਟ ਸਕਦਾ ਹੈ ?

# ਦਲਿਤ ਸ਼ਬਦ ਦੀ ਮਨਾਹੀ ਦੇ ਅਰਥ



ਡੰਗ ਅਤੇ ਚੋਭਾਂ
ਗੁਰਮੀਤ ਸਿੰਘ ਪਲਾਹੀ
98158-02070




ਮੁੰਬਈ ਹਾਈ ਕੋਰਟ ਅਤੇ ਮੱਧ ਪ੍ਰਦੇਸ਼ ਹਾਈ ਕੋਰਟ ਦੇ ਹਵਾਲੇ ਨਾਲ ਸੂਚਨਾ ਅਤੇ ਪ੍ਰਸਾਰਣ ਮੰਤਰਾਲਾ, ਨਵੀਂ ਦਿੱਲੀ ਨੇ ਮੀਡੀਆ ਨੂੰ ਇਹ ਆਦੇਸ਼ ਦਿੱਤਾ ਹੈ ਕਿ ਉਹ ਦਲਿਤ ਸ਼ਬਦ ਦੀ ਵਰਤੋਂ ਨਾ ਕਰੇ, ਸਗੋਂ ਦਲਿਤ ਦੀ ਥਾਂ ਅਨੁਸੂਚਿਤ ਜਾਤੀ ਸ਼ਬਦ ਵਰਤੇ। ਅਦਾਲਤੀ ਵਰਤੋਂ ਲਈ ਅਨੁਸੂਚਿਤ ਜਾਤੀ ਸ਼ਬਦ ਦੀ ਵਰਤੋਂ ਸਹੀ ਹੈ, ਪਰ ਮੀਡੀਆ ਵਿੱਚ ਦਲਿਤ ਸ਼ਬਦ ਦੀ ਵਰਤੋਂ ਦੀ ਮਨਾਹੀ ਵਿਹਾਰਕ ਨਹੀਂ ਹੈ।

'ਦਲਿਤ' ਸ਼ਬਦ ਕਿਸੇ ਜਾਤ ਜਾਂ ਧਰਮ ਦੇ ਵਿਰੁੱਧ ਨਹੀਂ ਹੈ। ਮੀਡੀਆ ਵਿੱਚ ਇਸ ਦੀ ਵਰਤੋਂ ਰੁਕਣ ਦਾ ਮਤਲਬ ਹੈ ਕਿ ਦਲਿਤ ਪ੍ਰਕਾਸ਼ਨਾਵਾਂ ਨੂੰ ਵੀ ਇਸੇ ਦਾਇਰੇ ਵਿੱਚ ਲਿਆ ਜਾਏਗਾ, ਜਦੋਂ ਕਿ 'ਦਲਿਤ' ਸਿਰਲੇਖ ਦੇ ਤਹਿਤ ਦੇਸ਼ ਭਰ ਵਿੱਚ ਸੈਂਕੜੇ ਮੈਗਜ਼ੀਨ-ਪੱਤਰਕਾਵਾਂ ਅਤੇ ਕਿਤਾਬਾਂ ਪ੍ਰਕਾਸ਼ਤ ਹੋ ਰਹੀਆਂ ਹਨ, ਹਜ਼ਾਰਾਂ ਸੰਸਥਾਵਾਂ ਰਜਿਸਟਰਡ ਹੋ ਚੁੱਕੀਆਂ ਹਨ। ਸਮਾਜਿਕ, ਰਾਜਨੀਤਕ ਚਰਚਾਵਾਂ, ਸਾਹਿਤਕ ਥੀਮਜ਼, ਅਧਿਆਪਨ-ਅਧਿਆਪਨਾਂ ਅਤੇ ਵਿਚਾਰ ਚਰਚਾ ਵਿੱਚ 'ਦਲਿਤ' ਸ਼ਬਦ ਦੀ ਵਰਤੋਂ ਹੁੰਦੀ ਹੈ। ਇਹ ਪਾਬੰਦੀ ਮੀਡੀਆ ਤੱਕ ਸੀਮਤ ਨਹੀਂ ਹੈ। ਇਹ ਦਲਿਤਾਂ ਦੀ ਹੋਂਦ ਤੇ ਆਜ਼ਾਦੀ ਉੱਤੇ ਰੋਕ ਲਗਾਉਣਾ ਹੈ, ਕਿਉਂਕਿ ਸਾਹਿਤ ਵੀ ਸੀਮਤ ਅਰਥਾਂ ਵਿੱਚ ਮੀਡੀਆ ਹੀ ਹੈ।

ਅਨੇਕ ਜਾਤਾਂ ਨੇ ਆਪਣੇ ਲਈ ਅਛੂਤ ਸ਼ਬਦ ਦੀ ਵਰਤੋਂ ਕਰਨੀ ਛੱਡੀ ਹੈ ਅਤੇ ਜਿਨਾਂ ਨੇ ਗਾਂਧੀ ਜੀ ਦੇ 'ਹਰੀਜਨ' ਸ਼ਬਦ ਨੂੰ ਅਪਣਾ ਲਿਆ ਸੀ, ਉਹਨਾਂ ਨੇ ਵੀ 'ਦਲਿਤ' ਸ਼ਬਦ ਗ੍ਰਹਿਣ ਕਰ ਲਿਆ ਹੈ। ਦਲਿਤ ਸ਼ਬਦ ਬਹੁ-ਗਿਣਤੀ ਦਲਿਤਾਂ ਨੂੰ ਵੀ ਆਪਣੇ ਆਪ 'ਚ ਪ੍ਰਵਾਨ ਹੈ, ਕਿਉਂਕਿ ਇਹ ਅਪਮਾਨ ਜਨਕ ਨਹੀਂ ਹੈ, ਸਥਿਤੀ ਬੋਧਕ ਸ਼ਬਦ ਹੈ। ਕੁਝ ਲੋਕ ਕਹਿੰਦੇ ਹਨ ਕਿ ਦਲਿਤ ਸ਼ਬਦ ਭਾਰਤੀ ਸੰਵਿਧਾਨ ਵਿੱਚ ਨਹੀਂ ਹੈ। ਯਾਦ ਰੱਖਣਾ ਬਣਦਾ ਹੈ ਕਿ ਸੰਵਿਧਾਨ ਕੋਈ ਸ਼ਬਦ ਕੋਸ਼ ਨਹੀਂ ਹੈ, ਜਿਸ ਵਿੱਚ ਦਲਿਤ ਸ਼ਬਦ ਸੰਕਲਿਤ ਅਤੇ ਪਰਿਭਾਸ਼ਤ ਹੋਵੇ। ਹਾਂ, ਜਿਨਾਂ ਨੂੰ ਇਹ ਸ਼ਬਦ ਸੰਵਿਧਾਨ ਵਿੱਚ ਚਾਹੀਦਾ ਹੈ, ਉਹ ਸੰਸਦ ਵਿੱਚ ਇਹ ਮੰਗ ਰੱਖ ਸਕਦੇ ਹਨ।

ਧਿਆਨ ਰਹੇ ਕਿ ਡਾਕਟਰ ਅੰਬੇਡਕਰ ਨੇ ਸੰਵਿਧਾਨ ਦੀ ਰਚਨਾ ਕਰਨ ਦਾ ਜ਼ਿੰਮਾ ਲੈਣ ਤੋਂ ਪਹਿਲਾਂ 'ਦਲਿਤ' ਸ਼ਬਦ ਦੀ ਵਰਤੋਂ ਕੀਤੀ ਸੀ। ਅੰਗਰੇਜ਼ੀ ਵਿੱਚ ਉਹ ਜਿਸ ਨੂੰ 'ਡਿਪਰੈਸਡ' ਅਤੇ ਮਰਾਠੀ ਵਿੱਚ ਵਿਹਸ਼ਕ੍ਰਿਤ ਕਹਿ ਰਹੇ ਸਨ, ਉਸ ਦਾ ਹਿੰਦੀ 'ਚ ਸਮਾਨ-ਅਰਥੀ ਸ਼ਬਦ ਦਲਿਤ ਹੀ ਹੈ। ਅਤੇ ਹਿੰਦੀ ਦੇ ਦਲਿਤ ਨੂੰ ਹੁਣ ਅੰਗਰੇਜ਼ੀ, ਮਰਾਠੀ, ਤਮਿਲ, ਤੇਲਗੂ ਅਤੇ ਪੰਜਾਬੀ ਆਦਿ ਸਾਰੀਆਂ ਭਾਸ਼ਾਵਾਂ ਨੇ ਅਪਣਾ ਲਿਆ ਹੈ। ਜਿੱਥੋਂ ਤੱਕ ਮੀਡੀਆ ਦਾ ਸਵਾਲ ਹੈ, ਡਾ: ਅੰਬੇਡਕਰ ਆਪ ਮੂਕਨਾਇਕ, ਵਿਹਸ਼ਕ੍ਰਿਤ ਭਾਰਤ, ਸਮਤਾ ਅਤੇ ਜਨਤਾ ਨਾਮ ਦੇ ਮਰਾਠੀ ਸਮਾਚਾਰ ਪੱਤਰਾਂ ਦੇ ਸੰਪਾਦਕ ਸਨ। ਉਹ ਇਸ ਵਿੱਚ ਦਲਿਤ ਵਿਹਸ਼ਕ੍ਰਿਤ ਸ਼ਬਦ ਦੀ ਖ਼ੂਬ ਵਰਤੋਂ ਕਰਦੇ ਸਨ। ਉਹ ਜਾਣਦੇ ਸਨ ਕਿ 'ਦਲਿਤ' ਸ਼ਬਦ ਸਾਰੀਆਂ ਵਿਹਸ਼ਕ੍ਰਿਤ ਅਤੇ ਅਧਿਕਾਰਾਂ ਤੋਂ ਵੰਚਿਤ ਬਿਖਰੀਆਂ ਹੋਈਆਂ ਸ਼ੋਸ਼ਤ-ਪੀੜਤ ਜਾਤਾਂ, ਉੱਪ-ਜਾਤਾਂ ਨੂੰ ਇੱਕ ਸਮੂਹ, ਇੱਕ ਵਰਗ ਦੇ ਰੂਪ ਵਿੱਚ ਜੋੜਦਾ ਹੈ। ਉਹ ਕਿਸਮਤ ਦੇ ਭਰੋਸੇ ਆਪਣੀ ਸਥਿਤੀ ਨੂੰ ਨਹੀਂ ਛੱਡਦੇ, ਬਲਕਿ ਸਨਮਾਨ, ਸੁਰੱਖਿਆ, ਗਿਆਨ ਅਤੇ ਆਤਮ-ਵਿਸ਼ਵਾਸ ਪਾਉਣ ਲਈ ਉੱਦਮ ਕਰਦੇ ਹਨ।

'ਦਲਿਤ' ਸ਼ਬਦ 'ਦਲਿਤ ਪੈਂਥਰ' ਦੀ ਸਥਾਪਨਾ ਤੋਂ ਬਾਅਦ ਜ਼ਿਆਦਾ ਵਰਤਿਆ ਜਾਣ ਲੱਗਾ। 'ਦਲਿਤ ਪੈਂਥਰ' ਉੱਤੇ 'ਬਲੈਕ ਪੈਂਥਰ' ਦਾ ਪ੍ਰਭਾਵ ਸੀ, ਪਰ ਇਹ ਪ੍ਰਭਾਵ ਗ਼ੁਲਾਮੀ ਤੋਂ ਮੁਕਤੀ ਲਈ ਸੀ, ਕਿਸੇ ਨੂੰ ਅਪਮਾਨਿਤ ਕਰਨ ਜਾਂ ਆਪਣੇ ਅਧੀਨ ਕਰਨ ਲਈ ਨਹੀਂ। 'ਦਲਿਤ' ਸ਼ਬਦ ਦੇ ਵਿਸਥਾਰ ਦੀ ਗੁੰਜਾਇਸ਼ ਹੈ ਕਿ ਜੇਕਰ ਕੋਈ ਗ਼ੈਰ-ਦਲਿਤ ਵੀ ਦਲਿਤਾਂ ਜਿਹੀਆਂ ਭੈੜੀਆਂ ਹਾਲਤਾਂ ਵਿੱਚ ਪਹੁੰਚ ਕੇ ਜਾਤ ਦੇ ਅਭਿਮਾਨ ਤੋਂ ਮੁਕਤ ਹੋ ਜਾਂਦਾ ਹੈ, ਤਾਂ ਉਸ ਨੂੰ ਵੀ ਦਲਿਤ ਕਿਹਾ ਜਾਂਦਾ ਹੈ। 'ਦਲਿਤ' ਸ਼ਬਦ ਦੀ ਖ਼ੂਬ ਸਮੂਹਿਕ ਵਰਤੋਂ ਹੋਈ।

ਡਾ: ਅੰਬੇਡਕਰ ਨੇ ਜੁਲਾਈ 1942 ਵਿੱਚ ਨਾਗਪੁਰ ਵਿੱਚ ਤਿੰਨ-ਦਿਨਾ ਸੰਮੇਲਨ ਨੂੰ ਡਿਪਰੈਸਡ ਕਲਾਸ ਕਾਨਫ਼ਰੰਸ ਅਤੇ ਡਿਪਰੈਸਡ ਕਲਾਸ ਵੂਮੈਨ ਕਾਨਫ਼ਰੰਸ ਕਿਹਾ। ਹਿੰਦੀ ਦਾ ਦਲਿਤ ਸ਼ਬਦ ਅੰਗਰੇਜ਼ੀ ਵਿੱਚ ਬਿਨਾਂ ਅਨੁਵਾਦ ਦੇ ਹੀ ਅਪਣਾ ਲਿਆ ਗਿਆ ਹੈ। ਦਲਿਤ ਸ਼ਬਦ ਅੰਤਰ-ਰਾਸ਼ਟਰੀ ਪੱਧਰ 'ਤੇ ਸਥਿਤੀ ਬੋਧ ਵਿੱਚ ਸਟੀਕ ਅਤੇ ਸਵੀਕਾਰ ਕਰਨ ਯੋਗ ਥਾਂ ਉੱਤੇ ਚਲਾ ਗਿਆ ਹੈ। ਆਪਣੀ ਮਰਜ਼ੀ ਨਾਲ ਅਪਣਾਇਆ ਗਿਆ ਇਹ ਸ਼ਬਦ ਵਿਆਪਕ ਸਮਾਜ, ਸਾਹਿਤ, ਰਾਜਨੀਤੀ ਅਤੇ ਸੱਭਿਆਚਾਰ ਦੀ ਪਛਾਣ ਬਣ ਗਿਆ। ਇਸ ਸ਼ਬਦ ਵਿੱਚ ਵਾਸਤਵਿਕਤਾ ਅਤੇ ਲੋਕਤੰਤਰਿਕਤਾ ਜ਼ਿਆਦਾ ਹੋਣ ਕਾਰਨ ਇਹ ਜੋੜਨ ਅਤੇ ਐਕਸ਼ਨ ਵਿੱਚ ਆਉਣ ਲਈ ਇੱਕ ਸਾਰਥਕ ਸ਼ਬਦ ਬਣ ਗਿਆ। ਦਲਿਤਾਂ ਨੇ ਇਹ ਆਪਣੇ ਲਈ ਗ੍ਰਹਿਣ ਕਰ ਲਿਆ ਹੈ, ਦੂਸਰਿਆਂ ਉੱਤੇ ਥੋਪਿਆ ਨਹੀਂ ਹੈ। ਇਸ ਲਈ ਇਸ ਉੱਤੇ ਇਤਰਾਜ਼ ਨਿਆਂ ਸੰਗਤ ਨਹੀਂ ਹੈ। ਬਾਬੂ ਜਗਜੀਵਨ ਰਾਮ ਨੇ 1935 ਵਿੱਚ 'ਅਖਿਲ ਭਾਰਤੀ ਦਲਿਤ ਵਰਗ ਸੰਘ' ਬਣਾਇਆ, ਜੋ ਬਿਨਾਂ ਦਲਿਤ ਸ਼ਬਦ ਦੀ ਵਰਤੋਂ ਨਹੀਂ ਸੀ ਚੱਲ ਸਕਦਾ। ਉਹਨਾ ਦੇ ਸਹਿਯੋਗ ਨਾਲ 1984 ਵਿੱਚ ਭਾਰਤੀ ਦਲਿਤ ਸਾਹਿਤ ਅਕਾਦਮੀ ਦੀ ਸਥਾਪਨਾ ਹੋਈ। ਪਿਛਲੇ ਤਿੰਨ ਦਹਾਕਿਆਂ ਤੋਂ ਡਾ: ਸੋਹਨਪਾਲ ਸੁਮਨਾਕਸ਼ਰ ਦੀ ਅਗਵਾਈ ਵਿੱਚ ਇਸ ਦੀਆਂ ਰਾਜ ਪੱਧਰ 'ਤੇ 35 ਅਤੇ ਜ਼ਿਲਾ ਪੱਧਰ 'ਤੇ 600 ਸ਼ਾਖਾਵਾਂ ਕੰਮ ਕਰ ਰਹੀਆਂ ਹਨ। ਉਜੈਨ ਵਿੱਚ ਅਵੰਤਿਕਾ ਪ੍ਰਸਾਦ ਵੱਲੋਂ ਸਥਾਪਤ ਮੱਧ ਪ੍ਰਦੇਸ਼ ਦਲਿਤ ਸਾਹਿਤ ਦਲਿਤ ਸ਼ਬਦ ਦੀ ਵਰਤੋਂ ਕਰ ਰਹੀ ਹੈ। ਦੇਸ਼ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿੱਚ ਸਾਰੇ ਭਾਸ਼ਾਈ ਵਿਸ਼ਿਆਂ ਵਿੱਚ 'ਦਲਿਤ' ਸ਼ਬਦ ਦੇ ਨਾਲ ਖੋਜਾਂ ਅਤੇ ਅਧਿਆਪਨ ਹੋ ਰਹੇ ਹਨ। ਇਗਨੋ (ਇੰਦਰਾ ਗਾਂਧੀ ਯੂਨੀਵਰਸਿਟੀ) ਵਿੱਚ ਇਸ ਸ਼ਬਦ ਦੀ ਵਰਤੋਂ ਸਾਰੇ ਪਾਠ-ਕ੍ਰਮਾਂ ਵਿੱਚ ਰਚਨਾਤਮਿਕ ਤੌਰ 'ਤੇ ਹੋ ਰਹੀ ਹੈ। ਮੌਜੂਦਾ ਸਰਕਾਰ ਵਿੱਚ ਸ਼ਾਮਲ ਰਾਮ ਵਿਲਾਸ ਪਾਸਵਾਨ 'ਦਲਿਤ ਸੈਨਾ' ਚਲਾਉਂਦੇ ਰਹੇ ਹਨ ਅਤੇ 'ਕਾਲ ਚੱਕਰ' ਪੱਤ੍ਰਿਕਾ ਵਿੱਚ ਦਲਿਤ ਸ਼ਬਦ ਦੀ ਭਰਪੂਰ ਵਰਤੋਂ ਕਰਦੇ ਰਹੇ ਹਨ। ਰਾਮਦਾਸ ਅਠਾਵਲੇ 'ਦਲਿਤ ਪੈਂਥਰ' ਨਾਂਅ ਦੀ ਸੰਸਥਾ ਨਾਲ ਸੰਬੰਧਤ ਰਹੇ ਹਨ। ਜਿਸ ਦਿਨ ਦੇਸ਼ ਵਿੱਚ ਬਰਾਬਰੀ ਅਤੇ ਭਾਈਚਾਰਕ ਸਾਂਝ ਸਥਾਪਤ ਹੋ ਗਈ, ਉਸ ਦਿਨ ਊਚ-ਨੀਚ ਦੀ ਸਥਿਤੀ ਖ਼ਤਮ ਹੋ ਜਾਏਗੀ ਅਤੇ ਦਲਿਤ ਸ਼ਬਦ ਅਛੂਤ, ਹਰੀਜਨ ਸ਼ਬਦਾਂ ਦੀ ਤਰਾਂ ਆਪਣੇ ਅਰਥ ਗੁਆ ਦੇਵੇਗਾ। ਕਾਮਨਾ ਹੈ ਕਿ ਅਸੀਂ ਭਾਰਤੀ ਆਪ ਹੀ ਇਹੋ ਜਿਹਾ ਦੇਸ਼ ਅਤੇ ਸਮਾਜ ਬਣਾਵਾਂਗੇ।

# ਮੈਂ ਡਰਿਆ ਤਾਂ ਨਹੀਂ ਸੀ ਪਰ ਹਿੰਮਤ ਵੀ ਨਹੀਂ ਵਿਖਾਈ

ਅੱਜ, ਆਪਣੇ ਇੱਕ ਦੋਸਤ ਦੇ ਪਿਤਾ ਜੀ ਦੀ ਮੌਤ ਹੋ ਜਾਣ ਕਾਰਨ ਅਸੀਂ ਦੋਵੇਂ ਜਣੇ (ਮੈਂ ਤੇ ਮੇਰੀ ਪਤਨੀ) ਅਫ਼ਸੋਸ ਕਰਨ ਲਈ ਘਰੋਂ ਨਿਕਲੇ ਹੀ ਸਾਂ ਕਿ ਗਲੀ ਵਿੱਚ ਰੌਲ਼ਾ ਪਿਆ ਹੋਣ ਕਾਰਨ ਮੈਂ ਮੋਟਰਸਾਈਕਲ ਰੋਕ ਲਿਆ।

ਇੰਨੇ ਵਿੱਚ ਹੀ ਸ਼ਕਲ ਤੋਂ ਗੁੰਡਾ ਲੱਗਦਾ ਤੇ ਸ਼ਰੀਫ ਘਰ ਦੀ ਲੱਗਦੀ ਕੁੜੀ ਚੁੱਪ ਧਾਰ ਗਏ।

ਸਾਨੂੰ ਰੁਕਿਆਂ ਵੇਖ ਕੇ ਗੁੰਡਾਗਰਦੀ ਕਰਦਾ ਮੁੰਡਾ ਉੱਥੋਂ ਪੱਤਰੇ ਵਾਚ ਗਿਆ।

ਵਿਚਾਰੀ ਕੁੜੀ ਇਕੱਲੀ ਰਹਿ ਗਈ ਸੀ। ਤੁਰੰਤ ਹੀ ਇਹ ਸਭ ਵੇਖ ਰਹੀ ਇੱਕ ਔਰਤ ਉਸ ਨੂੰ ਹੌਸਲਾ ਦੇਣ ਲਈ ਆ ਗਈ।

ਪਲਾਂ ਵਿੱਚ ਹੀ ਹੋਏ ਇਸ ਘਟਨਾਕ੍ਰਮ ਤੇ ਉਹਨਾਂ ਦੋਵਾਂ ਦੀ ਗੱਲਬਾਤ ਤੋਂ ਅਸੀਂ ਸਮਝ ਗਏ ਕਿ ਉਹ ਮੁੰਡਾ ਕੁੜੀ ਨੂੰ ਤੰਗ ਪ੍ਰੇਸ਼ਾਨ ਕਰ ਰਿਹਾ ਸੀ ਤੇ ਕੁੜੀ ਨੇ ਹਿੰਮਤ ਵਿਖਾਉਂਦੇ ਹੋਏ ਉਸ ਦਾ ਡਟ ਕੇ ਮੁਕਾਬਲਾ ਕੀਤਾ ਸੀ।

ਉਸ ਬਹਾਦਰ ਕੁੜੀ ਨੂੰ ਸਲਾਮ।

ਅਕਸਰ ਹੀ ਜਿਵੇਂ ਹੁੰਦਾ ਹੈ ਆਪਾਂ ਮੁੰਡੇ-ਕੁੜੀ ਦਾ ਮਸਲਾ ਹੋਣ ਕਾਰਨ ਚੁੱਪ ਵੱਟ ਜਾਂਦੇ ਹਾਂ, ਉਸੇ ਤਰ੍ਹਾਂ ਹੀ ਸਾਡੇ ਨਾਲ ਹੋਇਆ ਸੀ।

ਜੇ ਮੈਂ ਮੋਟਰਸਾਈਕਲ ਨਾ ਰੋਕਦਾ ਤੇ ਉੱਥੇ ਨਾ ਖੜ੍ਹਦਾ ਤਾਂ ਕੁੜੀ ਨੂੰ ਉਸ ਗੁੰਡੇ ਨੇ ਬਹੁਤ ਜ਼ਿਆਦਾ ਕੁੱਟ ਜਾਣਾ ਸੀ। ਕੁੜੀ ਦੇ ਘਰਦਿਆਂ ਕੀ ਪੂਰੇ ਸਮਾਜ ਨੂੰ ਉਸ ਕੁੜੀ ਦੇ ਚਰਿੱਤਰ 'ਤੇ ਸ਼ੱਕ ਹੋ ਜਾਣਾ ਸੀ।

ਮੈਨੂੰ ਇਹ ਗੱਲ ਸਮਝ 'ਚ ਆਈ ਕਿ ਆਪਣੀ ਕੁਝ ਕੁ ਪਲ ਦੀ ਦੇਰੀ ਕਿਸੇ ਕੁੜੀ ਨੂੰ ਉਮਰ ਭਰ ਬੇਇੱਜ਼ਤ ਹੋਣ ਤੋਂ ਬਚਾਅ ਸਕਦੀ ਹੈ।

ਮੈਨੂੰ ਅਫ਼ਸੋਸ ਸਿਰਫ ਇਸ ਗੱਲ ਦਾ ਹੀ ਹੈ ਕਿ ਮੈਂ ਉਸ ਗੁੰਡੇ ਨੂੰ ਉਸੇ ਵੇਲੇ ਹੀ ਗਲਵੇਂ ਤੋਂ ਕਿਉਂ ਨਹੀਂ ਫੜਿਆ?

ਸਕੂਨ ਇਹ ਹੈ ਕਿ ਮੇਰੇ ਇੱਕ-ਅੱਧੇ ਮਿੰਟ ਉੱਥੇ ਰੁਕਣ ਨਾਲ ਦਰਵਾਜ਼ਿਆਂ ਦੀਆਂ ਝੀਥਾਂ ਵਿੱਚੋਂ ਤਮਾਸ਼ਾ ਵੇਖ ਰਹੇ ਤੇ ਉਸ ਜ਼ਾਲਮ ਨਾਲ ਲੜ ਰਹੀ ਲੜਕੀ ਵਿੱਚ ਇੰਨਾ ਕੁ ਹੌਸਲਾ ਤੇ ਮਾਨਸਿਕ ਤਾਕਤ ਆ ਗਈ ਸੀ ਕਿ ਉਹ ਗੁੰਡਾ ਡਰਦਾ ਹੋਇਆ ਉੱਥੋਂ ਭੱਜ ਨਿਕਲਿਆ ਸੀ।

ਜਦ ਤੱਕ ਸਾਨੂੰ ਪੂਰੇ ਮਾਮਲੇ ਦੀ ਸਮਝ ਪਈ ਉਦੋਂ ਤੱਕ ਉਹ ਮੁੰਡਾ ਗਲੀਆਂ ਵਿੱਚ ਗਾਇਬ ਹੋ ਚੁੱਕਾ ਸੀ।

ਅੱਜ ਦੇ ਇਸ ਘਟਨਾਕ੍ਰਮ ਤੋਂ ਮੈਂ ਤਾਂ ਇਹ ਹੀ ਸਿਖਿਆ ਹੈ ਕਿ ਜਦ ਵੀ ਅਜਿਹਾ ਮਸਲਾ ਸਾਹਮਣੇ ਆਵੇ ਦੋਵਾਂ ਧਿਰਾਂ ਚੋਂ ਕਿਸੇ ਨੂੰ ਵੀ ਭੱਜ ਜਾਣ ਦਾ ਮੌਕਾ ਨਾ ਦਿਓ। ਅਕਸਰ ਭੱਜਦਾ ਉਹੀ ਹੈ ਜੋ ਗ਼ਲਤ ਹੁੰਦਾ ਹੈ।

ਦੋ ਕੁ ਮਿੰਟ ਵਿੱਚ ਹੋਈ ਇਸ ਘਟਨਾ ਨੇ ਮੈਨੂੰ ਬਹੁਤ ਕੁਝ ਸਿਖਾਅ ਦਿੱਤਾ ਹੈ।

ਅਸੀਂ ਅਕਸਰ ਹੀ ਅਜਿਹੇ ਝਮੇਲਿਆਂ 'ਚ ਪੈਣ ਤੋਂ ਡਰ ਜਾਂਦੇ ਹਾਂ ਪਰ ਇਹ ਠੀਕ ਨਹੀਂ ਹੈ।

ਟਿਊਸ਼ਨ ਪੜ੍ਹਣ ਆਈ ਉਹ ਕੁੜੀ ਸਾਡੀ ਵੀ ਹੋ ਸਕਦੀ ਹੈ। ਜੇ ਸਾਡੀ ਨਹੀਂ ਤਾਂ ਸਾਡੇ ਕਿਸੇ ਰਿਸ਼ਤੇਦਾਰ ਜਾਂ ਆਂਢੀ-ਗੁਆਂਢੀ ਦੀ ਵੀ ਹੋ ਸਕਦੀ ਹੈ ਪਰ ਉਹਨਾਂ ਗੁੰਡਿਆਂ ਦੀ ਨਹੀਂ ਹੋਵੇਗੀ। ਆਪਾਂ ਰਲ-ਮਿਲ ਕੇ ਇਸ 'ਤੇ ਕਾਬੂ ਪਾਈਏ।

ਗੁੰਡਾਗਰਦੀ, ਮੁਰਦਾਬਾਦ।

**ਕ੍ਰਿਸ਼ਨ ਪ੍ਰਤਾਪ,**
94174 37682

# ਰੇਵਾੜੀ ਨੇੜੇ ਵਾਪਰਿਆ ਵਹਿਸ਼ੀਆਨਾ ਬਲਾਤਕਾਰ ਕਾਂਡ

**ਪਿਛਲੇ ਦਿਨੀਂ ਰੇਵਾੜੀ (ਹਰਿਆਣਾ) ਨੇੜਲੇ ਇੱਕ ਪਿੰਡ ਵਿੱਚ ਵਾਪਰਿਆ ਵਹਿਸ਼ੀਆਨਾ ਬਲਾਤਕਾਰ ਕਾਂਡ ਅੱਜਕਲ ਚਰਚਾ ਵਿੱਚ ਹੈ। ਉਸੇ ਦਰਿੰਦਗੀ-ਭਰਪੂਰ ਕਾਂਡ ਦੇ ਸੰਦਰਭ ਵਿੱਚ ਪੱਤਰਕਾਰ ਹੇਮਾਨੀ ਭੰਡਾਰੀ ਦੀ ਇੱਕ ਰਿਪੋਰਟ 16 ਸਤੰਬਰ ਦੇ 'ਦ ਹਿੰਦੂ' ਅਖਬਾਰ ਵਿੱਚ ਛਪੀ ਹੈ। ਪੰਜਾਬੀ ਪਾਠਕਾਂ ਲਈ ਉਸ ਦਾ ਅਨੁਵਾਦ ਪੇਸ਼ ਕਰ ਰਹੇ ਹਾਂ।**

**ਮੈਂ ਇੱਕ ਅਪਮਾਨਜਨਕ ਰਿਸ਼ਤਾ ਹੰਢਾ ਰਹੀ ਸੀ ਅਤੇ ਕਿਸੇ ਵੀ ਲੜਕੀ ਨੂੰ ਅਜਿਹਾ ਰਿਸ਼ਤਾ ਸਹਿਣ ਨਹੀਂ ਕਰਨਾ ਚਾਹੀਦਾ: ਰੇਵਾੜੀ ਕਾਂਡ 'ਚ ਗ੍ਰਿਫਤਾਰ ਬਲਾਤਕਾਰੀਆਂ 'ਚੋਂ ਇੱਕ ਦੀ ਸਾਬਕਾ-ਪ੍ਰੇਮਿਕਾ ਦਾ ਇੰਕਸ਼ਾਫ਼**

**ਹੇਮਾਨੀ ਭੰਡਾਰੀ**

**ਨਵੀਂ ਦਿੱਲੀ ਸਤੰਬਰ 16,2018**

ਸਨਿਚਰਵਾਰ ਸ਼ਾਮ ਨੂੰ ਨੀਲੀ ਜੀਨ ਤੇ ਕੁੜਤਾ ਪਹਿਨੇ ਹੋਏ 22 ਸਾਲ ਦੀ ਵਿਜਯਾ (ਬਦਲਿਆ ਹੋਇਆ ਨਾਮ) ਆਪਣੇ ਮਾਪਿਆਂ ਦੇ ਕਮਰੇ 'ਚੋਂ ਨਿਕਲ ਕੇ ਮੇਰੇ ਸਾਹਮਣੇ ਆ ਬੈਠੀ।

ਥੋੜੇ ਚਿਰ ਦੀ ਝਿਜਕ ਤੋਂ ਬਾਅਦ ਉਹ ਬੋਲੀ: "ਮੈਂ ਇੱਕ ਅਪਮਾਨਜਨਕ ਰਿਸ਼ਤਾ ਹੰਢਾ ਰਹੀ ਸੀ ਅਤੇ ਕਿਸੇ ਵੀ ਲੜਕੀ ਨੂੰ ਅਜਿਹਾ ਰਿਸ਼ਤਾ ਸਹਿਣ ਨਹੀਂ ਕਰਨਾ ਚਾਹੀਦਾ"।

ਟੈਲੀਵੀਜ਼ਨ ਵੱਲ ਦੇਖਦੇ ਹੋਏ ਵਿਜਯਾ ਨੇ ਕਿਹਾ ਕਿ ਉਸ ਨੇ ਘਰ ਵਿੱਚ ਹਰ ਇੱਕ ਨੂੰ ਕਹਿ ਰੱਖਿਆ ਹੈ ਕਿ ਇਸ ਟੈਲੀਵੀਜ਼ਨ ਨੂੰ ਬੰਦ ਰੱਖੋ, ਮੈਂ ਇਸ ਉਪਰ 'ਉਸ' ਦੀ ਸ਼ਕਲ ਬਰਦਾਸ਼ਤ ਨਹੀਂ ਕਰ ਸਕਦੀ। ਮੈਨੂੰ ਦੱਸਿਆ ਗਿਆ ਹੈ ਕਿ 'ਉਸ' ਨੇ ਇਸ ਵਿਡੀਓ ਵਿੱਚ ਦਿਸਣ ਵਾਲੀ ਲੜਕੀ ਦਾ ਬਲਾਤਕਾਰ ਕੀਤਾ ਹੈ। ਵਿਜਯਾ ਨੇ ਰੋਂਦੇ ਹੋਏ ਕਿਹਾ " ਟੀਵੀ 'ਤੇ ਇਹ ਸਭ ਦੇਖ ਕੇ ਮੈਨੂੰ ਬਹੁਤ ਤਕਲੀਫ਼ ਹੁੰਦੀ ਹੈ ਕਿਉਂਕਿ ਮੈਂ ਉਸ ਨੂੰ ਪਿਆਰ ਕਰਦੀ ਸੀ ਅਤੇ ਫਿਰ ਮੈਨੂੰ ਯਾਦ ਆਉਂਣ ਲੱਗਦਾ ਹੈ ਕਿ ਉਸ ਨੇ ਮੇਰੇ ਨਾਲ ਕੀ ਕੀ ਕੀਤਾ।"

ਪਿਛਲੇ ਸਾਲ ਅਪਰੈਲ ਮਹੀਨੇ ਦੀ ਗੱਲ ਹੈ ਜਦੋਂ ਦੋਸ਼ੀ ਰੋਹਿਤ ਤੋਮਰ (ਪੁੱਤਰ ਸਹਾਇਕ ਸਬ-ਇੰਸਪੈਕਟਰ ਅਸ਼ੋਕ ਤੋਮਰ) ਨੇ ਵਿਜਯਾ ਅੱਗੇ ਸ਼ਾਦੀ ਦਾ ਪ੍ਰਸਤਾਵ ਰੱਖਿਆ। ਇੱਕ ਸਾਂਝੇ ਦੋਸਤ ਦੁਆਰਾ ਜਾਣ-ਪਹਿਚਾਣ ਕਰਾਏ ਜਾਣ ਅਤੇ ਫਿਰ ਕਈ ਮੀਟਿੰਗਾਂ ਤੇ ਵੱਟਸਐਪ ਉਪਰ ਹੁੰਦੀ ਰਹੀ ਗੱਲਬਾਤ ਦੀ ਲੰਬੀ ਕੜੀ ਤੋਂ ਬਾਅਦ ਉਨਾਂ ਨੂੰ ਇੱਕ ਦੂਜੇ ਨਾਲ ਪਿਆਰ ਹੋ ਗਿਆ। "ਇੱਕ ਸਾਲ ਤੱਕ ਉਹ ਪੂਰੀ ਤਰਾਂ ਨੇਕ ਇਨਸਾਨ ਬਣਿਆ ਰਿਹਾ, ਅਸੀਂ ਬਹੁਤ ਸਾਰੇ ਸੁਫਨੇ ਦੇਖੇ ਅਤੇ ਕਈ ਪੂਰੇ ਵੀ ਕੀਤੇ। ਮੈਂ ਬਹੁਤ ਖੁਸ਼ ਸੀ ਕਿ ਸਭ ਕੁਝ ਠੀਕ-ਠਾਕ ਚਲ ਰਿਹਾ ਹੈ। ਮੈਂ ਇੰਨੀ ਖੁਸ਼ ਸੀ ਕਿ ਆਪਣੀ ਮਾਂ ਨੂੰ ਵੀ ਕਹਿ ਦਿੱਤਾ ਕਿ ਮੁਮਕਿਨ ਹੈ ਕਿ ਅਸੀਂ ਸ਼ਾਦੀ ਕਰਵਾ ਲਈਏ", ਵਿਜਯਾ ਨੇ ਕਿਹਾ।

ਉਸ ਨੇ ਕਿਹਾ ਕਿ ਮਾਂ ਅੱਗੇ ਆਪਣੇ ਪਿਆਰ ਦਾ ਇਹ ਇਕਬਾਲ ਉਸ ਦੀ ਜ਼ਿੰਦਗੀ ਦਾ ਇੱਕ ਨਿਰਨਾਇਕ ਮੋੜ ਹੋ ਨਿਬੜਿਆ। ਉਸ ਦੀ ਮਾਂ ਨੇ ਇਹ ਗੱਲ ਉਸ ਦੇ ਪਿਉ ਤੇ ਭਰਾ ਨੂੰ ਦੱਸ ਦਿੱਤੀ ਜਿਨਾਂ ਨੇ ਦੋਸ਼ੀ ਬਾਰੇ ਪੁੱਛ-ਪੜਤਾਲ ਕੀਤੀ। ਪੜਤਾਲ ਕਰਨ ਬਾਅਦ ਉਨਾਂ ਵਿਜਯਾ ਨੂੰ ਸੁਝਾਅ ਦਿੱਤਾ ਕਿ ਉਹ ਇਸ ਰਿਸ਼ਤੇ ਤੋਂ ਪਿੱਛੇ ਹਟ ਜਾਵੇ। "ਮੇਰੇ ਪਰਿਵਾਰ ਵਾਲਿਆਂ ਨੇ ਕਿਹਾ ਕਿ ਲੜਕੇ ਦੇ ਦੋਸਤ ਚੰਗੇ ਇਨਸਾਨ ਨਹੀਂ ਹਨ। ਉਹ ਖੁਦ ਵੀ ਰੋਜ਼ ਸ਼ਰਾਬ ਪੀਂਦਾ ਹੈ ਜਿਸ ਗੱਲ ਦਾ ਮੈਨੂੰ ਪਹਿਲਾ ਹੀ ਪਤਾ ਸੀ ਪਰ ਇਸ ਆਦਤ 'ਤੇ ਕੋਈ ਖਾਸ ਇਤਰਾਜ਼ ਨਹੀਂ ਸੀ। ਫਿਰ ਮੈਨੂੰ ਆਪਣੇ ਭਵਿੱਖ ਬਾਰੇ ਕੁਝ ਚਿੰਤਾ ਹੋਣ ਲੱਗੀ। ਕੁਝ ਸਮਾਂ ਸੋਚ ਵਿਚਾਰ ਕਰਨ ਤੋਂ ਬਾਅਦ ਇਸ ਸਾਲ ਅਪਰੈਲ-ਮਈ ਵਿੱਚ ਮੈਂ ਉਸ ਨੂੰ ਕਹਿ ਦਿੱਤਾ ਕਿ ਮੈ ਅੱਗੋਂ ਤੋਂ ਉਸ ਨਾਲ ਸਬੰਧ ਨਹੀਂ ਰੱਖਣਾ ਚਾਹੁੰਦੀ।" ਇਹ ਸਭ ਦੱਸਦੇ ਹੋਏ ਵਿਜਯਾ ਨੇ ਅੱਗੇ ਕਿਹਾ ਕਿ ਇਸ ਤੋਂ ਬਾਅਦ ਵੀ ਉਹ ਤੱਦ ਤੱਕ ਇਕ ਦੂਜੇ ਨੂੰ ਮਿਲਦੇ ਰਹੇ ਜਦ ਇੱਕ ਦਿਨ ਉਸ ਨੇ ਦੋਸ਼ੀ ਦਾ ਕਰੂਪ ਚਿਹਰਾ ਨਾ ਦੇਖ ਲਿਆ।

ਵਿਜਯਾ ਨੇ ਦੱਸਿਆ ਕਿ ਇੱਕ ਦਿਨ ਉਹ ਆਪਣੀ ਇੱਕ ਰਿਸ਼ਤੇਦਾਰ ਭੈਣ ਤੇ ਉਸ ਦੀ ਦੋਸਤ ਨੂੰ ਮਿਲਣ ਨੇੜਲੇ ਸ਼ਾਪਿੰਗ ਮਾਲ ਵਿੱਚ ਗਈ। ਉਸ ਨੇ ਜੀਨ ਤੇ ਟੌਪ ਪਹਿਨੇ ਹੋਏ ਸਨ ਅਤੇ ਮੇਲਵੇਂ ਰੰਗ ਦੀ ਲਿਪਸਟਿਕ ਲਗਾਈ ਹੋਈ ਸੀ।

ਰੋਹਿਤ ਨੇ ਉਸ ਨੂੰ ਘਰੋਂ ਨਿਕਲਦੀ ਹੋਈ ਨੂੰ ਦੇਖ ਕੇ ਤੁਰੰਤ ਫੋਨ ਮਿਲਾਇਆ, "ਰੋਹਿਤ ਨੇ ਮੇਰੇ 'ਤੇ ਇਲਜ਼ਾਮ ਲਗਾਇਆ ਕਿ ਮੈਂ ਕਿਸੇ ਮਰਦ ਦੋਸਤ ਨੂੰ ਮਿਲਣ ਜਾ ਰਹੀ ਹਾਂ। ਵੇਸ਼ਵਾ ਕਹਿਣ ਤੋਂ ਇਲਾਵਾ ਉਸ ਨੇ ਮੈਨੂੰ ਇੰਨੀਆਂ ਗੰਦੀਆਂ-ਗੰਦੀਆਂ ਗਾਲਾਂ ਦਿੱਤੀਆਂ ਜਿਨਾਂ ਨੂੰ ਮੈਂ ਹੁਣ ਆਪਣੇ ਮੂੰਹੋਂ ਬੋਲ ਤੱਕ ਨਹੀਂ ਸਕਦੀ। ਮੇਰੇ ਲਈ ਇਹ ਬਸ ਅਖੀਰ ਸੀ। ਮੈਂ ਮਹਿਸੂਸ ਕੀਤਾ ਕਿ ਮੈਂ ਇਸ ਬੰਦੇ ਨਾਲ ਨਹੀਂ ਰਹਿ ਸਕਦੀ। ਜੇਕਰ ਇਹ ਹੁਣ ਮੇਰਾ ਸਨਮਾਨ ਨਹੀਂ ਕਰਦਾ ਤਾਂ ਕਦੇ ਵੀ ਨਹੀਂ ਕਰੇਗਾ।" ਵਿਜਯਾ ਨੇ ਕਿਹਾ। ਅਗਲੇ ਕੁਝ ਮਹੀਨੇ ਵਿਜਯਾ ਨੇ ਉਸ ਵੱਲ ਧਿਆਨ ਦੇਣਾ ਬਿਲਕੁਲ ਬੰਦ ਕਰ ਦਿੱਤਾ ਜਦ ਕਿ ਉਹ ਵਧੇਰੇ ਧਕੜਸ਼ਾਹ ਰਵਈਏ ਅਖਤਿਆਰ ਕਰਦਾ ਗਿਆ। ਚੋਰੀ-ਛਿਪੇ ਉਨਾਂ ਦੋਵਾਂ ਦੀ ਵਿਡਿਉ ਬਣਾ ਲੈਣ ਬਾਰੇ ਦੱਸਦੇ ਹੋਏ ਰੋਹਿਤ ਨੇ ਵਿਜਯਾ ਨੇ ਧਮਕੀ ਦਿੱਤੀ ਕਿ ਜੇਕਰ ਉਸ ਨੇ ਰੋਹਿਤ ਤੋਂ ਪਾਸਾ ਵੱਟਣਾ ਜਾਰੀ ਰੱਖਿਆ ਤਾਂ "ਇਹ ਵਿਡਿਉ ਵਾਇਰਲ ਕਰ ਦਿੱਤੀ ਜਾਵੇਗੀ।"

"ਮੈਂ ਇੰਨਾ ਡਰ ਗਈ ਸੀ ਕਿ ਇਹ ਗੱਲ ਮੈਂ ਆਪਣੇ ਮਾਪਿਆਂ ਤੇ ਦੋਸਤਾਂ ਸਮੇਤ ਕਿਸੇ ਨੂੰ ਵੀ ਨਾ ਦੱਸੀ। ਮੈਂ ਬਿਲਕੁਲ ਬੇਬੱਸ ਮਹਿਸੂਸ ਕਰ ਰਹੀ ਸਾਂ। ਇੱਕ ਵਾਰ ਮੈਂ ਇੱਕ ਘਟਨਾ ਆਪਣੇ ਸਹੇਲੀ ਨੂੰ ਦੱਸੀ ਤਾਂ ਉਸ ਨੇ ਮੈਨੂੰ ਤੁਰੰਤ ਉਸ ਲੜਕੇ ਨਾਲ ਸਬੰਧ ਖਤਮ ਕਰਨ ਦੀ ਸਲਾਹ ਦਿੱਤੀ" 22ਸਾਲਾ ਵਿਜਯਾ ਨੇ ਦੱਸਿਆ।

ਤਲਖ਼ ਰਿਸ਼ਤਾ: 11 ਸਤੰਬਰ ਨੂੰ ਵਿਜਯਾ ਨੇ ਰਿਸ਼ਤੇ ਵਿੱਚ ਆਈ ਤਲਖ਼ੀ ਬਾਰੇ ਆਪਣੀ ਮਾਤਾ ਨੂੰ ਦੱਸਿਆ। ਉਸ ਦਿਨ ਰੋਹਿਤ ਉਨਾਂ ਦੇ ਘਰ ਮੂਹਰੇ ਆ ਕੇ ਖੜਾ ਰਿਹਾ ਸੀ।

"ਮੈਨੂੰ ਯਾਦ ਹੈ ਕਿ ਰਾਤ ਦੇ ਠੀਕ 10 ਵੱਜ ਕੇ 36 ਮਿੰਟ ਦਾ ਟਾਇਮ ਸੀ ਅਤੇ ਮੈਂ ਆਪਣੇ ਬਿਸਤਰੇ 'ਤੇ ਪਈ ਸੀ ਜਦੋਂ ਰੋਹਿਤ ਦਾ ਫੋਨ ਆਇਆ। ਮੈਂ ਪਹਿਲੀ ਵਾਰ ਫੋਨ ਨਹੀਂ ਉਠਾਇਆ ਤਾਂ ਉਸ ਨੇ ਦੂਸਰੀ ਵਾਰ ਫੋਨ ਮਿਲਾਇਆ। ਮੈਂ ਫੋਨ ਉਠਾਇਆ ਤਾਂ ਉਸ ਨੇ ਜਵਾਬ ਦਿੱਤਾ ਕਿ ਜੇਕਰ ਮੈਂ 5 ਸਕਿੰਟ ਵਿੱਚ ਉਸ ਨੂੰ ਨਾ ਮਿਲੀ ਤਾਂ ਉਹ ਵਿਡਿਉ ਇੰਟਰਨੈਟ 'ਤੇ ਨਸ਼ਰ ਕਰ ਦੇਵੇਗਾ। ਮੈਂ ਭੱਜ ਕੇ ਹੇਠਾਂ ਆਈ" ਵਿਜਯਾ ਨੇ ਕਿਹਾ।

ਦੋਸ਼ੀ ਨੇ ਕਥਿਤ ਤੌਰ 'ਤੇ ਉਸ ਨੂੰ ਗਾਲਾਂ ਦਿੱਤੀਆਂ ਅਤੇ ਗਲਤ ਮਨਸ਼ਾ ਨਾਲ ਛੂਹਿਆ ਜਿਸ ਬਾਅਦ ਉਹ ਭੱਜ ਕੇ ਆਪਣੇ ਘਰ ਅੰਦਰ ਵੜ ਗਈ ਅਤੇ ਆਪਣੀ ਮਾਂ ਨੂੰ ਸਾਰੀ ਗੱਲ ਦੱਸੀ। ਉਸ ਦੀ ਮਾਤਾ ਨੇ ਰੋਹਿਤ ਦੇ ਪਿਤਾ ਨੂੰ ਫੋਨ ਮਿਲਾਇਆ ਜਿਸ ਨੇ ਵਿਜਯਾ ਤੇ ਰੋਹਿਤ ਨੂੰ ਨੇੜਲੇ ਪਾਰਕ ਵਿੱਚ ਆਉਣ ਲਈ ਕਿਹਾ। ਵਿਜਯਾ ਵੱਲੋਂ ਪੁਲਿਸ ਨੂੰ ਫੋਨ ਕਰਕੇ ਰੋਹਿਤ ਨੂੰ ਗ੍ਰਿਫਤਾਰ ਕਰਾਏ ਜਾਣ ਤੋਂ ਪਹਿਲਾਂ ਦੋਸ਼ੀ ਨੇ ਉਥੇ ਖੂਬ ਹੰਗਾਮਾ ਕੀਤਾ।

ਪਰ ਮਾਪਿਆਂ ਵੱਲੋਂ ਮਿਲੀ ਹਮਾਇਤ ਕਾਰਨ ਉਸ ਨੂੰ ਆਪਣੀ ਇਸ ਲੜਾਈ ਲਈ ਤਾਕਤ ਮਿਲੀ ਹੈ। "ਮੈਂ ਆਪਣੇ ਮਾਪਿਆਂ ਸਾਹਮਣੇ ਅਜੇ ਵੀ ਰੋਂਦੀ ਰਹਿੰਦੀ ਹੈ, ਉਸਦੇ ਲਈ ਅਤੇ ਉਸ ਦੇ ਕਾਰਨ। ਪਰ ਮੇਰੇ ਮਾਪੇ ਮੈਨੂੰ ਸਮਝਦੇ ਹਨ ਅਤੇ ਮੇਰੇ ਨਾਲ ਖੜੇ ਹਨ। ਜੇਕਰ ਮੈਨੂੰ ਸਮਝਣ ਦੀ ਬਜਾਏ ਮੇਰੇ ਮਾਪੇ ਉਲਟਾ ਮੈਨੂੰ ਹੀ ਦੋਸ਼ੀ ਠਹਿਰਾਉਂਦੇ ਰਹਿੰਦੇ ਤਾਂ ਮੈਂ ਇਹ ਲੜਾਈ ਕਦੇ ਵੀ ਨਾ ਲ਼ੜ ਸਕਦੀ" ਵਿਜਯਾ ਨੇ ਕਿਹਾ ਜਦੋਂ ਕਿ ਪਿੱਛੇ ਖੜ੍ਹੀ ਉਸ ਦੀ ਮਾਂ ਮੁਸਕਰਾਉਂਦੀ ਰਹੀ।

**ਅਨੁਵਾਦ: ਹਰਚਰਨ ਚਹਿਲ**

# ਪਾਲਾ ਖੁਦਕੁਸ਼ੀ ਨਹੀਂ ਕਰੇਗਾ....



ਜਗਦੇਵ ਸਿੰਘ ਸਿੱਧੂ
403-351-1136

ਪਾਲੇ (ਹਰਪਾਲ) ਦਾ ਬਾਪੂ ਕਿਸ਼ਨਾ ਆਪਣੇ ਮਾਂ-ਪਿਓ ਦਾ ਇੱਕੋ ਪੁੱਤਰ ਸੀ ਅਤੇ ਕਿਸ਼ਨੇ ਦੀਆਂ ਤਿੰਨ ਭੈਣਾਂ ਸਨ ਜੋ ਆਪਣੇ ਸਹੁਰੇ ਘਰੀਂ ਸੁੱਖੀਂ-ਸਾਂਦੀ ਵਸਦੀਆਂ ਹਸਦੀਆਂ ਸਨ। ਕਿਸ਼ਨੇ ਦੇ ਤਾਏ ਦੇ ਚਾਰ ਪੁੱਤ ਅਤੇ ਦੋ ਧੀਆਂ ਸਨ।

**ਕਿਸਾਨੀ ਦਾ ਪਿਛਲਾ ਦੌਰ:** ਕਿਸ਼ਨਾ ਅਕਸਰ ਹੀ ਗੱਲਾਂ ਕਰਦਾ ਹੁੰਦਾ ਸੀ ਕਿ ਉਸਦੀ ਪਿਛਲੀ ਉਮਰ ਦੇ ਵੇਲੇ (ਵੀਹਵੀਂ ਸਦੀ ਦਾ ਪਹਿਲਾਂ ਅੱਧ ਚੰਗੇ ਹੁੰਦੇ ਸਨ। ਉਸਨੂੰ ਲੱਗਦਾ ਸੀ ਕਿ ਲੋਕ ਉਦੋਂ ਸੌਖੇ ਸਨ। ਉਨ੍ਹਾਂ ਵੇਲਿਆਂ ਵਿੱਚ ਸਾਰੀਆਂ ਲੋੜਾਂ ਘਰੋਂ ਜਾਂ ਆਂਢ-ਗੁਆਂਢ ਤੋਂ ਪੂਰੀਆਂ ਹੋ ਜਾਂਦੀਆਂ ਸਨ। ਘਰ ਦੀ ਕਪਾਹ ਦੀ ਰੂੰ ਕੱਤ ਵੇਲ ਕੇ ਘਰੇ ਹੀ ਤਾਣੀ 'ਤੇ ਕੱਪੜਾ ਬਣਾ ਲਿਆ ਜਾਂਦਾ ਸੀ। ਇਸਦੇ ਖੇਸ, ਦੋੜੇ, ਚਾਦਰਾਂ, ਕੁੜਤੇ ਬਣ ਜਾਂਦੇ ਸਨ। ਖੇਤੀ ਦੇ ਸੰਦ ਵਲੇਵੇਂ ਜਿਵੇਂ ਹਲ, ਪੰਜਾਲੀ, ਸੁਹਾਗਾ ਆਦਿ ਵੀ ਘਰ ਦੀ ਲੱਕੜੀ ਨਾਲ ਪਿੰਡ ਦੇ ਤਰਖਾਣ ਤੋਂ ਬਣਵਾ ਲਏ ਜਾਂਦੇ ਸਨ। ਮੰਡੀ ਜਾਂ ਸ਼ਹਿਰ ਕਦੇ ਮਹੀਨਿਆਂ ਬਾਅਦ ਹੀ ਜਾਈਦਾ ਸੀ। ਅਤੇ ਖਲ, ਵੜੇਵੇਂ ਗੁੜ ਵਗੈਰਾ ਇੱਕਠੇ ਲੈ ਆਈਦੇ ਸਨ। ਇੱਥੋਂ ਤੱਕ ਕਿ ਅੱਗ ਬਾਲਣ ਲਈ ਮਾਚਿਸ ਖਰੀਦਣ ਦੀ ਲੋੜ ਵੀ ਨਹੀਂ ਸੀ ਪੈਂਦੀ। ਪਾਲੇ ਦੀ ਮਾਂ ਅੱਗ ਚੁੱਲ੍ਹੇ ਜਾਂ ਹਾਰੇ ਵਿੱਚ ਦੱਬ ਕੇ ਸਾਂਭ ਲੈਂਦੀ ਸੀ। ਜੇ ਕਦੇ ਅੱਗ ਬੁਝ ਜਾਂਦੀ ਤਾਂ ਗੁਆਂਢੀਆਂ ਤੋਂ ਲੈ ਆਉਣੀ। ਇਸੇ ਰੁਝਾਨ 'ਚੋਂ ਇਹ ਮੁਹਾਵਰਾ ਪ੍ਰਚੱਲਤ ਹੋਇਆ ਸੀ 'ਅੱਗ ਲੈਣ ਆਈ ਘਰ ਵਾਲੀ ਬਣ ਬੈਠੀ'।

ਖੇਤੀ ਦੀਆਂ ਲਾਗਤਾਂ ਜਿਵੇਂ ਬੀਜ ਰੂੜੀ ਦੀ ਰੇਹ ਵਗੈਰਾ ਘਰ ਦੇ ਹੁੰਦੇ ਸਨ। ਖੇਤੀ ਦੇ ਸੰਦ ਸੰਦੌੜੇ ਜਿਵੇਂ ਕਹੀ, ਕੁਹਾੜੀ, ਕਸੀਏ, ਖੁਰਪੇ, ਦਾਤੀਆਂ, ਤੰਗਲੀ, ਦੁਸਾਂਗਾ, ਛੱਜ ਵਗੈਰਾ ਬੜੇ ਸਾਦੇ, ਸਸਤੇ ਅਤੇ ਹੰਢਣਸਾਰ ਹੁੰਦੇ ਸਨ। ਦੁੱਧ ਵੇਚਣ ਦੀ ਲੋੜ ਨਹੀਂ ਸੀ ਪੈਂਦੀ। ਕੁੜਾਪੇ ਵੇਲੇ ਆਂਢ-ਗੁਆਂਢ ਤੋਂ ਉਧਾਰਾ ਲੈ ਕੇ ਸਰ ਜਾਂਦਾ ਸੀ। ਕਿਸ਼ਨੇ ਦਾ ਬਾਪੂ, ਆਖਦਾ ਹੁੰਦਾ ਸੀ ਜੀਹਨੇ ਦੁੱਧ ਵੇਚਿਆ, ਉਹਨੇ ਪੁੱਤ ਵੇਚਿਆ।

ਨਹਿਰੀ ਪਾਣੀ ਥੋੜ੍ਹਾ ਹੁੰਦਾ ਸੀ। ਕਦੇ ਪੰਦਰਾਂ ਵੀਹਾਂ ਕਿ ਬੰਦੀ ਆ ਜਾਂਦੀ ਜਿਸ ਕਰਕੇ ਸੇਂਜੂ ਜ਼ਮੀਨ ਵੀ ਅੱਧੀ ਫਸਲੋਂ ਖਾਲੀ ਰਹਿ ਜਾਂਦੀ ਅਤੇ ਬਾਕੀ ਅੱਧੀ ਵਿੱਚ ਘੱਟ ਪਾਣੀ ਮੰਗਣ ਵਾਲੀਆਂ ਫਸਲਾਂ ਹੀ ਬੀਜੀਆਂ ਜਾ ਸਕਦੀਆਂ ਸਨ। ਕਾਫ਼ੀ ਜ਼ਮੀਨ ਬਰਾਨੀ ਹੁੰਦੀ ਸੀ ਰੇਤਲੀ ਅਤੇ ਉੱਚੀ ਨੀਵੀਂ ਟਿੱਬੇ ਬਹੁਤ ਸਨ।

ਬਰਾਨੀ ਖੇਤੀ ਮੀਂਹ 'ਤੇ ਨਿਰਭਰ ਸੀ।

ਮੁੰਡੇ-ਖੁੰਡੇ ਪਸ਼ੂ ਚਾਰਦੇ, ਖੇਡਾਂ ਖੇਡਦੇ, ਛੱਪੜਾਂ, ਸੂਇਆਂ ਅਤੇ ਨਹਿਰਾਂ 'ਚ ਤਾਰੀਆਂ ਲਾਉਂਦੇ, ਗੱਭਰੂ ਵਾਹੀ ਕਰਦੇ ਗੋਡੀ ਕਰਦੇ, ਪਾਣੀ ਲਾਉਂਦੇ, ਫਸਲਾਂ ਦੀ ਵਾਢੀ ਕਰਦੇ ਅਤੇ ਦਾਣੇ ਕੱਢਦੇ, ਬਜ਼ੁਰਗ ਸਣ ਕੱਢਦੇ, ਰੱਸੇ ਵੱਟਦੇ, ਮੰਜੇ ਬੁਣਦੇ, ਛਿੱਕਲੇ ਬਣਾਉਂਦੇ, ਖੇਸ ਖੇਸੀਆਂ ਦੇ ਬੰਬਲ ਵੱਟਦੇ, ਘਰ ਸੰਭਾਲਦੇ, ਸੁਆਣੀਆਂ ਘਰ ਦੇ ਸਾਰੇ ਧੰਦੇ ਗੋਹਾ-ਕੂੜਾ ਕਰਦੀਆਂ, ਧਾਰ ਚੋਣੀ, ਚੱਕੀ ਪੀਹਣੀ, ਦੁੱਧ ਰਿੜਕਣਾ, ਖੂਹ ਤੋਂ ਪਾਣੀ ਭਰਨਾ, ਕਪਾਹ ਨਰਮਾ ਚੁਗਣਾ, ਕੱਤਣਾ ਬੁਨਣਾ, ਸਿਉਣਾ, ਗੋਹਾ-ਕੂੜਾ ਕਰਨਾ ਵਗੈਰਾ ਵਗੈਰਾ। ਪਾਣੀ ਦੀ ਘਾਟ ਅਤੇ ਬਰਾਨੀ ਹਾਲਤਾਂ ਕਰਕੇ ਫਸਲਾਂ ਦੇ ਝਾੜ ਨਿਸਬਤਨ ਘੱਟ ਸਨ। ਫਸਲਾਂ ਦੇ ਭਾਅ ਘੱਟ ਸਨ ਪਰ ਲਾਗਤਾਂ ਬਹੁਤ ਥੋੜ੍ਹੀਆਂ ਸਨ। ਖਰੀਦੋ-ਫਰੋਖ਼ਤ ਵੀ ਘੱਟ ਹੁੰਦੀ ਸੀ। ਥੋੜ੍ਹਾ ਬਹੁਤਾ ਆਂਢ-ਗੁਆਂਢ ਤੋਂ ਲੈ ਕੇ ਸਾਰ ਲਿਆ ਜਾਂਦਾ ਸੀ। ਖੇਤੀ ਦੇ ਸਾਧਨ ਵੀ ਇੱਕ ਦੂਜੇ ਦੇ ਵਰਤ ਲਏ ਜਾਂਦੇ ਸਨ। ਪਿੰਡ ਵਾਸੀਆਂ ਦੇ ਸਾਰੇ ਵਰਗਾਂ ਦਾ ਆਪਸ ਵਿੱਚ ਪਿਆਰ ਸੀ, ਸਾਂਝ ਸੀ, ਮਿਲਵਰਤਣ ਸੀ। ਇੱਕ ਦੂਜੇ ਉੱਪਰ ਥੋੜ੍ਹੀ ਬਹੁਤ ਨਿਰਭਤਾ ਸੀ। ਝਗੜੇ ਬਹੁਤ ਘੱਟ ਹੁੰਦੇ ਸਨ ਅਤੇ ਕਚਹਿਰੀਆਂ ਤੱਕ ਤਾਂ ਮਸਾਂ ਹੀ ਕੋਈ ਪਹੁੰਚਦਾ ਸੀ। ਹਾੜ੍ਹੀ ਦੀ ਵਾਢੀ ਵੇਲੇ ਆਹਵਤ ਪਾ ਲੈਣੀ ਅਤੇ ਸਭ ਨੇ ਰਲਕੇ ਕੰਮ ਨਿਬੇੜਨਾ, ਕਪਾਹ-ਨਰਮਾ ਚੁਗਣ ਵੇਲੇ ਆਂਢ-ਗੁਆਂਢ ਤੋਂ ਚੋਣੀਆਂ ਉਧਾਰ ਲੈ ਲੈਣੀਆਂ ਅਤੇ ਫਿਰ ਉਤਾਰ ਦੇਣੀਆਂ। ਕੱਤਣ ਤੁੰਬਣ ਦਾ ਕੰਮ ਵੀ ਸੱਥ (ਤ੍ਰਿੰਜਣ) ਪਾ ਕੇ ਕੁੜੀਆਂ ਇੱਕਠੀਆਂ ਹੋ ਕੇ ਕਰ ਲੈਂਦੀਆਂ, ਸੇਵੀਆਂ ਵੱਟ ਲੈਂਦੀਆਂ, ਕੰਧਾਂ ਕੋਠੇ, ਕੰਧੋਲੀਆਂ ਲਿੱਪ ਲੈਂਦੀਆਂ। ਫਸਲ ਵਿੱਚੋਂ ਕੱਖ ਨਦੀਨ ਮਾਰਨ ਲਈ ਕਸੌਲੀ ਜਾਂ ਖੁਰਪਿਆਂ ਨਾਲ ਹੱਥੀਂ ਗੋਡੀ ਕਰਦੇ ਸਨ। ਜਿਸ ਨਾਲ ਜ਼ਮੀਨ ਜੜ੍ਹਾਂ ਵਧਣ ਜੋਗੀ ਪੋਲੀ ਹੋ ਜਾਂਦੀ ਸੀ (ਜਿੰਨੀ ਗੋਡੀ ਓਨੀ ਡੋਡੀ) ਇਹ ਕੰਮ ਵੀ ਰਲ ਮਿਲ ਕੇ ਹੋ ਜਾਂਦਾ ਸੀ। ਬੀਹੜੀ-ਵੱਟਾ ਔਖੇ ਕੰਮ ਵੀ ਸੌਖੇ ਅਤੇ ਸਮੇਂ ਸਿਰ ਕਰ ਦਿੰਦਾ ਸੀ।

ਆਮ ਲੋਕਾਂ ਦੇ ਘਰ ਕੱਚੇ ਜਾਂ ਅੱਧ ਪੱਕੇ ਹੁੰਦੇ ਸਨ। ਘਰ ਦੀ ਲੱਕੜੀ ਦੇ ਕਾਠ, ਸਰਕੜੇ ਜਾਂ ਖਿੱਪਾਂ ਨਾਲ ਛੱਤ ਪੈ ਜਾਂਦੀ ਸੀ। ਖੇਤੀ ਵਾਹੀ ਊਠਾਂ ਅਤੇ ਬਲਦਾਂ ਨਾਲ ਹੁੰਦੀ ਸੀ। ਮਸ਼ਨੀਰੀ ਨਾ ਹੋਣ ਕਰਕੇ ਮਿਹਨਤ-ਮੁਸ਼ੱਕਤ ਬਹੁਤ ਕਰਨੀ ਪੈਂਦੀ ਸੀ। ਗੁਜ਼ਾਰਾ ਭਾਵੇਂ ਹੋਈ ਜਾਂਦਾ ਸੀ। ਪਰ ਆਮ ਕਿਸਾਨ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ ਹੁੰਦੀ। ਤਾਂ ਹੀ ਤਾਂ ਇਹ ਲੋਕ ਬੋਲੀ ਪ੍ਰਚੱਲਤ ਹੋਈ ਸੀ।

ਮੁੰਡੇ ਮਰ ਗਏ ਕਮਾਈਆਂ ਕਰਦੇ,
ਬਿੱਲੋ ਤੇਰੇ ਬੰਦ ਨਾ ਬਣੇ'

ਵਿਆਹ-ਸ਼ਾਦੀਆਂ 'ਤੇ ਬਹੁਤਾ ਖਰਚ ਨਹੀਂ ਸੀ ਹੁੰਦਾ ਕਿਸ਼ਨੇ ਨੇ ਆਪਣੀਆਂ ਭੈਣਾਂ ਦੇ ਵਿਆਹ ਬੜੇ ਸਾਦੇ ਕੀਤੇ ਸਨ। ਬਰਾਤ ਊਠਾਂ 'ਤੇ ਆਈ ਸੀ। ਘਰ ਦੇ ਛੋਲਿਆਂ ਦੇ ਬੇਸਣ ਦੇ ਲੱਡੂ ਬਣਾਏ ਸਨ। ਸ਼ਰੀਕੇ 'ਚੋਂ ਘਰਾਂ ਦੀਆਂ ਪਕਾਈਆਂ ਅਤੇ ਬੰਦੇ ਪ੍ਰੀਹੇ। ਨਾਨਕਿਆਂ ਅਤੇ ਦੂਜੇ ਰਿਸ਼ਤੇਦਾਰਾਂ ਨੇ ਤਿਲ ਫੁੱਲ ਪਾ ਕੇ ਸਾਰ ਦਿੱਤਾ ਸੀ । ਪਿੰਡ ਦੇ ਹਰੇਕ ਘਰ ਨੇ ਨਿਉਂਦਾ ਪਾਇਆ ਸੀ ਜਿਸ ਨਾਲ ਵਾਹਵਾ ਮੱਦਦ ਹੋ ਗਈ ਸੀ। ਕੁੜੀਆਂ ਨੇ ਨੱਚ ਕੇ, ਗੀਤ ਗਾ ਕੇ ਚਾਅ ਲਾਹ ਲਿਆ ਸੀ ਅਤੇ ਸੇਜਲ ਅੱਖਾਂ ਨਾਲ ਰੱਥ ਵਿੱਚ ਡੋਲਾ ਤੋਰ ਕੇ ਕੁੜੀ ਨੂੰ ਵਿਦਾ ਕੀਤਾ ਸੀ। 'ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸਾਂ ਉਡ ਜਾਣਾ।' ਕਿਸ਼ਨੇ ਨੇ ਆਪਣੇ ਬਾਪ ਗੱਜਣ ਸਿੰਘ ਦੀ ਮੌਤ ਮਗਰੋਂ ਸਾਦੀ ਦਾਲ ਰੋਟੀ ਵਰਤਾ ਕੇ ਭੋਗ ਦੀ ਰਸਮ ਕਰ ਲਈ ਸੀ। ਸੰਸਕਾਰ ਕਰਨ ਵਾਸਤੇ ਹਰੇਕ ਘਰ ਨੇ ਸੱਥ ਵਿੱਚ ਇੱਕ-ਇੱਕ ਲੱਕੜ ਸੁੱਟ ਦਿੱਤੀ ਸੀ।

**ਕਿਸਾਨੀ ਨੂੰ ਠੁੰਮਣਾ:** ਵਿਹਲੇ ਸਮੇਂ ਕਿਸ਼ਨਾ ਪਾਲੇ ਨਾਲ ਗੱਲੀਂ ਪੈਂਦਿਆਂ ਵੇਖਦਿਆਂ-ਵੇਖਦਿਆਂ ਖੇਤੀ ਕਰਨ ਦੇ ਢੰਗ-ਤਰੀਕਿਆਂ ਅਤੇ ਲੋਕਾਂ ਦੇ ਰੁਝਾਨ ਵਿੱਚ ਹੌਲੀ-ਹੌਲੀ ਭਾਰੀ ਤਬਦੀਲੀ, ਆਉਂਦੀ ਗਈ। ਇਹ ਉਹ ਸਮਾਂ ਸੀ ਜਦੋਂ ਨਹਿਰੀ ਪਾਣੀ ਦੀ ਬੰਦੀ ਘੱਟ ਹੁੰਦੀ ਸੀ, ਨਵੇਂ ਮੋਘੇ ਲੱਗ ਰਹੇ ਸਨ ਅਤੇ ਵਧੇਰੇ ਜ਼ਮੀਨਾਂ ਨੂੰ ਨਹਿਰੀ ਪਾਣੀ ਮਿਲਣ ਲੱਗਿਆ। ਮੰਡੀ ਤੋਂ ਰਸਾਇਣਕ ਖਾਦਾਂ (ਫਰਟੀਲਾਈਜ਼ਰ) ਮਿਲਣ ਲੱਗੀਆਂ। ਜਿਨ੍ਹਾਂ ਨਾਲ ਰਵਾਇਤੀ (ਦੇਸੀ) ਕਿਸਮਾਂ ਵੀ ਵੱਧ ਝਾੜ ਦੇਣ ਲੱਗੀਆਂ। ਛੋਟੀਆਂ-ਮੋਟੀਆਂ ਫਸਲੀ ਬੀਮਾਰੀਆਂ ਜਾਂ ਕੀਟ ਹਮਲਿਆਂ ਤੋਂ ਬਚਾਉਣ ਵਾਸਤੇ ਕੁਝ ਕੀਟਨਾਸ਼ਕਾਂ ਮਿਲਣ ਲੱਗੀਆਂ, ਜੋ ਬਹੁਤੀਆਂ ਜ਼ਹਿਰੀਲੀਆਂ ਨਹੀਂ ਸਨ। ਸਸਤੀਆਂ ਵੀ ਸਨ ਅਤੇ ਕਦੀਂ-ਕਦਾਈਂ ਹੀ ਸੰਜਮ ਨਾਲ ਵਰਤੀਆਂ ਜਾਂਦੀਆਂ ਸਨ। ਇਸ ਦੌਰ ਨੇ ਫਸਲੀ ਪੈਦਾਵਾਰ ਵਿੱਚ ਆਈ ਖੜੋਤ ਨੂੰ ਤੋੜ ਕੇ ਕਿਸਾਨ ਨੂੰ ਠੁੰਮਣਾ ਦਿੱਤਾ।

ਹਰਾ ਇਨਕਲਾਬ ਸੱਤਰਵਿਆਂ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀਆਂ ਕਣਕ ਦੀ ਵੱਧ ਝਾੜ ਦੇਣ ਵਾਲੀ ਮੈਕਸੀਕਨ ਮਧਰੀ ਕਿਸਮ ਪੀ.ਵੀ 18 ਫੇਰ ਕਲਿਆਣ, ਝੋਨੇ ਦੀ ਕਿਸਮ ਆਈ. ਆਰ. 8 ਅਤੇ ਨਰਮੇ ਦੀ ਐਲ. ਐਸ. ਐਸ. ਦੇ ਕੇ ਪੰਜਾਬ ਅੰਦਰ ਹਰੇ ਇਨਕਲਾਬ ਦਾ ਮੁੱਢ ਬੰਨ੍ਹ ਦਿੱਤਾ। ਆਲੂ, ਮੱਕੀ ਅਤੇ ਕਮਾਦ ਦੀਆਂ ਸੁਧਰੀਆਂ ਕਿਸਮਾਂ ਦੀ ਕਾਸ਼ਤ ਹੇਠ ਵੀ ਰਕਬਾ ਆ ਗਿਆ। ਫਸਲਾਂ ਦੇ ਝਾੜ ਵਿੱਚ ਡੇਢ ਦੋ ਗੁਣਾ ਵਾਧਾ ਹੋ ਗਿਆ। ਭਾਅ ਵੀ ਚੰਗੇ ਮਿਲਣ ਲੱਗੇ। ਅਜੇ ਅੰਨ੍ਹੇਵਾਹ ਕਰਜ਼ੇ ਲੈਣ ਦਾ ਦੌਰ ਸ਼ੁਰੂ ਨਹੀਂ ਸੀ ਹੋਇਆ। ਲੋੜ ਪੈਣ 'ਤੇ ਆੜ੍ਹਤੀਏ ਤੋਂ ਡੰਗ ਸਾਰਨ ਜੋਗਾ ਕਰਜ਼ਾ ਮਿਲ ਜਾਂਦਾ ਸੀ, ਜੋ ਫਸਲ ਵੇਚਣ ਸਮੇਂ ਲਾਹਿਆ ਜਾਂਦਾ ਸੀ। ਕਿਸਾਨਾਂ ਦੇ ਜੀਵਨ ਪੱਧਰ ਨੂੰ ਚੰਗੇਰਾ ਕਰਨ ਵਿੱਚ ਮੱਦਦ ਮਿਲੀ। ਘਰ ਪੱਕੇ ਅਤੇ ਖੁੱਲ੍ਹੇ ਹੋਣ ਲੱਗੇ। ਕਿਸ਼ਨੇ ਨੇ ਆਪਣੇ ਤਾਏ ਦੇ ਪੁੱਤਾਂ ਨਾਲ ਆਪਣੇ ਬਾਹਰਲੇ ਘਰ (ਵਾੜਾ) ਵੱਟੇ ਉਨ੍ਹਾਂ ਦਾ ਅੰਦਰਲਾ ਘਰ ਲੈ ਕੇ ਨਾਲ ਰਲਾ ਲਿਆ। ਪੱਕੀਆਂ ਇੱਟਾਂ ਨਾਲ ਘਰ ਦੇ ਹੋਰ ਖਣ ਛੱਤ ਲਏ। ਇੱਕ ਪੱਕੀ ਅਤੇ ਛੱਤ ਵਾਲੀ ਖੁੱਲ੍ਹੀ ਰਸੋਈ ਅਤੇ ਇੱਕ ਗੁਸਲਖਾਨਾ ਬਣਾ ਲਿਆ। ਘਰ-ਘਰ ਨਲਕੇ ਲੱਗ ਗਏ। ਖੂਹ ਬੰਦ ਹੋ ਗਏ ਅਤੇ ਤਾਰ ਬਾਬੂ ਦਾ ਗੀਤ 'ਪਾਲੀ ਪਾਣੀ ਖੂਹ ਤੋਂ ਭਰੇ' ਬੇਮਾਇਨਾ ਹੋ ਗਿਆ। ਸਕੂਲ-ਕਾਲਜ ਖੁੱਲ੍ਹਣ ਨਾਲ ਵਿੱਦਿਆ ਦਾ ਪਸਾਰ ਹੋਇਆ। ਕਿਸਾਨਾਂ ਅਤੇ ਹੋਰ ਵਰਗਾਂ ਦੇ ਮੁੰਡੇ-ਕੁੜੀਆਂ ਪੜ੍ਹਾਈ ਕਰਕੇ ਨੌਕਰੀਆਂ ਕਰਨ ਲੱਗੇ ਜਿਸ ਨਾਲ ਕਿਸਾਨੀ ਧੰਦੇ ਨੂੰ ਆਰਥਿਕ ਤੌਰ 'ਤੇ ਹੁਲਾਰਾ ਮਿਲਿਆ।



ਕਿਸ਼ਨੇ ਦੇ ਕਹਿਣ ਦੀ ਗੱਲ ਹੈ ਕਿ ਪਿਛਲੇ ਸਮਿਆਂ ਵਿੱਚ ਕਰਜ਼ਾ ਲੈਣਾ ਮਾੜਾ ਸਮਝਿਆ ਜਾਂਦਾ ਸੀ। ਲੋਕ ਔਖੇ ਸੌਖੇ ਤੰਗੀ ਤੁਰਸ਼ੀ ਕੱਟ ਲੈਂਦੇ ਸਨ। ਕਦੇ ਕੋਈ ਖੁਦਕੁਸ਼ੀ ਨਹੀਂ ਸੀ ਕਰਦਾ। ਉਸਦੇ ਤਾਏ ਦੇ ਚਾਰ ਪੁੱਤਾਂ ਵਿੱਚੋਂ ਵੱਡਾ ਵਿਆਹਿਆ ਹੋਇਆ ਸੀ। ਬਾਕੀ ਤਿੰਨੇ ਅਣਵਿਆਹੇ ਰਹੇ। ਇਹ ਰੁਝਾਨ ਬਹੁਤੇ ਘਰਾਂ ਦਾ ਸੀ। ਇਸ ਦੇ ਨਤੀਜੇ ਵਜੋਂ ਜ਼ਮੀਨਾਂ ਦੇ ਬਟਵਾਰੇ ਘੱਟ ਹੀ ਹੁੰਦੇ ਸਨ ਅਤੇ ਪੁਸ਼ਤੈਨੀ ਖੱਤੇ ਬਰਕਰਾਰ ਰਹਿੰਦੇ ਸਨ। ਹਰੇ ਇਨਕਲਾਬ ਦੀ ਆਮਦ ਨਾਲ ਤਕਰੀਬਨ ਸਾਰੇ ਭਰਾ ਵਿਆਹੇ ਜਾਣ ਲੱਗੇ। ਆਬਾਦੀ ਵਧਣ ਅਤੇ ਪਰਿਵਾਰ ਵੰਡੇ ਜਾਣ ਨਾਲ ਖੇਤਾਂ ਦੇ ਟੋਟੇ ਹੋਣ ਲੱਗੇ। ਘਰੇਲੂ ਲੋੜਾਂ ਵੀ ਵਧਣ ਲੱਗੀਆਂ। ਖਰਚੇ ਤਾਂ ਵਧਣੇ ਹੀ ਸਨ। ਸੜਕਾਂ ਬਣਨ ਨਾਲ ਸਾਰੇ ਪਿੰਡ ਆਪਸ ਵਿੱਚ ਅਤੇ ਸ਼ਹਿਰਾਂ ਨਾਲ ਜੁੜ ਗਏ। ਆਵਾਜਾਈ ਦੇ ਸਾਧਨ ਆਮ ਹੋ ਗਏ। ਮੰਡੀਆਂ ਵਿੱਚ ਆਉਣ-ਜਾਣ ਵਧਣ ਨਾਲ ਖਰੀਦੋ-ਫਰੋਖਤ 'ਚ ਵੀ ਗੁਣਾਤਮਿਕ ਵਾਧਾ ਹੋਣ ਲੱਗਿਆ। ਪਿੰਡਾਂ ਦੇ ਘਰਾਂ ਵਿੱਚ ਵੀ ਸ਼ਹਿਰ ਦੇ ਘਰਾਂ ਵਿੱਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਅਤੇ ਉਪਕਰਣ ਆ ਗਏ।

ਸਰਦੇ-ਪੁਜਦੇ ਲੋਕ ਵਿੱਤ ਮੁਤਾਬਕ ਛੋਟੇ ਜਾਂ ਵੱਡੇ ਟ੍ਰੈਕਟਰ ਲੋੜੀਂਦੇ ਸੰਦ ਜਿਵੇਂ ਹਲ, ਹੈਰੋਂ, ਸੁਹਾਗੇ, ਕੁਰਾਹੇ, ਟਰਾਲੀਆਂ ਥਰੈਸ਼ਰ ਆਦਿ ਖਰੀਦਣ ਲੱਗੇ। ਕਿਸਾਨੀ ਦਾ ਧੰਦਾ ਕੁਝ ਸੁਖਾਲਾ ਹੋਣ ਲੱਗਿਆ। ਪਰ ਘਣੀ ਖੇਤੀ ਬਹੁ ਫਸਲੀ ਭਾਵਾ ਇਨਟੈਨਸਿਵ ਕਲਟੀਵੇਸ਼ਨ ਕਾਰਨ ਰੁਝੇਵੇਂ ਵਧ ਗਏ ਅਤੇ ਖੇਤੀ ਦਾ ਧੰਦਾ ਮੌਸਮੀ (ਸੀਜ਼ਨਲ) ਨਾਂ: ਹੋ ਕੇ ਕੁੱਲ ਵਕਤੀ ਬਣ ਗਿਆ। ਹੁਣ ਸਾਰੀ ਜ਼ਮੀਨ ਉੱਪਰ 2 ਸਾਲ ਵਿੱਚ ਦੋ-ਦੋ ਫਸਲਾਂ ਹੋਣ ਲੱਗੀਆਂ। ਦੁਧਾਰੂ ਪਸ਼ੂਆਂ ਦੀ ਗਿਣਤੀ ਵਿੱਚ ਵਰਨਣਯੋਗ ਵਾਧਾ ਹੋਇਆ। ਖੇਤੀ ਦਾ ਕੰਮ ਬਿਜਾਈ ਤੋਂ ਲੈ ਕੇ ਵੱਢਣ-ਕੱਢਣ ਤੱਕ ਲਗਾਤਾਰ ਦੇਖਭਾਲ ਅਤੇ ਖੇਚਲ ਦੀ ਮੰਗ ਕਰਦਾ ਸੀ। 'ਹਲ ਛੱਡ ਕੇ ਚਰੀ ਨੂੰ ਜਾਣਾ ਜੱਟਾ ਤੇਰੀ ਜੂਨ ਬੁਰੀ' ਇਸ ਸਮੇਂ ਜੇ ਕੋਈ ਟਾਵੀਂ-ਟਾਵੀਂ ਖੁਦਕੁਸ਼ੀ ਦੀ ਵਾਰਦਾਤ ਹੋਈ ਵੀ ਹੋਵੇ ਤਾਂ ਪਾਲੇ ਨੂੰ ਚੰਗੀ ਤਰ੍ਹਾਂ ਨਹੀਂ ਯਾਦ।

ਮਸ਼ੀਨੀਕਰਣ, ਖੁੱਲ੍ਹੀ ਮੰਡੀ ਅਤੇ ਖਪਤਕਾਰੀ ਦਾ ਦੌਰ ਇਸਦੀ ਤਾਂ ਪਾਲੇ ਨੂੰ ਭਲੀ-ਭਾਂਤ ਸੁਰਤ ਹੈ। ਜਦੋਂ ਪਿਛਲੀ ਸਦੀ ਦੇ ਅੱਠਵੇਂ ਦਹਾਕੇ ਤੱਕ ਨਰਮਾ ਪੱਟੀ ਨੂੰ ਛੱਡ ਕੇ ਬਾਕੀ ਸਾਰੇ ਪੰਜਾਬ ਵਿੱਚ ਝੋਨਾ ਅਤੇ ਕਣਕ ਮੁੱਖ ਫਸਲਾਂ ਬਣ ਗਏ, ਕਿਉਂਕਿ ਸਰਕਾਰ ਇਨ੍ਹਾਂ ਨੂੰ ਬੱਝਵੇਂ ਮੁੱਲ 'ਤੇ ਖਰੀਦ ਲੈਂਦੀ ਸੀ। ਇਉਂ ਬਾਕੀ ਫਸਲਾਂ ਹੇਠ ਰਕਬ ਨਾਂ-ਮਾਤਰ ਹੀ ਰਹਿ ਗਿਆ। ਸਹਿਕਾਰੀ ਅਤੇ ਨਿੱਜੀ ਖੇਤਰ ਵਿੱਚ ਖੰਡ ਮਿਲ ਬਹੁਤਾ ਫਰਕ ਨਹੀਂ ਪਿਆ ਨਾ ਹੀ ਸਮੁੱਚੇ ਫਸਲੀ ਚੱਕਰ ਵਿੱਚ ਅਤੇ ਨਾ ਹੀ ਕਿਸਾਨੀ ਦੀ ਅਰਥ ਵਿਵਸਥਾ ਵਿੱਚ। ਪਾਲੇ ਦੇ ਵਿੰਹਦਿਆਂ-ਵਿੰਹਦਿਆਂ ਟਿਊਬਵੈੱਲਾਂ ਇੰਜਣ ਜਾਂ ਟਰੈਕਟਰ ਨਾਲ ਚੱਲਦੇ ਸਨ। ਫੇਰ ਬਿਜਲੀ ਦੇ ਕੁਨੈਕਸ਼ਨ ਮਿਲਣ ਕਰਕੇ ਅਤੇ ਬਾਅਦ ਵਿੱਚ ਬਿਜਲੀ ਮੁਫ਼ਤ ਹੋਣ ਕਰਕੇ ਧੜਾਧੜ ਦਿਨ-ਰਾਤ ਜ਼ਮੀਨੋ ਹੇਠਲਾ ਪਾਣੀ ਨਿਕਲਣ ਲੱਗਿਆ। ਇਸ ਫਸਲੀ ਚੱਕਰ ਅਤੇ ਘਟਨਾਕ੍ਰਮ ਨੇ ਜ਼ਮੀਨ ਦੀ ਉਪਜਾਊ ਸ਼ਕਤੀ ਦਾ ਘਾਣ ਕਰ ਦਿੱਤਾ। ਹੇਠਲੇ ਪਾਣੀ ਦਾ ਪੱਧਰ ਲਗਾਤਾਰ ਨੀਵਾਂ ਹੁੰਦਾ ਗਿਆ। ਨਾਲ ਹੀ ਖੇਤੀ ਲਾਗਤਾਂ ਵਿੱਚ ਬਹੁਤ ਵਾਧਾ ਹੋਣ ਲੱਗ ਪਿਆ। ਉੱਨਤ ਕਿਸਮ ਦੀ ਕਾਸ਼ਤ ਰਸਾਇਣਕ ਖਾਦਾਂ, ਪਾਣੀ, ਨਦੀਨ ਨਾਸ਼ਕ, ਉੱਲੀ ਨਾਸ਼ਕ ਅਤੇ ਕੀਟਨਾਸ਼ਕ (ਪੈਸਟੀਸਾਈਡ) ਦੀ ਵਧੇਰੇ ਵਰਤੋਂ ਨਾਲ ਹੀ ਚੰਗਾ ਝਾੜ ਦੇ ਸਕਦੀ ਸੀ। ਇਹ ਸਭ ਮਹਿੰਗੀ ਲਾਗਤਾਂ ਸਨ। ਵਧੀ ਹੋਈ ਡੀਜ਼ਲ ਦੀ ਖਪਤ, ਮਸ਼ੀਨਰੀ ਅਤੇ ਸੰਦਾਂ ਦੀ ਮੁਰੰਮਤ, ਸੁਧਾਈ ਅਤੇ ਨਕਾਰਾ ਹੋਣ ਦੀ ਸੂਰਤ 'ਚ ਨਵੀਂ ਖਰੀਦਣ (ਰੀਪਲੇਸਮੈਂਟ) ਦਾ ਝੰਜਟ ਲਗਾਤਾਰ ਕਿਸਾਨਾਂ ਦੇ ਗਲ ਪੈ ਗਿਆ। ਜਿਹੜੀਆਂ ਦੋ ਮੁੱਖ ਫਸਲਾਂ ਦੇ ਦੋ ਚੱਕਰ ਵਿੱਚ ਕਿਸਾਨੀ ਫਸ ਚੁੱਕੀ ਸੀ। ਉਨ੍ਹਾਂ ਦੇ ਭਾਅ ਸਰਕਾਰ ਇਉਂ ਤੈਅ ਕਰਦੀ ਕਿ ਕਿਸਾਨ ਦੀ ਲਾਗਤ ਵੀ ਪੂਰੀ ਨਹੀਂ ਸੀ ਮਿਲਦੀ।

ਪਿਛਲੀ ਸਦੀ ਦੇ ਆਖਰੀ ਦਹਾਕੇ ਦੇ ਸ਼ੁਰੂ ਵਿੱਚ ਸਰਕਾਰ ਨੇ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਅਪਣਾ ਕੇ ਬਹੁ ਕੌਮੀ ਕੰਪਨੀਆਂ ਲਈ ਸਾਰੇ ਰਾਹ ਖੋਲ੍ਹ ਦਿੱਤੇ। ਪਾਲੇ ਨੂੰ ਇਸ ਗੱਲ ਦਾ ਅਹਿਸਾਸ ਤੱਕ ਵੀ ਨਹੀਂ ਹੋਇਆ ਕਿ ਕਦੋਂ ਇਨ੍ਹਾਂ ਕੰਪਨੀਆਂ ਨੇ ਖੇਤੀ ਲਾਗਤਾਂ ਦੇ ਕਾਰੋਬਾਰ ਵਿੱਚ ਆਕਟੋਪਸ ਵਾਂਗ ਜਕੜ ਮਾਰ ਲਈ। ਇਨ੍ਹਾਂ ਨੇ ਕਿਸਾਨ ਖਾਦ, ਬੀਜ, ਪੈਸਟੀਸਾਈਡ, ਟਰੈਕਟਰ, ਕੰਬਾਈਨਾਂ, ਇੰਪਲੀਮੈਂਟ ਬਿਜਲੀ ਦੀਆਂ ਮੋਟਰਾਂ ਅਤੇ ਪੰਪ ਆਦਿ ਵੇਚਣ ਵਿੱਚ ਆਸਾਨੀ ਕਰਨ ਲਈ ਆਪਣੇ ਵਿਕਰੀ ਤੰਤਰ (ਸੇਲ ਨੈੱਟਵਰਕ) ਦਾ ਜਾਲ ਵਿਛਾ ਦਿੱਤਾ। ਇਸ ਮੰਤਵ ਲਈ ਸਰਕਾਰੀ ਨੀਤੀਆਂ ਇਨ੍ਹਾਂ ਦੇ ਹੱਕ ਵਿੱਚ ਇਉਂ ਘੜੀਆਂ ਗਈਆਂ ਕਿ ਇਨ੍ਹਾਂ ਲਾਗਤਾਂ (ਇਨਪੁਟਸ) ਨੂੰ ਖਰੀਦਣ ਲਈ ਕਿਸਾਨਾਂ ਦੁਆਰਾ ਬੈਂਕਾਂ ਤੋਂ ਕਰਜ਼ੇ ਲੈਣੇ ਆਸਾਨ ਕਰ ਦਿੱਤੇ ਗਏ। ਮੰਡੀ ਵਿੱਚ ਫਸਲ ਵਧੇਰੇ ਆਉਣ ਕਰਕੇ ਅਤੇ ਜ਼ਮੀਨਾਂ ਦੇ ਭਾਅ ਵਧਣ ਕਰਕੇ ਆੜ੍ਹਤੀਆਂ ਨੇ ਵੀ ਕਿਸਾਨਾਂ ਨੂੰ ਮੋਟੇ ਵਿਆਜ਼ ਉੱਪਰ ਵੱਡੇ ਕਰਜ਼ੇ ਦੇਣੇ ਸ਼ੁਰੂ ਕਰ ਦਿੱਤੇ। ਕਿਸਾਨ ਕਿਉਂਕਿ ਸਨਅਤਕਾਰਾਂ, ਵਪਾਰੀਆਂ ਅਤੇ ਕਾਰੋਬਾਰੀਆਂ ਵਾਂਗ ਹਿਸਾਬ-ਕਿਤਾਬ ਜਾਂ ਗਿਣਤੀ-ਮਿਣਤੀ ਕਰਨ ਤੋਂ ਕੋਰਾ ਸੀ, ਉਹ ਇਨ੍ਹਾਂ ਕਰਜ਼ਿਆ ਦੀ ਰਕਮ ਨੂੰ ਬਿਨਾਂ ਸੋਚੇ ਸਮਝੇ ਅਣ ਉਪਜਾਊ ਕੰਮਾਂ ਵਿੱਚ ਖਰਚ ਕਰਦਾ ਰਿਹਾ। ਕਰਜ਼ਿਆਂ ਉੱਪਰ ਮੋਟੇ ਵਿਆਜ, ਫਸਲਾਂ ਦੇ ਝਾੜ ਦੀ ਅਨਿਸ਼ਚਿਤਤਾ, ਕੁਦਰਤੀ, ਕਰੋਪੀਆਂ ਫਸਲੀ ਬੀਮਾਰੀਆਂ ਅਤੇ ਕੀਟਾਂ ਦੇ ਹਮਲਿਆ ਦੁਆਰਾ ਫਸਲਾਂ ਦੀ ਤਬਾਹੀ, ਮਹਿੰਗੀਆਂ ਸਪਰੇਆਂ ਕਰਨ ਦੇ ਬਾਵਜੂਦ ਪੱਲੇ ਕੁਝ ਨਾ ਪੈਣਾ (ਖਾਸ ਕਰਕੇ ਨਰਮਾ ਪੱਟੀ ਵਿੱਚ) ਅਤੇ ਨਾਲ ਹੀ ਜਿਨਸਾਂ ਦੇ ਨਿਗੂਣੇ ਭਾਅ ਕਿਸਾਨੀ ਨੂੰ ਲਗਾਤਾਰ ਕਰਜ਼ੇ ਦੇ ਬੋਝ ਹੇਠ ਦਬਾਈ ਗਏ। ਜਿਸ ਵਿੱਚੋਂ ਨਿਕਲਣ ਦਾ ਕੋਈ ਰਾਹ ਨਾ ਰਿਹਾ, ਕਰਜ਼ੇ ਆਸਾਨੀ ਨਾਲ ਮਿਲਣ ਕਾਰਨ ਰੀਸੋ - ਰੀਸ ਟਰੈਕਟਰ, ਕੰਬਾਈਨ ਅਤੇ ਹੋਰ ਮਸ਼ੀਨਰੀ ਖਰੀਦਣ ਦੀ ਹੋੜ ਲੱਗ ਗਈ ਜਿਸਦੀ ਇੰਨੀ ਵੱਡੀ ਪੱਧਰ 'ਤੇ ਲੋੜ ਨਹੀਂ ਸੀ। ਇਸਦਾ ਫਾਇਦਾ ਸਿਰਫ਼ ਸਨਅਤਕਾਰਾਂ ਵਪਾਰੀਆਂ ਅਤੇ ਬੈਂਕਾਂ ਨੂੰ ਹੋਇਆ। ਹੁਣ ਕਿਸਾਨ ਬੀਜ ਤੋਂ ਲੈ ਕੇ ਹਰੇਕ ਲਾਗਤ ਖਰੀਦਣ ਵਾਸਤੇ ਕਰਜ਼ੇ ਲੈਣ ਲਈ ਮਜ਼ਬੂਰ ਕਰ ਦਿੱਤਾ ਗਿਆ।

ਪਾਲੇ ਨੂੰ ਇਹ ਵੀ ਜਾਣਕਾਰੀ ਹੈ ਕਿ ਕਦੋਂ ਅਤੇ ਕਿਵੇਂ ਘਰੇਲੂ ਵਰਤੋਂ ਦੇ ਆਧੁਨਿਕ ਉਪਰਕਣ ਜਿਵੇਂ ਫਰਿੱਜ ਟੀ. ਵੀ., ਕਾਰਾਂ, ਜੀਪਾਂ, ਮੋਟਰ ਸਾਈਕਲ, ਸਕੂਟਰ, ਮੋਬਾਈਲ ਫੋਨ ਇੱਥੋਂ ਤੱਕ ਕਿ ਬੰਦੂਕਾਂ, ਰੀਵਾਲਵਰ ਅਤੇ ਪਿਸਤੌਲ ਵਰਗੇ ਹਥਿਆਰ ਖਰੀਦਣ ਲਈ ਸਿਰਫ਼ ਫੋਕੀ ਟੌਹਰ ਬਨਾਉਣ ਲਈ ਰੀਸ ਚੱਲ ਪਈ ਪਰ ਉਹ ਆਪ ਇਸ ਤੋਂ ਪਾਸੇ ਰਿਹਾ। ਵਿਆਹ- ਸ਼ਾਦੀਆਂ ਦੇ ਰਿਵਾਜ ਨਵਾਂ ਰੂਪ ਧਾਰਨ ਕਰ ਗਏ। ਹੁਣ ਵਿਆਹ ਘਰਾਂ ਦੀ ਬਜਾਇ ਮੈਰਿਜ ਪਲੇਸ ਵਿੱਚ ਹੋਣ ਲੱਗ ਪਏ। ਜਿਸ 'ਤੇ ਬੇਲੋੜਾ ਅਤੇ ਵਾਧੂ ਖਰਚ ਹੋਣ ਲੱਗਿਆ। ਇੱਥੇ ਗਾਏ ਜਾਣ ਵਾਲੇ ਅਸ਼ਲੀਲ ਗਾਣੇ ਸੁਥਰੇ ਸਭਿਆਚਾਰ ਨੂੰ ਪ੍ਰਦੂਸ਼ਤ ਕਰਨ ਲੱਗੇ। ਇਨ੍ਹਾਂ ਗਾਇਕਾਂ, ਨਚਾਰਾਂ ਉਪਰ ਲੱਖਾਂ ਰੁਪਿਆ ਦਾ ਵੱਖਰਾ ਖਰਚ ਹੋਣ ਲੱਗਿਆ। ਕਿਸ਼ਨੇ ਦੀ ਵੱਡੀ ਕੁੜੀ ਮੇਲੋ ਨੇ ਤਾਂ ਆਪਣੇ ਵਿਆਹ ਦੇ ਝੋਰੇ 'ਚ ਪਏ ਬਾਪੂ ਨੂੰ ਕਹਿ ਦਿੱਤਾ ਸੀ ਵਾਢੀ ਕਰੂੰਗੀ ਨਾਲ ਤੇਰੇ, ਰੱਖ ਲੈ ਕੰਵਾਰੀ ਬਾਬਲਾ, ਪਰ ਕਿਸ਼ਨੇ ਨੇ ਤਾਂ ਸਾਦਾ ਵਿਆਹ ਕਰਕੇ ਧੀਆਂ ਦੇ ਹੱਥ ਪੀਲੇ ਕਰ ਦਿੱਤੇ ਸਨ। ਮਰਨ ਵੇਲੇ ਕਿਸ਼ਨ ਸਿਹੁੰ ਪਾਲੇ ਸਿਰ ਕੋਈ ਕਰਜ਼ਾ ਨਹੀਂ ਛੱਡ ਕੇ ਗਿਆ ਸੀ ਅਤੇ ਪਾਲੇ ਨੇ ਸਮਝਦਾਰੀ ਨਾਲ ਉਵੇਂ ਕਬੀਲਦਾਰੀ ਸੰਭਾਲ ਲਈ ਸੀ। ਉਹ ਪੰਜਵੀਂ ਤੱਕ ਹੀ ਪੜ੍ਹ ਸਕਿਆ ਸੀ। ਅਗਲੀ ਪੜ੍ਹਾਈ ਕਰਨ ਲਈ ਸ਼ਹਿਰ ਜਾਣਾ ਪੈਣਾ ਸੀ। ਨਾਲੇ ਦੋ ਭੈਣਾਂ ਦੇ ਵਿਆਹ ਕਰਨ ਵਾਲੇ ਸਨ, ਸੋ ਪਾਲਾ ਪੜ੍ਹਾਈ ਛੱਡ ਕੇ ਆਪਣੇ ਬਾਪ ਨਾਲ ਖੇਤੀ ਦੇ ਕੰਮਾਂ ਵਿੱਚ ਹੱਥ ਵਟਾਉਣ ਲੱਗ ਪਿਆ ਸੀ। ਜ਼ਿੰਮੇਵਾਰੀ ਸੰਭਾਲਦਿਆਂ ਉਸਨੂੰ ਬਹੁਤੀ ਔਖ ਨਹੀਂ ਸੀ ਹੋਈ।

ਅੰਨ੍ਹੇਵਾਹ ਜ਼ਹਿਰੀਲੀਆਂ ਸਪਰੇਆਂ ਕਾਰਨ ਹਵਾ, ਪਾਣੀ ਜ਼ਮੀਨ ਆਲਾ-ਦੁਆਲਾ ਪ੍ਰਦੂਸ਼ਿਤ ਹੁੰਦੇ ਗਏ। ਜਿਨ੍ਹਾਂ ਬੀਮਾਰੀਆਂ ਦਾ ਕਦੇ ਨਾਂ ਨਹੀਂ ਸੀ ਸੁਣਿਆ ਉਨ੍ਹਾਂ ਨੇ ਘਰਾਂ ਦੇ ਘਰ ਜਕੜ ਲਏ ਬਹੁਤੇ ਕਿਸਾਨ ਅਤੇ ਮਜ਼ਦੂਰ ਕੈਂਸਰ ਵਰਗੀ ਨਾਮੁਰਾਦ ਬੀਮਾਰੀ ਦਾ ਸ਼ਿਕਾਰ ਹੋਣ ਲੱਗ ਪਏ। ਨਰਮਾ ਪੱਟੀ ਅੰਦਰ ਤਾਂ ਖਾਸ ਤੌਰ 'ਤੇ ਇਹ ਹਾਲ ਹੋ ਗਿਆ ਕਿ ਬੀਕਾਨੇਰ ਨੂੰ ਜਾਣ ਵਾਲੀ ਰੇਲ ਗੱਡੀ ਵਿੱਚ ਬਠਿੰਡੇ ਤੋਂ ਇੰਨੇ ਕੈਂਸਰ ਦੇ ਰੋਗੀ ਚੜ੍ਹਦੇ ਸਨ ਕਿ ਇਸਦਾ ਨਾਮ ਹੀ 'ਕੈਂਸਰ ਟਰੇਨ' ਪੈ ਗਿਆ। ਇੱਕ ਤਾਂ ਮਰੀਜ਼ ਦਾ ਕੰਮ ਖੜ੍ਹ ਜਾਂਦਾ। ਦੂਜਾ ਉਸਦੇ ਇਲਾਜ 'ਤੇ ਇੰਨਾ ਖਰਚ ਹੋ ਜਾਂਦਾ ਜਿਹੜਾ ਜਿਨਸ ਵੇਚ ਕੇ ਪੂਰਾ ਨਹੀਂ ਸੀ ਹੋ ਸਕਦਾ। ਸਿੱਟਾ ਇਹ ਹੋਇਆ ਕਿ ਕਰਜ਼ੇ 'ਤੇ ਕਰਜ਼ਾ ਸਿਰ ਚੜ੍ਹਦਾ ਗਿਆ। ਵੰਨ-ਸੁਵੰਨੀ ਖੇਤੀ ਦੇ ਪ੍ਰੋਗਰਾਮ ਨੇ ਵੀ ਕੋਈ ਜ਼ਿਕਰਯੋਗ ਫ਼ਰਕ ਨਾ ਪਾਇਆ। ਨਰਮੇ ਦੀ ਬੀ.ਟੀ. ਕਿਸਮ ਅਮਰੀਕਨ ਸੁੰਡੀ (ਹਰੀ ਸੁੰਡੀ) ਤੋਂ ਤਾਂ ਬਚ ਗਈ ਪਰ ਕਾਲੀ ਸੁੰਡੀ ਅਤੇ ਚਿੱਟੀ ਮੱਖੀ ਦਾ ਸ਼ਿਕਾਰ ਹੋ ਕੇ ਤਬਾਹ ਹੋਣ ਲੱਗੀ।

ਜਦੋਂ ਤੋਂ ਨਰਮਾ ਪੱਟੀ ਅੰਦਰ ਸੇਮ ਆਈ ਉਦੋਂ ਤੋਂ ਹੇਠਲਾ ਪਾਣੀ ਜੋ ਪਹਿਲਾਂ ਖਾਰਾ ਸੀ ਸਿੰਚਾਈ ਯੋਗ ਹੋ ਗਿਆ। ਟਿਊਬਵੈੱਲ ਇੱਥੇ ਵੀ ਲੱਗਣ ਲੱਗੇ ਅਤੇ ਨਰਮੇ ਹੇਠਲਾ ਬਹੁਤਾ ਰਕਬਾ ਝੋਨੇ ਦੀ ਕਾਸ਼ਤ ਹੇਠ ਆ ਗਿਆ। ਸਾਰੇ ਪੰਜਾਬ ਅੰਦਰ ਝੋਨੇ ਦੀ ਕਾਸ਼ਤ ਕਾਰਨ ਹੇਠਲਾ ਪਾਣੀ ਬਹੁਤ ਨੀਵਾਂ ਚਲਾ ਗਿਆ। ਹੁਣ ਮੱਛੀ ਮੋਟਰਾਂ (ਸਬਮਰਸੀਬਲ) ਲਾਉਣੀਆਂ ਪਈਆਂ, ਜੋ 150 ਤੋਂ 350 ਫੁੱਟ ਦੀ ਡੂੰਘਾਈ ਤੋਂ ਪਾਣੀ ਖਿੱਚਣ ਲੱਗੀਆਂ। ਪੁਰਾਣੇ ਪੰਪ ਮੋਟਰਾਂ ਅਤੇ ਪਾਈਪਾਂ ਕਬਾੜ ਬਣ ਕੇ ਰਹਿ ਗਏ ਅਤੇ ਨਵੇਂ ਸੈੱਟ ਲਾਉਣ ਉੱਪਰ ਡੇਢ ਤੋਂ ਤਿੰਨ ਲੱਖ ਰੁਪਏ ਦਾ ਖਰਚ ਹੋਰ ਖੜ੍ਹਾ ਹੋ ਗਿਆ।

ਸਰਕਾਰ ਦੀ ਮੰਡੀਕਰਣ ਅਤੇ ਕਰਜ਼ਾ ਨੀਤੀ ਤੋਂ ਇਲਾਵਾ ਹੋਰ ਵੀ ਸਰਮਾਏਦਾਰੀ ਪੱਖੀ ਨੀਤੀਆਂ ਕਿਸਾਨੀ ਦੇ ਧੰਦੇ ਨੂੰ ਉੱਪਰ ਨਹੀਂ ਉੱਠਣ ਦੇ ਰਹੀਆਂ। ਸਰਕਾਰ ਨੇ ਕਿਸਾਨ ਦੀ ਜਿਨਸ ਦੇ ਮੁੱਲ ਨੂੰ ਕੰਟਰੋਲ ਕਰਕੇ ਦਬਾਅ ਰੱਖਿਆ ਹੈ। ਪਰ ਖੇਤੀ ਦੀਆਂ ਲਾਗਤਾਂ ਦੀਆਂ ਕੀਮਤਾਂ ਉਪਰ ਕੋਈ ਕੰਟਰੋਲ ਨਹੀਂ ਅਤੇ ਇਨ੍ਹਾਂ ਨੂੰ ਆਏ ਦਿਨ ਮਰਜ਼ੀ ਮੁਤਾਬਕ ਵਧਾਉਣ ਦੀ ਖੁੱਲ੍ਹ ਦੇ ਰੱਖੀ ਹੈ। ਇਸ ਦਾ ਹੀ ਨਤੀਜਾ ਹੈ ਕਿ ਨਾਂ ਤਾਂ ਕਿਸਾਨਾਂ ਵਿੱਚ ਕਰਜ਼ੇ ਮੋੜਨ ਦੀ ਸਮਰੱਥਾ ਰਹੀ ਹੈ, ਨਾ ਖਰਚੇ ਪੂਰੇ ਕਰਨ ਦੀ ਨਾ ਖੇਤੀ ਵਿੱਚ ਕੋਈ ਗੁਣਾਤਮਿਕ ਵਾਧਾ ਕਰਨ ਦੀ ਅਤੇ ਨਾ ਆਪਣਾ ਜੀਵਨ ਪੱਧਰ ਸੁਧਾਰਨ ਦੀ। ਦੂਜੇ ਪਾਸੇ ਧੜਾਧੜ ਖੁੱਲੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਨੇ ਗ੍ਰੈਜੂਏਟਾਂ ਦੀ ਫੌਜ ਖੜ੍ਹੀ ਕਰ ਦਿੱਤੀ ਹੈ ਪਰ ਉਨ੍ਹਾਂ ਲਈ ਨੌਕਰੀਆਂ ਜਾਂ ਰੁਜ਼ਗਾਰ ਦਾ ਕੋਈ ਉਪਰਾਲਾ ਨਹੀਂ ਹੋਇਆ। ਨਿਰਾਸ਼ ਜਵਾਨੀ ਭੈੜੇ ਭੈੜੇ ਨਸ਼ਿਆਂ ਅਤੇ ਲੱਚਰ ਗੀਤਾਂ ਦੀ ਲਪੇਟ ਵਿੱਚ ਬੁਰੀ ਤਰ੍ਹਾਂ ਜਕੜੀ ਜਾ ਰਹੀ ਹੈ। ਜ਼ਮੀਨਾਂ ਵੇਚਕੇ ਜਾਂ ਮਹਿੰਗੇ ਵਿਆਹ ਅਤੇ ਕਰਜ਼ੇ ਲੈ ਕੇ ਪਾੜ੍ਹਿਆਂ ਨੂੰ ਵਿਦੇਸ਼ ਭੇਜਣ ਦਾ ਰੁਝਾਨ ਖੇਤੀ ਦੇ ਧੰਦੇ ਨੂੰ ਇੱਕ ਹੋਰ ਸੱਟ ਮਾਰ ਰਿਹਾ ਹੈ।

ਵਿਸ਼ਾ ਬਹੁਤ ਗੁੰਝਲਦਾਰ ਅਤੇ ਵਿਸ਼ਾਲ ਹੈ। ਕਾਰਨ ਅਨੇਕਾਂ ਹੋਣਗੇ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਇਸ ਭੰਬਲਭੂਸੇ ਦੀ ਹਾਲਤ ਨੇ ਕਿਸਾਨਾਂ ਦੇ ਮਨੋਬਲ ਉੱਪਰ ਵੀ ਇੰਨਾ ਮਾਰੂ ਅਸਰ ਪਾਇਆ ਹੈ ਕਿ ਪੰਜਾਬ ਅੰਦਰ ਹਰ ਰੋਜ਼ ਔਸਤਨ ਇੱਕ ਕਿਸਾਨ ਜਾਂ ਕਿਸਾਨੀ ਧੰਦੇ ਉੱਪਰ ਨਿਰਭਰ ਇਨਸਾਨ ਇਨ੍ਹਾਂ ਹਾਲਤਾਂ ਦਾ ਸ਼ਿਕਾਰ ਹੋਇਆ ਖੁਦਕੁਸ਼ੀ ਕਰਨ ਲਈ ਮਜਬੂਰ ਹੈ।

**ਮਜ਼ਬੂਰੀ ਤਹਿਤ ਵਿਉਤਬੰਦੀ:** ਹਾਲੇ ਕੁਝ ਦਿਨ ਪਹਿਲਾਂ ਹੀ ਪਿੰਡ ਦੇ ਚਾਲੀ ਸਾਲਾ ਕਿਸਾਨ ਹਰਦੇਵ ਨੇ ਕਰਜ਼ੇ ਹੇਠ ਆਏ ਨੇ ਮੋਨੋਕੋਟਫਾਸ (ਕੀਟਨਾਸ਼ਕ) ਪੀ ਕੇ ਜਾਨ ਦੇ ਦਿੱਤੀ ਹੈ। ਉਹ ਅੱਠ ਕਿੱਲਿਆਂ ਦਾ ਮਾਲਕ ਸੀ। ਪਿੱਛੇ ਮਾਂ-ਬਾਪ ਪਤਨੀ ਤੋਂ ਇਲਾਵਾ ਤੇਰਾਂ ਸਾਲ ਦਾ ਪੁੱਤ ਅਤੇ ਵਿਆਹੁਣ ਦੇ ਨੇੜੇ ਆਈ ਧੀ ਛੱਡ ਗਿਆ। ਇਸਨੇ ਪਾਲੇ ਦੇ ਮਨ ਉੱਪਰ (ਸਾਰੇ ਪਿੰਡ ਸਮੇਤ) ਭਾਰੀ ਸੱਟ ਮਾਰੀ ਹੈ। ਕੀ ਉਹ ਵੀ ਕਦੇ ਖੁਦਕੁਸ਼ੀ ਕਰਨ ਲਈ ਸੋਚੇਗਾ? ਉਸ ਕੋਲ ਕੁੱਲ ਛੇ ਏਕੜ ਜ਼ਮੀਨ ਹੈ, ਬਾਕੀ ਪੰਜ ਚਾਰ ਏਕੜ ਠੇਕੇ 'ਤੇ ਲੈ ਲੈਂਦਾ ਹੈ। ਪੁਰਾਣੇ ਛੋਟਾ (25 ਹਾਰਸ ਪਾਵਰ) ਮਹਿੰਦਰਾ ਟਰੈਕਟਰ ਹੈ। ਟਰਾਲੀ ਅਤੇ ਪੁਰਾਣੇ ਸੰਦ ਹਨ। ਉਸਦੀ ਇੱਕ ਭੈਣ ਅਪਾਹਜ ਹੈ, ਮੰਜੇ 'ਤੇ ਪਈ ਹੈ। ਉਸ ਨੇ ਆਪਣੇ ਪੁੱਤ ਸੁਖਦੇਵ ਨੂੰ ਆਈ. ਟੀ. ਆਈ. ਕਰਵਾਈ ਅਤੇ ਹੁਣ ਉਹ ਨੇੜਲੀ ਮੰਡੀ ਵਿੱਚ ਕਿਸੇ ਨਾਲ ਰਲਕੇ ਬਿਜਲੀ ਦੀਆਂ ਮੋਟਰਾਂ ਅਤੇ ਹੋਰ ਉਪਕਰਣ ਸੰਵਾਰਨ (ਮੁਰੰਮਤ ਕਰਨ) ਦਾ ਕੰਮ ਕਰਦਾ ਹੈ। ਪਾਲੇ ਨਾਲ ਖੇਤੀ ਦੇ ਕੰਮ ਵਿੱਚ ਵੀ ਹੱਥ ਵਟਾ ਦਿੰਦਾ ਹੈ। ।ਸੁਖਦੇਵ ਦੀ ਮਾਂ ਘਰ ਦੇ ਸਾਰੇ ਕੰਮ ਕਰਨ ਤੋਂ ਇਲਾਵਾ ਲੋਕਾਂ ਦੇ ਕੱਪੜੇ ਸਿਉਂਕੇ ਥੋੜ੍ਹੀ ਬਹੁਤ ਕਮਾਈ ਕਰ ਲੈਂਦੀ ਹੈ। ਚੰਗਾ ਹੋਇਆ ਕਿ ਪਾਲਾ ਆਪਣੇ ਤਰਕਸ਼ੀਲ ਵਿਚਾਰਾਂ ਦੇ ਗੁਆਂਢੀ ਨੌਜਵਾਨ ਦੇ ਅਸਰ ਹੇਠ ਆ ਗਿਆ ਅਤੇ ਉਸਦਾ ਟੱਬਰ ਕਿਸੇ ਡੇਰੇ ਜਾਂ ਸਮਾਧੀ ਨਹੀਂ ਜਾਂਦਾ। ਇਸ ਮੇਲ -ਮਿਲਾਪ ਸਦਕਾ ਇੱਕ ਹੋਰ ਤਰਕਸ਼ੀਲ ਵਿਚਾਰਾਂ ਵਾਲੇ ਨੌਜਵਾਨ ਨੇ ਪਾਲੇ ਦੀ ਧੀ ਨਸੀਬੋ ਨਾਲ ਬਿਨ੍ਹਾਂ ਦਾਜ-ਦਹੇਜ ਸਾਦੇ ਤਰੀਕੇ ਨਾਲ ਵਿਆਹ ਕਰਵਾ ਲਿਆ ਅਤੇ ਵਿਆਹ ਉੱਪਰ ਪਾਲੇ ਦਾ ਕੋਈ ਖਾਸ ਖਰਚ ਨਹੀਂ ਹੋਣ ਦਿੱਤਾ। ਨਸੀਬ ਕੌਰ ਆਪਣੇ ਸਹੁਰੇ ਘਰ ਬਹੁਤ ਖੁਸ਼ ਅਤੇ ਸੁਖੀ ਹੈ।

ਪਾਲੇ ਦਾ ਵੀ ਜੀਅ ਕਰਦਾ ਹੈ ਕਿ ਪਿੰਡ ਦੇ ਵੱਡੇ ਜ਼ਿਮੀਦਾਰਾਂ ਵਾਂਗ ਉਸਦੀ ਵੀ ਸ਼ਾਨਦਾਰ ਕੋਠੀ ਹੋਵੇ, ਉਸ ਕੋਲ ਵੀ ਕਾਰ ਹੋਵੇ, ਉਸਦੇ ਪੁੱਤ ਕੋਲ ਆਈਫ਼ੋਨ ਹੋਵੇ, ਸੁਖਦੇਵ ਵਧੀਆ ਕਾਲਜ ਵਿੱਚ ਕਾਲਜੀਏਟ ਬਣ ਕੇ ਬਰਾਂਡਿਡ ਕੱਪੜੇ ਜੁੱਤੇ ਪਾਵੇ, ਕੋਲ ਵਧੀਆ ਨਵਾਂ ਟਰੈਕਟਰ ਅਤੇ ਨਵੇਂ ਸੰਦ ਹੋਣ ਪਰ ਸਬਰ ਦਾ ਘੁੱਟ ਭਰਨਾ ਅਕਲਮੰਦੀ, ਹਾਲਤਾਂ ਦੀ ਸੋਝੀ। ਜ਼ਿਮੇਵਾਰੀ ਦਾ ਅਹਿਸਾਸ ਅਤੇ ਕਿਸਾਨੀ ਦੀ ਤਰਸਯੋਗ ਹਾਲਤ ਉਸਨੂੰ ਵਰਜ ਰਹੇ ਹਨ। ਕਿਸ਼ਨੇ ਦੇ ਤਾਏ ਦਾ ਇੱਕ ਪੋਤਾ ਹਰਬੰਸ ਕਿਸਾਨ ਯੂਨੀਅਨ ਵਿੱਚ ਕਾਰਕੁੰਨ ਹੈ। ਕਦੇ ਕਦਾਈਂ ਪਿੰਡ ਦਾ ਪੜ੍ਹਿਆ ਲਿਖਿਆ ਪ੍ਰਗਤੀਸ਼ੀਲ ਵਿਚਾਰਾਂ ਵਾਲਾ ਨੌਜਵਾਨ ਜਰਨੈਲ ਉਸ ਕੋਲ ਆ ਬਹਿੰਦਾ ਹੈ। ਉਹ ਪਾਲੇ ਨੂੰ ਸਰਮਾਏਦਾਰਾਂ, ਸਰਕਾਰਾਂ ਅਤੇ ਭ੍ਰਿਸ਼ਟ ਅਫਸਰਸ਼ਾਹੀ ਜੁੰਡਲੀ ਦੇ ਗੁੰਝਲਦਾਰ ਤਾਣੇ-ਬਾਣੇ ਬਾਰੇ ਭੇਦ ਭਰੀਆਂ ਗੱਲਾਂ ਦੱਸਦਾ ਹੈ। ਜਿਹੜੀਆਂ ਪਾਲੇ ਨੂੰ ਗੋਰਕੀ ਦੇ ਪਾਵੇਲ ਦੀ ਮਾਂ ਵਾਂਗ ਚੰਗੀਆਂ ਤਾਂ ਲਗਦੀਆਂ ਹਨ ਪਰ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੀਆਂ। ਉਹ ਜਰਨੈਲ ਨਾਲ ਸਹਿਮਤ ਹੈ ਕਿ ਅਖੌਤੀ ਕਿਸਾਨ ਪੱਖੀ ਪਾਰਟੀ ਵੋਟਾਂ ਲੈਣ ਵੇਲੇ ਬਥੇਰੇ ਲਾਰੇ ਲਾਉਂਦੀਆਂ ਪਰ ਸਰਕਾਰ ਬਨਾਉਣ ਮਗਰੋਂ ਉਹੀ ਮੰਗਾਂ ਦੇ ਹੱਕ ਵਿੱਚ ਜਲੂਸ ਕੱਢ ਰਹੇ ਨਿਹੱਥੇ ਕਿਸਾਨਾਂ ਮਜ਼ਦੂਰਾਂ ਉੱਪਰ ਡਾਂਗਾਂ ਵਰ੍ਹਾਉਂਦੀਆਂ ਹਨ। ਉਨ੍ਹਾਂ ਦੇ ਆਗੂਆਂ ਨੂੰ ਫੜ ਕੇ ਅੰਦਰ ਕਰ ਦਿੰਦੀਆਂ ਹਨ। ਪਾਲਾ ਮੋਟੇ ਤੌਰ 'ਤੇ ਜਰਨੈਲ ਦੀ ਇਸ ਦਲੀਲ ਵਿੱਚ ਵਿਸ਼ਵਾਸ ਰੱਖਦਾ ਹੈ ਕਿ ਸ਼ਹੀਦ-ਏ-ਆਜਮ ਭਗਤ ਸਿੰਘ ਦੇ ਵਿਚਾਰਾਂ 'ਤੇ ਅਧਾਰਿਤ ਏਕਾ ਕਰਕੇ ਅਤੇ ਲੋਕ ਪੱਖੀ ਸਰਕਾਰ ਬਣਾ ਕੇ ਹੀ ਇਸ ਦੁਰਦਸ਼ਾ ਵਿੱਚੋਂ ਬਾਹਰ ਨਿਕਲਿਆ ਜਾ ਸਕਦਾ ਹੈ।

ਖ਼ੈਰ ਪਾਲਾ ਲੋੜ ਮੁਤਾਬਕ ਪਿੰਡ ਦੀ ਖੇਤੀਬਾੜੀ ਸ਼ਹਿਕਾਰੀ ਸਭਾ ਤੋਂ ਫਸਲੀ ਕਰਜ਼ੇ ਅਧੀਨ ਖਾਦਾਂ, ਸਪਰੇਆਂ ਲੈ ਲੈਂਦਾ ਹੈ ਅਤੇ ਹਾੜੀ-ਸਾਉਣੀ ਫਸਲ ਵੇਚ ਕੇ ਰਕਮ ਤਾਰ ਦਿੰਦਾ ਲਗਦਾ ਹੈ। ਉਹ ਮਿਹਨਤ ਕਰਦਾ ਰਹੇਗਾ, ਹਾਲਤਾਂ ਨਾਲ ਭਿੜਦਾ ਅਤੇ ਸਿਝਦਾ ਰਹੇਗਾ, ਉਹ ਨਿਰਾਸ਼ ਨਹੀਂ ਹੋਵੇਗਾ, ਔਖਾ-ਸੌਖਾ ਸਾਰ ਲਵੇਗਾ, ਹੌਸਲਾ ਬੁਲੰਦ ਰੱਖੇਗਾ ਪਰ ਪਾਲਾ ਖੁਦਕੁਸ਼ੀ ਨਹੀਂ ਕਰੇਗਾ। (ਸਮਾਪਤ)

# ਭਾਰਤੀ ਸਿੱਖਿਆ ਪ੍ਰਣਾਲੀ ਅਤੇ 'ਲੱਕੀ ਕੂਪਨ ਸਕੀਮਾਂ'

**ਗੁਰਪ੍ਰੀਤ, ਖੰਨਾ**



ਇਸ ਵਿੱਚ ਹੁਣ ਸ਼ਾਇਦ ਹੀ ਕੋਈ ਸ਼ੱਕ-ਸ਼ੁਭਾ ਬਾਕੀ ਰਹਿ ਗਿਆ ਹੈ ਕਿ ਇਸ ਮੁਲਕ ਦੀ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਰਾਜ ਦੀ ਹਕੂਮਤ, ਸਿੱਖਿਆ ਖੇਤਰ ਵਿੱਚ ਡੂੰਘੀਆਂ ਜੜ੍ਹਾਂ ਜਮਾ ਚੁੱਕੇ ਕਾਰਪੋਰੇਟ ਦੀ ਏਜੰਟ, ਜਾਂ ਵਧੇਰੇ ਸਰਲ ਪੰਜਾਬੀ ਵਿੱਚ ਕਿਹਾ ਜਾਵੇ ਤਾਂ ਸਰਮਾਏਦਾਰਾਂ ਦੀ ਦਲਾਲ ਸਾਬਿਤ ਹੋ ਚੁੱਕੀ ਹੈ। ਇਸਦੀ ਬਿੱਲੀ ਹੁਣ ਲਗਭਗ ਪੂਰੀ ਤਰ੍ਹਾਂ ਆਪਣੇ ਲੋਕਤੰਤਰੀ-ਜਮਹੂਰੀ ਥੈਲੇ ਚੋਂ ਬਾਹਰ ਆ ਚੁੱਕੀ ਹੈ। ਲੋਕ ਭਲਾਈ ਦੇ ਇਸਦੇ ਦਾਅਵੇ-ਵਾਅਦਿਆਂ ਦਾ ਹੀਜ਼-ਪਿਆਜ਼ ਪੂਰੀ ਤਰ੍ਹਾਂ ਉੱਘੜ ਚੁੱਕਾ ਹੈ। ਇਹ ਵੀ ਭਲੀ-ਭਾਂਤ ਸਪੱਸ਼ਟ ਹੋ ਚੁੱਕਾ ਹੈ ਕਿ ਅਜੋਕੇ ਸਮੇਂ ਕਾਰਪੋਰੇਟਾਂ/ਸਰਮਾਏਦਾਰਾਂ ਨੇ ਇਸ ਹਕੂਮਤ ਦੀ ਸੰਘੀ 'ਤੇ ਹੁਣ ਆਪਣੀ ਪਕੜ ਅਤੇ ਕੱਸ ਬਹੁਤ ਮਜ਼ਬੂਤ ਕਰ ਲਈ ਹੈ, ਜਿਸ ਕਾਰਨ ਇੱਥੋਂ ਦੀਆਂ ਅਖੌਤੀ ਲੋਕਤੰਤਰੀ ਸਰਕਾਰਾਂ ਆਪਣੇ ਆਪ ਨੂੰ ਕਿਸੇ ਵੀ ਅਜਿਹੇ ਲੋਕ ਪੱਖੀ ਫੈਸਲੇ ਨੂੰ ਲਾਗੂ ਕਰਨ ਸਮੇਂ ਬੇਵੱਸ ਪ੍ਰਤੀਤ ਕਰਦੀਆਂ ਹਨ, ਜਿਸ ਨਾਲ ਲੋਕਾਂ ਵਿਚਕਾਰ ਆਰਥਿਕ ਬਰਾਬਰੀ ਅਤੇ ਨਿਆਂ ਦੀ ਵਿਵਸਥਾ ਕਾਇਮ ਹੁੰਦੀ ਹੋਵੇ।

ਇਹੀ ਕਾਰਨ ਹੈ ਕਿ ਗਾਹੇ-ਬਗਾਹੇ ਨਾ ਸਿਰਫ ਹਾਲ ਹੀ ਵਿੱਚ ਇਸਦੇ ਅਫਸਰਾਂ ਅਤੇ ਮੰਤਰੀਆਂ ਵੱਲੋਂ ਜਨਤਕ ਖੇਤਰ ਦੀ ਸਿੱਖਿਆ ਦੇ ਮਜ਼ਬੂਤ ਬੁਨਿਆਦੀ ਢਾਂਚੇ ਲਈ ਅਵਾਜ਼ ਉਠਾਉਣ ਵਾਲੇ ਜੁਝਾਰੂ ਅਧਿਆਪਕ ਆਗੂਆਂ ਨੂੰ ਨੌਕਰੀਆਂ ਤੋਂ ਚੱਲਦਾ ਕਰਨ ਦੇ ਦੁਸਾਹਸੀ ਬਿਆਨ ਜਾਰੀ ਕੀਤੇ ਗਏ, ਸਗੋਂ ਉਨ੍ਹਾਂ ਦੀਆਂ ਮੁਅੱਤਲੀਆਂ (ਜੋ ਕਿ ਬੇਸ਼ੱਕ ਬਾਅਦ ਵਿੱਚ ਰੱਦ ਕਰ ਦਿੱਤੀਆਂ ਗਈਆਂ) ਨੂੰ ਅੰਜਾਮ ਦੇ ਕੇ ਅਜਿਹਾ ਕਰਨ ਦੀ ਆਪਣੀ ਨੀਤ ਅਤੇ ਸਮਰੱਥਾ ਦਾ ਬੇਕਿਰਕ ਮੁਜ਼ਾਹਿਰਾ ਕੀਤਾ ਗਿਆ। ਸਾਰੀਆਂ ਜਨਤਕ ਜਥੇਬੰਦੀਆਂ ਦੇ ਆਗੂਆਂ ਨੂੰ ਇਹ ਇੱਕ ਸਪੱਸ਼ਟ ਰੂਪ ਵਿੱਚ ਦਿੱਤਾ ਗਿਆ ਸੰਕੇਤ ਸੀ ਕਿ ਹੁਣ ਹੋਰ ਚਿਰ ਸੌਖੇ ਕੀਤਿਆਂ ਮੌਜੂਦਾ ਸਿਆਸੀ ਆਰਥਿਕ ਢਾਂਚੇ ਅਤੇ ਇਸਦੇ ਹਕੂਮਤੀਆਂ ਵੱਲੋਂ ਲੋਕ ਹਿੱਤਾਂ ਦੇ ਪੱਖ ਵਿੱਚ ਭੁਗਤਦੀ ਕਿਸੇ ਅਵਾਜ਼ ਦੀ ਸੁਣਵਾਈ ਨਹੀਂ ਹੋਵੇਗੀ।

ਬਾਰਡਰ ਏਰੀਆ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ, ਤਿੰਨ-ਤਿੰਨ ਹਜ਼ਾਰ ਰੁਪਏ ਦੇ ਕੂਪਨ ਜਾਰੀ ਕਰਕੇ ਅਖੌਤੀ ਰੂਪ ਵਿੱਚ 'ਨਿੱਜੀ ਸਕੂਲਾਂ ਤੋਂ ਮਿਲਦੀ ਸਿੱਖਿਆ ਤੱਕ ਪਹੁੰਚ ਕਰਨ ਯੋਗ ਬਣਾਉਣ' ਦਾ ਹਾਲ ਹੀ ਵਿੱਚ ਸਿੱਖਿਆ ਮੰਤਰੀ ਓ.ਪੀ. ਸੋਨੀ ਵੱਲੋਂ ਕੀਤਾ ਗਿਆ ਐਲਾਨ ਵੀ ਮੌਜੂਦਾ ਵਿੱਦਿਅਕ ਢਾਂਚੇ ਦੀ ਨੀਤ ਦੇ ਨਾਲ-ਨਾਲ ਸਮੁੱਚੇ ਸਿਆਸੀ-ਆਰਥਿਕ ਢਾਂਚੇ ਦੇ ਸਰਮਾਏਦਾਰੀ ਪ੍ਰਤੀ ਉਪਰੋਕਤ ਉਲਾਰ ਰੁਝਾਨ ਨੂੰ ਹੀ ਸਪੱਸ਼ਟ ਕਰਦਾ ਹੈ। ਕਾਰਪੋਰੇਟਾਂ ਦੀ ਪਿੱਛਲਖੁਰੀ ਜਕੜ ਹੇਠ ਆਏ ਇਸ ਢਾਂਚੇ (ਵਿਸ਼ੇਸ਼ ਤੌਰ 'ਤੇ ਸਿੱਖਿਆ ਢਾਂਚੇ) ਨੂੰ, ਸਰਕਾਰੀ/ਜਨਤਕ ਖਜ਼ਾਨਿਆਂ ਵਿੱਚ, ਲੋਕਾਂ ਦੇ ਟੈਕਸਾਂ ਰਾਹੀਂ ਜਮ੍ਹਾਂ ਕੀਤੇ ਖਰਬਾਂ ਰੁਪਏ ਪਰਤ ਕੇ ਲੋਕਾਂ ਦੀ ਸੇਵਾ, ਪੱਕੇ ਰੁਜ਼ਗਾਰ ਦੀ ਗਰੰਟੀ, ਗੁਣਾਤਮਕ ਅਤੇ ਸਰਬੱਤ ਦੇ ਭਲੇ ਵਾਲੀ ਕਿਸੇ ਇੱਕ ਸਮਾਨ ਸਿੱਖਿਆ ਅਤੇ ਸਿਹਤ ਆਦਿ ਦੇ ਖਾਤੇ ਵਿੱਚ ਜਾਂਦੇ ਫੁੱਟੀ ਅੱਖ ਵੀ ਨਹੀਂ ਸੁਖਾਂਦੇ।

ਜ਼ਿਕਰਯੋਗ ਹੈ ਕਿ ਮੰਤਰੀ ਦੇ ਆਪਣੇ ਬਿਆਨ ਵਿੱਚ ਦਰਸਾਏ ਹਿਸਾਬ-ਕਿਤਾਬ ਅਨੁਸਾਰ ਪ੍ਰਤੀ ਸਾਲ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 25 ਲੱਖ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਅਧਿਆਪਕਾਂ ਦੀਆਂ ਤਨਖਾਹਾਂ ਉੱਤੇ, 9,000 ਕਰੋੜ ਰੁਪਏ ਦਾ ਖਰਚਾ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ; ਜੋ ਕਿ ਪ੍ਰਤੀ ਮਹੀਨਾ, ਪ੍ਰਤੀ ਵਿਦਿਆਰਥੀ 3,000 ਰੁਪਏ ਬਣਦਾ ਹੈ। ਇਹੋ ਤਿੰਨ ਹਜ਼ਾਰ ਰੁਪਏ ਦੇ ਕੂਪਨ ਉਹਨਾਂ ਦੇ ਕਹਿਣ ਅਨੁਸਾਰ ਸਰਕਾਰ ਦੁਆਰਾ ਸਰਹੱਦੀ ਅਤੇ ਕੰਢੀ ਖੇਤਰ (ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ) ਦੇ ਸਕੂਲਾਂ ਵਿਚਲੀਆਂ ਹਜ਼ਾਰਾਂ ਮਨਜ਼ੂਰਸ਼ੁਦਾ ਅਧਿਆਪਕ ਪੋਸਟਾਂ ਨੂੰ ਭਰਨ ਦੀ ਥਾਂ 'ਤੇ ਅਧਿਆਪਕਾਂ ਤੋਂ ਲੰਮੇ ਸਮੇਂ ਤੋਂ ਵਾਂਝੇ ਰੱਖੇ ਗਏ ਵਿਦਿਆਰਥੀਆਂ ਨੂੰ ਜਾਰੀ ਕੀਤੇ ਜਾਣਗੇ ਤਾਂ ਜੋ, ਉਹ ਆਪਣੇ ਅਧਿਆਪਕ ਵਿਹੂਣੇ ਸਰਕਾਰੀ ਸਕੂਲਾਂ ਨੂੰ ਛੱਡ ਕੇ, ਨਿੱਜੀ ਸਕੂਲਾਂ ਵੱਲ ਰੁਖ਼ ਕਰ ਸਕਣ।

ਇਹ ਵੀ ਜ਼ਿਕਰਯੋਗ ਹੈ ਕਿ ਸਿੱਖਿਆ ਮੰਤਰੀ ਦੇ ਇਹ ਕੂਪਨ ਵਾਲੇ ਬਿਆਨ ਦੀਆਂ ਸਤਰਾਂ ਵਿਚਕਾਰ ਆਏ ਹੋਰ ਬਿਆਨਾਂ ਸਮੇਤ ਪੰਜਾਬ ਸਰਕਾਰ ਵੱਲੋਂ ਬਾਕਾਇਦਾ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਪਿੱਛੇ ਜਿਹੇ ਇਹ ਵੀ ਕਿਹਾ ਗਿਆ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਹੁਣ ਗੈਰ ਸਰਕਾਰੀ ਜਥੇਬੰਦੀਆਂ, ਖੈਰਾਤੀ ਟਰੱਸਟ, ਨਿੱਜੀ ਫਰਮਾਂ, ਕੰਪਨੀਆਂ ਅਤੇ ਦਿਆਲੂ ਵਿਅਕਤੀ ਗੋਦ ਲੈ ਲੈਣ। ਪ੍ਰਭਾਵ ਵਜੋਂ ਸਿੱਖਿਆ ਖੇਮਿਆਂ ਵਿੱਚ ਇਹ ਆਮ ਚਰਚਾ ਚੱਲ ਰਹੀ ਹੈ ਕਿ ਇਹ ਗੋਦ ਲੈਣ ਦੀ ਨੌਬਤ ਤਾਂ ਅਕਸਰ ਉਦੋਂ ਆਉਂਦੀ ਹੈ ਜਦੋਂ ਕੋਈ ਯਤੀਮ ਹੋ ਗਿਆ ਹੋਵੇ। ਪਰ ਇਹ ਗੋਦ ਲੈਣ ਵਾਲੀ ਗੱਲ ਉਦੋਂ ਬੜੀ ਅਜੀਬੋ-ਗਰੀਬ ਜਾਪ ਸਕਦੀ ਹੈ। ਜਦੋਂ "ਸਰਕਾਰੀ ਸਕੂਲਾਂ ਦੀ ਮਾਈਬਾਪ" ਵਿਦਿਆਰਥੀਆਂ ਲਈ ਉਪਰੋਕਤ ਦੱਸੇ ਕੂਪਨ ਦੇ ਨਾਂ 'ਤੇ ਤਿੰਨ-ਤਿੰਨ ਹਜ਼ਾਰ ਰੁਪਏ ਪ੍ਰਤੀ ਵਿਦਿਆਰਥੀ ਦੀਆਂ ਮੋਟੀਆਂ ਰਕਮਾਂ ਦੇ ਗੱਫੇ, ਰੱਜੇ-ਪੁੱਜੇ ਅਤੇ ਤਾਮ-ਝਾਮੀ ਨਿੱਜੀ ਸਕੂਲਾਂ ਦੇ ਮਾਲਕਾਂ ਨੂੰ ਵੰਡਣ ਲਈ ਤਿਆਰ ਹੈ।

ਸੁਣਿਆ ਹੈ ਕਿ ਅੱਜ ਕੱਲ੍ਹ ਯਤੀਮਖਾਨਿਆਂ ਅਤੇ ਬਿਰਧ ਆਸ਼ਰਮਾਂ ਵਿੱਚ ਅਜਿਹੇ ਬੱਚੇ, ਬੁੱਢੇ ਵੀ ਭਰਤੀ ਹਨ, ਜਿਨ੍ਹਾਂ ਦੇ ਮਾਂ ਬਾਪ ਜਾਂ ਪੁੱਤ ਧੀ ਤਾਂ ਜਿਉਂਦੇ-ਜਾਗਦੇ ਅਤੇ ਰਸਦੇ-ਵਸਦੇ ਹਨ; ਪਰ ਆਪਣੀ ਅੱਯਾਸ਼ੀ ਪਿੱਛੇ ਅਜਿਹੇ ਮਾਂ-ਬਾਪ ਅਤੇ ਪੁੱਤਾਂ-ਧੀਆਂ ਨੇ ਉਹਨਾਂ ਨੂੰ ਘਰਾਂ 'ਚੋਂ ਦੁਰਕਾਰ ਦਿੱਤਾ ਹੋਇਆ ਹੈ।

ਖੈਰ! ਨਿਸ਼ਚਿਤ ਤੌਰ 'ਤੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਨਿੱਜੀ ਸਕੂਲ ਰੂਪੀ ਆਸ਼ਰਮਾਂ ਵੱਲ ਧੱਕਣ ਵਾਲੀ ਉਪਰੋਕਤ ਕੂਪਨ ਸਕੀਮ ਰਾਹੀਂ, ਸਿੱਖਿਆ ਖੇਤਰ ਤੋਂ ਅੰਨ੍ਹਾ ਮੁਨਾਫ਼ਾ ਕਮਾ ਰਹੇ ਅਤੇ ਅਸੀਮਤ ਮੁਨਾਫ਼ੇ ਲਈ ਸਦਾ ਲਚਾਉਂਦੇ ਜਾਂ ਕਦੇ ਵੀ ਨਾ ਰੱਜਣ ਵਾਲੇ "ਸਿੱਖਿਆ ਉਦਯੋਗ" ਦੇ ਨਿੱਜੀ ਮਾਲਕ, ਸਰਮਾਏਦਾਰ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨਾ ਇਹ 3,000 ਰੁਪਏ ਨਾਲ ਗੁਣਾ ਹੋਣ ਵਾਲੀਆਂ ਮੋਟੀਆਂ ਰਕਮਾਂ, ਆਪਣੀਆਂ ਜੇਬਾਂ ਵਿੱਚ ਆਉਂਦੀਆਂ ਤਾਂ ਪਸੰਦ ਹੀ ਕਰਨਗੇ ਅਤੇ ਨਿਸ਼ਚਿਤ ਤੌਰ 'ਤੇ ਇਸ ਸਕੀਮ ਦਾ ਉਹ ਖੁੱਲ੍ਹ ਦਿਲੀ ਨਾਲ ਸੁਆਗਤ ਕਰਨਗੇ।

ਨਿੱਜੀ ਸਕੂਲਾਂ ਦੇ ਸਰਮਾਏਦਾਰ ਜਾਂ ਕਾਰਪੋਰੇਟ ਮਾਲਕਾਂ ਨੂੰ ਸਮੂਹ ਅਧਿਆਪਕ ਆਪਣੇ "ਸਿੱਖਿਆ ਉਦਯੋਗ" ਦੇ "ਯੂਨਿਟਾਂ" ਵਿੱਚ ਕੰਮ ਕਰਦੇ ਮਜ਼ਦੂਰਾਂ ਵਜੋਂ ਵੇਖਣੇ ਹੀ ਪਸੰਦ ਹਨ। ਉਹਨਾਂ ਨੂੰ ਚੰਗਾ ਲੱਗਦਾ ਹੈ ਕਿ ਅਧਿਆਪਕ ਉਨ੍ਹਾਂ ਦੇ ਮੁਨਾਫ਼ੇ ਵਿੱਚ ਵਾਧਾ ਕਰਨ ਵਾਲੀ ਮਸ਼ੀਨ ਵਜੋਂ ਕੰਮ ਕਰਨ। ਉਨ੍ਹਾਂ ਨੂੰ ਇਹ ਵੀ ਚੰਗਾ ਲੱਗਦਾ ਹੈ ਕਿ ਸਸਤੇ ਤੋਂ ਸਸਤੇ ਮੁੱਲੋਂ ਆਪਣੀ ਸਰੀਰਕ-ਮਾਨਸਿਕ ਕਿਰਤ ਸ਼ਕਤੀ ਵੇਚਣ ਲਈ ਮਜ਼ਬੂਰ ਅਜਿਹੇ ਮਜ਼ਦੂਰ ਵਧੇਰੇ ਤੋਂ ਵਧੇਰੇ ਗਿਣਤੀ ਵਿੱਚ ਬੇਰੁਜ਼ਗਾਰ ਹੋਣ; ਜੇ ਬਰਸਰੇ ਰੁਜ਼ਗਾਰ ਹੋਣ ਤਾਂ ਇਹ ਚੰਗਾ ਲੱਗਦਾ ਹੈ ਕਿ ਕਦੇ ਵੀ ਨੌਕਰੀਆਂ ਤੋਂ ਬਰਤਰਫ ਕਰਨ ਦਾ ਖ਼ਤਰਾ ਉਨ੍ਹਾਂ ਦੇ ਸਿਰ 'ਤੇ ਮੰਡਰਾਉਂਦਾ ਰਹੇ। ਕਿਉਂ ਜੋ ਇਹੋ ਖ਼ਤਰਾ ਉਨ੍ਹਾਂ ਦੀ ਆਰਥਿਕ ਸਮਾਜਿਕ ਲੁੱਟ ਲਈ ਉਨ੍ਹਾਂ ਦੀ ਹਰ ਵੇਲੇ ਉਪਲੱਬਧਗੀ ਨੂੰ ਪੱਕਿਆਂ ਕਰਨ ਵਿੱਚ ਸਹਾਈ ਹੋਵੇਗਾ।

ਡਰ ਤੇ ਅਨਿਸ਼ਚਿਤਤਾ ਦੀ ਹਰ ਸਿਆਸਤ ਇਸ ਸਰਮਾਏਦਾਰਾ ਢਾਂਚੇ ਸਮੇਤ ਨਿੱਜੀ ਸਕੂਲ ਢਾਂਚੇ ਨੂੰ ਚੰਗੀ ਲੱਗਦੀ ਹੈ। ਇਹੀ ਉਹ ਸਿਆਸਤ ਹੈ ਜਿਸ ਖ਼ਾਤਰ ਇਸਦੇ ਲਾਭਾਰਥੀ "ਸਰਮਾਏਦਾਰਾ ਮੰਡੀ ਦੇ ਖਿਡਾਰੀ" ਆਪਣੇ ਰਾਜਸੀ ਏਜੰਟਾਂ ਨੂੰ "ਚੋਣ ਦੰਗਲ" ਦੌਰਾਨ ਲੋਕਾਂ ਦੀ ਲੁੱਟਚੋਂਘ 'ਚੋਂ ਇਕੱਤਰ ਮੋਟੀਆਂ ਰਕਮਾਂ ਦਾ ਓਨਾ ਕੁ ਹਿੱਸਾ ਦਿੰਦੇ ਹਨ ਜਿੰਨਾ ਕੁ ਹਿੱਸਾ ਕਿਸੇ ਜਿਣਸ ਨੂੰ ਮੰਡੀ ਵਿੱਚ ਵੇਚਣ ਤੋਂ ਪਹਿਲਾਂ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਉੱਤੇ ਖਰਚ ਕਰਨਾ ਉਹ ਜ਼ਰੂਰੀ ਸਮਝਦੇ ਹਨ। 'ਚੋਣਾਂ ਸਮੇਂ ਦਾ ਇਹ ਸਿਆਸੀ ਪਾਰਟੀਆਂ ਨੂੰ ਦਿੱਤਾ ਜਾਣ ਵਾਲਾ ਚੰਦਾ ਵੀ, ਉਕਤ ਖਿਡਾਰੀਆਂ ਵੱਲੋਂ ਚੋਣਾਂ ਤੋਂ ਕੁਝ ਕੁ ਸਮਾਂ ਪਹਿਲਾਂ ਹੀ ਜ਼ਰੂਰੀ ਖਪਤ ਦੀਆਂ ਵਸਤਾਂ/ਜਿਣਸਾਂ ਦੀਆਂ ਆਪਣੇ ਮੋਦੀਖਾਨਿਆਂ ਅੰਦਰ ਮਨਮਾਨੀਆਂ ਕੀਮਤਾਂ ਵਧਾ ਕੇ ਇਕੱਤਰ ਕੀਤੇ ਧਨ ਰਾਹੀਂ ਇਕੱਤਰ ਕੀਤਾ ਜਾਂਦਾ ਹੈ' ਇਹ ਤੱਥ ਵੀ ਹੁਣ ਸ਼ਾਇਦ ਕਿਸੇ ਤੋਂ ਲੁਕਿਆ ਹੋਇਆ ਨਹੀਂ। ਸਰਮਾਏਦਾਰਾਂ ਦਾ ਇਹ ਵੱਟਾ-ਸੱਟਾ ਬਾਦਸਤੂਰ ਅਤੇ ਹੁਣ ਖੁੱਲ੍ਹੇਆਮ ਜਾਰੀ ਹੈ....

ਇਸ ਸੂਰਤ ਏ ਹਾਲ ਦੇ ਹੁੰਦਿਆਂ ਲੋਕ ਨੁਮਾਇੰਦਿਆਂ, ਮੰਤਰੀਆਂ, ਸਰਕਾਰੀ ਉੱਚ-ਅਧਿਕਾਰੀਆਂ ਅਤੇ ਜਨਤਕ ਸੇਵਾਵਾਂ ਦੇ ਉੱਚ-ਪੱਧਰੀ ਸੇਵਾਦਾਰਾਂ ਦਾ ਮੁਖੌਟਾ ਪਾਈ ਬੈਠੇ, ਅਸਲ ਵਿੱਚ ਕਾਰਪੋਰੇਟ ਜਗਤ ਦੇ ਏਜੰਟ ਸਾਬਤ ਹੋ ਰਹੇ ਰਾਜਸੀ ਆਗੂਆਂ ਜਾਂ ਜਥੇਬੰਦੀਆਂ ਪਾਸੋਂ ਅਧਿਆਪਕਾਂ ਦੀਆਂ ਨੌਕਰੀਆਂ ਦੇ ਪੱਕੇ ਕੀਤੇ ਜਾਣ, ਸਰਕਾਰੀ ਸਕੂਲਾਂ ਸਮੇਤ ਹਰ ਜਨਤਕ ਖੇਤਰ ਦੇ ਅਦਾਰੇ ਨੂੰ ਢਾਂਚਾਗਤ ਸੁਰੱਖਿਆ ਪ੍ਰਦਾਨ ਕਰਨ, ਆਮ ਲੋਕਾਂ ਦੇ ਆਰਥਿਕ ਹਿੱਤਾਂ ਪ੍ਰਤੀ ਕਿਸੇ ਸੁਹਿਰਦਤਾ ਦਾ ਪ੍ਰਗਟਾਵਾ ਕਰਨ ਦੀ ਕੋਈ ਆਸ ਰੱਖਣੀ, ਇਸ ਕਲਮਕਾਰ ਦੀ ਨਜ਼ਰ ਵਿੱਚ ਇੱਕ ਵਹਿਮ ਤੋਂ ਬਿਨ੍ਹਾਂ ਕੁੱਝ ਵੀ ਨਹੀਂ।

ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਉਕਤ ਕੂਪਨ ਜਾਰੀ ਕਰਨ ਦੇ ਐਲਾਨ ਦਾ ਸਾਫ਼-ਸਾਫ਼ ਅਰਥ ਇਹ ਹੈ ਕਿ ਸਰਕਾਰ ਆਪਣੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਅਧਿਆਪਕਾਂ ਦੀਆਂ ਤਨਖਾਹਾਂ ਦਾ ਪ੍ਰਬੰਧ ਕਰਨ ਦੀ ਥਾਂ 'ਤੇ ਇਨ੍ਹਾਂ ਖਰਚਿਆਂ ਦਾ ਪੈਸਾ ਸਿੱਖਿਆ ਦੇ ਨਿੱਜੀ ਖੇਤਰ ਦੇ ਰੂਪ ਵਿੱਚ ਉੱਭਰੀ ਸਿੱਖਿਆ ਸਨਅਤ ਵਿਚਲੇ ਮੁਨਾਫਾਖੋਰ ਮਾਲਕਾਂ ਦੀਆਂ ਜੇਬਾਂ 'ਚ ਪਾਉਣਾ ਚਾਹੁੰਦੀ ਹੈ। ਇਸਦਾ ਇਹ ਵੀ ਅਰਥ ਨਿੱਕਲਦਾ ਹੈ ਕਿ ਉਹਨਾਂ ਦੇ ਇਸ ਬੇਤਹਾਸ਼ਾ ਮੁਨਾਫ਼ੇ ਲਈ ਇੱਕ ਠੋਸ ਜ਼ਮੀਨ ਤਿਆਰ ਕਰਨ ਖ਼ਾਤਰ ਸਰਕਾਰੀ ਸਕੂਲਾਂ ਵਿਚਲੇ ਤਮਾਮ ਕੱਚੇ-ਪੱਕੇ ਅਧਿਆਪਕਾਂ ਪ੍ਰਤੀ ਆਪਣੀ ਵਿੱਤੀ ਦੇਣਦਾਰੀ ਤੋਂ ਹੁਣ ਉਹ ਪੱਲਾ ਛੁਡਾਉਣਾ ਚਾਹੁੰਦੀ ਹੈ।

ਸੰਖੇਪ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ "ਲੱਕੀ" ਦਿਖਣ ਵਾਲੀ ਇਸ "ਬਦਕਿਸਮਤੀ ਮਾਰੀ ਕੂਪਨ ਸਕੀਮ" ਪਿੱਛੇ ਹਕੀਕਤ ਵਿੱਚ ਜਨਤਕ ਭਲਾਈ ਦੀਆਂ ਸਾਰੀਆਂ ਯੋਜਨਾਵਾਂ ਤੋਂ ਸਰਕਾਰੀ ਭਾਂਜ ਦੀ ਯੋਜਨਾ ਕੰਮ ਕਰਦੀ ਹੈ ਜੋ ਹੁਣ ਹੋਰ ਵਧੇਰੇ ਲੁਕੀ-ਛੁਪੀ ਨਹੀਂ ਰਹਿ ਸਕਦੀ। ਇਸੇ ਨੂੰ ਉਸਦੀ ਸਰਕਾਰੀ ਜਾਂ ਜਨਤਕ ਖੇਤਰ ਦੀ ਸਿੱਖਿਆ ਤੋਂ 'ਡਿਸ-ਇਨਵੈਸਟਮੈਂਟ' (ਵਿਨਿਵੇਸ਼) ਦੀ ਨੀਤੀ ਦਾ ਨਾਂ ਸਰਕਾਰ ਵੱਲੋਂ ਨੰਗੇ ਚਿੱਟੇ ਰੂਪ ਵਿੱਚ ਪ੍ਰਵਾਨਿਤ ਕੀਤਾ ਜਾ ਰਿਹਾ ਹੈ ਅਤੇ ਇਹੋ ਨਾਮ ਇਸ ਅਤੇ ਇਹਦੇ ਵਰਗੀਆਂ ਹੋਰ "ਯੋਜਨਾਵਾਂ" ਨੂੰ ਜੁਝਾਰੂ ਅਧਿਆਪਕ ਜਥੇਬੰਦੀਆਂ ਦੇ ਰਹੀਆਂ ਹਨ। ਪਰ ਉਹ ਵਾਰ-ਵਾਰ ਇਹ ਵੀ ਕਹਿ ਰਹੇ ਹਨ ਕਿ ਇਹ ਕੇਵਲ 'ਡਿਸ-ਇਨਵੈਸਟਮੈਂਟ' ਦੀ ਨੀਤੀ ਨਹੀਂ, ਨਾ ਇਹ ਮਹਿਜ਼ ਸਰਕਾਰ ਦੇ ਖਜ਼ਾਨਿਆਂ ਦੀ ਬੱਚਤ ਕਰਨ ਵਾਲੀ ਨੀਤੀ ਹੀ ਹੈ, ਸਗੋਂ ਇਹ ਨਿੱਜੀ ਖੇਤਰ ਵਿੱਚ ਸਰਕਾਰੀ ਜਾਂ ਜਨਤਕ ਖੇਤਰ ਦੇ ਧਨ ਨੂੰ ਨਿਵੇਸ਼ ਕਰਨ ਰਾਹੀਂ ਸਰਕਾਰੀ ਖਜ਼ਾਨਿਆਂ ਦੀ ਲੁੱਟ ਲਈ ਸਾਰੇ ਬੂਹੇ ਖੋਲ੍ਹਣ ਅਤੇ ਨਿੱਜੀ ਕੰਪਨੀਆਂ ਅਤੇ ਕਾਰਪੋਰੇਟਾਂ ਦੇ ਅੰਨ੍ਹੇ ਮੁਨਾਫ਼ੇ ਪ੍ਰਤੀ ਅਖੌਤੀ ਉਦਾਰਵਾਦੀ ਮਾਹੌਲ ਸਿਰਜਣ ਦੀ ਨੀਤੀ ਵੀ ਹੈ।

ਸਵਾਲ ਇਹ ਹੈ ਕਿ ਪੰਜਾਬ ਦੇ ਲੋਕ ਹੁਣ ਇਸ ਮੌਜੂਦਾ ਹਕੂਮਤ ਦੇ "ਮਾਡਰਨ ਦੌਲਤ ਖਾਂ ਲੋਧੀਆਂ" ਦੇ "ਮੋਦੀ ਖਾਨਿਆਂ" ਵਿੱਚ, ਇਹ 'ਮੇਰਾ-ਮੇਰਾ ਸਭ ਕਿਛੁ ਮੇਰਾ' ਅਤੇ 'ਤੇਰਾ ਤੁਝ ਮੇ ਕਿਛੁ ਨਹੀਂ ਜੋ ਕਿਛੁ ਹੈ ਸੋ ਮੇਰਾ, ਮੇਰਾ ਮੁਝ ਕੋ ਸੌਂਪ ਦੇ ਕਿਆ ਲਾਗੇ ਹੈ ਤੇਰਾ' ਦੀ ਸਾਡੇ ਗੁਰੂਆਂ-ਪੀਰਾਂ, ਜਤੀਆਂ-ਸਤੀਆਂ-ਤਪੀਆਂ ਅਤੇ ਰਿਸ਼ੀ-ਮੁਨੀਆਂ ਦੇ ਸੁਖਨ-ਸੁਨੇਹਿਆਂ ਦੇ ਖ਼ਿਲਾਫ਼ ਭੁਗਤਣ ਵਾਲੀ ਕੂਰ ਨੀਤੀ ਨੂੰ ਕਦ ਤੱਕ ਝੱਲ ਸਕਦੇ ਹਨ।

9464371689

# Frame job: Ontario's review of the books is an ideological exercise

The Ontario government's attempt to discredit the former Liberal government by ordering a line-by-line review of the books has yielded its desired consequence: framing the Liberals as out-of-control big spenders.

The review, written by Ernst and Young, claims total real public spending in Ontario ballooned by 55% over the past 15 years. Without context, that looks like a shocking number, but as we know, context is everything.

For instance, buried in the report (p.12) there is a much more relevant piece of information: "[G]overnment expenditures as a portion of GDP have shrunk over the relevant 15 year time period for Ontario (CAGR of -0.7%)."

In other words, the government may be spending more, but the economy is growing at an even faster pace.

Key comparisons in the report that are meant to be examples of excessive spending growth are also deceptive.

For instance, on health care, the report states: "Real expenditure in hospitals has grown by 2.3% … while at the same time in-patient days have grown by 0.2%."

Are in-patient days really an adequate measure of the need for more hospital services?

And on education, the report states: "Education real expenditure (K-12) has grown by 1.7% … while at the same time total student enrolment has declined by 0.5%."

Is this meant to suggest that our schools don't require any additional resources? That there is no school repair backlog? That all libraries are fully equipped and well staffed? That students with special needs are getting the supports they need to succeed?

Context is everything. For instance, the review reduces the complexity of 15 years of government spending into one headline shocker. But if you look at public spending growth rates in Ontario since 2003, you get an entirely different headline.

To understand this chart, a little context is in order. Let's take you back to 2008-09, when the world economy was collapsing under the weight of sub-prime mortgage schemes that left countries like Greece bankrupt, with many more on the brink.

Everyone feared a repeat of the Great Depression. But here's the thing we learned from the Great Depression: government austerity measures make things worse; government stimulus projects can help turn things around.

And so it was that citizens around the world looked to their governments to keep the economic order from imploding. And lo and behold, some governments in Canada paid attention.

Federally, even the fiscally conservative former Prime Minister Stephen Harper green lit a stimulus budget in those darkest of days.

Provincially, the Ontario government stuck with its plan to roll out full-day kindergarten and to invest in measures aimed at reducing child poverty by 25 per cent over a five-year period. It added to the federal government's stimulus budget, too, helping Ontario weather the worst of the fiscal storm.

But by 2012 Ontario's deficit had been growing and the governing Liberals commissioned former banker Don Drummond to write a report with this desired consequence: give us cover to implement an austerity budget. Drummond complied with a report recommending now fewer than 362 cuts.

In the ensuing years, the Ontario government took that report as gospel, implementing the majority of spending cuts.

In fact, if you look closely at the chart above, you will see total public spending in Ontario flatlined between 2012 and 2014. When you compare public spending in Ontario to other provinces, we spend the least, per capita.

Under pressure from the public to end the austerity agenda, former Premier Kathleen Wynne began to re-invest in public services. Those re-investments meant real improvements in quality of life for many in Ontario: it meant free OHIP+ prescriptions for anyone under 25; dental care for people who couldn't afford it; minor increases in social assistance rates.

Those years of austerity had lasting consequences, unravelling the former McGuinty government's progress on reducing child poverty—we never did reduce it by 25 per cent.

But all of this important context is now history. Ernst and Young wasn't commissioned to give numbers in context.

It was commissioned to set the stage for this new provincial government to (a) attempt to confine the Liberal party of Ontario to political oblivion, (b) frame the governing party as a fiscal saviour, (c) and to set the stage for public service cuts, privatization, deregulation, means testing, automation, and a major battle with public sector unions.

The report makes a number of recommendations for the government to "optimize investment", including:

Reducing the "regulatory and administrative cost burden", which really means deregulation—putting the corporate foxes in charge of the hen house.

"Asset optimization", which is double-speak for selling off public assets and privatizing public services. "Imposing competitive pressure on public sector providers"—yet another way of saying privatization.

"Workforce optimization" and "no involuntary job losses", which is double-speak for public sector staffing cuts by attrition (downsizing in the 1990s).

"A modern relationship with everyone whose employment is largely funded by Provincial expenditures" would be what, precarious, on-demand jobs?

"A renewed approach to formal labour relations that invites labour to participate directly in the benefits of productivity improvement" simply signals a government ready to do battle with Ontario's public sector workers.

"Driving efficiency", which is really just priming the pump for major automation of the public sector. In fact, the report talks about "the opportunity and requirement for the Ontario public sector to significantly accelerate its leadership position in the Ontario economy to capture and provide further opportunity for maximizing the impact of Ontario in innovation in artificial intelligence, blockchain, machine learning, and associated technologies."

Noticeably absent in the review was any discussion about Ontario's revenue problem. There was no review of increased government tax expenditures to facilitate decades' worth of tax cuts and tax credits. That wouldn't fit the frame.

This wasn't a line-by-line financial review. This was a frame job.

Trish Hennessy is director of the Canadian Centre for Policy Alternatives' Ontario office (CCPA-Ontario). Ricardo Tranjan is a senior researcher with the CCPA-Ontario.

# AFDR organizes impressive protest against framing the activists/intellectuals in false cases






Barnala: AFDR ( distt: unit Barnala) today, taking along other democratic organizations of the district, organized a very impressive and well attended protest march in the city to protest against police raids, registration of false cases under UAPA and house arrests of well known intellectuals,advocates and activists of the country.Very vociferously, the participants raised the demand for cancellation of cases registered against and release of the activists, including those already put in jails, by raising impassionate slogans and depicting appropriate banners. Addressing the gathering before start of the march, Mr. Gurmail Singh Thuliwal, distt: president of AFDR paid rich tribute to fearless writer and activist Gauri Lankesh on her first death anniversary falling today. He added that after the recent spate of police raids and arrests, which fall on heels of such arrests of activists and putting them in jails in June this year, every citizen should become aware of the real intentions of present ruling dispensation. The Govt. is hell bent upon stifling the democratic dissent and not in a mood to allow even the basic civil liberties to the citizens. BJP leaders are openly threatening to shoot the intellectuals and no action is being taken against them. Mr Hem Raj steno of Tarksheel Society Pb elaborately told about the background of Bhima Koregaon incident and real reasons behind recent actions of the Govt. Mr Narain Dutt State president of Inqlabi Kender Pb said that real culprits of Bhima-Koregaon violence, being backed by RSS, are roaming freely and monikers such as 'urban naxals' are being bandied against sympathizers of poor and marginalized people.He raised concerns regarding cow-vigilantism, increase in lynching incidents,attacks on dalits etc which all are ploy to browbeat the minorities, Muslims and Dalits .He said that bogey is being created to divert the attention from real issues such as farmers' and agricultutal labourers' suicides and agrarian crisis. Prices of petroleum products and general inflation is impacting the lives of common people adversely and Govt. is suppressing voice of activists who speak for them. Many well known personalities of town such as Om parkash Gasso , Dr Jasvir Singh Aulakh SMO, advocate Jagjit Singh Dhillon and many writers were also present. Messers Darshan Singh Uggoke of BKU Dakaunda, Satnam Diwana of BKU Ugrahan,,Gurmeet Singh Sukhpur of DTF, Jugraj Singh Tallewal of DMF, Pardeep Kasba of PSU, Gurpreet Singh Rureke of MMM, Prempal kaur, Kushia Singh, Ramesh Kumar were also present. Iqbal Kaur Uddasi, Jagraj Singh Dhaula, Baldev Mander and Gopi Raisar rendered revolutionary songs. Sohan Singh Maajhi ,disst: secretary of AFDR conducted the proceedings.

**Gurmail Singh Thuliwal President 9463128554; Sohan Singh Maajhi Secretary 94170 01432**

# Doug Ford's planned cuts to provincial revenues on top of paying down deficit irresponsible and damaging: Health Coalition

Reacting to Finance Minister Vic Fedeli's speech today, the Ontario Health Coalition warned that dramatic cuts to provincial revenues planned by the Doug Ford government will be devastating if they are not stopped, and questioned why the government would pursue these cuts in light of their decision to choose a high deficit.

During the provincial election campaign, economist Mike Moffatt of Western University tracked Ford's proposed cuts to Ontario's revenues which are the funds that are used to pay for health care and all public services. The total is an eye-popping $22 billion over the next 3- 4 years. This is more than Mike Harris cut in his first term, and may be the deepest cut to provincial funds in our history. The Coalition warns that since the Ford government has opted to use the high deficit figures it has selected, even though the pension plans themselves and many other experts dispute this approach, then it is irresponsible to intensify the pain by bringing in severe cuts to provincial revenues at the same time. This, the Coalition notes, will add pressure for severe cuts to services. Moreover, a large proportion of Ford's proposed revenue cuts



are made up of tax cuts and other measures that primarily benefit the wealthy, at a time when the wealthiest are the only ones benefitting from periods of economic growth, and government has an important role in mitigating growing inequality through social programs that improve the standard of living for the majority of people.

"It's like facing a shortfall in your household budget and then deciding at the same time that you are going to purposefully make a massive cut to your income. It makes no sense…unless you purposefully want to create a crisis," noted Natalie Mehra, executive director. "If the Ford government is not trying to create a crisis in order to lay the groundwork for privatization, then why would they plan draconian cuts to provincial funding for public services at the same time as choosing a high deficit number to pay off?" she asked. "Ontarians believed the election promise to restore services and end the long waits for health care, and we will insist that Doug Ford to live up to that."


The Coalition notes that Ontario has already cut and downsized its public hospitals for decades. In fact, no other province in Canada, and virtually no other country in the developed world has cut as deeply as this province. Already Ontario has the lowest public hospital funding in the country. We have fewer hospital beds left than any other province. Ontario has the lowest level of nursing care per patient, occupancy (overcrowding) levels in hospitals that are unparalleled anywhere in Canada or Europe. Here, patients are pushed out of hospitals more quickly than in other provinces, and as a consequence, Ontario has the highest levels of hospital re-admission in the country. One in ten patients ends up back in hospital after they are discharged. As overcrowding has reached crisis levels, violence in hospitals has spiked. 30,000 people are waiting for long-term care placements and care levels are too low to provide for their needs. The Coalition is calling on government to rebuild and restore services, not cut and privatize. Charts and sources are available on our website at: http://www.ontariohealthcoalition.ca/index.php/health-system-facts-trends/funding/

"There are not billions of dollars of "efficiencies" to be found. Ontario's health care has been cut beyond our ability to provide services that people need," noted Ms. Mehra. "Even if all of the hospital CEO salaries were cut by $100 thousand, for example, it would only generate a few million, not enough to rebuild and restore the services we need."

This summer the Ford government announced cuts to the OHIP+ program that was to provide universal drug coverage for all Ontarians under 25 years old. They also cut planned mental health care funding by more than $380 million.

The Coalition is warning that billions of dollars in revenue cuts planned by Ford would result in another round of damaging health care restructuring including mega-mergers of hospitals, privatization of long-term care which has already proved to be a major problem, further privatization of home care, privatization of hospital diagnostics and surgeries, more user fees and 2-tier health care, and longer waits. These plans are already being discussed in policy circles, the Coalition notes.

# Forced perspective: Fedeli's framing sets the stage for deep cuts



**Sheila Block**

It is a ritual in Canadian politics: a new government comes into power, it reviews the books, and then expresses outrage at how badly the finances were managed and how the public was misled. Conservative governments then use these shocking "discoveries" to double down on privatizing and reducing public services.

Following that tradition, the new Ontario government recently appointed an Independent Financial Commission of Inquiry that included former B.C. Premier Gordon Campbell, former federal Deputy Minister of Finance Michael Horgan, and forensic accountant Al Rosen.

That report, released today, was showcased in Finance Minister Vic Fedeli's highly partisan speech to the Economic Club of Canada revealing some of the conclusions from the commission's report—most notably, the claim that Ontario's deficit is actually $15 billion.

In contrast to the strong tone in the minister's speech, the report itself is actually quite measured.

Two major issues that the commission's report addresses have been well canvassed before: the treatment of some public pension plan assets and the financing of the Fair Hydro plan.

The treatment of these issues had the previous government and the auditor general at loggerheads. The commission takes a measured approach with respect to the pension issue. The report states that the government and the auditor general need to get on the same page, which is hard to disagree with. Until then, it suggests that the government uses the auditor general's numbers. By doing so, Ontario's deficit goes up by $2.7 billion.

With respect to the Fair Hydro plan, the commission agrees with the auditor general. And expert opinion is on its side on this one. The treatment was a financial sleight of hand trying to meet both deficit and hydro bill promises made by the previous government.

That ratchets the provincial



deficit up another $2.4 billion.

The commission also agreed with the Financial Accountability Office that the previous government's promise that program spending would grow by only two per cent a year would be hard to achieve.

"The question is whether this is credible with no specific plan of action or understanding of how dramatically constrained program spending would affect individual or programs and services."

The commission also updated revenue and expenditure forecasts. It revised the revenue forecast down by a very modest $1.5 billion.

Bottom line: increased costs from treatment of hydro ($2.4 billion), pension assets ($2.7 billion), and the reversal of program spending target ($1.4 billion) results in a total $6.4 billion increase in expenses.

Overall, the report did not support the finance minister's fiery, partisan rhetoric.

This new government is clearly intent on setting up a frame that gives it room to make policy moves it never promised on the campaign trail. Count on the government to use this fiscal shortfall as a cover to cut spending even more than it initially promised during the campaign. With health and education spending accounting for more than 60 per cent of program spending in Ontario, we know that these cuts will have an impact on these crucial public services.

Expect more wait times for hospitals and fewer nurses caring for us when we are sick. More delays in essential school repairs and a shortage of essentials crucial to kids' education. And expect fewer supports for Ontario's most vulnerable.

It doesn't have to be this way. Ontario's new finance minister could have stood in front of the Economic Club of Canada, announced a bigger deficit than expected, and he could have taken the opportunity to tell corporate Ontario that we can't afford more tax cuts. After all, Ontario's obsession with tax cuts is partly responsible for its revenue problem.

Sure, most new governments play this we found skeletons in the closet game. But fiscal conservatives use it as an opportunity to cut—and Fedeli's presentation today suggests that this government is paving the way for cuts that will be fast and deep.

**Sheila Block is a senior economist with the Canadian Centre for Policy Alternatives' Ontario office. You can find her on twitter at @Sheila_M_Block.**

# ਮਿਲਕੇ ਵੀ ਨਹੀਂ ਮਿਲਿਆ ਦਲਿਤਾਂ ਨੂੰ ਜ਼ਮੀਨੀ ਹੱਕ

ਮੁਕੇਸ਼ ਮਲੌਦ

ਪਿਛਲੀ ਸਦੀ ਦੇ ਸ਼ੁਰੂ ਵਿੱਚ ਅਕਤੂਬਰ 1917 ਦਾ ਉਹ ਦਿਨ ਜਦ ਦੁਨੀਆ ਭਰ ਦੇ ਮਜ਼ਦੂਰਾਂ ਦੇ ਚਿਹਰੇ 'ਤੇ ਨੂਰ ਸੀ। ਉਹਨਾਂ ਨੂੰ ਆਪਣੀ ਮੁਕਤੀ ਦਾ ਰਾਹ ਲੱਭ ਗਿਆ ਸੀ। ਉਹਨਾਂ ਦੀਆਂ ਆਸਾਂ ਦਾ ਸੂਰਜ ਲਾਲ ਕਿਰਨਾਂ ਦੇ ਨਾਲ ਹਨੇਰੇ ਦੇ ਬੱਦਲ ਚੀਰਦਾ ਚੜ੍ਹ ਰਿਹਾ ਸੀ। ਦੂਸਰੇ ਪਾਸੇ ਦੁਨੀਆ ਭਰ ਦੀ ਰਾਜ ਕਰਦੀ ਲੁਟੇਰੀ ਜਮਾਤ ਦੇ ਮੱਥੇ 'ਤੇ ਤਿਉੜੀਆਂ ਸਨ। ਅੱਧੇ ਸਿਰ ਦੁਖਣ ਦਾ ਰੋਗ ਜਿਵੇਂ ਪੱਕਾ ਹੀ ਲੱਗ ਗਿਆ ਹੋਵੇ। ਰੂਸੀ ਇਨਕਲਾਬ ਦੀ ਦੁਨੀਆ ਵਿੱਚ ਚਰਚਾ ਸੀ। ਥੋੜੇ ਸਮੇਂ ਬਾਅਦ ਚੀਨ ਵਿੱਚ ਵੀ ਮਜ਼ਦੂਰਾਂ ਦੀ ਅਗਵਾਈ ਵਿੱਚ ਕਿਸਾਨਾਂ ਨੇ ਤਖਤਾ ਪਲਟ ਦਿੱਤਾ। ਫਿਰ ਕੀ ਸੀ, ਦੁਨੀਆ ਦੇ ਲਗਭਗ ਸਾਰੇ ਦੇਸ਼ਾਂ ਵਿੱਚ ਮਜ਼ਦੂਰ-ਕਿਸਾਨ ਸੜਕਾਂ 'ਤੇ ਉੱਤਰ ਆਏ। ਦੁਨੀਆ ਦੇ ਤੀਸਰੇ ਹਿੱਸੇ 'ਤੇ ਮਜ਼ਦੂਰਾਂ ਨੇ ਕਬਜਾ ਕਰ ਲਿਆ ਸੀ। ਲਾਲ ਫਰੇਰਾ ਲੁਟੇਰੀ ਜਮਾਤ ਦੀ ਹਿੱਕ ਉੱਪਰ ਝੂਲ ਰਿਹਾ ਸੀ। 1947 ਵਿੱਚ ਰਸਮੀ ਆਜ਼ਾਦੀ ਦਾ ਭੁਲੇਖਾ ਲੋਕਾਂ ਦੇ ਮਨਾਂ 'ਚੋਂ ਜਲਦੀ ਹੀ ਉੱਤਰ ਗਿਆ। ਇੱਕ ਪਾਸੇ ਗੁਆਂਢ ਚੀਨ ਵਿੱਚ ਸੱਤਾ ਪਲਟੀ ਹੋ ਗਈ ਤੇ ਨਾਲ ਹੀ ਤਿਲੰਗਾਨਾ ਵਿੱਚ ਮਜ਼ਦੂਰਾਂ-ਕਿਸਾਨਾਂ ਨੇ ਇੱਕ ਵੱਡੇ ਹਿੱਸੇ 'ਤੇ ਕਬਜਾ ਕਰ ਲਿਆ। ਜਗੀਰਦਾਰਾਂ ਤੋਂ ਜ਼ਮੀਨਾਂ ਖੋਹ ਲਈਆਂ। 2000 ਦੇ ਤਕਰੀਬਨ ਹਥਿਆਰਬੰਦ ਫੌਜ ਦੀ ਉਸਾਰੀ ਕਰ ਲਈ। ਭਾਰਤੀ ਹਾਕਮਾਂ ਨੂੰ ਇਨਕਲਾਬ ਸੁਪਨਿਆਂ ਵਿੱਚ ਆ ਕੇ ਡਰਾਉਣ ਲੱਗ ਪਿਆ। ਭਾਰਤੀ ਹਾਕਮਾਂ ਨੇ ਇਨਕਲਾਬ ਦੇ ਡਰੋਂ ਜਿੱਥੇ ਉੱਠ ਰਹੀਆਂ ਮਜ਼ਦੂਰਾਂ-ਕਿਸਾਨਾਂ ਦੀਆਂ ਲਹਿਰਾਂ 'ਤੇ ਸਖਤੀ ਕਰਨੀ ਸ਼ੁਰੂ ਕੀਤੀ ਤੇ ਦੂਸਰੀ ਪਾਸੇ ਮਿਸ਼ਰਤ ਆਰਥਿਕਤਾ ਦੇ ਨਾਅਰੇ ਹੇਠ ਸਮਾਜਵਾਦ ਦਾ ਨਾਅਰਾ ਲਾਉਣ ਦਾ ਢਕਵੰਜ ਰਚ ਲਿਆ। ਕੁਝ ਸਮੇਂ ਲਈ ਵਾਕਈ ਤਬਦੀਲੀਆਂ ਕੀਤੀਆਂ ਤੇ ਸਹਿਕਾਰੀ ਸੰਸਥਾਵਾਂ ਉਸਾਰੀਆਂ। ਜਿਸ ਤਹਿਤ ਨਜ਼ੂਲ ਜ਼ਮੀਨਾਂ ਉੱਪਰ ਕੋਪਰੇਟਿਵ ਸੁਸਾਇਟੀਆਂ ਬਣਾ ਕੇ ਪਿਛੜੇ ਵਰਗ ਖਾਸ ਕਰ ਦਲਿਤਾਂ ਨੂੰ ਨਜ਼ੂਲ ਜ਼ਮੀਨਾਂ ਅਲਾਟ ਕੀਤੀਆਂ ਤੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਅਸੀਂ ਵੀ ਜ਼ਮੀਨਾਂ ਦੀ ਵੰਡ ਕਰ ਰਹੇ ਹਾਂ ਤੇ ਉਸ ਉੱਪਰ ਸਾਂਝੀ ਖੇਤੀ ਦਾ ਸਹਿਕਾਰੀ ਮਾਡਲ ਉਸਾਰ ਰਹੇ ਹਾਂ।

ਪਹਿਲਾ ਸਵਾਲ ਕਿ ਨਜ਼ੂਲ ਜ਼ਮੀਨ ਕੀ ਹੈ? ਉਹ ਜ਼ਮੀਨ ਜਿਹੜੀਆਂ ਕਿਸੇ ਦੇ ਮਰਨ ਤੋਂ ਬਾਅਦ (ਪਹਿਲਾਂ ਇੱਕ ਕਾਨੂੰਨ ਸੀ ਕਿ ਜੇਕਰ ਕਿਸੇ ਦਾ ਕੋਈ ਬੱਚਾ ਨਹੀਂ ਹੁੰਦਾ ਤਾਂ ਉਸਦੇ ਮਰਨ ਤੋਂ ਬਾਅਦ ਉਹ ਜ਼ਮੀਨ ਸਰਕਾਰੀ ਹੋ ਜਾਂਦੀ ਸੀ) ਰਾਜ ਸਰਕਾਰ ਨੂੰ ਚਲੀਆਂ ਗਈਆਂ ਤੇ ਸਰਕਾਰ ਨੇ ਪਹਿਲਾਂ ਕਿਸੇ ਉਦੇਸ਼ ਲਈ ਨਿਯੁਕਤ ਨਹੀਂ ਕੀਤੀਆਂ। ਇਹ ਕੇਂਦਰ ਸਰਕਾਰ ਨੇ ਲੈ ਲਈਆਂ ਤੇ ਨਜ਼ੂਲ ਘੋਸ਼ਿਤ ਕਰ ਦਿੱਤੀਆਂ। ਇਹਨਾਂ ਲਈ ਨਜ਼ੂਲ ਲੈਂਡਸ (ਟਰਾਂਸਫਰ) ਰੂਲ 1956 ਬਣਾਇਆ ਜਿਸ ਵਿੱਚ ਦਲਿਤਾਂ ਨੂੰ ਸੁਸਾਇਟੀ ਬਣਾਉਣ ਲਈ ਕਿਹਾ। ਸੁਸਾਇਟੀ ਲਈ ਹਿੱਸੇਦਾਰੀ ਲਈ 200 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਫੀਸ ਰੱਖੀ ਗਈ, ਪ੍ਰੰਤੂ ਜ਼ਮੀਨ ਤਿੰਨ ਤਰ੍ਹਾਂ ਦੀ ਸੀ। ਪਹਿਲਾ ਪਾਣੀ ਦੇ ਪ੍ਰਬੰਧ ਵਾਲੀ ਜ਼ਮੀਨ, ਦੂਸਰੀ ਬਿਨ ਪਾਣੀ ਦੇ ਪ੍ਰਬੰਧ ਵਾਲੀ ਜ਼ਮੀਨ, ਤੀਸਰੀ ਬੰਜਰ ਜ਼ਮੀਨ। ਇਸੇ ਹਿਸਾਬ ਨਾਲ ਹਿੱਸੇਦਾਰੀ ਸੀ। ਜੋ ਦਲਿਤ ਹਿੱਸੇਦਾਰੀ ਦਿੰਦਾ ਉਹ ਇਸਦਾ ਮੈਂਬਰ ਬਣਦਾ। ਕੁਝ ਪਿੰਡਾਂ ਵਿੱਚ ਪਰਿਵਾਰਾਂ ਨੇ ਹਿੱਸੇਦਾਰੀ ਬਣਾਈ ਅਤੇ ਕੁਝ ਪਿੰਡਾਂ ਵਿੱਚ ਸਾਰੇ ਦਲਿਤਾਂ ਨੇ ਰੁਪਏ ਦਿੱਤੇ ਤੇ ਹਿੱਸੇਦਾਰ ਥੋੜੇ ਬਣੇ ਮਤਲਬ ਕਮੇਟੀ ਮੈਂਬਰ ਥੋੜੇ ਬਣੇ। ਇਸਦਾ ਮੈਂਬਰ ਆਪਣੇ ਕਿਸੇ ਵੀ ਲੜਕੇ ਨੂੰ ਅੱਗੇ ਵਾਰਿਸ ਬਣਾ ਸਕਦਾ ਸੀ ਪ੍ਰੰਤੂ ਮੌਤ ਤੋਂ ਬਾਅਦ ਸਿਰਫ ਵੱਡੇ ਲੜਕੇ ਦਾ ਅਧਿਕਾਰ ਰਹਿ ਜਾਂਦਾ ਹੈ। ਇਹ ਜ਼ਮੀਨ ਸਾਂਝੀ ਖੇਤੀ ਲਈ ਦਿੱਤੀ ਗਈ ਜੋ ਕਮੇਟੀ ਦੇ ਮੈਂਬਰ ਹੋਣਗੇ। ਇਹ ਸੁਸਾਇਟੀਆਂ ਘੱਟੋ-ਘੱਟ 9 ਏਕੜ ਤੱਕ ਜ਼ਮੀਨ ਉੱਪਰ ਹੀ ਬਣਦੀਆਂ ਸਨ ਜਾਂ ਇਸਤੋਂ ਉੱਪਰ ਜਿੰਨੀ ਮਰਜੀ ਜ਼ਮੀਨ ਹੋਵੇ। ਜਿਹਨਾਂ ਪਿੰਡਾਂ ਵਿੱਚ 16 ਮਈ 1964 ਤੱਕ ਸੁਸਾਇਟੀਆਂ ਨਹੀਂ ਬਣੀਆਂ ਉਹ ਸਰਕਾਰ ਨੇ ਨਜ਼ੂਲ ਜ਼ਮੀਨਾਂ ਨਿੱਜੀ ਰੂਪ ਵਿੱਚ ਅਲਾਟ ਕਰ ਦਿੱਤੀਆਂ। ਇਹਨਾਂ ਜ਼ਮੀਨਾਂ ਲਈ ਸ਼ਰਤ ਇਹ ਸੀ ਕਿ ਉਹਨਾਂ ਦਲਿਤਾਂ ਕੋਲ 10 ਏਕੜ ਤੋਂ ਉੱਪਰ ਜ਼ਮੀਨ ਨਹੀਂ ਹੋਣੀ ਚਾਹੀਦੀ। ਇਹ ਨਜ਼ੂਲ ਜ਼ਮੀਨ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਹਨ। ਪੰਜਾਬ ਵਿੱਚ ਮਾਲਵੇ ਅੰਦਰ ਇਹ ਜ਼ਮੀਨਾਂ ਜਿਆਦਾ ਹਨ ਪਰ ਦੁਆਬੇ ਵਿੱਚ ਕਪੂਰਥਲਾ ਤੇ ਜਲੰਧਰ ਦੇ ਕੁਝ ਪਿੰਡਾਂ ਵਿੱਚ ਵੀ ਇਹ ਜ਼ਮੀਨਾਂ ਹਨ। ਹੁਣ ਇਸ ਸਮੇਂ ਪੰਜਾਬ ਵਿੱਚ 418 ਸੁਸਾਇਟੀਆਂ ਹਨ ਜਿਹਨਾਂ ਕੋਲ 12763 ਏਕੜ ਨਜ਼ੂਲ ਜ਼ਮੀਨ ਹੈ। 1964 ਤੱਕ 16423 ਪਰਿਵਾਰ ਇਸ ਉੱਪਰ ਨਿਰਭਰ ਸੀ।

ਇਹ ਸੁਸਾਇਟੀਆਂ ਸ਼ੁਰੂ ਵਿੱਚ ਕੁਝ ਸਮਾਂ ਤਾਂ ਚੱਲੀਆਂ ਪਰ ਉਹ ਵੀ ਸਾਰੀਆਂ ਨਹੀਂ ਚੱਲੀਆਂ। ਇੱਥੋਂ ਤੱਕ ਕਿ ਕਈ ਸੁਸਾਇਟੀ ਦੇ ਮੈਂਬਰਾਂ ਨੂੰ ਜ਼ਮੀਨ ਵਿੱਚ ਉੱਚ ਜਾਤੀ ਲੋਕਾਂ ਨੇ ਜਾਣ ਹੀ ਨਹੀਂ ਦਿੱਤਾ ਤੇ ਆਪ ਕਬਜੇ ਕਰ ਲਏ। ਭਾਵੇਂ ਬੁਰਕਾ ਸਮਾਜਵਾਦ ਦਾ ਸੀ ਪਰ ਦੇਸ਼ ਦੇ ਚਰਿੱਤਰ ਵਿੱਚ ਕੋਈ ਬੁਨਿਆਦੀ ਤਬਦੀਲੀ ਤਾਂ ਨਹੀਂ ਆਈ। ਇਸ ਕਰਕੇ ਇਹ ਬੁਰਕਾ ਛੇਤੀ ਹੀ ਹਟ ਗਿਆ ਤੇ ਮੁਨਾਫੇ 'ਤੇ ਅਧਾਰਿਤ ਚੱਲਦੇ ਹਾਕਮਾਂ ਨੇ ਇਹਨਾਂ ਸੁਸਾਇਟੀਆਂ ਵੱਲ ਕੋਈ ਧਿਆਨ ਨਹੀਂ ਦਿੱਤਾ। ਦੂਸਰਾ ਪਹਿਲੂ ਇਹ ਸੀ ਕਿ ਇਹ ਸੁਸਾਇਟੀਆਂ ਮੁੱਖ ਰੂਪ ਵਿੱਚ ਦਲਿਤਾਂ ਦੀਆਂ ਸੁਸਾਇਟੀਆਂ ਸਨ, ਇਸ ਕਰਕੇ ਭਾਰਤ ਅੰਦਰ ਜਾਤ ਅਧਾਰਿਤ ਦਰਜਾਬੰਦੀ ਵਾਂਗੂੰ ਹੀ ਸਰਕਾਰ ਵਿੱਚ ਭਿੱਟੀਆਂ ਹੀ ਰਹੀਆਂ। ਇਹਨਾਂ ਨਾਲ ਮਤਰੇਈ ਮਾਂ ਨਾਲੋਂ ਵੀ ਜਿਆਦਾ ਮਾੜਾ ਵਿਵਹਾਰ ਹੋਣ ਲੱਗਾ। ਇਹ ਸਾਰੇ ਛੋਟੇ ਕਿਸਾਨ ਸਨ ਜਿਹਨਾਂ ਕੋਲ ਵਿਸਵਿਆਂ ਤੋਂ ਲੈ ਕੇ 1 ਜਾਂ ਦੋ ਏਕੜ ਤੱਕ ਜ਼ਮੀਨ ਸੀ। ਇਹਨਾਂ ਦੀਆਂ ਸਮੱਸਿਆਵਾਂ ਵਧਦੀਆਂ ਗਈਆਂ। ਪਹਿਲੀ ਕਿ ਸਰਕਾਰ ਦੀ ਦਿਲਚਸਪੀ ਘਟਣ ਕਾਰਨ ਇਹਨਾਂ ਦੀਆਂ ਚੋਣਾਂ ਆਦਿ ਦਾ ਕੰਮ ਰੁਕ ਗਿਆ। ਅਧਿਕਾਰੀ 6 ਮਹੀਨੇ ਬਾਅਦ ਪਿੰਡ ਆਉਂਦਾ ਤੇ ਆਡਿਟ ਫੀਸ ਲੈ ਕੇ ਜਾਂਦਾ। ਇਹਨਾਂ ਦਾ ਹਿਸਾਬ-ਕਿਤਾਬ ਗੜਬੜਾ ਗਿਆ। ਇਹਨਾਂ ਲਈ ਕੋਈ ਇਮਾਰਤ ਦਾ ਪ੍ਰਬੰਧ ਨਹੀਂ ਜਦਕਿ ਜਨਰਲ ਵਰਗ ਲਈ ਬਣੀਆਂ ਸੁਸਾਇਟੀਆਂ ਲਈ ਸਾਰੀਆਂ ਸਹੂਲਤਾਂ ਮਿਲੀਆਂ। ਕਿਹਾ ਗਿਆ ਕਿ ਨਜ਼ੂਲ ਸੁਸਾਇਟੀ ਦਾ ਮੈਂਬਰ ਬਿਨਾਂ ਕਿਸੇ ਫੀਸ ਦੇ ਜਨਰਲ ਵਰਗ ਲਈ ਸੁਸਾਇਟੀ ਦਾ ਮੈਂਬਰ ਬਣ ਸਕਦਾ ਹੈ ਪ੍ਰੰਤੂ ਪੰਜਾਬ ਵਿੱਚ ਅਜਿਹੀ ਇੱਕਾ-ਦੁੱਕਾ ਉਦਾਹਰਨ ਤਾਂ ਹੋ ਸਕਦੀ ਹੈ ਪਰ ਕਿਸੇ ਨੂੰ ਕਿਤੇ ਕੋਈ ਮੈਂਬਰ ਨਹੀਂ ਬਣਾਇਆ। ਇਹਨਾਂ ਦੇ ਹੱਦ ਕਰਜ਼ੇ ਲਈ ਕਾਪੀਆਂ ਤਾਂ ਬਣੀਆਂ ਪਰ ਹੱਦ ਕਰਜ਼ਾ ਮਿਲਿਆ ਨਹੀਂ। ਜਦੋਂ ਹੁਣ ਕੈਪਟਨ ਨੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਹਨ ਤਾਂ ਇਹ ਦਲਿਤ ਵੀ ਆਪਣੀਆਂ ਕਾਪੀਆਂ ਚੁੱਕ ਕੇ ਵਾਰ-ਵਾਰ ਦੇਖ ਲੈਂਦੇ ਹਨ ਪਰ ਕਦੇ ਕਰਜ਼ਾ ਹੀ ਨਹੀਂ ਮਿਲਿਆ ਤਾਂ ਮੁਆਫੀ ਕਿੱਥੋਂ ਹੋਣੀ ਹੈ। ਇਹਨਾਂ ਲਈ ਕੋਈ ਸੰਦ ਕੇਂਦਰ ਨਹੀਂ ਜਦਕਿ ਜ਼ਰੂਰਤ ਛੋਟੇ ਕਿਸਾਨ ਹੋਣ ਕਰਕੇ ਇਹਨਾਂ ਦੀ ਬਣਦੀ ਹੈ। ਜਨਰਲ ਵਾਲੀ ਸੁਸਾਇਟੀ ਦੇ ਸੰਦਾਂ ਦੇ ਤਾਂ ਇਹਨਾਂ ਨੂੰ ਨੇੜੇ ਨਹੀਂ ਲਾਇਆ ਜਾਂਦਾ। ਇਹਨਾਂ ਦੀ ਸੁਸਾਇਟੀ ਵਿੱਚ ਨਾ ਖਾਦ, ਨਾ ਸਪਰੇਅ ਤੇ ਨਾ ਕੁਝ ਹੋਰ। ਇਹ ਵਖਰੇਵਾਂ ਤਾਂ ਐਨਾ ਸਿਖਰ ਦਾ ਹੈ ਕਿ ਜਦੋਂ ਉੱਚ-ਜਾਤੀ ਰਜਿਸਟਰਾਰ ਸਹਿਕਾਰੀ ਸੁਸਾਇਟੀ ਚੰਡੀਗੜ੍ਹ ਨੂੰ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦਾ ਵਫ਼ਦ ਮਿਲਿਆ ਤਾਂ ਉਹ ਇਹਨਾਂ ਸੁਸਾਇਟੀਆਂ ਦੀ ਹੋਂਦ ਤੋਂ ਹੀ ਮੁੱਕਰ ਗਿਆ। ਸੁਸਾਇਟੀ ਦੀਆਂ ਬਹੁਤੀਆਂ ਜ਼ਮੀਨਾਂ 'ਤੇ ਪਾਣੀ ਦਾ ਪ੍ਰਬੰਧ ਨਹੀਂ ਹੈ। ਉਹ ਬਿਜਲੀ ਮੁਆਫ਼ੀ ਵਾਲੇ ਗੁਆਂਢੀਆਂ ਦੇ ਟਿਊਬਵੈੱਲ ਤੋਂ ਮਹਿੰਗੇ ਮੁੱਲ 'ਤੇ ਪਾਣੀ ਖਰੀਦਦੇ ਹਨ ਤਾਂ ਫ਼ਸਲ ਨਰਮਾਈ ਜਾਂਦੀ ਹੈ। ਜਿਹਨਾਂ ਨੇ ਪਾਣੀ ਨਾ ਮਿਲਣ ਦੀ ਮਜਬੂਰੀ ਵੱਸ ਸਾਂਝੇ ਰੂਪ ਵਿੱਚ ਤੈਅ ਕਰਕੇ ਜ਼ਮੀਨਾਂ ਠੇਕੇ 'ਤੇ ਦਿੱਤੀਆਂ, ਤਾਂ ਉਹਨਾਂ ਉੱਚ-ਜਾਤੀ ਧਨਾਢਾਂ ਨੇ ਜ਼ਮੀਨਾਂ ਦਾ ਇੱਕ ਦੋ ਸਾਲ ਠੇਕਾ ਤਾਰਿਆ ਤੇ ਫਿਰ ਕਬਜਾ ਹੀ ਕਰ ਲਿਆ। ਸੁਸਾਇਟੀ ਸਰਕਾਰ ਵੱਲੋਂ ਨਾ ਚਲਾਉਣ ਕਰਕੇ ਕਈ ਦਲਿਤਾਂ ਨੇ ਜ਼ਮੀਨਾਂ ਵੰਡ ਲਈਆਂ ਪ੍ਰੰਤੂ ਐਨੀ ਥੋੜੀ ਜ਼ਮੀਨ 'ਤੇ ਖੇਤੀ ਨਾ ਹੋਣ ਕਰਕੇ ਜਾਂ ਘਰੇਲੂ ਮਜਬੂਰੀਆਂ ਕਰਕੇ ਇਹ ਜ਼ਮੀਨਾਂ ਦਾ ਆਪਣਾ ਹਿੱਸਾ ਗਹਿਣੇ ਦੇ ਦਿੱਤਾ। ਕਿਉਂਕਿ ਇਹ ਨਜ਼ੂਲ ਲੈਂਡ ਐਕਟ 1956 ਮੁਤਾਬਕ ਨਾ ਤਾਂ ਖਰੀਦੀ ਜਾ ਸਕਦੀ ਹੈ ਤੇ ਨਾ ਹੀ ਵੇਚੀ ਜਾ ਸਕਦੀ ਹੈ। ਇਹ ਮਸਲਾ 2015 ਵਿੱਚ ਲੌਂਗੋਵਾਲ ਵਿੱਚ ਸਾਹਮਣੇ ਆਇਆ ਜਦੋਂ ਪਿੰਡ ਦੇ ਆੜਤੀਏ ਨੇ ਇੱਕ ਦਲਿਤ ਦੀ ਇੱਕ ਬਿੱਘਾ ਜ਼ਮੀਨ ਬਹੁਤ ਹੀ ਥੋੜੇ ਰੁਪਈਆਂ ਵਿੱਚ ਉਸਤੋਂ ਲੈ ਲਈ ਜਦਕਿ ਉਸਦੇ ਬਰਾਬਰ ਦਾ ਜ਼ਮੀਨ ਦਾ ਠੇਕਾ ਸੀ। ਇਸ ਸਮੇਂ ਅੱਧੇ ਤੋਂ ਵੱਧ ਨਜ਼ੂਲ ਜ਼ਮੀਨਾਂ ਉੱਪਰ ਪੇਂਡੂ ਧਨਾਢ ਚੌਧਰੀਆਂ ਦਾ ਕਬਜਾ ਹੈ। ਬਹੁਤ ਸਾਰੇ ਦਲਿਤਾਂ ਨੇ ਕੇਸ ਕਰਕੇ ਕਬਜਾ ਵਾਰੰਟ ਵੀ ਲਏ ਪ੍ਰੰਤੂ ਉਹ ਵਾਰੰਟ ਪੁਲੀਸ ਤੇ ਮਾਲ ਮਹਿਕਮੇ ਦੇ ਦਫ਼ਤਰਾਂ ਦੀਆਂ ਧੂੜਾਂ ਚੱਟ ਰਹੇ ਹਨ। ਦਲਿਤ ਆਪਣੀ ਇਸ ਜ਼ਮੀਨ ਨੂੰ ਕਿਸੇ ਵੀ ਢੰਗ ਨਾਲ ਵਰਤ ਨਹੀਂ ਸਕਦੇ। ਜੇਕਰ ਕੋਈ ਇਸ ਉੱਪਰ ਘਰ ਪਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਰੋਕ ਦਿੱਤਾ ਜਾਂਦਾ ਹੈ ਕਿ ਕਾਨੂੰਨ ਵਿਚ ਨਹੀਂ। ਇਸ ਉੱਪਰ ਡੇਅਰੀ ਫਾਰਮ ਆਦਿ ਵਗੈਰਾ ਦਾ ਖੇਤੀ ਨਾਲ ਜੁੜਿਆ ਕੋਈ ਕਾਰੋਬਾਰ ਨਹੀਂ ਕਰ ਸਕਦਾ। ਉਹ ਇਸ ਉੱਪਰ ਕਰਜਾ ਵਗੈਰਾ ਨਹੀਂ ਲੈ ਸਕਦੇ। ਉਹਨਾਂ ਲਈ ਇਹ ਜ਼ਮੀਨ ਉਹਨਾਂ ਦੀ ਹੋਣ ਦੇ ਬਾਵਜੂਦ ਉਹਨਾਂ ਦੀ ਨਹੀਂ। ਉਲਟਾ ਨਜ਼ੂਲ ਦੇ ਉਲਟ ਕਾਨੂੰਨਾਂ ਕਾਰਨ ਘਰ ਦਾ ਕਲੇਸ਼ ਬਣੀ ਹੋਈ ਹੈ। ਨਜ਼ੂਲ ਲੈਂਡ (ਤਬਾਦਲਾ) ਐਕਟ 1956 ਮੁਤਾਬਿਕ ਇਸਦਾ ਮੈਂਬਰ ਸਿਰਫ ਇੱਕ ਲੜਕਾ ਬਣ ਸਕਦਾ। ਜਿਸਦੇ ਦੋ ਜਾਂ ਇਸਤੋਂ ਵੱਧ ਲੜਕੇ ਹਨ, ਉਸਦੇ ਘਰ ਸਾਰੀ ਉਮਰ ਦਾ ਕਲੇਸ਼ ਪੈ ਜਾਂਦਾ। ਇਕ ਮੁੰਡਾ ਕਹਿੰਦਾ ਮੇਰੇ ਨਾਮ ਲਵਾ ਦੂਸਰਾ ਕਹਿੰਦਾ ਮੇਰੇ ਨਾਮ ਲਵਾ। ਪੇਂਡੂ ਧਨਾਢ ਚੌਧਰੀ ਨਜ਼ੂਲ ਸੁਸਾਇਟੀ ਦੇ ਮੈਂਬਰ ਦੇ ਘਰ ਇਸ ਨਾ ਖਤਮ ਹੋਣ ਵਾਲੇ ਝਗੜੇ ਕਾਰਨ ਵੋਟਾਂ ਪੱਕੀਆਂ ਕਰਨ ਲਈ ਆਉਂਦੇ ਰਹਿੰਦੇ ਹਨ। ਇੱਕ ਦੂਸਰੇ ਪਾਸੇ ਖੜਾ ਹੋ ਜਾਂਦਾ ਤੇ ਦੂਸਰਾ ਦੂਸਰੇ ਪਾਸੇ ਖੜ ਜਾਂਦਾ ਤੇ ਉਹ ਘਰ ਵਿੱਚ ਆਪਣੀਆਂ ਜੜਾਂ ਮਜਬੂਤ ਕਰ ਲੈਂਦੇ ਹਨ।

ਨਜ਼ੂਲ ਸੁਸਾਇਟੀਆਂ ਦਾ ਮਸਲਾ 2014-15 ਵਿੱਚ ਉਸ ਵੇਲੇ ਸਾਹਮਣੇ ਆਇਆ ਜਦ ਸੇਖੇ ਪਿੰਡ ਵਿੱਚ ਕਬਜਾ ਵਾਰੰਟ ਦੇ ਬਾਵਜੂਦ ਪ੍ਰਸ਼ਾਸ਼ਨ ਨੇ ਦਲਿਤਾਂ ਨੂੰ ਜ਼ਮੀਨ ਨਹੀਂ ਲੈ ਕੇ ਦਿੱਤੀ। ਦਲਿਤਾਂ ਨੇ ਇਕੱਠੇ ਹੋ ਕੇ 40 ਦਿਨ ਦੀ ਲੜਾਈ ਤੋਂ ਬਾਅਦ ਫਿਰ ਕਬਜਾ ਲਿਆ ਤੇ ਇਸ ਵਿੱਚ ਉਹਨਾਂ 'ਤੇ ਪਰਚਾ ਵੀ ਦਰਜ ਹੋ ਗਿਆ। ਫਿਰ ਕਈ ਪਿੰਡਾਂ ਦੇ ਦਲਿਤਾਂ ਨੇ ਇਕੱਠੇ ਹੋ ਕੇ ਬਡਰੁੱਖਾਂ ਕਾਨਫਰੰਸ ਕੀਤੀ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦਾ ਆਗਾਜ਼ ਕੀਤਾ। ਇਹ ਜੱਥੇਬੰਦੀ ਫਰਵਰੀ 2015 ਤੋਂ ਸੰਘਰਸ਼ ਦੇ ਮੈਦਾਨ ਵਿੱਚ ਹੈ। ਇਸ ਸੰਘਰਸ਼ ਦੇ ਦਬਾਅ ਸਦਕਾ ਅਤੇ ਅਕਾਲੀ ਸਰਕਾਰ ਨੇ ਵੋਟਾਂ ਦੇ ਲਾਹੇ ਲਈ ਦਸੰਬਰ 2017 ਵਿੱਚ ਮਾਲਕਾਨਾ ਹੱਕ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਅਤੇ ਕਾਂਗਰਸ ਨੇ ਆਉਣ ਸਾਰ ਹੀ ਨੋਟੀਫਿਕੇਸ਼ਨ ਰੱਦ ਕਰ ਦਿੱਤਾ। ਮਤਲਬ ਰਲ ਮਿਲ ਕੇ ਗੱਲਬਾਤ ਹੋਈ ਕਿਉਂਕਿ ਇਸ ਉੱਪਰ ਅਕਸਰ ਰਸੂਖਵਾਨ ਲੋਕਾਂ ਦਾ ਕਬਜਾ ਹੈ।

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਲੜਿਆ ਜਾ ਰਿਹਾ ਇਹ ਮੁੱਦਾ ਅਹਿਮ ਹੈ ਕਿਉਂਕਿ ਜਿੱਥੇ ਇਹ ਜ਼ਰੱਈ ਸੰਘਰਸ਼ ਦੀ ਜਿੰਦਜਾਨ ਛੋਟੇ ਕਿਸਾਨਾਂ ਦਾ ਮਸਲਾ ਹੈ ਉਥੇ ਇਹ ਮਸਲਾ ਜਾਤੀ ਵਿਤਕਰੇ ਦਾ ਵੀ ਮਸਲਾ ਹੈ। ਇਹਨਾਂ ਦਲਿਤ ਕਿਸਾਨਾਂ ਦੀ ਲੜਾਈ ਜਿੱਥੇ ਸਰਕਾਰ ਨਾਲ ਬਣਦੀ ਹੈ ਉਥੇ ਪੇਂਡੂ ਧਨਾਢ ਚੌਧਰੀਆਂ ਨਾਲ ਵੀ ਬਣਦੀ ਹੈ। ਇਹਨਾਂ ਦੋਹਾਂ ਵਿੱਚੋਂ ਪੇਂਡੂ ਧਨਾਢ ਚੌਧਰੀਆਂ ਨਾਲ ਕਬਜੇ ਦੀ ਲੜਾਈ ਪ੍ਰਮੁੱਖ ਹੈ। ਇਸਦੇ ਨਾਲ ਹੀ ਇਸ ਘੋਲ ਨੂੰ ਜ਼ਮੀਨੀ ਵੰਡ ਦੇ ਸਾਰੇ ਘੋਲ ਨਾਲ ਜੋੜਨਾ ਚਾਹੀਦਾ ਹੈ ਤੇ ਸੱਤਾ ਤਬਦੀਲੀ ਦਾ ਜ਼ਮੀਨੀ ਵੰਡ ਨਾਲ ਕੀ ਸਬੰਧ ਹੈ ਇਸ ਪ੍ਰਤੀ ਚੇਤੰਨ ਕਰਨ ਦੇ ਵੀ ਸੁਹਿਰਦ ਯਤਨ ਕਰਨੇ ਚਾਹੀਦੇ ਹਨ।

+919814634757

## ਤੂੰ ਨੀ ਬੋਲਦਾ, ਜੁਆਨਾ ਤੂੰ ਨੀ ਬੋਲਦਾ, ਤੇਰੇ 'ਚ ਪਿਤਰੀ ਸੱਤਾ ਬੋਲਦੀ..

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਕੁੜੀਆਂ ਵੱਲੋਂ ਹੋਸਟਲਾਂ ਦੇ ਸਮੇ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ ਜਾ ਚੁੱਕਾ ਹੈ। ...ਇਸ ਬਾਰੇ ਦੋ ਤਰ੍ਹਾਂ ਦੇ ਵਿਚਾਰ ਸਾਹਮਣੇ ਆ ਰਹੇ ਹਨ। ਇਕ ਵਿਚਾਰ ਲੜਕੀਆਂ ਦੀ ਹਿਮਾਇਤ ਕਰ ਰਿਹਾ ਹੈ ਪਰ ਦੂਜਾ ਵਿਚਾਰ ਵਿਰੋਧ ਕਰ ਰਿਹਾ ਹੈ। ਵਿਰੋਧੀ ਵਿਚਾਰ ਦੀ ਦਲੀਲ ਹੈ ਰਾਤ ਨੂੰ ਕੁੜੀਆਂ ਦਾ ਕੀ ਕੰਮ ਹੈ? ਉਨ੍ਹਾਂ ਅਨੁਸਾਰ ਕੁੜੀਆਂ ਦਾ ਰਾਤਾਂ ਨੂੰ ਬਾਹਰ ਨਿਕਲਣ ਦਾ ਕੀ ਰਾਹ ਹੋਇਆ। ਇਨ੍ਹਾ ਨੂੰ ਕੋਈ ਪੁੱਛੇ ਭਲਾ ਬਈ ਤੁਹਾਡਾ ਰਾਤ ਨੂੰ ਕੀ ਕੰਮ। ਤੁਸੀਂ ਰਾਤ ਨੂੰ ਬੇਖੌਫ਼ ਕਿਉਂ ਨਿਕਲ ਪੈਂਦੇ ਹੋ? ਜਿਹੜੇ ਲੋਕਾਂ ਨੇ ਗਲਤ ਕੰਮ ਕਰਨੇ ਹਨ ਉਨ੍ਹਾਂ ਲਈ ਦਿਨ ਕੀ ਤੇ ਰਾਤ ਕੀ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਦਿਨ ਵਿਚ ਕੁੜੀਆਂ ਸੁਰੱਖਿਅਤ ਹਨ? ਅਖ਼ਬਾਰਾਂ ਦੀਆਂ ਖ਼ਬਰਾਂ ਦਸਦੀਆਂ ਹਨ ਕਿ ਜੇ ਕੋਚਿੰਗ ਲੈਣ ਜਾਂਦੀ ਕੁੜੀ ਨਾਲ ਦਿਨ ਦਿਹਾੜੇ ਬਲਾਤਕਾਰ ਹੋ ਸਕਦਾ ਹੈ ਤਾਂ ਰਾਤ ਤੇ ਦਿਨ ਵਿਚ ਭਲਾ ਕੀ ਫਰਕ ਹੋਇਆ? ਹਾਂ ਰਾਤ ਨੂੰ ਹੋਸਟਲ ਖੁੱਲ੍ਹੇ ਰੱਖਣ ਸਬੰਧੀ ਪ੍ਰਬੰਧਕਾਂ ਦੀਆਂ ਮੁਸ਼ਕਲਾਂ ਜਾਂ ਜ਼ਿੰਮੇਵਾਰੀਆਂ ਵਧ ਸਕਦੀਆਂ ਹਨ। ਇਨ੍ਹਾਂ ਮਸਲਿਆਂ ਨੂੰ ਵਿਚਾਰਿਆ ਜਾ ਸਕਦਾ ਹੈ ਅਤੇ ਹੱਲ ਵੀ ਕੀਤਾ ਜਾ ਸਕਦਾ ਹੈ ਪਰ ਉੱਠੀ ਇਸ ਮੰਗ ਨੂੰ ਗੰਭੀਰਤਾ ਨਾਲ ਲੈਣ ਦੀ ਬਜਾਏ ਯੂਨੀਵਰਸਿਟੀ ਬੰਦ ਕਰਨੀ ਕਿਸੇ ਵੀ ਤਰ੍ਹਾਂ ਤਰਕਸੰਗਤ ਨਹੀਂ ਜਾਪਦੀ।

ਕਿਸੇ ਸਭਿਅਕ ਸਮਾਜ ਦੇ ਵਿਦਿਅਕ ਅਦਾਰਿਆਂ ਵਿਚ ਲਿੰਗ ਅਧਾਰ ਤੇ ਵਿਤਕਰਾ ਕਰਨਾ ਕਾਨੂੰਨੀ ਪੱਖੋਂ ਬਿਲਕੁਲ ਜਾਇਜ਼ ਨਹੀਂ, ਹਾਂ ਸਭਿਆਚਾਰ ਦੇ ਨਾਂ ਤੇ ਕਾਨੂੰਨਾਂ ਨੂੰ ਅੱਖੋਂ ਪਰੋਖੇ ਕਰਕੇ ਕੁੜੀਆਂ ਦੀ ਸੰਘੀ ਨੱਪਣ ਦਾ ਦਸਤੂਰ ਸਦੀਆਂ ਤੋਂ ਜਾਰੀ ਹੈ। ਕੁੜੀਆਂ ਦੀ ਉੱਠੀ ਇਸ ਅਵਾਜ ਨੂੰ ਬੰਦ ਕਰਨ ਵਾਲੇ ਲੋਕਾਂ ਵਿਚ ਪਿਤਰ ਸੱਤਾ ਮੂੰਹ ਚੜ੍ਹ ਕੇ ਬੋਲਦੀ ਹੈ। ਇਹ ਉਹੀ ਪਿੱਤਰਸੱਤਾ ਹੈ ਜਦੋਂ 1977-78 ਦੇ ਸਮਿਆਂ ਵਿਚ ਸਾਡੀ ਪੀੜ੍ਹੀ ਦੀਆਂ ਕੁੜੀਆਂ ਨੂੰ ਮਾਪਿਆਂ ਨੇ ਸਾਂਝੀ ਵਿਦਿਆ ਵਾਲੇ ਕਾਲਜਾਂ ਦੇ ਮੂੰਹ ਦਿਖਾਏ ਤਾਂ ਉਨ੍ਹਾ ਮਾਪਿਆਂ ਨੂੰ ਪਿਤਰੀ ਪ੍ਰਬੰਧ ਨਾਲ ਕਿਵੇਂ ਦਸਤਪੰਜਾ ਲੈਣਾ ਪਿਆ? ਮੈ ਇਸ ਦੀ ਗਵਾਹ ਹਾਂ। ਸਾਂਝੀ ਵਿੱਦਿਆ ਵਾਲੇ ਕਾਲਜਾਂ ਵਿਚ ਧੀਆਂ ਪੜ੍ਹਾਉਣ ਵਾਲੇ ਸਾਡੇ ਅਗਾਂਹਵਧੂ ਮਾਪਿਆਂ ਨੂੰ ਪਿਤਰੀ ਸੱਤਾ ਦਾ ਵਿਰੋਧ ਝੱਲਣਾ ਪਿਆ। ਜਦੋਂ ਅਸੀਂ ਕਾਲਜ ਪੜ੍ਹਨ ਜਾਂਦੀਆਂ ਤਾਂ ਉਥੇ ਬੈਠੇ ਲੋਕਾਂ ਵੱਲੋਂ ਕਸੇ ਅਵਾਜਿਆਂ ਨਾਲ ਸਾਡੇ ਪਿਉ ਦਾ ਸੱਥ ਵਿਚ ਬੈਠਣਾ ਦੁੱਭਰ ਹੋ ਜਾਂਦਾ ਸੀ। ਉਦੋਂ ਲਗਦਾ ਸੀ ਕਿ ਪੇਂਡੂ ਅਨਪੜ ਮਾਨਸਿਕਤਾ ਹੈ, ਪੜ੍ਹ ਲਿਖ ਕੇ ਸਮਾਜ ਸਿਆਣਾ ਹੋ ਜਾਵੇਗਾ। ਹੈਰਾਨੀ ਵਾਲੀ ਗੱਲ ਹੈ ਕਿ ਅੱਧੀ ਸਦੀ ਬਾਅਦ ਵਿਦਿਅਕ ਅਦਾਰਿਆਂ ਵਿਚ ਵੀ ਪਿਤਰਕੀ ਮਾਨਸਿਕਤਾ ਹਾਵੀ ਹੈ। ਅੱਧੀ ਸਦੀ ਪਹਿਲਾਂ ਸਾਡੇ ਅਨਪੜ੍ਹ ਮਾਪੇ ਬਦਲਨੇ ਸ਼ੁਰੂ ਹੋ ਗਏ ਕਿਉਕਿ ਉਹ ਸਮਝਣ ਲੱਗ ਪਏ ਸਨ ਕਿ ਜੇ ਚੰਗੇ ਸਮਾਜ ਦੀ ਸਿਰਜਣਾ ਕਰਨੀ ਹੈ ਤਾਂ ਔਰਤ ਮਰਦ ਦੀ ਸਮਾਜਿਕ ਬਰਾਬਰੀ ਜ਼ਰੂਰੀ ਹੈ ਪਰ ਅਫਸੋਸ ਕਿ ਵਿਦਿਅਕ ਸੰਸਥਾਵਾਂ ਜੋ ਮਨੁੱਖ ਦਾ ਤੀਜਾ ਨੇਤਰ ਖੋਲ੍ਹਦੀਆਂ ਹਨ, ਉਨ੍ਹਾਂ ਦੀ ਮਾਨਸਿਕਤਾ ਨਹੀਂ ਬਦਲ ਰਹੀ।

ਯੂਨੀਵਰਸਿਟੀਆਂ ਦੇ ਗਿਆਨਵਾਨ ਲੋਕ ਜੇ ਇਹ ਸਮਝਣ ਕਿ ਵਿਦਿਅਕ ਸੰਸਥਾਵਾਂ ਵਿਚ ਗਿਆਨ ਪ੍ਰਾਪਤ ਕਰ ਰਹੀਆਂ ਕੁੜੀਆਂ ਸਮਾਨਤਾ ਦਾ ਮੁੱਦਾ ਨਾ ਉਠਾਉਣ ਤਾਂ ਇਹ ਗੱਲ ਹੈਰਾਨੀ ਵਾਲੀ ਹੀ ਨਹੀ ਸਗੋਂ ਪ੍ਰੇਸ਼ਾਨੀ ਵਾਲੀ ਵੀ ਹੈ। ਇਥੇ ਮੈਂ ਇਕ ਸੱਚੀ ਉਦਾਹਰਨ ਹੋਰ ਦੇਣਾ ਚਾਹਾਂਗੀ ਕਿ ਇਸੇ ਯੂਨੀਵਰਸਿਟੀ ਵਿਚ ਸਾਇੰਸ ਵਿਸ਼ੇ ਵਿਚ ਪੀ-ਐਚ.ਡੀ. ਕਰ ਰਹੀ ਮੇਰੀ ਧੀ ਨੇ ਆਪਣਾ ਕੋਈ ਲੈਬ ਟੈਸਟ ਲਗਾਇਆ ਹੋਇਆ ਸੀ ਤੇ ਉਸ ਨੇ ਰਾਤ ਨੂੰ ਬਾਰਾਂ ਵਜੇ ਜਾ ਕੇ ਉਸ ਦੀ ਰੀਡਿੰਗ ਨੋਟ ਕਰਨੀ ਸੀ। ਜੇਕਰ ਉਹ ਰੀਡਿੰਗ ਨੋਟ ਕਰਕੇ ਉਸ ਮਸ਼ੀਨ ਨੂੰ ਜਾ ਕੇ ਬੰਦ ਨਹੀਂ ਕਰਦੀ ਤਾਂ ਉਸ ਦਾ ਐਕਸਪੈਰੀਮੈਂਟ ਤਾਂ ਖਰਾਬ ਹੋਣਾ ਹੀ ਸੀ ਤੇ ਯੂਨੀਵਰਸਿਟੀ ਦਾ ਨੁਕਸਾਨ ਵੀ ਹੋ ਸਕਦਾ ਸੀ। ਮੈਨੂੰ ਸ਼ਰਮ ਮਹਿਸੂਸ ਹੁੰਦੀ ਹੈ ਕਿ ਇਕ ਸਾਇੰਸ ਪੜ੍ਹ ਰਹੀ ਲੜਕੀ ਬੇਖ਼ੌਫ ਹੋ ਕੇ ਆਪਣੀ ਲੈਬ ਵਿਚ ਐਕਸਪੈਰੀਮੈਂਟ ਕਰਨ ਨਹੀਂ ਜਾ ਸਕਦੀ ਤਾਂ ਇਸ ਦੀ ਜ਼ਿੰਮੇਵਾਰੀ ਕਿਸ ਦੇ ਸਿਰ ਹੈ? ਪਰ ਉਸ ਨੇ ਪਿੱਟ ਪਟੱਉਆ ਪਾਇਆ ਹੋਇਆ ਸੀ ਕਿ ਉਸ ਦਾ ਲੈਬ ਵਿਚ ਪਹੁੰਚਣਾ ਬਹੁਤ ਜ਼ਰੂਰੀ ਹੈ ਅਤੇ ਉਸ ਨੂੰ ਲੈਬ ਵਿਚ ਘੰਟਾ ਅੱਧਾ ਘੰਟਾ ਲੱਗ ਵੀ ਸਕਦਾ ਸੀ। ਉਹ ਡਿਪਾਰਟਮੈਂਟ ਗਈ ਤਾਂ ਅੱਗੋਂ ਸਕਿਉਰਟੀ ਗਾਰਡ ਨੇੜੇ ਨਾ ਲੱਗਣ ਦੇਵੇ ਕਿ ਰਾਤ ਨੂੰ ਇਕੱਲੀ ਕੁੜੀ ਦਾ ਲੈਬ ਜਾਣਾ ਵਰਜਿਤ ਹੈ। ਮੇਰੀ ਧੀ ਫੋਨ ਤੇ ਰੋ ਰਹੀ ਸੀ। ਮੈਂ ਰਾਤ ਨੂੰ ਯੂਨੀਵਰਸਿਟੀ ਜਾ ਪਹੁੰਚੀ ਤਾਂ ਸਕਿਉਰਟੀ ਗਾਰਡ ਨੇ ਕਿਹਾ ਕਿ ਸਕਿਉਰਟੀ ਅਫਸਰ ਤੋਂ ਹੁਕਮ ਕਰਵਾਓ। ਮੈਂ ਸੁਰੱਖਿਆ ਅਫਸਰ ਨੂੰ ਨਿੱਜੀ ਬੇਨਤੀ ਕਰਕੇ ਬੇਟੀ ਨੂੰ ਲੈਬ ਵਰਤਣ ਦੀ ਆਗਿਆ ਲੈ ਦਿੱਤੀ ਅਤੇ ਖੁਦ ਵੀ ਲੈਬ ਵਿਚ ਬੈਠੀ ਰਹੀ। ਅਸੀਂ ਦੋਵੇਂ ਯੂਨੀਵਰਸਿਟੀ ਵਿਚ ਪ੍ਰੋਫੈਸਰ ਹਾਂ ਸਾਡੇ ਅਸਰ ਰਸੂਖ ਸਦਕਾ ਬੇਟੀ ਦਾ ਐਕਸਪੈਰੀਮੈਂਟ ਸੁੱਖੀਂ ਸਾਂਦੀ ਸਿਰੇ ਚੜ੍ਹਿਆ। ਬਿਨਾ ਅਸਰ ਰਸੂਖ ਦੇ ਜਿਹੜੀਆਂ ਲੜਕੀਆਂ ਰਾਤਾਂ ਨੂੰ ਖੋਜ ਕਰਨ ਤੋਂ ਵੰਚਿਤ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਕਿਸ ਦੇ ਸਿਰ ਹੈ? ਕੀ ਕੁੜੀਆਂ ਦੇ ਸਾਇੰਸਦਾਨ ਬਣਨ ਤੇ ਰੋਕ ਨਹੀਂ ਬਣ ਰਹੇ? ਕੀ ਰਾਤ ਨੂੰ ਕੁੜੀਆਂ ਦਾ ਲੈਬ ਵਿਚ ਖੋਜ ਕਰਨਾ ਗੁਨਾਹ ਹੈ? ਹੋਸਟਲ ਵਿਚ ਰਹਿ ਰਹੀ ਲੜਕੀ ਰਾਤ ਨੂੰ ਲੈਬ ਵਿਚ ਆ ਸਕਦੀ ਹੈ? ਇਹ ਉਹ ਸਵਾਲ ਹਨ ਜੋ ਸਾਨੂੰ ਸੋਚਣ ਲਈ ਮਜ਼ਬੂਰ ਕਰਦੇ ਹਨ। ਆਖਰ ਕਿੰਨੀ ਦੇਰ ਅਸੀਂ ਸੁਰੱਖਿਆ ਦੇ ਨਾਂ ਉਤੇ ਕੁੜੀਆਂ ਦਾ ਦਮ ਘੁਟ ਕੇ ਰੱਖਾਂਗੇ? ਮਸਲਾ ਹੋਸਟਲਾਂ ਦਾ ਨਹੀ ਮਸਲਾ ਸਮਾਨਤਾ ਦਾ ਹੈ। ਔਰਤ ਘਰੋਂ ਬਾਹਰ ਨਿਕਲਦੀ ਹੈ ਤਾਂ ਖਤਰਾ। ਸਭ ਤੋਂ ਵੱਡਾ ਪ੍ਰਸ਼ਨ ਉਸ ਦੇ ਮੱਥੇ ਵਿਚ ਵੱਜਦਾ ਹੈ, ਸ਼ਾਮ ਨੂੰ ਬਾਹਰ ਨਿਕਲਣ ਦਾ ਕੀ ਕੰਮ? ਇਹ ਪਿਤਰੀ ਪ੍ਰਬੰਧ ਅੱਧੀ ਮਨੁੱਖਤਾ ਨੂੰ ਉਨ੍ਹਾ ਦੇ ਜਿਉਣ ਅਧਿਕਾਰਾਂ ਤੋਂ ਵੰਚਿਤ ਕਰ ਰਿਹਾ ਹੈ। ਇਹ ਅੱਧੀ ਮਨੁੱਖਤਾ ਦੇ ਜੀਣ ਥੀਣ ਦਾ ਮਸਲਾ ਹੈ। ਚਾਹੀਦਾ ਤਾਂ ਇਹ ਸੀ ਕਿ ਇਸ ਸਮਾਨਤਾ ਦੀ ਸ਼ੁਰੂਆਤ ਯੂਨੀਵਰਸਿਟੀਆਂ ਤੋਂ ਕੀਤੀ ਜਾਂਦੀ। ਘਰਾਂ ਵਿਚ ਸਿਆਣੇ ਮਾਪਿਆਂ ਨੇ ਸ਼ੁਰੂਆਤ ਕਰ ਦਿੱਤੀ ਹੈ ਪਰ ਵਿਦਿਅਕ ਅਦਾਰੇ ਹਨੇਰੇ ਵਿਚ ਅੱਖੀਂ ਪਲਾਈਂ ਹੱਥ ਮਾਰ ਰਹੇ ਹਨ। ਜੇ ਆਪਣੇ ਅਦਾਰੇ ਦੇ ਅੰਦਰ ਰਾਤਾਂ ਨੂੰ ਚੱਲ ਰਹੇ ਸੰਗੀਤਕ, ਸਾਹਿਤਕ, ਸਭਿਆਚਾਰਕ ਪ੍ਰੋਗਰਾਮ ਵੀ ਕੁੜੀਆਂ ਮਰਜੀ ਨਾਲ ਦੇਖਦੀਆਂ ਟਹਿਲਦੀਆਂ ਮੌਜ ਮਸਤੀ ਕਰਦੀਆਂ ਹੋਸਟਲ ਨਹੀਂ ਜਾ ਸਕਦੀਆਂ ਤਾਂ ਮੁਆਫ ਕਰਨਾ ਮੈ ਇਸ ਵਿਤਕਰੇ ਦਾ ਵਿਰੋਧ ਕਰਦੀ ਹਾਂ। ਇਸ ਉਠੀ ਮੰਗ ਨੂੰ ਗੰਭੀਰਤਾ ਨਾਲ ਸਮਝਣ ਦੀ ਬਜਾਏ ਵਿਦਿਆਰਥੀਆਂ ਦੇ ਗਰੁੱਪਾਂ ਵਿਚ ਹੋ ਰਹੀ ਭਰਾ ਮਾਰੂ ਜੰਗ ਨੂੰ ਰੋਕਣਾ ਹਰ ਸੰਵੇਦਨਸ਼ੀਲ ਮਨੁੱਖ ਦਾ ਫਰਜ਼ ਹੈ ਅਤੇ ਨਾਲ ਹੀ ਇਹ ਸਮਝਾਉਣਾ ਕਿ ਔਰਤ ਨੂੰ ਮਨੁੱਖ ਬਣਨ ਦਿਓ। ਇਹ ਉਸ ਦੇ ਮਨੁੱਖੀ ਅਧਿਕਾਰਾਂ ਦਾ ਮਸਲਾ ਹੈ। ਉਸ ਨੂੰ ਮਰਜੀ ਦਾ ਸਾਹ ਲੈਣ ਦਿਓ, ਸਮਾਜ ਵਿਚ ਖੁੱਲ੍ਹ ਕੇ ਵਿਚਰਨ ਦਿਉ ਪੈਦਾ ਹੋਣ ਵਾਲੇ ਸੰਕਟਾਂ ਨਾਲ ਕੁੜੀਆਂ ਨੂੰ ਮੱਥਾ ਲਗਾਉਣ ਦਿਓ। ਸੰਕਟ ਹੀ ਸਮਰਥਾ ਪੈਦਾ ਕਰਦੇ ਹਨ। ਵਿਦਿਅਕ ਅਦਾਰੇ ਬੰਦ ਕਰਨੇ ਸੰਕਟ ਦਾ ਹੱਲ ਨਹੀਂ ਸਗੋਂ ਸਮਾਜ ਵਿਚ ਉੱਠੀਆਂ ਅਜਿਹੀਆਂ ਅਵਾਜਾਂ ਨੂੰ ਸਮਝਣਾ ਅਤੇ ਸਮਾਜ ਨੂੰ ਸਮਝਾਉਣਾ ਯੂਨੀਵਰਸਿਟੀਆਂ ਦਾ ਫਰਜ਼ ਹੈ ਤਾਂ ਕਿ ਹਾਸ਼ੀਆਕ੍ਰਿਤ ਅਵਾਜਾਂ ਨੂੰ ਸਮਾਜ ਵਿਚ ਬਰਾਬਰਤਾ ਮਿਲੇ। ਜਿੱਥੇ ਅੱਧੀ ਮਨੁੱਖਤਾ ਦੇ ਅਧਿਕਾਰਾਂ ਦਾ ਹਨਨ ਹੋ ਰਿਹਾ ਹੋਵੇ, ਉਹ ਸਮਾਜ ਕਦੇ ਤਰੱਕੀ ਨਹੀਂ ਕਰ ਸਕਦਾ।

**ਚਰਨਜੀਤ ਕੌਰ**
**ਪ੍ਰੋਫੈਸਰ, ਪੰਜਾਬੀ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

ਗੋਲਡਨ ਜੁਬਲੀ ’ਤੇ ਵਿਸ਼ੇਸ਼

# ਸਾਇੰਸ ਕਾਲਜ ਦੇ ਸ਼ਾਨਮੱਤੀ ਇਤਿਹਾਸ ਦੀਆਂ ਪ੍ਰਾਪਤੀਆਂ ਤੇ ਭਵਿੱਖ ਦੀ ਦਿਸ਼ਾ

ਡਾ. ਕੁਲਦੀਪ ਸਿੰਘ






ਮੈਂ ਆਪਣੇ ਕਾਲਜ ਸਨਮਤੀ ਸਾਇੰਸ ਕਾਲਜ ਆਫ ਐਜੂਕੇਸ਼ਨ ਐਂਡ ਰਿਸਰਚ, ਜਗਰਾਉ ਵਿਚ ਪ੍ਰਵੇਸ਼ ਕਰਦਾ ਹਾਂ, ਜਿਥੋਂ ਵਿਗਿਆਨ ਦੀ ਵਿਦਿਆ ਹਾਸਲ ਕੀਤੀ। ਕਾਲਜ ਜਾਣ ਦਾ ਸਬੱਬ ਕਾਲਜ ਨੂੰ ਬਾਇਓਤਕਨਾਲੋਜੀ ਵਿਚ ਸਟਾਰ ਸਟੇਟਸ ਦਵਾਉਣ ਵਿਚ ਯੋਗਦਾਨ ਪਾਉਣ ਵਾਲੇ ਪ੍ਰੋ. ਐਸ. ਐਸ. ਮਰਵਾਹਾ ਦੀ ਪ੍ਰੇਰਨਾ ਨਾਲ ਉਜੋਨ ਦੀ ਸੁਰੱਖਿਆ ਦੇ ਸਵਾਲ ਉਤੇ ਕੀਤੇ ਜਾਣ ਵਾਲੇ ਸੈਮੀਨਾਰ ’ਚ ਸ਼ਾਮਲ ਹੋਣ ਕਾਰਨ ਬਣਿਆ। ਕਾਲਜ ਵਿਚ ਪਹੁੰਚਣ ਤੋਂ ਪਹਿਲਾਂ ਮੇਰੇ ਮਨ ਵਿਚ ਆਪਣੇ ਅਧਿਆਪਕਾਂ ਅਤੇ ਜਮਾਤੀਆਂ ਦੇ ਚਿਹਰੇ ਇਕ ਇਕ ਕਰਕੇ ਸੁਰਜੀਤ ਹੋਣ ਲੱਗੇ, ਜਿਨ੍ਹਾਂ ਵਿਚ ਸਰੋਕਾਰਾਂ ਦੀ ਅਵਾਜ਼ ਦੇ ਸੰਪਾਦਕ ਹਰਬੰਸ ਸਿੰਘ ਜਿਹੜੇ ਕਿ ਅਕਸਰ ਸਾਇੰਸ ਕਾਲਜ ਵਿਚ ਵਿਸ਼ੇਸ਼ ਵਕਤਾ ਦੇ ਤੌਰ ’ਤੇ ਜਾਣੇ ਜਾਂਦੇ ਸਨ ਜਿਨ੍ਹਾਂ ਦੀ ਸੰਘਰਸ਼ਸ਼ੀਲ ਜੀਵਨੀ ਨੇ ਦਰਜਨਾਂ ਇਸ ਕਿਸਮ ਦੇ ਆਪਣੇ ਦੋਸਤ ਮਿੱਤਰ ਤਿਆਰ ਕੀਤੇ ਜਿਹੜੇ ਵਿਗਿਆਨ ਦੀ ਵਿਦਿਆ ਤਾਂ ਹਾਸਲ ਕਰਦੇ ਹੀ ਸਨ ਉਸ ਦੇ ਨਾਲ ਸਮਾਜਿਕ ਸਰੋਕਾਰਾਂ ਨਾਲ ਵੀ ਵਾਹ ਵਾਸਤਾ ਰੱਖਦੇ ਸਨ। ਇਸੇ ਤਰ੍ਹਾਂ ਹੋਰ ਕਿੰਨੇ ਹੀ ਸਾਇੰਸ ਕਾਲਜ ਦੇ ਪੁਰਾਣੇ ਵਿਦਿਆਰਥੀ ਜਿਹੜੇ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਅਤੇ ਭਾਰਤ ਦੇ ਕੋਨਿਆਂ ਵਿਚ ਵੱਖ-ਵੱਖ ਥਾਵਾਂ ਉਪਰ ਆਪੋ ਆਪਣੇ ਖੇਤਰਾਂ ਵਿਚ ਛਾਏ ਹੋਏ ਹਨ। ਉਨ੍ਹਾਂ ਦੇ ਜੀਵਨ ਦੇ ਸਫਰ ਵਿਚ ਸਾਇੰਸ ਕਾਲਜ ਦੀ ਦੇਣ ਅਭੁਲ ਹੈ। ਕਿਸ ਤਰ੍ਹਾਂ ਅਸੀਂ ਪਿੰਡਾਂ ਦੇ ਵਿਦਿਆਰਥੀ ਅੰਗਰੇਜ਼ੀ ’ਚੋਂ ਹੱਥ ਤੰਗ ਹੋਣ ਦੇ ਬਾਵਜੂਦ ਡਾ. ਮਨਮੋਹਨ ਸਿੰਘ ਵਰਗੇ ਕੈਮਿਸਟਰੀ ਦੇ ਅਧਿਆਪਕ ਤੋਂ ਸਿੱਖਿਆ ਅਤੇ ਪ੍ਰੇਰਨਾ ਲੈ ਕੇ ਅਗਾਂਹ ਵਧੇ, ਜਿਹੜੇ ਕਾਲਜ ਦੇ ਟਾਈਮ ਤੋਂ ਬਾਅਦ ਇਥੋਂ ਤੱਕ ਕਿ ਐਤਵਾਰ ਨੂੰ ਵੀ ਵਿਗਿਆਨ ਦੀ ਪੜ੍ਹਾਈ ਕਰਵਾਇਆ ਕਰਦੇ ਸਨ ਤੇ ਕਿਹਾ ਕਰਦੇ ਸਨ ਕਿ ਤੁਸੀਂ ਨਵੇਂ ਪੰਜਾਬ ਦੀ ਨੀਂਹ ਬਣਨਾ ਹੈ ।

ਆਜ਼ਾਦੀ ਤੋਂ ਬਾਅਦ ਪੰਜਾਬ ਅਜੇ ਹਰੀ ਕ੍ਰਾਂਤੀ ਲਈ ਅਗੜਾਈ ਲੈ ਰਿਹਾ ਸੀ। ਆਜ਼ਾਦੀ ਤੋਂ ਪ੍ਰੇਰਿਤ ਸੂਝਵਾਨ ਸ਼ਖ਼ਸੀਅਤਾਂ ਆਪਣੇ ਇਲਾਕੇ ਦੇ ਨਿਰਮਾਣ ਲਈ ਸਰਕਾਰੀ ਵਿਦਿਅਕ ਅਦਾਰੇ ਖੜ੍ਹੇ ਕਰਨ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੀਆਂ ਸਨ। ਵਰ੍ਹਾ 1968 ਤੋਂ ਪਹਿਲਾਂ ਜਗਰਾਵਾਂ ਨੂੰ ਪੰਜਾਬ ’ਚ ਰੌਸ਼ਨੀ ਦੇ ਮੇਲੇ ਦੀ ਅਹਿਮੀਅਤ ਕਰਕੇ ਜਾਣਿਆ ਜਾਂਦਾ ਸੀ। ਪੰਜਾਬ ਦੀ ਰਾਜਨੀਤੀ ਦੇ ਜੋੜ-ਤੋੜ ਨੇ



ਅਜਿਹੀ ਕਰਵਟ ਲਈ ਕਿ ਜਗਰਾਵਾਂ ਇਲਾਕੇ ਦੇ ਪਿੰਡ ਚੂਹੜਚੱਕ ਦੇ ਜੰਮਪਲ ਪੰਜਾਬ ਤੇ ਪੰਜਾਬੀ ਲਈ ਕੁਝ ਵਿਲੱਖਣ ਕਰਨ ਦੀ ਸਮਝ ਆਪਣੇ ਸੀਨੇ ’ਚ ਸਮੋਈ ਬੈਠੇ ਸ. ਲਛਮਣ ਸਿੰਘ ਗਿੱਲ ਦੇ ਹੱਥ ਬਤੌਰ ਮੁੱਖ ਮੰਤਰੀ ਦੀ ਵਾਂਗਡੋਰ ਆ ਗਈ, ਜਿਨ੍ਹਾਂ ਨੂੰ ਅਕਸਰ ਪੰਜਾਬੀ ਭਾਸ਼ਾ ’ਚ ਵਿਸ਼ੇਸ਼ ਦੇਣ ਕਰਕੇ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਦਿਲ ਅੰਦਰ ਇਲਾਕੇ ਦੇ ਵਿਕਾਸ ਲਈ ਵਿਸ਼ੇਸ਼ ਰੂਪ ਵਿਚ ਕੁਝ ਕਰਨ ਦੀ ਚਾਹਨਾ ਸੀ।



ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਕਿਹਾ ਕਰਦੇ ਸੀ ਕਿ ਵਿਗਿਆਨ ਦੇ ਮੰਦਰਾਂ ਦੀ ਸਾਨੂੰ ਜ਼ਰੂਰਤ ਹੈ, ਨਵੇਂ ਭਾਰਤ ਦੇ ਨਿਰਮਾਣ ਲਈ ਇਹ ਲਾਜ਼ਮੀ ਸ਼ਰਤ ਹੈ ਉਨ੍ਹਾਂ ਦੀ ਕੌਮੀ ਵਿਗਿਆਨ ਨੀਤੀ (1964) ਨੇ ਦੇਸ਼ ਦੀ ਸਿੱਖਿਆ ਦੇ ਰੂਪ ਨੂੰ ਬਦਲ ਦਿੱਤਾ। ਉਨ੍ਹਾਂ ਦੀ ਸੋਚ ਦਾ ਲਛਮਣ ਸਿੰਘ ਗਿੱਲ ਉੱਪਰ ਅਜਿਹਾ ਅਸਰ ਹੋਇਆ ਕਿ ਉਹ ਆਪਣੇ ਮਨ ਵਿਚ ਵਿਗਿਆਨ ਵਿਸ਼ੇ ਨਾਲ ਸਬੰਧਿਤ ਕੋਈ ਰਾਸ਼ਟਰੀ ਪੱਧਰ ਦਾ ਕਾਲਜ ਖੋਲਣ ਬਾਰੇ ਸੋਚਣ ਲੱਗੇ, ਉਸ ਦੌਰ ਵਿਚ ਵੱਖ-ਵੱਖ ਧਰਮਾਂ ਦੇ ਸੰਚਾਲਕ ਅਤੇ ਕਾਰਜ਼ਸ਼ੀਲ ਸ਼ਖ਼ਸੀਅਤਾਂ ਵੀ ਆਪਣਾ ਸਮਾਜਿਕ ਰੋਲ ਪਹਿਚਾਣਦੀਆਂ ਸਨ। ਜੈਨ ਸਮਾਜ ਦਾ ਜਗਰਾਉਂ ਵਿਚ ਵੱਡਾ ਆਧਾਰ ਸੀ, ਉਸਦੇ ਸੰਚਾਲਕ ਵਿਮਲ ਮੁਨੀ ਜੀ ਵਿਦਿਅਕ ਅਦਾਰਿਆਂ ਲਈ ਖਾਸ ਰੁਚੀ ਰੱਖਦੇ ਸਨ, ਉਨ੍ਹਾਂ ਨੇ ਜਗਰਾਉਂ ਦੇ ਨਜ਼ਦੀਕ 42 ਏਕੜ ਜ਼ਮੀਨ ਦਾਨ ਕੀਤੀ ਅਤੇ ਲੋਕਾਂ ਦੀ ਸੇਵਾ ਭਾਵਨਾ ਨਾਲ ਇਕ ਸ਼ਾਨਦਾਰ ਵਿਗਿਆਨਕ ਲੋੜਾਂ ਅਨੁਸਾਰ ਬਿਲਡਿੰਗ ਦੀ ਉਸਾਰੀ ਵਿਚ ਯੋਗਦਾਨ ਪਾਇਆ ਅਤੇ ਪੰਜਾਬ ਸਰਕਾਰ ਨੂੰ ਕਾਲਜ ਬਣਾਉਣ ਵਾਸਤੇ ਦਾਨ ਕਰ ਦਿੱਤੀ, ਜਿਸ ਦੀ ਬਦੌਲਤ 18 ਜੁਲਾਈ 1968 ਨੂੰ ਸਨਮਤੀ ਸਾਇੰਸ ਕਾਲਜ ਆਫ ਐਜੂਕੇਸ਼ਨ ਐਂਡ ਰਿਸਰਚ ਕਾਲਜ, ਜਗਰਾਉਂ ਦੀ ਸਥਾਪਨਾ ਹੋਈ। ਇਸ ਕਾਲਜ ਦਾ ਮੰਤਵ ਟਰਾਂਸੈਂਡ (Trancend) (ਸੀਮਾ ਤੋਂ ਵੀ ਅੱਗੇ ਵੱਧ ਕੇ ਜਾਣਾ) ਬਣਾ ਲਿਆ। ਇਸ ਕਾਲਜ ਨੇ ਆਪਣੇ 50 ਸਾਲਾਂ ਦੇ ਸਫ਼ਰ ਦੌਰਾਨ ਸੈਂਕੜੇ ਵਿਗਿਆਨ ਦੀ ਵਿਦਿਆ ਹਾਸਲ ਕਰਨ ਵਾਲੇ ਵਿਦਿਆਰਥੀ ਪੈਦਾ ਕੀਤੇ, ਜਿਹੜੇ ਪੰਜਾਬ, ਕੌਮੀ ਅਤੇ ਕੌਮਾਂਤਰੀ ਪੱਧਰ ਉਪਰ ਅਧਿਆਪਨ ਕਾਰਜ ਤੋਂ ਲੈ ਕੇ ਇੰਜੀਨੀਅਰਿੰਗ ਕਾਰਜ ਅਤੇ ਵਿਸ਼ੇਸ਼ ਕਰਕੇ ਡਾਕਟਰੀ ਕਿੱਤੇ ਵਿਚ ਸ਼ਾਮਲ ਹੋਏ। ਸਮੁੱਚੇ ਪੰਜਾਬ ਦੇ ਇੰਜਨੀਅਰਿੰਗ ਅਤੇ ਮੈਡੀਕਲ ਕਾਲਜਾਂ ਵਿਚ ਸਭ ਤੋਂ ਵੱਧ ਵਿਦਿਆਰਥੀ ਇਸ ਕਾਲਜ ਤੋਂ ਸਿਲੈਕਟ ਹੁੰਦੇ ਰਹੇ ਹਨ। ਇਸ ਕਾਲਜ ਦੀ ਵਿਲੱਖਣਤਾ ਇਹ ਹੈ ਕਿ ਅੱਜ ਵੀ ਪੰਜਾਬ ਵਿਚ ਸਭ ਤੋਂ ਘੱਟ ਫੀਸ ਦੇ ਕੇ ਵਿਗਿਆਨ ਦੀ ਉਚੇਰੀ ਸਿੱਖਿਆ ਵਿਦਿਆਰਥੀ ਹਾਸਲ ਕਰ ਰਹੇ ਹਨ। ਜਿਸ ਕਿਸਮ ਨਾਲ ਇਹ ਕਾਲਜ ਆਪਣਾ 50 ਸਾਲਾਂ ਸਫ਼ਰ ਤੈਅ ਕਰਕੇ ਗੋਲਡਨ ਜੁਬਲੀ ਹਾਸਲ ਕਰ ਰਿਹਾ ਹੈ, ਉਸ ਸਮੇਂ ਇਨ੍ਹਾਂ ਨਾਮਵਰ ਸੰਸਥਾਵਾਂ ਤੋਂ ਸਰਕਾਰਾਂ ਆਪਣਾ ਪਿੱਛਾ ਛੁਡਾਉਣ ਦੇ ਆਹਰ ਲੱਗੀਆਂ ਹਨ। ਕਾਲਜ ਵਿਚ ਬੈਠਿਆਂ 32 ਸਾਲ ਅਧਿਆਪਨ ਕਾਰਜ ਤੋਂ ਲੈ ਕੇ ਕਾਲਜ ਦੀ ਡਾਇਰੈਕਟਰੀ ਦਾ ਸਫ਼ਰ ਕਰਨ ਵਾਲੇ ਪ੍ਰੋ. ਮਹਿੰਦਰ ਸਿੰਘ ਜੱਸਲ ਡੂੰਘੇ ਗ਼ਮ ਵਿਚ ਜਾਪੇ। ਉਨ੍ਹਾਂ ਦਿਲ ਦਾ ਭੇਤ ਖੋਲਦਿਆਂ ਕਿਹਾ ਮੈਂ ਗਾਹੇ ਬਗਾਹੇ ਇਸ ਕਾਲਜ ਵਿਚ ਆ ਜਾਂਦਾ ਹਾਂ, ਪਰ ਲੋੜ ਇਸ ਨੂੰ ਇਕ ਵੱਡੇ ਕਾਫ਼ਲੇ ਦੀ ਹੈ, ਜੋ ਇਸਦੀ ਬਾਂਹ ਫੜ ਸਕੇ, ਕਿ ਹੁਣ ਇਸ ਕਾਲਜ ਨੂੰ ਆਪਣੇ ਹੀ ਵਿਦਿਆਰਥੀਆਂ ਤੋਂ ਉਮੀਦਾਂ ਹਨ।






ਕਾਲਜ ਦੇ ਮੌਜੂਦਾ ਡਾਇਰੈਕਟਰ ਡਾ. ਗੁਰਚਰਨ ਸਿੰਘ ਨੇ ਇੱਛਾ ਜਾਹਰ ਕਰਦਿਆਂ ਕਿਹਾ ਕਿ ਜੇ ਇਸ ਕਾਲਜ ਦੇ ਸਾਬਕਾ ਵਿਦਿਆਰਥੀ ਇਸ ਦਾ ਅਟੁੱਟ ਅੰਗ ਬਣ ਜਾਣ ਤਾਂ ਅਸੀਂ ਇਸਨੂੰ ਬੁਲੰਦੀਆਂ ’ਤੇ ਪਹੁੰਚਾ ਸਕਦੇ ਹਾਂ। ਮੇਰੇ ਮਨ ਇਕ ਸੁਪਨਾ ਹੈ ਜੋ ਸ਼ਾਇਦ ਨਵੰਬਰ 2018 ਵਿਚ ਹਕੀਕਤ ਵਿਚ ਬਦਲ ਜਾਵੇਗਾ ਕਿ ਅਸੀਂ ਆਪਣੀ ਪੁਰਾਣੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਨਵੇਂ ਵਿਦਿਆਰਥੀਆਂ ਦੇ ਸਨਮੁਖ ਕਰੀਏ ਤੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕਰੀਏ। ਕਾਲਜ ਦਾ ਵਿਸ਼ਾਲ ਘੇਰਾ ਹੋਣ ਕਰਕੇ ਬੇਹੱਦ ਉਚੇਰੀਆਂ ਉਪਾਧੀਆਂ ’ਤੇ ਇਸਦੇ ਵਿਦਿਆਰਥੀ ਬੈਠੇ ਹਨ, ਜੋ ਆਪਣੀਆਂ ਫੇਸਬੁੱਕਾਂ ਉੱਪਰ ਸਾਇੰਸ ਕਾਲਜ, ਜਗਰਾਉਂ ਦਾ ਨਾਮ ਜੋੜ ਕੇ ਆਪਣੇ ਆਪ ਨੂੰ ਵੱਡਾ ਮਹਿਸੂਸ ਕਰਦੇ ਹਨ। ਮੈਨੂੰ ਇਹ ਮਹਿਸੂਸ ਹੋਇਆ ਕਿ ਇਸ ਨਾਮਵਰ ਸੰਸਥਾ ਦੀਆਂ ਲੋੜਾਂ ਦੀ ਪੂਰਤੀ ਲਈ ਅੱਗੇ ਆਉਣਾ ਇਸ ਕਾਲਜ ਦੀ ਅਣਸਰਦੀ ਲੋੜ ਹੈ ਕਿਉਂਕਿ 42 ਏਕੜ ਵਿਚ ਉਸਰੀ ਇਸ ਕਾਲਜ ਦੀ ਬਿਲਡਿੰਗ ਅਤੇ ਇਸਦੀਆਂ ਪ੍ਰੋਯਗਸ਼ਾਲਾਵਾਂ ਆਧੁਨਿਕ ਸਹੂਲਤਾਂ ਦੀ ਮੰਗ ਕਰਦੀਆਂ ਹਨ। ਕਾਲਜ ਵਿਚਲਾ ਤਿੰਨ ਏਕੜ ਦਾ ਬਣਿਆ ਬਟਾਨੀਕਲ ਗਾਰਡਨ ਆਪਣੇ ਪੁਰਾਣੇ ਵਿਦਿਆਰਥੀਆਂ ਦੀ ਉਡੀਕ ਕਰਦਾ ਹੈ। ਕਾਲਜ ਦਾ ਸ਼ਾਨਦਾਰ ਕੰਪਲੈਕਸ ਆਧੁਨਿਕ ਕਿਸਮ ਦੀ ਗਾਰਡਨਿੰਗ ਅਤੇ ਹਰਿਆਲੀ ਦੀ ਯੋਜਨਾਬੰਦੀ ਦੀ ਮੰਗ ਕਰਦਾ ਹੈ। ਅੱਜ ਜੇ ਇਸਦੇ ਸਾਬਕਾ ਵਿਦਿਆਰਥੀਆਂ ਨੇ ਇਸਦੀ ਬਾਂਹ ਨਾ ਫੜੀ ਤਾਂ ਜਿਸ ਕਿਸਮ ਨਾਲ ਪੰਜਾਬ ਦੀਆਂ ਨਾਮਵਰ ਸੰਸਥਾਵਾਂ ਨਿੱਜੀਕਰਨ ਦੀ ਹਨੇਰੀ ਅੱਗੇ ਹਕੂਮਤਾਂ ਨੇ ਰੋੜ ਦਿੱਤੀਆਂ ਹਨ, ਇਹ ਵੀ ਉਧਰ ਹੀ ਤੋਰ ਦਿੱਤੀ ਜਾਵੇਗੀ। ਹੁਣ ਰੌਸ਼ਨੀ ਦੇ ਮੇਲੇ ਦੇ ਨਾਂ ਨਾਲ ਜਾਣੇ ਜਾਂਦੇ ਜਗਰਾਵਾਂ ਨੂੰ ਉਸਦੇ ਸਾਇੰਸ ਕਾਲਜ ਨੂੰ ਰਸ਼ਨਾਉਣ ਦੀ ਲੋੜ ਹੈ।

ਸਾਬਕਾ ਵਿਦਿਆਰਥੀ, ਸਾਇੰਸ ਕਾਲਜ
ਆਫ ਐਜੂਕੇਸ਼ਨ, ਜਗਰਾਉਂ
ਹੁਣ: ਸਿੱਖਿਆ ਤੇ ਸਮੁਦਾਇ ਸੇਵਾਵਾਂ
ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ
ਅਧਿਆਪਨ ਦਾ ਕਾਰਜ ਕਰ ਰਹੇ ਹਨ
ਮੋਬਾਇਲ 098151-15429



ਸਾਇੰਸ ਕਾਲਜ ਆਫ਼ ਐਜੂਕੇਸ਼ਨ ਐਂਡ ਰਿਸਰਚ ਵਿਖੇ ਕੀਤੇ ਗਏ ਸਮਾਗਮ ਦੀਆਂ ਤਸਵੀਰਾਂ।

## ਆਓ ਸਾਇੰਸ ਕਾਲਜ ਨੂੰ ਆਪਣਾ ਸਮਝਦੇ ਹੋਏ ਇਸ ਵਿਚ ਆਪਣਾ ਇਖਲਾਕੀ ਤੇ ਵਿੱਤੀ ਯੋਗਦਾਨ ਪਾਈਏ

ਸਾਇੰਸ ਕਾਲਜ ਨਵੰਬਰ ਮਹੀਨੇ ਵਿਚ ਆਪਣਾ 50 ਸਾਲਾ ਸਫ਼ਰ ਪੂਰਾ ਕਰ ਰਿਹਾ ਹੈ। ਇਸ ਮੌਕੇ ’ਤੇ ਕਾਲਜ ਦੀ ਦਿਲੀ ਇੱਛਾ ਹੈ ਕਿ ਉਸ ਦੇ ਵਿਦਿਆਰਥੀ ਜਿਨ੍ਹਾਂ ਦੇ ਚੇਤਿਆਂ ਵਿਚ ਕਈ ਕਿਸਮ ਦੇ ਉਹ ਹਿੱਸੇ ਸ਼ਾਮਲ ਹਨ ਜਿਹੜੇ ਉਨ੍ਹਾਂ ਨੇ ਇਸ ਦੀਆਂ ਪ੍ਰਯੋਗਸ਼ਾਲਾਵਾਂ, ਹੋਸਟਲਾਂ ਅਤੇ ਕੰਟੀਨਾਂ ਇਥੋਂ ਤੱਕ ਇਸ ਦੀਆਂ ਖੁੱਲ੍ਹੀਆਂ ਪਾਰਕਾਂ ਵਿਚ ਬੈਠ ਕੇ ਕੀਤੀਆਂ ਗੁਫ਼ਤਗੂਆਂ ਹਨ ਉਨ੍ਹਾਂ ਚੇਤਿਆਂ ਮੁੜ ਯਾਦਾਂ ਦੇ ਰੂਪ ਵਿਚ ਫਰੋਲਦੇ ਹੋਏ ਇਸ ਕਾਲਜ ਦੇ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਜੁੜੀਏ ਅਤੇ ਇਸ ਕਾਲਜ ਨੂੰ ਆਪਣਾ ਸਮਝਦੇ ਹੋਏ ਇਸ ਵਿਚ ਜਿਸ ਵੀ ਕਿਸਮ ਦੀ ਬੌਧਿਕ, ਸਮਾਜਿਕ ਅਤੇ ਵਿੱਤੀ ਮਦਦ ਆਪਣੀ ਸਮਰੱਥਾ ਅਨੁਸਾਰ ਪਾ ਸਕੀਏ। ਇਸ ਨਾਲ ਪੰਜਾਬ ਦਾ ਭਲਾ ਤਾਂ ਹੋਵੇਗਾ ਹੀ ਬਲਕਿ ਜਗਰਾਓਂ ਇਲਾਕੇ ਦੇ ਇਸ ਕਾਲਜ ਦੀ ਨਵੀਂ ਨੁਹਾਰ ਵੀ ਬਣੇਗੀ। ਆਪਣੇ ਵੱਡਿਆਂ ਨੇ ਜਿਹੜੇ ਸੁਪਨੇ ਲਏ ਸੀ ਉਹ ਇਸ ਕਾਲਜ ਰਾਹੀਂ ਅਸੀਂ ਪੂਰੇ ਕੀਤੇ ਹਨ ਜੋ ਹੁਣ ਵਿਦਿਆਰਥੀ ਇਥੋਂ ਵਿਦਿਆ ਹਾਸਲ ਕਰ ਰਹੇ ਹਨ ਅਤੇ ਉਨ੍ਹਾਂ ਲਈ ਇਸ ਕਾਲਜ ਦੀ ਨੁਹਾਰ ਖ਼ੂਬਸੂਰਤ ਬਣਾਉਣ ਲਈ ਸਾਬਕਾ ਵਿਦਿਆਰਥੀ ਦੇ ਤੌਰ ’ਤੇ ਆਪਣਾ ਬਣਦਾ ਯੋਗਦਾਨ ਪਾਈਏ। ਇਸ ਕਾਲਜ ਵਲੋਂ ਪੁਰਾਣੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਉਪਰ ਵਿਸ਼ੇਸ਼ ਜਾਣਕਾਰੀ ਹਾਸਲ ਕਰਕੇ ਕਾਲਜ ਦੀ ਜਿੰਦ ਜਾਨ ਦਾ ਹਿੱਸਾ ਬਣਾਉਣ ਦੀ ਦਿਲੀ ਇੱਛਾ ਹੈ। ਸੋ ਉਮੀਦ ਹੈ ਕਿ ਇਸ ਕਾਲਜ ਦੇ ਪੁਰਾਣੇ ਵਿਦਿਆਰਥੀ ਇਸ ਵਿਚ ਆਪ ਤਾਂ ਸ਼ਾਮਲ ਹੋਣਗੇ ਹੀ ਅਤੇ ਆਪਣੇ ਭਵਿੱਖ ਦੇ ਵਾਰਸਾਂ ਨੂੰ ਵੀ ਇਸ ਵਿਚ ਸ਼ਾਮਲ ਹੋਣ ਲਈ ਪ੍ਰੇਰਣਗੇ।

ਸੰਪਰਕ : ਡਾ. ਕੁਲਦੀਪ ਸਿੰਘ
98151-15429
kuldip_1961@yahoo.com
ਹਰਬੰਸ ਸਿੰਘ
416-817-7142
ppapmg@gmail.com

ਜਨਮ ਦਿਹਾੜੇ 'ਤੇ ਵਿਸ਼ੇਸ਼

# ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਭਾਵਨਾ ਦੀ ਲਾਟ ਪ੍ਰਚੰਡ ਕਰੋ

ਇਨਕਲਾਬੀ ਲਹਿਰਾਂ ਦੇ ਮਹਾਨ ਆਗੂਆਂ ਦੀ ਮਹਾਨਤਾ ਇਸ ਗੱਲ ਵਿਚ ਹੁੰਦੀ ਹੈ ਕਿ ਆਪਣੇ ਜਿਉਂਦੇ ਜੀਅ ਉਹਨਾਂ ਦਾ ਨਾਂ ਇਨਕਲਾਬ ਦਾ ਮੂਲ ਮੰਤਰ ਬਣ ਜਾਂਦਾ ਹੈ। ਇਉਂ ਆਪਣੀ ਦੇਹ ਰੂਪੀ ਹੋਂਦ ਨੂੰ ਖਿਆਲਾਂ ਦੀਆਂ ਬਿਜਲੀ ਤਰੰਗਾਂ ਵਿਚ ਪਲਟਾਅ ਸਕਣ ਦੀ ਸਮਰੱਥਾ ਸਦਕਾ, ਅਜਿਹੇ ਆਗੂ ਇਸ ਫਾਨੀ ਜਿਸਮ ਦੇ ਖਾਕ ਹੋ ਜਾਣ ਦੀ ਸੀਮਤਾਈ ਨੂੰ ਸਰ ਕਰ ਜਾਂਦੇ ਹਨ। ਉਹ ਅਮਰ ਹੋ ਜਾਂਦੇ ਹਨ। ਮਰਨ ਤੋਂ ਬਾਅਦ ਵੀ ਉਹਨਾਂ ਦੇ ਖਿਆਲਾਂ ਦੀਆਂ ਬਿਜਲੀਆਂ ਲੋਕ ਲਹਿਰਾਂ ਦਾ ਰਾਹ ਰੁਸ਼ਨਾਉਂਦੀਆਂ ਰਹਿੰਦੀਆਂ ਹਨ ਅਤੇ ਇਨਕਲਾਬੀ ਲੋਕ ਹੱਲਿਆਂ ਦੀ ਪਦਾਰਥਕ ਸ਼ਕਤੀ ਵਿਚ ਪਲਟ ਕੇ, ਲੋਕ ਦੁਸ਼ਮਣਾਂ ਉਤੇ ਕੜਕਦੀਆਂ ਅਤੇ ਵਰਦੀਆਂ ਰਹਿੰਦੀਆਂ ਹਨ। ਕਮਿਊਨਿਸਟ ਇਨਕਲਾਬੀਆਂ ਲਈ, ਮਰਨ ਤੋਂ ਬਾਅਦ ਅਮਰ ਹੋ ਜਾਣ ਦਾ ਇਸ ਤੋਂ ਬਿਨਾ ਹੋਰ ਕੋਈ ਸੰਕਲਪ ਨਹੀਂ।

ਮਹਾਨ ਇਨਕਲਾਬੀ ਨਾਇਕਾਂ ਦੇ ਅਮਰ ਹੋ ਜਾਣ ਦੀ ਹਕੀਕਤ ਵਿਚੋਂ ਹੀ ਇਹ ਗੱਲ ਨਿਕਲਦੀ ਹੈ ਕਿ ਲੋਕ ਦੁਸ਼ਮਣ ਤਾਕਤਾਂ ਵੱਲੋਂ ਉਨ੍ਹਾਂ ਨੂੰ ਕਤਲ ਕਰਨ, ਅਤੇ ਇਨਕਲਾਬੀ ਤਾਕਤਾਂ ਵੱਲੋਂ ਉਹਨਾਂ ਨੂੰ ਸੁਰੱਖਿਅਤ ਰੱਖਣ ਦੀ ਲੜਾਈ ਉਹਨਾਂ ਦੇ ਸਰੀਰਕ ਤੌਰ 'ਤੇ ਖਤਮ ਹੋ ਜਾਣ ਤੋਂ ਬਾਅਦ ਵੀ ਜਾਰੀ ਰਹਿੰਦੀ ਹੈ। ਕਿਸੇ ਮਹਾਨ ਇਨਕਲਾਬੀ ਸ਼ਹੀਦ ਨੂੰ ਲੋਕ ਮਨਾਂ ਵਿਚੋਂ ਮਾਰਨ ਲਈ ਲੋਕ ਦੁਸ਼ਮਣ ਤਾਕਤਾਂ ਸਿੱਧੇ ਵਾਰ ਵੀ ਕਰਦੀਆਂ ਹਨ ਅਤੇ ਗੁੱਝੇ ਵੀ। ਇਕ ਪਾਸੇ ਇਹ ਤਾਕਤਾਂ ਉਸ ਸ਼ਹੀਦ ਦੇ ਇਨਕਲਾਬੀ ਵਿਚਾਰਾਂ ਦੇ ਸਿੱਧੇ ਵਿਰੋਧ ਦਾ ਪੈਂਤੜਾ ਲੈ ਕੇ, ਇਹਨਾਂ ਨੂੰ ਖਤਮ ਕਰਨ ਰਾਹੀਂ , ਉਸ ਨੂੰ ਕਤਲ ਕਰਨ ਦੇ ਪਹਿਲੇ ਯਤਨ ਜਾਰੀ ਰਖਦੀਆਂ ਹਨ। ਦੂਜੇ ਪਾਸੇ, ਸ਼ਹੀਦ ਦੇ ਪੈਰੋਕਾਰਾਂ ਅਤੇ ਪ੍ਰਸ਼ੰਸਕਾਂ ਦਾ ਭੇਖ ਧਾਰ ਕੇ, ਇਤਿਹਾਸਕ ਪ੍ਰਸੰਗ ਨੂੰ ਤੋੜ-ਮਰੋੜ ਕੇ ਸ਼ਹੀਦ ਦੇ ਇਤਿਹਾਸਕ ਇਨਕਲਾਬੀ ਰੋਲ ਨੂੰ ਧੁੰਦਲਾਉਣ ਰਾਹੀਂ, ਅਤੇ ਉਸ ਦੇ ਵਿਚਾਰਾਂ ਵਿਚ ਖੋਟ ਰਲਾ ਕੇ ਇਹਨਾਂ ਦੇ ਇਨਕਲਾਬੀ ਤੱਤ ਨੂੰ ਖਾਰਜ ਕਰਨ ਰਾਹੀਂ, ਉਸ ਨੂੰ ਇੱਕ ਬੇਜਾਨ ਤੇ ਖਤਰੇ ਰਹਿਤ ਬੁੱਤ ਵਿਚ ਬਦਲ ਕੇ ਇਹ ਤਾਕਤਾਂ ਉਸ ਨੂੰ ਨਵੇਂ ਤੇ ਗੁੱਝੇ ਢੰਗ ਨਾਲ ਕਤਲ ਕਰਨ ਦਾ ਯਤਨ ਕਰਦੀਆਂ ਹਨ। ਇਕ ਮਹਾਨ ਇਨਕਲਾਬੀ ਆਗੂ, ਮਰਨ ਤੋਂ ਬਾਅਦ, ਕਿਸ ਹੱਦ ਤੱਕ ਅਮਰ ਰਹਿ ਸਕਦਾ ਹੈ, ਇਹ ਗੱਲ ਨਿਰੀਪੁਰੀ ਇਸ ਉਤੇ ਨਿਰਭਰ ਨਹੀਂ ਕਰਦੀ ਕਿ ਆਪਣੇ ਜਿਉਂਦੇ ਜੀਅ ਉਹ ਕਿਸ ਹੱਦ ਤੱਕ ਲੋਕਾਂ ਦੇ ਦਿਲ ਦਿਮਾਗਾਂ ਉਤੇ ਛਾਇਆ ਰਿਹਾ ਹੈ ਅਤੇ ਉਸ ਦੀ ਦੇਣ ਕਿੰਨੀ ਕੁ ਪੁਖਤਾ, ਬਹੁਪੱਖੀ ਤੇ ਦੂਰਗਾਮੀ ਹੈ, ਸਗੋਂ ਇਸ ਉਤੇ ਵੀ ਨਿਰਭਰ ਕਰਦੀ ਹੈ ਕਿ ਉਸ ਦੀ ਵਾਰਸ ਪੀੜ੍ਹੀ ਆਪਣੇ ਸ਼ਹੀਦ ਨੂੰ ਅਮਰ ਰੱਖਣ ਲਈ ਕਿਸ ਲਗਨ ਅਤੇ ਸਮਰੱਥਾ ਨਾਲ ਜੂਝਦੀ ਹੈ।

ਹਰ ਸਾਲ 23 ਮਾਰਚ ਤੇ 28 ਸਤੰਬਰ ਨੂੰ ਅਸੀਂ, ਆਜ਼ਾਦੀ ਸੰਗਰਾਮ ਦੇ ਸਿਰਤਾਜ ਸ਼ਹੀਦ, ਭਗਤ ਸਿੰਘ ਦੇ ਸ਼ਹੀਦੀ ਦਿਨ ਉਤੇ ਭਗਤ ਸਿੰਘ ਜ਼ਿੰਦਾਬਾਦ ਦਾ ਨਾਅਰਾ ਬੁਲੰਦ ਕਰਦੇ ਹਾਂ। ਆਪਣੇ ਮਹਿਬੂਬ ਸ਼ਹੀਦ ਦੇ ਅਮਰ ਰਹਿਣ ਦੀ ਕਾਮਨਾ ਕਰਦੇ ਹਾਂ। ਭਗਤ ਸਿੰਘ, ਆਪਣੀ ਚੇਤੰਨ ਇਨਕਲਾਬੀ ਜ਼ਿੰਦਗੀ ਦੇ ਲਗਭਗ ਚਹੁੰ ਕੁ ਸਾਲਾਂ ਵਿਚ ਹੀ ਆਜ਼ਾਦੀ ਸੰਗਰਾਮ ਦੇ ਆਕਾਸ਼ ਉਤੇ ਧਰੂ ਤਾਰਾ ਬਣ ਕੇ ਆ ਚਮਕਿਆ। ਅੰਗਰੇਜ਼ ਬਸਤੀਵਾਦੀਆਂ ਦੀ ਹਨੇਰਗਰਦੀ ਤੇ ਗਾਂਧੀਵਾਦੀ ਕਾਂਗਰਸੀ ਲੀਡਰਸ਼ਿੱਪ ਦੀਆਂ ਗਦਾਰ ਲੂੰਬੜਚਾਲਾਂ ਦੇ ਧੁੰਦਲਕੇ ਨੂੰ ਚੀਰ ਕੇ ਅੰਬਰਾਂ ਨੂੰ ਲਿਸ਼ਕਾਰਦਾ ਹੋਇਆ ਸਾਢੇ ਤੇਈ ਸਾਲਾਂ ਦੀ ਉਮਰ ਵਿਚ ਹੀ ਅਲੋਪ ਹੋ ਗਿਆ।

ਭਗਤ ਸਿੰਘ ਦੀ ਸ਼ਹੀਦੀ (23 ਮਾਰਚ, 1931) ਤੋਂ ਮਗਰੋਂ ਉਸ ਨੂੰ ਅਮਰ ਰੱਖਣ ਦਾ ਕਾਰਜ ਹੁਣ ਦੀ ਇਨਕਲਾਬੀ ਪੀੜ੍ਹੀ ਦੇ ਮੋਢਿਆਂ ਉਤੇ ਹੈ ਅਤੇ ਉਸ ਨੂੰ ਖਤਮ ਕਰਨ ਦਾ ਕੰਮ, ਬਰਤਾਨਵੀ ਬਸਤੀਵਾਦੀਏ, ਭਾਰਤ ਵਿਚਲੇ ਆਪਣੇ ਵਾਰਸਾਂ ਨੂੰ ਸੌਂਪ ਗਏ ਹਨ। ਭਗਤ ਸਿੰਘ ਦੇ ਇਹ ਨਵੇਂ ਕਾਤਲ ਸਾਡੇ ਮੁਲਕ ਦੀਆਂ ਹਾਕਮ ਜਮਾਤਾਂ , ਇਨਾਂ ਦੀਆਂ ਸੇਵਾਦਾਰ ਹਾਕਮ ਜਮਾਤੀ ਸਿਆਸੀ ਪਾਰਟੀਆਂ, ਸੋਧਵਾਦੀ ਪਾਰਟੀਆਂ ਅਤੇ ਹਰ ਕਿਸਮ ਦੀਆਂ ਫਿਰਕੂ ਜਾਨੂੰਨੀ ਸ਼ਕਤੀਆਂ ਹਨ। ਜੇ ਲੋਕਾਂ ਨੇ ਆਪਣੇ ਸ਼ਹੀਦੇ ਆਜ਼ਮ ਨੂੰ ਅਮਰ ਰੱਖਣਾ ਹੈ ਤਾਂ ਉਹਨਾਂ ਲਈ ਇਹ ਗੱਲ ਜਾਨਣੀ ਨਿਹਾਇਤ ਜਰੂਰੀ ਹੈ ਕਿ ਭਗਤ ਸਿੰਘ ਦਾ ਨਾਂ ਕਿਹੋ ਜਿਹੀ ਇਨਕਲਾਬੀ ਭਾਵਨਾ ਦਾ ਅਤੇ ਕਿਹੜੇ ਇਨਕਲਾਬੀ ਵਿਚਾਰਾਂ ਦਾ ਮੂਲ ਮੰਤਰ ਹੈ। ਉਹਨਾਂ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਭਗਤ ਸਿੰਘ ਨੂੰ ਅਮਰ ਰੱਖਣ ਦਾ ਇੱਕੋ ਇੱਕ ਰਾਹ ਉਸ ਦੀ ਇਨਕਲਾਬੀ ਸਪਿਰਟ ਨੂੰ ਕਾਇਮ ਰੱਖਣਾ, ਉਸ ਦੇ ਵਿਚਾਰਾਂ ਉਤੇ ਡਟੇ ਰਹਿਣਾ ਅਤੇ ਅਮਲ ਰਾਹੀਂ ਉਹਨਾਂ ਨੂੰ ਪ੍ਰਫੁੱਲਤ ਕਰਨਾ ਹੈ।

ਭਗਤ ਸਿੰਘ ਇਕ ਅਜਿਹੀ ਇਨਕਲਾਬੀ ਭਾਵਨਾ ਦਾ ਮੂਲ ਮੰਤਰ ਹੈ ਜਿਹੜੀ ਜਲਿਆਂਵਾਲਾ ਬਾਗ ਵਿਚ ਹੋਏ ਕਤਲੇਆਮ ਦੀ ਖਬਰ ਸੁਣਦਿਆਂ ਹੀ, 12 ਸਾਲ ਦੇ ਇਕ ਮੁੰਡੇ (ਭਗਤ ਸਿੰਘ) ਨੂੰ ਧੂਹ ਕੇ, ਅਗਲੇ ਦਿਨ ਹੀ, ਇਸ ਖੂਨੀ ਕਾਂਡ ਦੇ ਘਟਨਾ ਸਥਾਨ ਉੱਤੇ ਲੈ ਜਾਂਦੀ ਹੈ। ਖੂੰਨ ਨਾਲ ਲੱਥ-ਪੱਥ ਮਿੱਟੀ ਦੀ ਛੂਹ ਨਾਲ ਇਹ ਅਲੂਆਂ ਮੁੰਡਾ, ਕਤਲ ਹੋਏ ਦੇਸ਼ ਵਾਸੀਆਂ ਦਾ ਦਰਦ ਅਤੇ ਆਜ਼ਾਦੀ ਦੀ ਬਿਹਬਲਤਾ ਨੂੰ ਆਪਣੇ ਦਿਲ ਦਿਮਾਗ ਵਿਚ ਸਮੋ ਲੈਂਦਾ ਹੈ। ਆਪਣੇ ਪ੍ਰੇਰਨਾ ਸਰੋਤ ਵਜੋਂ ਇਸ ਮਿੱਟੀ ਦਾ ਇਕ ਨਮੂਨਾ ਘਰ ਲੈ ਕੇ ਮੁੜਦਾ ਹੈ। 1921 ਦੇ ਨਨਕਾਣਾ ਸਾਹਿਬ ਦੇ ਖੂੰਨੀ ਕਾਂਡ ਤੋਂ ਬਾਅਦ ਇਹ, ਇਨਕਲਾਬੀ ਭਾਵਨਾ, 14 ਸਾਲ ਦੇ ਭਗਤ ਨੂੰ ਨਨਕਾਣਾ ਸਾਹਿਬ ਪਹੁੰਚ ਕੇ ਘਟਨਾ ਦਾ ਵਾਤਾਵਰਨ ਆਪਣੇ ਅੱਖੀਂ ਦੇਖਣ ਲਈ ਬੇਚੈਨ ਕਰ ਦਿੰਦੀ ਹੈ। ਫੇਰ ਨਵੰਬਰ 1921 ਦੀ ਨਾ-ਮਿਲਵਰਤਨ ਲਹਿਰ ਦੇ ਸ਼ੁਰੂ ਹੁੰਦਿਆਂ ਹੀ ਇਸ ਲਹਿਰ ਵਿਚ ਕੁੱਦਣ ਖਾਤਰ ਉਹ ਆਪਣੀ ਦਸਵੀਂ ਜਮਾਤ ਦੀ ਪੜਾਈ ਵਿਚੇ ਛੱਡ ਦਿੰਦਾ ਹੈ। ਇਹ ਇਨਕਲਾਬੀ ਭਾਵਨਾ, 19 ਸਾਲ ਦੇ ਗਭਰੂਟ ਨੂੰ , ਕੌਮੀ ਇਨਕਲਾਬੀ ਲਹਿਰ ਦੇ ਉਸ ਇਨਕਲਾਬੀ ਦਸਤੇ ਦੀ ਕਮਾਂਡ ਸਾਂਭਣ ਦਾ ਬਲ ਬਖਸ਼ਦੀ ਹੈ, ਜਿਸ ਦਾ ਮੱਥਾ ਇਕ ਪਾਸੇ ਬਰਤਾਨਵੀ ਸਲਤਨਤ ਵਰਗੀ ਸੰਸਾਰ ਤਾਕਤ ਨਾਲ, ਦੂਜੇ ਪਾਸੇ ਗਾਂਧੀਵਾਦੀ ਕਾਂਗਰਸੀ ਲੀਡਰਸ਼ਿੱਪ ਵਰਗੇ ਮੱਕਾਰ ਦੁਸ਼ਮਣਾਂ ਨਾਲ ਲੱਗਿਆ ਹੋਇਆ ਸੀ। ਮੁਲਕ ਦੀ ਇਨਕਲਾਬੀ ਲਹਿਰ ਦੀ ਵਾਗਡੋਰ ਸੰਭਾਲਣ ਦੀ ਲੋੜ ਨੇ ਉਸ ਦੀ ਜਗਿਆਸੂ ਭਾਵਨਾ ਨੂੰ ਪ੍ਰਚੰਡ ਕਰ ਦਿੱਤਾ ਅਤੇ ਉਸ ਅੰਦਰ ਅਧਿਐਨ ਕਰਨ ਦੀ ਭੁੱਖ ਭੜਕ ਉੱਠੀ। ਉਹ ਦੱਸਦਾ ਹੈ ਕਿ "ਅਧਿਐਨ ਕਰਨ ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉੱਭਰਦੀਆਂ ਰਹੀਆਂ। ਅਧਿਐਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਿਮਾਇਤ ਵਿਚ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਐਨ ਕਰ। ਮੈਂ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ ਅਤੇ ਵਿਸ਼ਵਾਸ਼ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਭ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ ਤਸ਼ੱਦਦ ਦੇ ਤੌਰ ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ। "

ਕਿਸੇ ਬੰਦੇ ਅੰਦਰ ਇਨਕਲਾਬੀ ਭਾਵਨਾ ਕਿਸ ਹੱਦ ਤੱਕ ਰਮ ਚੁੱਕੀ ਹੈ, ਇਸ ਗੱਲ ਦਾ ਤਿੱਖਾ ਪ੍ਰਗਟਾਵਾ ਉਦੋਂ ਹੁੰਦਾ ਹੈ , ਜਦੋਂ ਹਾਲਤ ਦੇ ਕਿਸੇ ਗੇੜ ਵਿਚ ਉਹ ਅਜਿਹੇ ਚੌਰਾਹੇ ਉਤੇ ਆ ਖੜਦਾ ਹੈ, ਜਿੱਥੇ ਉਸ ਨੂੰ ਜਿੰਦਗੀ ਜਾਂ ਮੌਤ ਦੀ ਚੇਤਨ ਚੋਣ ਕਰਨੀ ਪੈਂਦੀ ਹੈ, ਜਿੱਥੇ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਲਈ ਉਸ ਵੱਲੋਂ ਮੌਤ ਨੂੰ ਧਾਅ ਗਲਵੱਕੜੀ ਪਾਉਣੀ ਜ਼ਰੂਰੀ ਹੋ ਜਾਂਦੀ ਹੈ ਅਤੇ ਮੌਤ ਤੋਂ ਬਚ ਸਕਣ ਦਾ



ਲਾਲਚ ਲਹਿਰ ਨੂੰ ਠੇਸ ਪਹੁੰਚਾਉਂਦਾ ਹੈ। ਅਜਿਹੇ ਮੌਕੇ ਇਨਕਲਾਬੀ ਭਾਵਨਾ ਬੰਦੇ ਨੂੰ ਮੌਤ ਦੀ ਚੇਤਨ ਚੋਣ ਕਰਨ ਦਾ ਬਲ ਬਖਸ਼ਦੀ ਹੈ। ਗੁੱਸੇ ਨਾਲ ਪਾਗਲ ਹੋਇਆ ਜਾਂ ਕਿਸੇ ਜਨੂੰਨ ਹੇਠ, ਦਿਮਾਗੀ ਸਮਤੋਲ ਗੁਆ ਬੈਠਾ ਕੋਈ ਬੰਦਾ ਵੀ ਮੌਤ ਸਹੇੜ ਸਕਦਾ ਹੈ ਜਾਂ ਕਬੂਲ ਕਰ ਸਕਦਾ ਹੈ। ਪਰ ਇਹ, ਇੱਕ ਗੱਲ ਹੈ। ਅਤੇ ਠੰਢੇ ਦਿਮਾਗ ਨਾਲ ਸੋਚ ਵਿਚਾਰ ਕੇ ਮੌਤ ਦੀ ਚੋਣ ਕਰਨੀ, ਮੌਤ ਦੀ ਲਿਖੀ ਘੜੀ ਵੱਲ ਸ਼ਾਂਤ ਚਿੱਤ ਠਰ੍ਹੰਮੇ ਅਤੇ ਸਾਬਤ ਕਦਮੀ ਨਾਲ ਅੱਗੇ ਵਧਣਾ ਤੇ ਇਨਕਲਾਬੀ ਲਹਿਰ ਦੀਆਂ ਲੋੜਾਂ ਤਹਿਤ ਮਰਨ ਦਾ ਮੌਕਾ ਨਸੀਬ ਹੋਣ ਨੂੰ ਆਪਣਾ ਧੰਨਭਾਗ ਸਮਝਣਾ, ਉੱਕਾ ਹੀ ਇੱਕ ਹੋਰ ਗੱਲ ਹੈ ਅਤੇ ਇਨਕਲਾਬੀ ਭਾਵਨਾ ਦਾ ਕ੍ਰਿਸ਼ਮਾ ਹੈ। ਅਜਿਹੀ ਮੌਤ ਨੂੰ ਮਖੌਲਾਂ ਕਰ ਸਕਣ ਵਾਲੀ ਭਾਵਨਾ ਦਾ ਚਿੰਨ ਹੈ ਭਗਤ ਸਿੰਘ। ਫਾਂਸੀ ਦੀ ਸਜ਼ਾ ਸੁਣਾਏ ਜਾਣ 'ਤੇ ਆਪਣਾ ਪ੍ਰਤੀਕਰਮ ਜਾਹਰ ਕਰਦਾ ਹੋਇਆ ਉਹ ਆਪਣੀ ਇਕ ਚਿੱਠੀ ਵਿਚ ਲਿਖਦਾ ਹੈ, "ਮੈਨੂੰ ਸਜ਼ਾ ਸੁਣਾ ਦਿੱਤੀ ਗਈ ਹੈ ਅਤੇ ਫਾਂਸੀ ਦਾ ਹੁਕਮ ਹੋਇਆ ਹੈ। ਇਹਨਾਂ ਕੋਠੜੀਆਂ ਵਿਚ ਮੈਥੋਂ ਬਿਨਾਂ ਫਾਂਸੀ ਦੀ ਉਡੀਕ ਕਰਨ ਵਾਲੇ ਬਹੁਤ ਸਾਰੇ ਮੁਲਜ਼ਮ ਹਨ। ਇਹ ਲੋਕ ਇਹੀ ਅਰਦਾਸ ਕਰ ਰਹੇ ਹਨ ਕਿ ਕਿਸੇ ਤਰਾਂ ਫਾਂਸੀ ਤੋਂ ਬਚ ਜਾਣ ਅਤੇ ਉਹਨਾਂ ਵਿਚ ਸ਼ਾਇਦ ਮੈਂ ਇਕ ਅਜਿਹਾ ਆਦਮੀ ਹਾਂ, ਬੜੀ ਬੇਸਬਰੀ ਨਾਲ ਉਸ ਦਿਨ ਦੀ ਉਡੀਕ ਕਰ ਰਿਹਾ ਹਾਂ, ਜਦ ਮੈਨੂੰ ਆਪਣੇ ਆਦਰਸ਼ ਵਾਸਤੇ ਫਾਂਸੀ ਦੇ ਰੱਸੇ ਉਤੇ ਝੂਲਣ ਦਾ ਸੁਭਾਗ ਹਾਸਲ ਹੋਵੇਗਾ। ਮੈਂ ਇਸ ਖੁਸ਼ੀ ਨਾਲ ਫਾਂਸੀ ਦੇ ਤਖ਼ਤੇ ਉੱਤੇ ਚੜ ਕੇ ਦੁਨੀਆਂ ਨੂੰ ਦਿਖਾ ਦੇਵਾਂਗਾ ਕਿ ਇਨਕਲਾਬੀ ਆਪਣੇ ਆਦਰਸ਼ਾਂ ਲਈ ਕਿੰਨੀ ਵੀਰਤਾ ਨਾਲ ਕੁਰਬਾਨੀ ਦੇ ਸਕਦੇ ਹਨ।"

ਜਦੋਂ ਇਨਕਲਾਬੀ ਭਾਵਨਾ ਬੰਦੇ ਦੇ ਰੋਮ ਰੋਮ ਵਿਚ ਰਚ ਜਾਂਦੀ ਹੈ ਤਾਂ ਉਸ ਲਈ ਜਿੰਦਗੀ ਅਤੇ ਮੌਤ ਦੇ ਅਰਥ ਬਦਲ ਜਾਂਦੇ ਹਨ। ਜੁਲਮ, ਜਬਰ ਅਤੇ ਗੁਲਾਮੀ ਅੱਗੇ ਨਿੱਸਲ ਹੋ ਕੇ ਜਿਉਣ ਨੂੰ ਉਹ ਮਰਨਾ ਸਮਝਦਾ ਹੈ ਅਤੇ ਆਪਣੇ ਪੂਰੇ ਵਿਤ ਅਤੇ ਸਮਰੱਥਾ ਨੂੰ ਇਨਕਲਾਬੀ ਸੰਗਰਾਮ ਵਿਚ ਝੋਕ ਦੇਣਾ ਹਰ ਕਿਸਮ ਦੇ ਕਸ਼ਟਾਂ ਤੇ ਕਠਿਨਾਈਆਂ ਨੂੰ ਖਿੜੇ ਮੱਥੇ ਝੱਲਣਾ ਅਤੇ ਲੋੜ ਪੈਣ ਉਤੇ ਇਨਕਲਾਬ ਦੀ ਵੇਦੀ ਉਤੋਂ ਕੁਰਬਾਨ ਹੋ ਜਾਣ ਨੂੰ ਅਸਲੀ ਅਰਥਾਂ ਵਿਚ ਜਿੰਦਗੀ ਸਮਝਦਾ ਹੈ। ਇਨਕਲਾਬੀ ਆਦਰਸ਼ਾਂ ਲਈ ਜੂਝਣ ਦਾ ਇਕੋ ਇਕ ਹੋਂਦ ਰੂਪ ਜਾਂ ਜਿਉਣ ਦਾ ਇਕੋ ਇੱਕ ਢੰਗ ਰਹਿ ਜਾਂਦਾ ਹੈ। ਉਸ ਲਈ ਜਾਤੀ ਤੌਰ 'ਤੇ, ਜਿਉਂਦੇ ਰਹਿਣ ਜਾਂ ਮਰ ਜਾਣ ਵਿਚ ਅੰਤਰ ਬਹੁਤ ਹੱਦ ਤੱਕ ਘਟ ਜਾਂਦਾ ਹੈ ਕਿਉਂਕਿ ਦੋਵੇਂ ਹਾਲਤਾਂ ਉਸ ਲਈ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਦਾ ਸਾਧਨ ਰੂਪ ਹੀ ਹੁੰਦੀਆਂ ਹਨ। 8 ਅਪ੍ਰੈਲ 1929 ਨੂੰ ਅਸੈਂਬਲੀ ਵਿਚ ਬੰਬ ਸੁੱਟ ਕੇ ਗ੍ਰਿਫਤਾਰ ਹੋ ਜਾਣ ਤੋਂ ਲੈ ਕੇ 23 ਮਾਰਚ 1931 ਨੂੰ ਫਾਂਸੀ ਉਤੇ ਝੂਲ ਜਾਣ ਦਾ, ਭਗਤ ਸਿੰਘ ਦੀ ਜਿੰਦਗੀ ਦਾ ਅਰਸਾ, ਉਸ ਲਈ ਜਿੰਦਗੀ ਤੇ ਮੌਤ ਦੇ ਰਲਗੱਡ ਹੋ ਜਾਣ ਦਾ ਸਭ ਤੋਂ ਸੰਘਣਾ ਇਜ਼ਹਾਰ ਹੈ। ਗ੍ਰਿਫਤਾਰ ਹੋ ਜਾਣ ਵਾਲੇ ਦਿਨ ਤੋਂ ਲੈ ਕੇ ਉਸ ਨੂੰ ਇਹ ਪੱਕਾ ਪਤਾ ਸੀ ਕਿ ਉਸ ਨੂੰ ਹਰ ਹਾਲ ਫਾਂਸੀ ਦੀ ਸਜ਼ਾ ਮਿਲਣੀ ਹੈ ਕਿਉਂਕਿ ਉਹ ਤੇ ਉਹਦੇ ਸਾਥੀ, ਹਕੂਮਤ ਵੱਲੋਂ ਲਾਏ ਜਾਣ ਵਾਲੇ ਸੰਗੀਨ ਜੁਰਮਾਂ ਦੀ ਕੋਈ ਵੀ ਸਫਾਈ ਨਾ ਦੇਣ ਦੀ ਨੀਤੀ ਉਤੇ ਚੱਲ ਰਹੇ ਸਨ। ਇਸ ਤਰਾਂ ਨਿਸ਼ਚਤ ਰੂਪ ਵਿਚ ਸਾਹਮਣੇ ਖੜੀ ਮੌਤ ਦੇ ਪ੍ਰਛਾਵੇਂ ਹੇਠ ਵੀ ਉਸ ਨੇ ਆਪਣੇ ਆਪ ਨੂੰ ਇਨਕਲਾਬੀ ਰੁਝੇਵਿਆਂ ਵਿਚ ਇਉਂ ਝੋਕਿਆ ਹੋਇਆ ਸੀ ਜਿਵੇਂ ਲੰਮੀ ਉਮਰ ਜਿਉਂਦੇ ਰਹਿਣ ਦੀ ਆਸ ਨਾਲ , ਲੰਮੀਆਂ ਸਕੀਮਾਂ ਤਹਿਤ ਹੀ ਕੋਈ ਵਿਅਕਤੀ ਆਪਣੇ ਆਪ ਨੂੰ ਝੋਕ ਸਕਦਾ ਹੈ। ਇਸ ਜੇਲ ਅਰਸੇ ਦੌਰਾਨ ਉਹ ਭਾਰਤੀ ਇਨਕਲਾਬ ਦੀਆਂ ਸਮਸਿਆਵਾਂ ਨੂੰ ਹੱਲ ਕਰਨ ਲਈ ਅਧਿਐਨ ਤੇ ਸੋਚ ਵਿਚਾਰ ਕਰਨ, ਜੇਲ ਅੰਦਰਲੇ ਆਪਣੇ ਸਾਥੀਆਂ ਨਾਲ ਬਹਿਸ ਵਿਚਾਰਾਂ ਕਰਨ, ਮੁਲਕ ਦੇ ਇਨਕਲਾਬੀ ਕਰਿੰਦਿਆਂ ਨੂੰ ਅਗਵਾਈ ਦੇਣ ਅਤੇ ਭੁੱਖ ਹੜਤਾਲਾਂ ਦੇ ਹਥਿਆਰ ਰਾਹੀਂ ਹਕੂਮਤ ਨਾਲ ਭਿੜਨ ਅਤੇ ਮੁਕੱਦਮੇ ਦੌਰਾਨ ਅਦਾਲਤਾਂ ਨੂੰ ਆਪਣੀ ਪਾਰਟੀ ਦੇ ਵਿਚਾਰਾਂ ਦੇ ਪ੍ਰਚਾਰ ਦੇ ਪਲੇਟਫਾਰਮ ਵਜੋਂ ਵਰਤਣ ਦੇ ਰੁਝੇਵਿਆਂ ਵਿਚ ਐਨਾ ਗੁਆਚਿਆ ਹੋਇਆ ਸੀ ਜਿਵੇਂ ਪਲ ਪਲ ਉਸ ਵੱਲ ਵਧਦੀ ਆ ਰਹੀ ਮੌਤ ਦਾ ਵੀ ਚੇਤਾ ਹੀ ਭੁੱਲ ਜਾਂਦਾ ਹੋਵੇ। ਫਾਂਸੀ ਲੱਗਣ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਉਸਨੇ ਆਪਣੇ ਵਕੀਲ ਪ੍ਰਾਣ ਨਾਥ ਮਹਿਤਾ ਨੂੰ ਲੈਨਿਨ ਦੀ ਜੀਵਨੀ ਲਿਆ ਕੇ ਦੇਣ ਲਈ ਕਿਹਾ ਜੋ ਆਖਰੀ ਦਿਨ ਸ਼੍ਰੀ ਮਹਿਤਾ ਉਸ ਨੂੰ ਦੇ ਗਏ। ਆਖਰੀ ਵਕਤ ਤੱਕ ਭਗਤ ਸਿੰਘ ਬੜੀ ਨਿਸ਼ਠਾ ਅਤੇ ਇਕਾਗਰ ਮਨ ਨਾਲ ਲੈਨਿਨ ਦੀ ਜੀਵਨੀ ਪੜ ਰਿਹਾ ਸੀ ਅਤੇ ਜਦ ਜੇਲ ਦੇ ਕਰਮਚਾਰੀ ਉਸ ਨੂੰ ਫਾਂਸੀ ਦੇਣ ਲਈ ਲੈਣ ਆਏ ਤਾਂ ਉਸ ਨੇ ਕਿਹਾ, "ਠਹਿਰੋ, ਇੱਕ ਇਨਕਲਾਬੀ ਨੂੰ ਦੂਸਰੇ ਇਨਕਲਾਬੀ ਨਾਲ ਮਿਲਣ ਵਿਚ ਰੌਲਾ ਨਾ ਪਾਓ।" ਇਨਕਲਾਬੀ ਭਾਵਨਾ ਦੀ ਭਰਪੂਰਤਾ ਸਦਕਾ ਜ਼ਿੰਦਗੀ ਅਤੇ ਮੌਤ ਦੇ ਫਰਕ ਮਿਟ ਜਾਣ ਦੀ ਇਸ ਤੋਂ ਸ਼ਾਨਦਾਰ ਉਦਾਹਰਣ ਹੋਰ ਕੀ ਹੋ ਸਕਦੀ ਹੈ।

ਬਿਲਕੁਲ ਨਿਰਸਵਾਰਥ ਹੋ ਕੇ ਉਸ ਨੇ ਆਪਣੀ ਜ਼ਿੰਦਗੀ ਦਾ ਆਖਰੀ ਪਲ ਇਨਕਲਾਬ ਦੇ ਲੇਖੇ ਲਾਇਆ। ਇਉਂ ਹੀ ਮਰਨ ਵੇਲੇ ਵੀ ਉਸ ਦਾ ਇਕੋ ਇਕ ਸਵਾਰਥ ਅਤੇ ਇੱਕੋ ਇੱਕ ਧਰਵਾਸ ਅਤੇ ਇੱਕੋ ਇੱਕ ਮਕਸਦ ਇਹੋ ਸੀ ਕਿ ਉਸ ਦੀ ਮੌਤ ਦੀ ਘਟਨਾ ਨੇ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਦਾ ਉਹੀ ਰੋਲ ਅਦਾ ਕਰਨਾ ਹੈ, ਜਿਹੜਾ ਉਸ ਦੀਆਂ ਜੀਵਨ ਸਰਗਰਮੀਆਂ ਕਰਦੀਆਂ ਰਹੀਆਂ ਹਨ। ਫਾਂਸੀ ਦੀ ਸਜ਼ਾ ਸੁਣਾਏ ਜਾਣ ਤੋਂ ਕੁੱਝ ਦਿਨ ਪਹਿਲਾਂ ਉਹ ਆਪਣੀ ਇੱਕ ਲਿਖਤ "ਮੈਂ ਨਾਸਤਕ ਕਿਉਂ ਹਾਂ?" ਵਿਚ ਇਸ ਮਸਲੇ ਨੂੰ ਸੰਬੋਧਨ ਹੁੰਦਾ ਹੈ:

"ਪਹਿਲਾਂ ਹੀ ਚੰਗੀ ਤਰ੍ਹਾਂ ਪਤਾ ਹੈ ਕਿ (ਸਾਡੇ ਮੁਕੱਦਮੇਂ) ਦਾ ਕੀ ਫੈਸਲਾ ਹੋਵੇਗਾ.... ਮੈਂ ਆਪਣੀ ਜ਼ਿੰਦਗੀ ਆਦਰਸ਼ ਖਾਤਰ ਕੁਰਬਾਨ ਕਰ ਦੇਣੀ ਹੈ। ਇਸ ਵਿਚਾਰ ਤੋਂ ਬਿਨਾਂ ਮੇਰਾ ਹੋਰ ਕਿਹੜਾ ਧਰਵਾਸ ਹੈ? ਕਿਸੇ ਆਸਤਕ ਹਿੰਦੂ ਨੂੰ ਤਾਂ ਦੂਸਰੇ ਜਨਮ ਵਿਚ ਬਾਦਸ਼ਾਹ ਬਣਨ ਦੀ ਆਸ ਹੋ ਸਕਦੀ ਹੈ, ਕੋਈ ਮੁਸਲਮਾਨ ਜਾਂ ਇਸਾਈ ਤਾਂ ਆਪਣੀਆਂ ਮੁਸ਼ਕਲਾਂ ਤੇ ਕੁਰਬਾਨੀਆਂ ਬਦਲੇ ਸਵਰਗ ਦੀਆਂ ਐਸ਼ੋਇਸ਼ਰਤਾਂ ਦੀ ਕਲਪਨਾ ਕਰ ਸਕਦਾ ਹੈ। ਪਰ ਮੈਂ ਕਿਸ ਗੱਲ ਦੀ ਆਸ ਰੱਖਾਂ? ਮੈਨੂੰ ਪਤਾ ਹੈ ਕਿ ਜਿਸ ਪਲ ਮੇਰੇ ਗਲ ਫਾਂਸੀ ਦੀ ਫੰਦਾ ਪਾ ਦਿੱਤਾ ਜਾਵੇਗਾ ਤੇ ਪੈਰਾਂ ਹੇਠੋਂ ਫਾਂਸੀ ਦੇ ਫੱਟੇ ਖੋਲ ਦਿੱਤੇ ਗਏ, ਉਹ ਮੇਰਾ ਆਖਰੀ ਪਲ ਹੋਵੇਗਾ। ਮੇਰਾ ਜਾਂ .. .. ਮੇਰੀ ਆਤਮਾ ਦਾ ਬਿਲਕੁਲ ਖਾਤਮਾ ਹੋ ਜਾਵੇਗਾ। .. .. ਜੇ ਮੈਂ ਇਨਾਮ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਹਿੰਮਤ ਕਰਾਂ ਤਾਂ ਸ਼ਾਨਦਾਰ ਅੰਤ ਤੋਂ ਵਾਂਝੀ ਜੱਦੋਜਹਿਦ ਭਰੀ ਮੁਖਤਸਰ ਜ਼ਿੰਦਗੀ ਹੀ ਆਪਣੇ ਆਪ ਵਿਚ (ਮੇਰਾ) ਇਨਾਮ ਹੋਵੇਗੀ।"

ਫਾਂਸੀ ਤੋਂ ਇੱਕ ਦਿਨ ਪਹਿਲਾਂ, ਲਾਹੌਰ ਸਾਜਿਸ਼ ਕੇਸ ਦੇ ਦੂਸਰੇ ਬੰਦੀ ਇਨਕਲਾਬੀਆਂ ਨੇ ਭਗਤ ਸਿੰਘ ਕੋਲ ਇੱਕ ਚਿਟ ਭੇਜੀ, ਲਿਖਿਆ ਸੀ, "ਸਰਦਾਰ, ਜੇ ਤੁਸੀਂ ਫਾਂਸੀ ਤੋਂ ਬਚਣਾ ਚਾਹੁੰਦੇ ਹੋ ਤਾਂ ਦੱਸੋ? ਇਹਨਾਂ ਘੜੀਆਂ ਵਿਚ ਸ਼ਾਇਦ ਕੁੱਝ ਹੋ ਸਕੇ।" ਇਸਦੇ ਜੁਆਬ ਵਿਚ ਲਿਖੀ ਚਿੱਠੀ, ਮੌਤ ਨਾਲ ਬਗਲਗੀਰ ਹੋਣ ਤੋਂ ਐਨ ਪਹਿਲਾਂ ਭਗਤ ਸਿੰਘ ਦੇ ਅੰਦਰਲੇ ਮਨ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੀ ਹੈ:

"ਜਿਉਂਦਿਆਂ ਰਹਿਣ ਦੀ ਖਾਹਸ਼ ਕੁਦਰਤੀ ਤੌਰ 'ਤੇ ਮੈਨੂੰ ਵੀ ਹੋਣੀ ਚਾਹੀਦੀ ਹੈ। ਮੈਂ ਇਸ ਨੂੰ ਲੁਕਾਉਣਾ ਨਹੀਂ ਚਾਹੁੰਦਾ। ਪਰ ਮੇਰਾ ਜਿਉਂਦਿਆਂ ਰਹਿਣਾ ਇਕ ਸ਼ਰਤ ਉਤੇ ਹੈ। ਮੈਂ ਕੈਦ ਹੋ ਕੇ ਜਾਂ ਪਾਬੰਦ ਹੋ ਕੇ ਜਿਉਂਦਾ ਨਹੀਂ ਰਹਿਣਾ ਚਾਹੁੰਦਾ।"

"ਮੇਰਾ ਨਾਂ ਹਿੰਦੁਸਤਾਨੀ ਇਨਕਲਾਬ ਦਾ ਨਾਂ ਬਣ ਚੁੱਕਿਆ ਹੈ ਅਤੇ ਇਨਕਲਾਬ ਪਸੰਦ ਪਾਰਟੀ ਦੇ ਆਦਰਸ਼ਾਂ ਤੇ ਕੁਰਬਾਨੀਆਂ ਨੇ ਮੈਨੂੰ ਬਹੁਤ ਉੱਚਿਆਂ ਕਰ ਦਿੱਤਾ ਹੈ। ਏਨਾ ਉੱਚਾ ਕਿ ਜਿਉਂਦਿਆਂ ਰਹਿਣ ਦੀ ਸੂਰਤ ਵਿੱਚ ਇਸ ਨਾਲੋਂ ਉੱਚਾ ਮੈਂ ਕਦੇ ਵੀ ਨਹੀਂ ਹੋ ਸਕਦਾ। .. ..ਮੇਰੇ ਦਲੇਰੀ ਭਰੇ ਢੰਗ ਨਾਲ ਹਸਦਿਆਂ ਫਾਂਸੀ ਚੜਨ ਦੀ ਸੂਰਤ ਵਿਚ ਹਿੰਦੁਸਤਾਨੀ ਮਾਵਾਂ ਆਪਣੇ ਬੱਚਿਆਂ ਦੇ ਭਗਤ ਸਿੰਘ ਬਣਨ ਦੀ ਆਰਜ਼ੂ ਕਰਿਆ ਕਰਨਗੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲਿਆਂ ਦੀ ਗਿਣਤੀ ਏਨੀ ਵਧ ਜਾਵੇਗੀ ਕਿ ਇਨਕਲਾਬ ਨੂੰ ਰੋਕਣਾ ਸਾਮਰਾਜਵਾਦ ਦੀਆਂ ਸਭ ਸ਼ੈਤਾਨੀ ਤਾਕਤਾਂ ਦੇ ਵੱਸ ਦੀ ਗੱਲ ਨਹੀਂ ਰਹੇਗੀ.. .. ਮੈਥੋਂ ਵੱਧ ਖੁਸ਼ਕਿਸਮਤ ਕੌਣ ਹੋਵੇਗਾ? ਅੱਜ ਕਲ ਮੈਨੂੰ ਆਪਣੇ ਆਪ ਉਤੇ ਬਹੁਤ ਨਾਜ਼ ਹੈ। ਹੁਣ ਤਾਂ ਬੜੀ ਬੇਤਾਬੀ ਨਾਲ ਆਖਰੀ ਇਮਤਿਹਾਨ ਦੀ ਉਡੀਕ ਹੈ। ਆਰਜ਼ੂ ਹੈ ਕਿ ਇਹ ਹੋਰ ਨੇੜ ਹੋ ਜਾਵੇ।"

ਅੱਜ ਭਗਤ ਸਿੰਘ ਜਿੰਦਾਬਾਦ ਜਾਂ ਭਗਤ ਸਿੰਘ ਅਮਰ ਰਹੇ ਦਾ ਨਾਅਰਾ ਧੁਰ ਅੰਦਰੋਂ ਬੁਲੰਦ ਕਰਨ ਵਾਲੇ ਹਰ ਵਿਅਕਤੀ ਨੂੰ ਇਹ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ ਕਿ ਇਸ ਨਾਅਰੇ ਦੇ ਬੁਲੰਦ ਕਰਨ ਦਾ ਮਤਲਬ ਆਪਣੇ ਆਪ ਨੂੰ ਸਾਡੇ ਸ਼ਾਨਾਮੱਤੇ ਸ਼ਹੀਦ ਦੇ ਰੂਬਰੂ ਖੜ੍ਹਾ ਕਰਕੇ, ਫਾਂਸੀ ਦੇ ਤਖਤੇ ਤੋਂ ਪਾਏ ਉਸ ਦੇ ਆਖਰੀ ਸੁਆਲ ਦਾ ਜੁਆਬ ਦੇਣਾ ਹੈ ਕਿ ਉਹ ਭਗਤ ਸਿੰਘ ਨੂੰ ਅਮਰ ਰੱਖਣ ਲਈ ਕੀ ਕਰ ਰਿਹਾ ਹੈ। ਇਨਕਲਾਬੀ ਭਾਵਨਾ ਦੇ ਇਕ ਸ਼ਾਨਦਾਰ ਨਮੂਨੇ ਵਜੋਂ ਭਗਤ ਸਿੰਘ ਸਾਡਾ ਕੌਮੀ ਆਦਰਸ਼ ਹੈ। ਉਸ ਨੂੰ ਅਮਰ ਰੱਖਣ ਦਾ ਮਤਲਬ, ਸਭ ਤੋਂ ਪਹਿਲਾਂ ਅਜਿਹੀ ਭਾਵਨਾ ਨੂੰ ਖੁਦ ਆਪਣੇ ਅੰਦਰ ਵਸਾਉਣਾ ਤੇ ਵਿਗਸਾਉਣਾ ਹੈ ਅਤੇ ਕਦਮ ਬ ਕਦਮ ਇਸ ਆਦਰਸ਼ ਵੱਲ ਅੱਗੇ ਵਧਣਾ ਹੈ। 23 ਮਾਰਚ ਤੇ 28 ਸਤੰਬਰ ਦੇ ਦਿਨ ਨੇ ਹਰ ਇਕ ਤੋਂ ਇਹ ਸੁਆਲ ਪੁੱਛਣਾ ਹੈ ਕਿ ਇਨਕਲਾਬ ਲਈ ਕਸ਼ਟਾਂ ਤੇ ਕਠਿਨਾਈਆਂ ਨੂੰ ਓਟਣ ਤੇ ਖਿੜੇ ਮੱਥੇ ਝੱਲਣ ਲਈ ਉਸ ਨੇ ਆਪਣੇ ਆਪ ਨੂੰ ਕਿਸ ਹੱਦ ਤੱਕ ਤਿਆਰ ਕੀਤਾ ਹੈ। ਇਹ ਪੁੱਛਣਾ ਹੈ ਕਿ ਕੀ ਉਸ ਨੇ ਲੋੜ ਪੈਣ 'ਤੇ ਇਨਕਲਾਬ ਲਈ ਮਰ ਜਾਣ ਦਾ ਅਹਿਸਾਸ ਕਦੇ ਹੰਢਾਇਆ ਹੈ ਜਾਂ ਨਹੀਂ?

ਸ਼ਹੀਦੇ ਆਜ਼ਮ ਭਗਤ ਸਿੰਘ ਅਕਸਰ ਇਕ ਸ਼ੇਅਰ ਗੁਣਗੁਣਾਇਆ ਕਰਦੇ ਸਨ ਜਿਸ ਦਾ ਅਰਥ ਇਹ ਹੈ ਕਿ ਰਾਖ ਦੀ ਮੁਠੀ (ਮੁਸ਼ਤੇ ਖਾਕ) ਰੂਪੀ ਇਹ ਸਰੀਰ ਨਾਸ਼ ਹੋ ਸਕਦਾ ਹੈ ਪਰ ਮਨੁੱਖ ਦੇ ਵਿਚਾਰ ਹਮੇਸ਼ਾ ਜਿਉਂਦੇ ਰਹਿੰਦੇ ਹਨ। ਉਸ ਨੇ ਖੂਬਸੂਰਤ ਜਿੰਦਗੀ ਲਈ ਜੂਝਣ ਦੀ ਖੂਬਸੂਰਤੀ ਨੂੰ ਉਘਾੜਿਆ ਸੀ। ਆਓ, ਭਗਤ ਸਿੰਘ ਦੀ ਇਸ ਸ਼ਾਨਦਾਰ ਇਨਕਲਾਬੀ ਸਪਿਰਟ ਤੋਂ ਪ੍ਰੇਰਨਾ ਲੈਂਦੇ ਹੋਏ, ਉਨ੍ਹਾਂ ਬੋਲਾਂ ਨੂੰ ਮਨ 'ਚ ਵਸਾਈਏ ਤੇ ਬੁਲੰਦ ਕਰੀਏ ਕਿ -

**ਮੇਰੀ ਹਵਾ ਮੇਂ ਰਹੇਂਗੀ ਖਿਆਲ ਕੀ ਬਿਜਲੀ**
**ਯੇ ਮੁਸ਼ਤੇ ਖਾਕ ਹੈ ਫਾਨੀ, ਰਹੇ ਨਾ ਰਹੇ।**



ਹਰੀਪਾਲ
403-714-4816

## ਕੈਨੇਡਾ 'ਚ ਸਾਡਾ ਰਹਿਣ-ਸਹਿਣ

# ਸੱਭਿਆਚਾਰਕ ਕੂੜ ਕਬਾੜਾ

**ਸਭਿਆਚਾਰ ਕੀ ਹੈ? ਇਸ ਦੀ ਪਰਿਭਾਸ਼ਾ ਕੀ ਹੈ?**

ਸੱਭਿਆਚਾਰ ਕਿਸੇ ਖਾਸ ਖਿੱਤੇ ਦੇ ਲੋਕਾਂ ਦਾ ਰਹਿਣ ਸਹਿਣ, ਰਸਮ ਰਿਵਾਜ, ਔਰਤਾਂ ਬੰਦਿਆਂ ਬਜ਼ੁਰਗਾਂ ਨਾਲ ਸਲੂਕ ਲੋਕਾਂ ਦਾ ਆਪਸ ਵਿੱਚ ਭਾਈਚਾਰਾ ਖਾਧ, ਖੁਰਾਕ ਪਹਿਰਾਵਾ ਗੱਲ ਕੀ ਇਸ ਦੀ ਪਰਿਭਾਸ਼ਾ ਬਹੁਤ ਵਿਸ਼ਾਲ ਹੈ। ਧਰਮ ਵੱਖੋ -ਵੱਖ ਹੋ ਸਕਦੇ ਹਨ ਪਰ ਲੋਕਾਂ ਦੀ ਆਪਸੀ ਸਾਂਝ ਸੱਭਿਆਚਾਰ ਦਾ ਮੁੱਖ ਧੁਰਾ ਹੈ। ਜਿਸ ਤਰਾਂ ਪੂਰਬੀ ਅਤੇ ਪੱਛਮੀ ਪੰਜਾਬ ਦਾ ਸੱਭਿਆਚਾਰ ਸਾਂਝਾ ਹੈ। ਲਗਭਗ, ਪਹਿਰਾਵਾ, ਬੋਲੀ ਰਹਿਣ-ਸਹਿਣ ਲਗਭਗ ਇੱਕੋ ਜਿਹਾ ਹੀ ਹੈ।

ਪਰ ਅੱਜ ਆਪਾਂ ਇੱਥੇ ਜਿਹੜੀ ਗੱਲ ਕਰਨੀ ਹੈ ਉਹ ਹੈ ਕੈਨੇਡਾ ਵਿੱਚ ਪੰਜਾਬੀ ਲੋਕਾਂ ਦਾ ਰਹਿਣ-ਸਹਿਣ ਖਾਸ ਕਰਕੇ ਪੂਰਬੀ ਪੰਜਾਬ ਦਾ। ਕੈਨੇਡਾ ਵਿੱਚ ਜਦ ਲੋਕ ਆਉਂਦੇ ਹਨ ਤਾਂ ਸੱਭਿਆਚਾਰ ਦਾ ਬਹੁਤ ਰੌਲਾ-ਗੌਲਾ ਪਾਇਆ ਜਾਂਦਾ ਹੈ ਕਿ ਸਾਨੂੰ ਆਪਣਾ ਸੱਭਿਆਚਾਰ ਕਾਇਮ ਰੱਖਣਾ ਚਾਹੀਦਾ ਹੈ ਪਰ ਇਹ ਕੋਈ ਲਿਖਤੀ ਗਾਈਡ ਲਾਈਨਾਂ ਤਾਂ ਹੈ ਨੀ । ਜਿੰਨਾ ਨੂੰ ਕੋਈ ਫਾਲੋ ਕਰੇ। ਜੇਕਰ ਫਾਲੋ ਵੀ ਕਰੇ। ਤਾਂ ਕਿਉਂ ਕਰੇ ਕਿਉਂ ਨਹੀਂ ਅਸੀਂ ਆਪਣੀ ਮਰਜ਼ੀ ਨਾਲ ਜੀਅ ਸਕਦੇ। ਪਰ ਮੰਨੋ ਜਾਂ ਨਾ ਮੰਨੋ ਜਿਹੜੇ ਸੰਸਕਾਰ ਅਸੀਂ ਨਾਲ ਲਿਆਂਦੇ ਹਨ ਉਹ ਵੀ ਸਾਨੂੰ ਟਿਕ ਕੇ ਜਿਉਣ ਨਹੀਂ ਦਿੰਦੇ । ਸਾਡੀਆਂ ਮੁਸ਼ਕਿਲਾਂ ਹੋਰ ਵੀ ਵੱਧ ਜਾਂਦੀਆਂ ਹਨ ਜਦ ਅਸੀਂ ਇਹ ਸੰਸਕਾਰਾਂ ਦਾ ਕੂੜਾ ਕਬਾੜਾ ਆਪਣੇ ਬੱਚਿਆਂ ਤੇ ਵੀ ਠੋਸਦੇ ਹਾਂ। ਆਉ ਆਪਾਂ ਕੈਨੇਡਾ ਵਿੱਚ ਸਾਡਾ ਰਹਿਣ ਸਹਿਣ ਜਾਂ ਜਿਸ ਨੂੰ ਸੱਭਿਆਚਾਰ ਆਖ ਸਕਦੇ ਹਾਂ ਇਸ 'ਤੇ ਕੁਝ ਵਿਚਾਰ ਕਰੀਏ।

**ਔਰਤਾਂ ਵੱਲ ਵਤੀਰਾ:** ਇੱਧਰ ਸਾਡੀਆਂ ਔਰਤਾਂ ਜਦ ਕਿ ਮਰਦ ਦੇ ਬਰਾਬਰ ਕੰਮ ਕਰਦੀਆਂ ਹਨ ਪਰ ਸਾਡਾ ਵਤੀਰਾ ਔਰਤਾਂ ਨਾਲ ਪੰਜਾਬ ਵਾਲਾ ਨਹੀਂ ਹੈ। ਔਰਤਾਂ ਨੂੰ ਸਿਰਫ਼ ਆਪਣੀ ਜੌਬ ਹੀ ਨਹੀਂ ਘਰ ਦਾ ਵੀ ਸਾਰਾ ਕੰਮ ਕਰਨਾ ਪੈਂਦਾ ਹੈ। ਅਜੇ ਸਾਡੇ ਬੰਦੇ ਘਰ ਦੇ ਕੰਮਾਂ ਵਿੱਚ ਔਰਤਾ ਦੀ ਮੱਦਦ ਕਰਨੀ ਆਪਣੀ ਹੱਤਕ ਸਮਝਦੇ ਹਨ। ਬੰਦਾ ਕੰਮ ਤੋਂ ਆ ਕੇ ਬੂਟ ਵਗੈਰਾ ਲਾਹ ਕੇ ਸੋਫੇ 'ਤੇ ਬੈਠ ਜਾਂਦਾ ਹੈ, ਗਲਾਸ 'ਚ ਦਾਰੂ ਦਾ ਪੈਗ ਪਾ ਕੇ ਬੈਠਾ-ਬੈਠਾ ਔਰਤ ਤੋਂ ਪਾਣੀ ਅਤੇ ਨਮਕੀਨ ਦਾ ਹੁਕਮ ਵੀ ਕਰਦਾ ਹੈ। ਔਰਤ ਵੀ ਉਸਦੇ ਨਾਲ ਹੀ ਕੰਮ ਤੋਂ ਆਈ ਹੈ। ਘਰ ਆਂਉਣ ਸਾਰ ਘਰ ਦੇ ਕੰਮ ਵਿੱਚ ਜੁਟ ਜਾਂਦੀ ਹੈ। ਸਵੇਰੇ ਉੱਠਣ ਤੋਂ ਲੈ ਕੇ ਜਦ ਤੱਕ ਰਾਤ ਦੇ ਦਸ ਵਜੇ ਤੱਕ ਉਹ ਬੈਡ 'ਤੇ ਨਹੀਂ ਜਾਂਦੀ ਉਹ ਬਸ ਇੱਕ ਲੱਤ 'ਤੇ ਖੜ੍ਹੀ ਹੀ ਰਹਿੰਦੀ ਹੈ। ਇਹ ਠੀਕ ਹੈ। ਕਿ ਬੰਦਾ ਥੋੜ੍ਹੇ ਬਹੁਤ ਪੈਸੇ ਔਰਤ ਤੋਂ ਵੱਧ ਬਣਾਉਣਾ ਹੈ।

ਫਿਰ ਉਹ ਅਹਿਸਾਨ ਵੀ ਕਰਦਾ ਹੈ ਕਿ ਉਸ ਦੇ ਆਸਰੇ ਹੀ ਘਰ ਚੱਲਦਾ ਹੈ। ਵੀਕ ਐਂਡ 'ਤੇ ਕਿਸੇ ਦੇ ਘਰ ਜਾਣਾ ਪੈਂਦਾ ਹੈ ਜਾਂ ਕਿਸੇ ਦੇ ਘਰ ਆਉਣਾ ਪੈਂਦਾ ਹੈ। ਔਰਤਾਂ ਦਾ ਸਾਰਾ ਵੀਕ ਐਂਡ ਘਰ ਦੀ ਸਫ਼ਾਈ ਕਰਨ ਜਾਂ ਖਾਣਾ ਵਗੈਰਾ ਬਣਾਉਣ ਵਿੱਚ ਲੰਘ ਜਾਂਦਾ ਹੈ। ਬੰਦੇ ਬੈਠ ਕੇ ਪੈਂਗ-ਸ਼ੈਂਗ ਲਾਉਂਦੇ ਹਨ, ਨਿੱਕ-ਸੁੱਕ ਖਾਂਦੇ ਹਨ, ਔਰਤਾਂ ਸਾਰਾ ਟਾਈਮ ਰਸੋਈ ਵਿੱਚ ਇਨ੍ਹਾਂ ਮਹਾਂ ਪੁਰਸ਼ਾਂ ਦੇ ਖਾਣੇ ਤਿਆਰ ਕਰਨ ਲੱਗੀਆਂ ਰਹਿੰਦੀਆਂ ਹਨ। ਮਹਿਮਾਨ ਚਲੇ ਜਾਂਦੇ ਹਨ, ਘਰ ਦਾ ਮਾਲਕ ਬਿਸਤਰ 'ਚ ਵੜ ਜਾਂਦਾ ਹੈ। ਔਰਤ ਸਾਰੇ ਭਾਂਡੇ ਇਕੱਠੇ ਕਰਕੇ ਕਿਚਨ 'ਚ ਲੈ ਕੇ ਆਉਂਦੀ ਹੈ ਜਾਂ ਤਾਂ ਉਸੇ ਟਾਇਮ ਹੀ ਭਾਂਡੇ ਧੋਣੇ ਸ਼ੁਰੂ ਕਰ ਦਿੰਦੀ ਹੈ। ਜਾਂ ਅਗਲੀ ਸਵੇਰ ਉਠ ਕੇ ਭਾਂਡੇ ਧੋਣ ਦਾ ਅਤੇ ਘਰ ਦੀ ਸਫ਼ਾਈ ਦਾ ਕੰਮ ਸ਼ੁਰੂ ਕਰਦੀ ਹੈ। ਘਰ ਦਾ ਮਾਲਕ ਮੌਜ ਨਾਲ ਪਿਆ ਘੁਰਾੜੇ ਮਾਰਦਾ ਹੈ।

ਬਹੁਤ ਵਾਰੀ ਔਰਤ ਮਰਦ ਦਾ ਕਲੇਸ਼ ਵੱਧ ਕੇ ਗੱਲ ਤਲਾਕ ਤੱਕ ਚਲੀ ਜਾਂਦੀ ਹੈ। ਇੱਥੇ ਵੀ ਔਰਤ ਦੇ ਚਰਿੱਤਰ ਵਿੱਚ ਹੀ ਕਸੂਰ ਕੱਢਿਆ ਜਾਂਦਾ ਹੈ। ਤਲਾਕ ਦਾ ਮਤਲਬ ਹੈ ਕਿ ਨਾ ਤਾਂ ਔਰਤ ਦੀ ਜ਼ਿੰਦਗੀ 'ਤੇ ਬੰਦੇ ਦਾ ਹੱਕ ਰਿਹਾ ਅਤੇ ਨਾਂ ਹੀ ਬੰਦੇ ਦੀ ਜ਼ਿੰਦਗੀ ਅਤੇ ਔਰਤ ਦਾ। ਔਰਤ ਤਾਂ ਇਹ ਮੰਨ ਕੇ ਆਪ ਦੀ ਜ਼ਿੰਦਗੀ ਸ਼ੁਰੂ ਕਰ ਲੈਂਦੀ ਹੈ। ਪਰ ਆਦਮੀ ਤਲਾਕ ਤੋਂ ਬਾਅਦ ਵੀ ਔਰਤ 'ਤੇ ਆਪ ਦਾ ਹੱਕ ਨਹੀਂ ਛੱਡਦਾ। ਬਹੁਤ ਵਾਰੀ ਆਦਮੀ ਨੇ ਔਰਤਾਂ 'ਤੇ ਬਦਚਲਣੀ ਦਾ ਦੋਸ਼ ਲਗਾ ਕੇ ਸਾਬਕਾ ਪਤਨੀਆਂ ਦੇ ਕਤਲ ਵੀ ਕੀਤੇ ਹਨ। ਆਦਮੀ ਨੇ ਅਣਖ ਦੀ ਖਾਤਰ ਔਰਤ ਨੂੰ ਮਾਰ ਦਿੱਤਾ ਅਤੇ ਆਪ ਜੇਲ੍ਹ ਚਲਿਆ ਗਿਆ ਅਤੇ ਬੱਚੇ ਰੁਲਦੇ-ਫਿਰਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਪਤਨੀ ਨਾਲ ਤਲਾਕ ਹੋ ਗਿਆ ਤਾਂ ਉਸ ਨੂੰ ਆਪ ਦੀ ਜ਼ਿੰਦਗੀ ਜਿਉਣ ਦੇਵੋ, ਤੁਸੀਂ ਆਪ ਦੀ ਮਰਜ਼ੀ ਨਾਲ ਜੀਵੋ। ਪਰ ਨਹੀਂ ਇਥੇ ਵੀ ਜਗੀਰੂ ਰੁਚੀਆਂ ਛੇਤੀ ਖਤਮ ਨਹੀਂ ਹੁੰਦੀਆਂ। ਬਹੁਤ ਵਾਰ ਔਰਤਾਂ ਨੂੰ ਇਸ ਕਰਕੇ ਵੀ ਤਲਾਕ ਦੇ ਦਿੱਤਾ ਜਾਂਦਾ ਕਿ ਔਰਤਾਂ ਦੇ ਪੇਕਿਆਂ ਨੇ ਜਵਾਈ ਦੀ ਮਰਜ਼ੀ ਨਹੀਂ ਮੰਨੀ। ਰਹਿੰਦੀ ਕਸਰ ਸਾਡੇ ਗੀਤਕਾਰ ਗਾਇਕ ਕੱਢ ਦਿੰਦੇ ਹਨ ਜਿਹੜੇ ਔਰਤ ਨੂੰ ਟੂਣੇ ਹਾਰੀ ਜਾਂ 365 ਚਰਿੱਤਰ ਹੋਣ ਦਾ ਖਿਤਾਬ ਦਿੰਦੇ ਹਨ ਫਿਰ ਇਸ ਹਿਸਾਬ ਤਾਂ ਬੰਦੇ 'ਚ ਤਾਂ 730 ਚਰਿੱਤਰ ਹੋਏ ਕਿਉਂ ਕਿ ਸਮਾਜ ਤਾਂ ਆਦਮੀ ਦੀ ਪ੍ਰਧਾਨਗੀ ਹੇਠ ਚੱਲਦਾ ਹੈ। ਅਸੀਂ ਕੈਨੇਡੀਅਨ ਪੰਜਾਬੀਆਂ ਨੇ ਤਿੰਨ ਚਾਰ ਸੌ ਪਤਨੀਆਂ ਦੇ ਕਤਲ ਕੀਤੇ ਹਨ ਅਤੇ ਫਿਰ ਵੀ ਗੁਰਦੁਆਰੇ ਜਾ ਕੇ ਪੜ੍ਹਦੇ ਹਾਂ ਸੋ ਕਿਉਂ ਮੰਦਾ ਆਖੀਆਂ ਜਿੱਤ ਜੰਮੇ ਰਾਜਾਨ।

**ਧੀਆਂ ਵੱਲ ਵਤੀਰਾ:** ਧੀਆਂ ਵੱਲ ਵੀ ਸਾਡਾ ਵਤੀਰਾ ਅਜੀਬ ਹੈ। ਅਜੇ ਵੀ ਮੁੰਡੇ ਦੀ ਚਾਹਨਾਂ ਸਾਡੇ ਦਿਲਾਂ ਵਿੱਚੋ ਗਈ ਨਹੀਂ ਹੈ, ਨਾਲੇ ਸਾਨੂੰ ਪਤਾ ਹੈ ਕਿ ਜ਼ਿੰਦਗੀ ਦੇ ਆਖਰੀ ਪਲਾਂ ਵਿੱਚ ਧੀਆਂ ਤਾਂ ਥੋੜ੍ਹੀ ਬਹੁਤ ਖ਼ਬਰ ਸਾਰ ਲੈਂਦੀਆਂ ਹਨ, ਪਰ ਪੁੱਤਰ ਤਾਂ ਬਿਲਕੁੱਲ ਵੀ ਨਹੀਂ ਜਾਂ ਨਾਂ ਮਾਤਰ। ਜਿਸ ਦਿਨ ਅਸੀਂ ਧੀਆਂ ਨੂੰ ਪੁੱਤਰਾਂ ਬਰਾਬਰ ਸਮਝ ਲਿਆ, ਉਸ ਦਿਨ ਅਖਬਾਰਾਂ ਵਿੱਚ ਭਰੂਣ ਟੈਸਟ ਦੇ ਇਸ਼ਤਿਹਾਰ ਬੰਦ ਹੋ ਜਾਂਣਗੇ। ਪਰ ਜਿੰਨਾ ਚਿਰ ਭਰੂਣ ਟੈਸਟ ਦੇ ਇਸ਼ਤਿਹਾਰ ਅਖ਼ਬਾਰਾਂ ਵਿੱਚ ਲੱਗ ਰਹੇ ਹਨ ਉਨ੍ਹਾਂ ਚਿਰ ਤਾਂ ਮੰਨ ਲਵੋ ਕਿ ਅਸੀਂ ਧੀਆਂ ਨੂੰ ਪੁੱਤਰਾਂ ਦੇ ਬਰਾਬਰ ਸਮਝਿਆ ਹੀ ਨਹੀਂ ਹੈ।

ਹੁਣ ਧੀਆਂ ਜਦੋਂ ਵੱਡੀਆਂ ਹੋ ਕੇ ਸਕੂਲ ਜਾਂਦੀਆਂ ਹਨ ਅਤੇ ਖੇਡਣ ਦੀ ਉਮਰ ਦੀਆਂ ਹੋ ਜਾਂਦੀਆਂ ਹਨ ਤਾਂ ਉਹ ਨਾ ਹੀ ਤੈਰਾਕੀ ਅਤੇ ਨਾਂ ਹੀ ਫਿੱਗਰ ਸਕੇਟਿੰਗ ਵਰਗੀ ਗੇਮ ਵਿੱਚ ਹਿੱਸਾ ਲੈ ਸਕਦੀਆਂ ਹਨ। ਕਿਉਂਕਿ ਅਸੀਂ ਸਵਿੰਮਿੰਗ ਅਤੇ ਫਿੱਗਰ ਸਕੇਟਿੰਗ ਦੇ ਸੂਟਾਂ ਵਿੱਚ ਬਿਗਾਨੀਆਂ ਧੀਆਂ ਨੂੰ ਤਾਂ ਦੇਖ ਸਕਦੇ ਹਾਂ ਪਰ ਆਪਦੀਆਂ ਧੀਆਂ ਨੂੰ ਨਹੀਂ।



ਵਿਆਹ ਦੀ ਉਮਰ ਵਿੱਚ ਹੋਈਆਂ ਧੀਆਂ ਬਾਰੇ ਸੋਚਦੇ ਹਾਂ ਕਿ ਕਿਸੇ ਰਿਸ਼ਤੇਦਾਰ ਜਾਂ ਦੋਸਤ ਦੇ ਮੁੰਡੇ ਨਾਲ ਵਿਆਹ ਕੇ ਉਨ੍ਹਾਂ ਸਿਰ ਥੋੜ੍ਹਾ ਬਹੁਤਾ ਅਹਿਸਾਨ ਕਰ ਦੇਈਏ ਜਾਂ ਉਨ੍ਹਾਂ ਦਾ ਕੀਤਾ ਅਹਿਸਾਨ ਲਾਹ ਦੇਈਏ। ਸਾਡੀਆਂ ਅੱਧੀਆਂ ਲੜਕੀਆਂ ਤਾਂ ਬਹੁਤ ਵਾਰੀ ਸਹੁਰਿਆਂ ਨਾਲ ਸਾਲੀਆਂ ਦੇ ਸਾਕ ਪਿੱਛੇ ਹੁੰਦੀਆਂ ਹਨ ਅਤੇ ਇਸ ਦਾ ਖਮਿਆਜਾ ਸਾਡੀਆਂ ਪਤਨੀਆਂ ਭੁਗਤਦੀਆਂ ਹਨ। ਬਹੁਤ ਵਾਰੀ ਅਸੀਂ ਝੱਲ ਨਹੀਂ ਸਕਦੇ ਕਿ ਸਾਡੀ ਧੀ ਦਾ ਕੋਈ ਬੁਆਏ ਫਰੈਂਡ ਹੋਵੇ। ਬਹੁਤ ਵਾਰੀ ਬੁਆਏ ਫਰੈਂਡ ਬਨਾਉਣ ਕਰਕੇ ਧੀ ਨੂੰ ਆਪ ਦੀ ਜਾਨ ਦੀ ਬਲੀ ਦੇਣੀ ਪੈਂਦੀ ਹੈ। ਕਦੇ ਉਸ ਨੂੰ ਚਾਕੂ ਮਾਰ-ਮਾਰ ਕੇ ਮਾਰਿਆ ਜਾਂਦਾ ਹੈ। ਕਦੇ ਉਸ ਨੂੰ ਇੰਡੀਆ ਲਿਜਾ ਕੇ ਮਾਰਿਆ ਜਾਂਦਾ ਹੈ। ਅਸੀਂ ਜਿੰਨ੍ਹਾ ਨੂੰ ਇੰਨੇ ਲਾਡਾਂ ਨਾਲ ਪਾਲਿਆ ਹੁੰਦਾ ਹੈ। ਉਨ੍ਹਾਂ ਦੀ ਹੀ ਜਾਨ ਦੇ ਵੈਰੀ ਬਣ ਜਾਂਦੇ ਹਾਂ। ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਅਸੀਂ ਥੋੜ੍ਹੇ ਜਿਹੇ ਲਿਬਰਲ ਹੋ ਜਾਂਦੇ ਹਾਂ ਤਾਂ ਅਸੀਂ ਧੀ ਨੂੰ ਕਹਿੰਦੇ ਹਾਂ ਕਿ ਕੋਈ ਗੋਰਾ ਮੁੰਡਾ ਜੇ ਕਰ ਤੇਰਾ ਬੁਆਏ ਫਰੈਂਡ ਤਾਂ ਠੀਕ ਹੈ ਪਰ ਕਾਲਾ ਜਾਂ ਪਰ ਜਾਤ ਦਾ ਮੁੰਡਾ ਸਾਨੂੰ ਮਨਜ਼ੂਰ ਨਹੀਂ ਹੈ। ਸਾਡੇ ਕਲਚਰ ਵਿੱਚ ਇਸ ਤਰ੍ਹਾਂ ਲੱਗਦਾ ਹੈ ਕਿ ਧੀਆਂ ਸਾਡੇ ਚੁਣਨ ਲਈ, ਸਾਡਾ ਖ਼ੂਨ ਨਹੀਂ ਹਨ ਪਰ ਗੁਲਾਮ ਹਨ ਸਾਡੀਆਂ ਧੀਆਂ ਨੌਕਰੀ ਪੇਸ਼ਾ ਹੋ ਕੇ ਵੀ ਸਕੱਰਟ ਵਗੈਰਾ ਨਹੀਂ ਪਹਿਨ ਸਕਦੀਆਂ, ਵਿਚਾਰੀਆਂ ਨੂੰ ਇਹ ਡਰੈਸਾਂ, ਲੌਕਰਾਂ ਵਿੱਚ ਰੱਖਣੀਆਂ ਪੈਂਦੀਆਂ ਹਨ। ਅਤੇ ਕੰਮ 'ਤੇ ਜਾ ਕੇ ਉਹ ਆਪ ਦੀ ਡਰੈੱਸ ਚੇਂਜ ਕਰਦੀਆਂ ਹਨ ਅਤੇ ਕੰਮ ਤੋਂ ਹਟ ਕੇ ਫੇਰ ਆਪਣੀ ਡਰੈਸ ਚੇਂਜ ਕਰਦੀਆਂ ਹਨ। ਹੈਰਾਨੀ ਦੀ ਗੱਲ ਉਦੋਂ ਵੀ ਹੁੰਦੀ ਹੈ ਕਿ ਜਿਨ੍ਹਾਂ ਜੋੜਿਆਂ ਨੇ ਇੰਡੀਆਂ ਵਿੱਚ ਲਵ ਮੈਰਿਜ ਕਰਾਏ ਸਨ, ਇੱਥੇ ਆ ਕੇ ਉਹ ਵੀ ਆਪਣੀ ਧੀ ਅਤੇ ਸੱਭਿਆਚਾਰ ਦਾ ਕੂੜਾ ਕਬਾੜਾ ਠੋਸਦੇ ਹਨ। ਸਿਰਫ਼ ਅਤੇ ਸਿਰਫ਼ ਆਪਣਾ ਜੀਵਨ ਸਾਥੀ ਚੁਣਨ ਦੇ ਦੋਸ਼ ਵਿੱਚ ਸਾਡੀਆਂ ਕਿੰਨੀਆਂ ਧੀਆਂ ਮਾਰੀਆਂ ਗਈਆਂ ਹਨ ਜਾਂ ਕਿੰਨੀਆਂ ਧੀਆਂ ਨੇ ਆਤਮ ਹੱਤਿਆ ਕੀਤੀ ਹੈ, ਕੀ ਅਸੀਂ ਇਸ ਦਾ ਕਦੇ ਹਿਸਾਬ ਲਾਇਆ ਹੈ? ਜਿਹੜਾ ਸੱਭਿਆਚਾਰ ਇਹ ਸਿਖਾਉਂਦਾ ਹੈ ਕਿ ਧੀਏ ਪਿਉ ਦੇ ਘਰ 'ਚੋਂ ਤੇਰੀ ਡੋਲੀ ਨਿੱਕਲੇ ਪਰ ਜਨਾਜ਼ਾ ਤੇਰਾ ਸਹੁਰਿਆਂ ਦੇ ਘਰੋਂ ਨਿੱਕਲੇ। ਕੀ ਇਹ ਕੂੜਾ ਕਬਾੜਾ ਸਾਂਭਣਾ ਚਾਹੀਦਾ ਹੈ? ਸਾਡੀਆ ਧੀਆਂ ਨੂੰ ਹੱਕ ਹੋਣਾ ਚਾਹੀਦਾ ਹੈ ਆਪ ਦੀ ਜ਼ਿੰਦਗੀ ਜਿਉਣ ਦਾ, ਪੜ੍ਹਨ ਦਾ ਆਪਦਾ ਜੀਵਨ ਸਾਥੀ ਚੁਣਨ ਦਾ, ਜੇਕਰ ਜੀਵਨ ਸਾਥੀ ਬਦਮਗਜ ਨਿੱਕਲੇ ਤਾਂ ਤਲਾਕ ਦਾ, ਤਲਾਕ ਸ਼ੁਦਾ ਧੀ ਦੀ ਵੀ ਸਮਾਜ ਵਿੱਚ ਉਨੀ ਹੀ ਇੱਜ਼ਤ ਹੋਣੀ ਚਾਹੀਦੀ ਹੈ ਜਿੰਨੀ ਕਿ ਇੱਕ ਵਿਆਹੀ ਵਰੀ ਧੀ ਦੀ। ਬਹੁਤ ਵਾਰ ਸਾਡੀ ਜਗੀਰੂ ਸੋਚ ਦਾ ਕਮਾਲ ਦੇਖੋ ਕਿ ਘਰ ਵਾਰ ਜ਼ਮੀਨ ਪੁੱਤਰ ਦੀ ਅਤੇ ਧੀ ਦਾ ਘਰ ਵਿੱਚ ਕੋਈ ਹੱਕ ਨਹੀਂ । ਇਹੀ ਸੋਚ ਇੱਕ ਧੀਆਂ ਨਾਲ ਹੋ ਰਹੀ ਦਰੈਤ ਦਾ ਮੁੱਢ ਬੰਨ੍ਹਦੀ ਹੈ। ਅਸੀਂ ਅੱਜ ਵੀ ਧੀਆਂ ਨੂੰ ਜ਼ਮੀਨਾਂ ਨਾਲ ਕੈਨੇਡਾ, ਅਮਰੀਕਾ ਦੇ ਵੀਜੇ ਨਾਲ ਵਿਆਹ ਕਰਦੇ ਹਾਂ, ਹਾਣ ਦੇ ਸਾਥੀ ਨਾਲ ਨਹੀਂ।

**ਪੁੱਤਰਾਂ ਵੱਲ ਵਤੀਰਾ:** ਵਾਹ ਜੀ ਵਾਹ ਪੁੱਤਰਾਂ ਦੀ ਗੱਲ ਕਰਦੇ ਹੋ, ਪੁੱਤਰ ਤਾਂ ਸਾਡੇ ਰਾਜ ਕੁਮਾਰ ਹਨ ਅੱਜ-ਕੱਲ੍ਹ ਤਾਂ ਅਸੀਂ ਇਨ੍ਹਾਂ ਦੇ ਨਾਂਅ ਵੀ ਰਾਜ ਕੁਮਾਰਾਂ ਵਾਲੇ ਰੱਖਣੇ ਸ਼ੁਰੂ ਕਰ ਦਿੱਤੇ ਹਨ। ਪੁੱਤਰਾਂ ਦੀ ਜ਼ਿੰਦਗੀ ਵਿੱਚ ਸਭ ਤਰ੍ਹਾਂ ਦੀਆਂ ਜਾਇਜ਼- ਨਜਾਇਜ਼ ਖ਼ੁਸ਼ੀਆਂ ਭਰਨ ਲਈ ਅਸੀਂ ਤਾਂ ਦਿਨ ਰਾਤ ਪੱਬਾਂ ਭਾਰ ਹੋਏ ਫਿਰਦੇ ਹਾਂ। ਜੇਕਰ ਸਾਡੀ ਨੂੰਹ ਨੇ ਦੋ ਧੀਆਂ ਜੰਮ ਦਿੱਤੀਆਂ ਤਾਂ ਤੀਜੇ ਵਾਰ ਵਿਚਾਰੀ ਦੀ ਇੰਟੈਰੋਗੇਸ਼ਨ ਸ਼ੁਰੂ ਹੋ ਜਾਂਦੀ ਹੈ। ਕਦੇ ਅਮਰੀਕਾ ਜਾਂ ਇੰਡੀਆ ਲਿਜਾ ਕੇ ਭਰੂਣ ਟੈਸਟ ਕਰਵਾਇਆ ਜਾਂਦਾ ਹੈ। ਇਸ ਕਰਕੇ ਕੈਨੇਡਾ ਦੇ ਇੱਕ ਸਰਵੇ ਮੁਤਾਬਿਕ 95 ਫ਼ੀਸਦੀ ਏਸ਼ੀਅਨ ਜੋੜਿਆਂ ਦਾ ਤੀਜਾ ਬੱਚਾ ਮੁੰਡਾ ਹੀ ਹੁੰਦਾ ਹੈ। ਬਹੁਤ ਮਾਪੇ ਹਨ, ਜਿਹੜੇ ਕਿ ਪੁੱਤਰਾਂ ਦੀ ਹਰ ਜਾਇਜ਼-ਨਜਾਇਜ਼ ਮੰਗ ਨੂੰ ਸਵੀਕਾਰ ਕਰਦੇ ਹਨ। ਬੇਸ਼ੱਕ ਅਸੀਂ ਕੈਨੇਡਾ ਵਿੱਚ ਆ ਗਏ ਹਾਂ ਪਰ ਸਾਡੀ ਜਗੀਰੂ ਸੋਚ ਸਾਡੇ ਨਾਲ ਹੀ ਆਈ ਹੈ। ਜੇਕਰ ਦੋ ਮੁੰਡੇ ਹੋ ਜਾਣ ਤਾਂ ਕਿਹਾ ਜਾਂਦਾ ਹੈ ਕਿ ਜੋੜੀ ਬਣ ਗਈ ਪਰ ਜੇਕਰ ਦੂਜੀ ਧੀ ਜੰਮ ਪਵੇ ਤਾਂ ਕਹਿੰਦੇ ਹਨ ਕੁੜੀ ਤਾਂ ਪਹਿਲਾਂ ਹੀ ਸੀ ਰੱਬ ਕੋਈ ਚੰਗੀ ਚੀਜ਼ ਹੀ ਦੇ ਦਿੰਦਾ।

ਕੈਨੇਡਾ ਦਾ ਤਾਂ ਕੀ ਦੁਨੀਆਂ ਭਰਦਾ ਇਹ ਰਿਕਾਰਡ ਹੈ। ਕਿ ਧੀਆਂ ਪੜ੍ਹਨ ਵਿੱਚ ਬਹੁਤ ਅੱਗੇ ਹਨ ਪਰ ਪੁੱਤ ਬਹੁਤ ਸਾਰੇ ਬਾਰਾਂ ਜਮਾਤਾਂ ਹੀ ਕਰਦੇ ਹਨ। ਪੁੱਤ ਦੇ ਬਾਹਰ ਆਉਣ-ਜਾਣ 'ਤੇ ਕੋਈ ਕਰਫਿਊ ਨਹੀਂ ਹੈ। ਉਹ ਜਦੋਂ ਮਰਜ਼ੀ ਘਰ ਆਵੇ, ਮੈਂ ਆਪ ਦੇਖਿਆ ਹੈ ਕਿ ਮਾਂ ਅੱਧੀ ਅੱਧੀ ਰਾਤ ਨੂੰ ਉੱਠ ਕੇ ਬਿੜਕ ਲੈਂਦੀ ਹੈ ਕਿ ਸਾਹਿਬਜਾਦਾ ਘਰ ਆ ਗਿਆ ਹੈ ਕਿ ਨਹੀਂ। ਅੱਜ ਵੀ ਕਿੰਨੀਆਂ ਉਦਾਹਰਣਾਂ ਪੇਸ਼ ਕੀਤੀਆਂ ਜਾਂ ਸਕਦੀਆਂ ਹਨ ਜਦ ਇਨ੍ਹਾਂ ਹੀ ਪੁੱਤਰਾਂ ਨੇ ਮਾਂ-ਬਾਪ ਨੂੰ ਬਾਹਰ ਦਾ ਰਸਤਾ ਦਿਖਾਇਆ ਹੈ। ਬਹੁਤ ਲੋਕ ਜਦੋਂ ਵਸੀਅਤ ਵਗੈਰਾ ਵੀ ਬਣਾਉਦੇ ਹਨ ਤਾਂ ਸਭ ਕੁਝ ਪੁੱਤਰਾਂ ਦੇ ਨਾਮ ਹੀ ਕਰ ਦਿੰਦੇ ਹਨ ਅਸੀਂ ਧੀਆਂ ਨੂੰ ਇਗਨੌਰ ਕਰ ਦਿੰਦੇ ਹਾਂ। ਪੁੱਤਾਂ ਦੇ ਦਿਮਾਗ ਵਿੱਚ ਇਹ ਸ਼ੁਰੂ ਵਿੱਚ ਹੀ ਭਰ ਦਿੱਤਾ ਜਾਂਦਾ ਹੈ ਕਿ ਅਸੀਂ ਜੋ ਕੁਝ ਬਣਾਇਆ ਹੈ ਸਭ ਕੁਝ ਤੇਰਾ ਹੈ ਇਥੋਂ ਤਕ ਕਿ ਇੰਡੀਆਂ ਵਿੱਚ ਬੈਠਾ ਦਾਦਾ ਵੀ ਕਹਿ ਦਿੰਦੇ ਹਨ ਕਿ ਇਹ ਸਾਡੇ ਵਾਲੇ ਦਸ ਕਿੱਲੇ ਤੇਰੇ ਹੀ ਹਨ। ਬਹੁਤ ਵੱਡਾ ਕਾਰਨ ਹੈ।

ਬਜ਼ੁਰਗ ਵੱਲ ਵਤੀਰਾ: ਕੈਨੇਡਾ ਵਿੱਚ ਬਜ਼ੁਰਗਾਂ ਨੂੰ ਸੱਦਿਆ ਜਾਂਦਾ ਹੈ, ਇਸ ਲਈ ਨਹੀਂ ਕਿ ਅਸੀਂ ਉਨ੍ਹਾਂ ਨੂੰ ਇਸ ਮੁਲਕ ਦੀ ਸੈਰ ਕਰਾਉਣੀ ਹੈ ਬਲਕਿ ਬੱਚੇ ਸਾਂਭਣ ਲਈ ਸੱਦਿਆ ਜਾਂਦਾ ਹੈ। ਇਥੇ ਆ ਕੇ ਉਹ ਬਜ਼ੁਰਗ ਬੱਚੇ ਵੀ ਸਾਂਭਦੇ ਹਨ ਅਤੇ ਅਤੇ ਥੋੜ੍ਹਾ ਬਹੁਤਾ ਕੰਮ ਵੀ ਕਰਦੇ ਹਨ ਅਤੇ ਕੰਮ ਕਰਕੇ ਪੈਸੇ ਵੀ ਪੁੱਤ ਨੂੰ ਦੇ ਦਿੰਦੇ ਹਨ ਜਾਂ ਧੀ ਨੂੰ ਉਨ੍ਹਾਂ ਦੇ

(ਬਾਕੀ ਸਫ਼ਾ 28 'ਤੇ)

For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca

Taranjit " T.J" Mand
Real Estate Associate
MaxValue Reality Ltd.

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

Martindale Dental Clinic
Open 7 days a week
Dr. A. Kler D.D.S.
Dr. A. Cheema D.D.S.
Dr. K. Sahota D.M.D.
All Services provided by General Dentists
ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਵਿਚ ਗੱਲ ਕਰ ਸਕਦੇ ਹੋ।

ਦੰਦਾਂ ਦੀ ਹਰ ਕਿਸਮ ਦੀ ਸਮੱਸਿਆ ਲਈ ਤਸੱਲੀਬਖਸ਼ ਸੇਵਾਵਾਂ ਲਈ ਮਿਲੋ।
105-126 Martindale Dr.N.E.
Calgary, AB T3J3G5
403-590-4888
martindaledentist.com

# ਮੋਦੀ ਨਿਜ਼ਾਮ ਫਾਸ਼ੀਵਾਦ ਤੇ ਨਾਜ਼ੀਵਾਦ ਦੇ ਰਾਹਾਂ ’ਤੇ



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਮਨੁੱਖੀ ਇਤਿਹਾਸ ਅਨੇਕਾਂ ਤਰ੍ਹਾਂ ਦੇ ਵਾਦਾਂ ਦੇ ਵਾਦ-ਵਿਵਾਦਾਂ ਨਾਲ ਭਰਿਆ ਪਿਆ ਹੈ। ਸਮੇਂ-ਸਮੇਂ ਅਜਿਹੇ ਵਾਦਾਂ ਨੇ ਮਨੁੱਖਤਾ ਲਈ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਖੜ੍ਹੀਆਂ ਕੀਤੀਆਂ ਹਨ। ਇਨ੍ਹਾਂ ਵਾਦਾਂ ਵਿਚੋਂ ਪਿਛਲੀ ਸਦੀ ਦੇ ਪ੍ਰਮੁੱਖ ਵਾਦਾਂ, ਜਿਨ੍ਹਾਂ ਨੇ ਮਨੁੱਖਤਾ ਦਾ ਬੜੀ ਵੱਡੀ ਪੱਧਰ ਤੇ ਘਾਣ ਕੀਤਾ, ਉਹ ਸਨ; **‘ਫਾਸ਼ੀਵਾਦ’** ਤੇ **‘ਨਾਜ਼ੀਵਾਦ’**। ਪਿਛਲੀ ਸਦੀ ਦੇ ਦੂਜੇ ਤੇ ਤੀਜੇ ਦਹਾਕੇ ਵਿੱਚ ਇਨ੍ਹਾਂ ਦੋਨਾਂ ਵਾਦਾਂ ਨੇ ਮਨੁੱਖਤਾ ਦੇ ਇਤਿਹਾਸ ਵਿੱਚ ਅਜਿਹਾ ਕੁਹਰਾਮ ਮਚਾਇਆ ਸੀ, ਜਿਸਨੂੰ ਇਤਿਹਾਸ ਦੇ ਖ਼ੂਨੀ ਪੰਨਿਆਂ ਨਾਲ ਯਾਦ ਕੀਤਾ ਜਾਂਦਾ ਹੈ। ਇਤਿਹਾਸ ਦੇ ਅਜਿਹੇ ਖ਼ੂਨੀ ਪੰਨਿਆਂ ਨੂੰ ਯਾਦ ਰੱਖਣ ਦਾ ਮਕਸਦ ਸਿਰਫ ਇਹੀ ਹੈ ਕਿ ਅਜਿਹਾ ਕੁਝ ਦੁਬਾਰਾ ਨਾ ਵਾਪਰੇ, ਪਰ ਬਦਕਿਸਮਤੀ ਨਾਲ 4 ਸਾਲ ਪਹਿਲਾਂ ਹਿੰਦੁਸਤਾਨ ਵਿੱਚ ਆਰ ਐਸ ਐਸ (RSS) ਦੀ ਅਗਵਾਈ ਵਾਲੀ ਮੋਦੀ ਸਰਕਾਰ, ਇਨ੍ਹਾਂ ਦੋਨਾਂ ਵਾਦਾਂ ਤੋਂ ਪ੍ਰੇਰਣਾ ਲੈ ਕੇ, ਜਿੱਧਰ ਨੂੰ ਜਾ ਰਹੀ ਹੈ, ਉਸ ਤੋਂ ਇਹ ਅੰਦਾਜ਼ਾ ਲਗਾਉਣਾ ਕੋਈ ਔਖਾ ਨਹੀਂ ਕਿ ਜੇ ਮੋਦੀ ਨਿਜ਼ਾਮ 2019 ਦੀਆਂ ਚੋਣਾਂ ਵਿੱਚ ਭਾਰੀ ਬਹੁਮਤ ਨਾਲ ਆ ਜਾਂਦਾ ਹੈ, ਇੰਡੀਆ ਦਾ ਭਵਿੱਖ ਵੱਡੇ ਖਤਰੇ ਵਿੱਚ ਹੋ ਸਕਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਮੋਦੀ ਨਿਜ਼ਾਮ ਦੀਆਂ ਪੈੜ੍ਹਾਂ ਨੱਪੀਏ, ਸਾਡੇ ਲਈ ‘ਫਾਸ਼ੀਵਾਦ’ ਤੇ ‘ਨਾਜ਼ੀਵਾਦ’ ਬਾਰੇ ਜਾਨਣਾ ਬੜਾ ਜਰੂਰੀ ਹੈ।

ਬੇਸ਼ੱਕ ਫਾਸ਼ੀਵਾਦੀ ਵਿਚਾਰਧਾਰਾ ਦਾ ਉਭਾਰ ਪਿਛਲੀ ਸਦੀ ਦੇ ਦੂਜੇ ਦਹਾਕੇ ਵਿੱਚ ਪਹਿਲੀ ਸੰਸਾਰ ਜੰਗ ਤੋਂ ਬਾਅਦ ਇਟਲੀ ਦੇ ਡਿਕਟੇਟਰ ਬੈਨੀਟੋ ਮੁਸੋਲੀਨੀ ਦੀ **‘ਨੈਸ਼ਨਲ ਫਾਸਿਸਟ ਪਾਰਟੀ’** ਨਾਲ ਹੋਇਆ ਸੀ, ਪਰ ਇਸ ਦੀਆਂ ਜੜ੍ਹਾਂ ਇਤਿਹਾਸ ਵਿੱਚ ਬੜੀਆਂ ਡੂੰਘੀਆਂ ਹਨ। ਇਹ ਵਿਚਾਰਧਾਰਾ ਸਦੀਆਂ ਪੁਰਾਣੀ ਹੈ ਕਿ ਇੱਕ ਖਾਸ ਨਸਲ ਦੇ ਲੋਕ ਹੀ ‘ਗੌਡ’ ਵਲੋਂ ਰਾਜ ਕਰਨ ਲਈ ਦੁਨੀਆਂ ਤੇ ਭੇਜੇ ਹੋਏ ਹਨ ਤੇ ਉਹ ਖਾਸ ਨਸਲ ਅਸੀਂ ਹਾਂ। ਇਹ ਅੱਤ ਦੀ ਸੱਜੇ ਪੱਖੀ (Extreme Right Wing Ideology) ਪਿਛਾਖੜੀ ਵਿਚਾਰਧਾਰਾ ਹੈ, ਜੋ ਇੱਕ ਖਾਸ ਨਸਲ ਦੇ ਲੋਕਾਂ ਦੇ ਰਾਸ਼ਟਰਵਾਦ (Nationalism) ਅਤੇ ਦੇਸ਼ ਭਗਤੀ (Patriotism) ਵਿੱਚ ਵਿਸ਼ਵਾਸ਼ ਰੱਖਦੀ ਹੈ। ਇਹ ਵਿਚਾਰਧਾਰਾ ਆਪਣੇ ਰਾਜਸੀ ਏਜੰਡੇ ਨੂੰ ਪੂਰਾ ਕਰਨ ਲਈ ਦੂਜੀਆਂ ਕੌਮਾਂ, ਧਰਮਾਂ, ਨਸਲਾਂ, ਵਿਚਾਰਧਾਰਾਵਾਂ ਦੇ ਲੋਕਾਂ ਪ੍ਰਤੀ ਝੂਠੇ ਰਾਸ਼ਟਰਵਾਦ ਤੇ ਝੂਠੀ ਦੇਸ਼ ਭਗਤੀ ਦੇ ਨਾਮ ਤੇ ਨਸਲਵਾਦ ਫੈਲਾ ਕੇ ਕਤਲੇਆਮ ਕਰਨ ਵਿੱਚ ਵਿਸ਼ਵਾਸ਼ ਰੱਖਦੀ ਹੈ। ਇਸ ਵਿਚਾਰਧਾਰਾ ਦੇ ਲੋਕ ਆਮ ਤੌਰ ਲੋਕਤੰਤਰ ਵਿਰੋਧੀ ਤੇ ਕੁਝ ਲੋਕਾਂ ਦੀ ਤਾਨਾਸ਼ਾਹੀ ਵਿੱਚ ਯਕੀਨ ਰੱਖਦੇ ਹਨ। ਇਹ ਹੋਰ ਵਿਚਾਰਧਾਰਾਵਾਂ ਦੇ ਲੋਕਾਂ ਨੂੰ ਆਪਣੇ ਗੁਲਾਮ ਬਣਾਉਣ ਤੇ ਜੇ ਕੋਈ ਇਨ੍ਹਾਂ ਅੱਗੇ ਅੜੇ ਤਾਂ ਉਨ੍ਹਾਂ ਨੂੰ ਖਤਮ ਕਰਨ ਵਿੱਚ ਵਿਸ਼ਵਾਸ਼ ਰੱਖਦੀ ਹੈ। ਇਹ ਲੋਕਾਂ ਦੀ ਚੁਣੀ ਹੋਈ ਸਰਕਾਰ ਦੀ ਥਾਂ ਤਾਨਾਸ਼ਾਹੀ ਫੌਜੀ ਰਾਜ ਪ੍ਰਬੰਧ ਅਤੇ ਪੁਲਿਸ ਕੋਲ ਅਸੀਮ ਅਧਿਕਾਰਾਂ ਦੀ ਵਕਾਲਤ ਕਰਦੇ ਹਨ। ਬੇਸ਼ਕ ਇਨ੍ਹਾਂ ਦਾ ਕਿਸੇ ਧਰਮ ਨਾਲ ਕੋਈ ਸਬੰਧ ਜਾਂ ਵਿਸ਼ਵਾਸ਼ ਨਹੀਂ ਹੁੰਦਾ, ਪਰ ਬਹੁ ਗਿਣਤੀ ਦੇ ਧਰਮ ਦੇ ਰਾਖੇ ਬਣ ਕੇ ਝੂਠੇ ਰਾਸ਼ਟਰਵਾਦ ਦੇ ਨਾਮ ਤੇ ਘੱਟ ਗਿਣਤੀਆਂ ਨੂੰ ਖਤਮ ਕਰਨ ਦਾ ਏਜੰਡਾ ਰੱਖਦੇ ਹਨ। ਇਸ ਵਿਚਾਰਧਾਰਾ ਦੇ ਲੋਕ ਲਿਬਰਲ, ਸਮਾਜਵਾਦੀ ਤੇ ਖਾਸਕਰ ਖੱਬੇ ਪੱਖੀ ਕਮਿਉਨਿਸਟ ਧਿਰਾਂ ਦੇ ਕੱਟੜ ਵਿਰੋਧੀ ਹੁੰਦੇ ਹਨ। ਡਿਕਟੇਟਰ ਮੁਸੋਲਿਨੀ ਨੇ ਇਟਲੀ ਤੇ 1922-1943 ਤੱਕ ਰਾਜ ਕੀਤਾ ਤੇ ਦੂਜੀ ਸੰਸਾਰ ਜੰਗ ਵਿੱਚ ਇਟਲੀ ਦੀ ਹਾਰ ਤੋਂ ਬਾਅਦ ਇਸਦਾ ਰਾਜ ਖੁਸ ਗਿਆ ਤੇ 1945 ਵਿੱਚ ਮੁਸੋਲਿਨੀ ਨੂੰ ਸਾਥੀਆਂ ਸਮੇਤ ਫਾਹੇ ਲਾਇਆ ਗਿਆ। ਇਸਦੀ ਲਾਸ਼ ਨੂੰ ਸਾਥੀਆਂ ਸਮੇਤ ਮਿਲਨ ਸ਼ਹਿਰ ਦੇ ਚੌਰਾਹੇ ਵਿੱਚ ਟੰਗ ਕੇ ਬੜੀ ਬੁਰੀ ਤਰ੍ਹਾਂ ਬੇਇੱਜ਼ਤ ਕੀਤਾ ਗਿਆ। ਪਰ ਮੁਸੋਲਿਨੀ ਦੀ ਫਾਸਿਸਟ ਪਾਰਟੀ ਆਪਣੇ ਰਾਜ ਵਿੱਚ ਜਿਥੇ 5 ਲੱਖ ਦੇ ਕਰੀਬ ਇਟਾਲੀਅਨ ਲੋਕਾਂ ਦੀ ਮੌਤ ਲਈ ਜ਼ਿੰਮੇਵਾਰ ਰਹੀ, ਉਥੇ ਦੂਜੀ ਸੰਸਾਰ ਜੰਗ ਲਈ ਹਿਟਲਰ ਦੇ ਨਾਲ ਮੁਸੋਲਿਨੀ ਵੀ ਉਤਨਾ ਹੀ ਜ਼ਿੰਮੇਵਾਰ ਸੀ।

ਨਾਜ਼ੀਵਾਦੀ ਵਿਚਾਰਧਾਰਾ ਬੇਸ਼ੱਕ ਜਰਮਨੀ ਦੇ ਤਾਨਾਸ਼ਾਹ ਸ਼ਾਸਕ ਅਡੌਲਫ ਹਿਟਲਰ ਦੀ **‘ਨੈਸ਼ਨਲ ਸੋਸ਼ਲਿਸਟ ਜਰਮਨ ਵਰਕਰਜ਼ ਪਾਰਟੀ’** (ਨਾਜ਼ੀ ਪਾਰਟੀ) ਦੇ ਨਾਲ ਜੁੜੀ ਹੋਈ ਹੈ, ਪਰ ਇਸ ਦੀਆਂ ਜੜ੍ਹਾਂ ਵੀ ਸਦੀਆਂ ਪੁਰਾਣੀ ਸੱਜੇ ਪੱਖੀ ਪਿਛਾਖੜੀ ਨਸਲਵਾਦੀ ਵਿਚਾਰਧਾਰਾ ਨਾਲ ਜੁੜੀਆਂ ਹੋਈਆਂ ਹਨ। ਦੁਨੀਆਂ ਭਰ ਵਿੱਚ ਨਸਲਵਾਦੀ ਲੋਕ ਆਪਣੇ ਆਪ ਨੂੰ **‘ਆਰੀਅਨ’** ਕਹਾਉਣ ਵਿੱਚ ਮਾਣ ਮਹਿਸੂਸ ਕਰਦੇ ਹਨ। ਹਿਟਲਰ ਦੇ ਸਾਥੀ ਨਾਜ਼ੀ ਲੋਕ ਵੀ ਆਪਣੇ ਆਪ ਨੂੰ ਰੱਬ ਵਲੋਂ ਲੋਕਾਂ ਤੇ ਰਾਜ ਕਰਨ ਲਈ ਪੈਦਾ ਕੀਤੀ ਖਾਲਸ **‘ਆਰੀਅਨ’** ਨਸਲ ਵਿੱਚੋਂ ਹੀ ਮੰਨਦੇ ਸਨ। ਇਥੇ ਇਹ ਵੀ ਵਰਨਣਯੋਗ ਹੈ ਕਿ ਭਾਰਤ ਦੀਆਂ ਬ੍ਰਾਹਮਣਵਾਦੀ ਹਾਕਮ ਜਮਾਤਾਂ, ਜਿਨ੍ਹਾਂ ਦੀ ਅਗਵਾਈ ਹੁਣ ਆਰ ਐਸ ਐਸ (RSS) ਕਰ ਰਹੀ ਹੈ, ਵੀ ਆਪਣੇ ਆਪ ਨੂੰ ਅਸਲ ਆਰੀਅਨ ਨਸਲ ਦੇ ਹੀ ਮੰਨਦੇ ਹਨ, ਇਸ ਲਈ ਸ਼ੂਦਰ, ਅਛੂਤ ਤੇ ਉਨ੍ਹਾਂ ਤੋਂ ਬਣੇ ਮੁਸਲਮਾਨ ਤੇ ਇਸਾਈ, ਉਨ੍ਹਾਂ ਦੇ ਮੁੱਖ ਨਿਸ਼ਾਨੇ ਤੇ ਹਨ। ਇਹ ਵੀ ਵਰਨਣਯੋਗ ਹੈ ਕਿ ਹਿਟਲਰ ਦੀ ਨਾਜੀ ਪਾਰਟੀ ਦਾ ਨਿਸ਼ਾਨ (Logo) ਵੀ ਬ੍ਰਾਹਮਣਾਂ ਦੇ ਸਵਾਸਤਿਕਾ ਚਿੰਨ੍ਹ ਦੀ ਨਕਲ ਹੈ। ਨਾਜ਼ੀਆਂ ਅਨੁਸਾਰ ਯਹੂਦੀਆਂ, ਜਿਪਸੀਆਂ, ਕਮਿਉਨਿਸਟਾਂ, ਸੋਸ਼ਲਿਸਟਾਂ, ਅਪਾਹਿਜਾਂ, ਬੀਮਾਰਾਂ, ਬਜ਼ੁਰਗਾਂ ਨੂੰ ਜੀਣ ਦਾ ਕੋਈ ਨਹੀਂ, ਇਹ ਜਰਮਨ ਦੇ ਲੋਕਾਂ ਤੇ ਬੋਝ ਹਨ, ਇਸ ਲਈ ਸਭ ਨੂੰ ਖਤਮ ਕਰ ਦਿਉ। ਇਸੇ ਪਾਲਿਸੀ ਅਧੀਨ ਹਿਟਲਰ ਨੇ 1933-1945 ਤੱਕ ਦੇ ਆਪਣੇ ਰਾਜ ਵਿੱਚ 60 ਲੱਖ ਤੋਂ ਵੱਧ ਵਿਅਕਤੀਆਂ ਦਾ ਸਮੂਹਿਕ ਕਤਲੇਆਮ ਕੀਤਾ ਸੀ। ਬੇਸ਼ਕ ਉਸਨੇ ਆਪਣੀ ਪਾਰਟੀ ਦਾ ਨਾਮ **ਸੌਸ਼ਲਿਸਟ ਵਰਕਰਜ਼ ਪਾਰਟੀ** ਰੱਖਿਆ ਹੋਇਆ ਸੀ, ਪਰ ਉਸਦਾ ਸੋਸ਼ਲਿਜ਼ਮ (ਸਮਾਜਵਾਦ) ਜਾਂ ਵਰਕਰਾਂ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਨਾਜ਼ੀ ਪਾਰਟੀ ਵੀ ਫਾਸ਼ੀ ਪਾਰਟੀ ਵਾਂਗ ਲੋਕਤੰਤਰ ਦੀ ਥਾਂ ਕੁਝ ਖਾਸ ਨਸਲ (ਆਰੀਅਨ) ਦੇ ਲੋਕਾਂ ਦੀ ਤਾਨਾਸ਼ਾਹੀ ਵਿੱਚ ਯਕੀਨ ਰੱਖਦੀ ਸੀ। ਇਹ ਆਪਣੇ ਵਿਰੋਧੀਆਂ ਦਾ ਬਿਨਾਂ ਕਿਸੇ ਦਲੀਲ, ਅਪੀਲ ਦੇ ਗੈਸ ਚੈਂਬਰਾਂ ਜਾਂ ਹੋਰ ਢੰਗਾਂ ਰਾਹੀਂ ਸਮੂਹਿਕ ਕਤਲੇਆਮ ਕਰਕੇ ਸਮੂਹਿਕ ਤੌਰ ’ਤੇ ਵੱਡੇ ਟੋਏ ਪੁੱਟ ਕੇ ਦੱਬ ਦਿੰਦੇ ਸਨ। ਨਾਜੀ ਪਾਰਟੀ ਦਾ ਜਰਮਨੀ ਤੋਂ ਬਾਅਦ ਬਰਤਾਨਵੀ ਬਸਤਵਾਦੀਆਂ ਵਾਂਗ ਹੋਰ ਦੇਸ਼ਾਂ ਤੇ ਨਾਜ਼ੀਆਂ ਦਾ ਰਾਜ ਸਥਾਪਿਤ ਕਰਨ ਦਾ ਸੁਪਨਾ ਸੀ, ਜਿਸ ਵਿਚੋਂ ਹੀ ਦੂਜੀ ਸੰਸਾਰ ਜੰਗ ਨਿਕਲੀ, ਜਿਸ ਵਿੱਚ ਸਿਰਫ ਯੂਰਪ ਵਿੱਚੋਂ 46 ਮਿਲੀਅਨ (4 ਕਰੋੜ 60 ਲੱਖ) ਲੋਕ ਮਰੇ ਸਨ ਅਤੇ ਬਾਕੀ ਦੇਸ਼ਾਂ ਵਿੱਚ ਮਿਲਾ ਕੇ ਕੁੱਲ 60 ਮਿਲੀਅਨ (6 ਕਰੋੜ) ਲੋਕ ਮਰੇ ਸਨ। ਨਾਜ਼ੀਵਾਦੀ ਲੋਕ ਵੀ ਫਾਸ਼ੀਵਾਦੀਆਂ ਵਾਂਗ ਲੋਕਤੰਤਰ ਦੀ ਥਾਂ ਕੁਝ ਲੋਕਾਂ ਦੀ ਡਿਕਟੇਟਰਸ਼ਿਪ ਵਿੱਚ ਯਕੀਨ ਰੱਖਦੇ ਸਨ। ਆਪਣੇ ਰਾਜਸੀ ਨਿਸ਼ਾਨਿਆਂ ਦੀ ਪੂਰਤੀ ਲਈ ਸਮੂਹਿਕ ਕਤਲੇਆਮ ਕਰਨੇ, ਇਨ੍ਹਾਂ ਦਾ ਪਾਰਟੀ ਏਜੰਡਾ ਹੁੰਦਾ ਹੈ। ਇਨ੍ਹਾਂ ਵਲੋਂ ਆਪਣੀ ਤਾਨਾਸ਼ਾਹੀ ਹਕੂਮਤ ਸਥਾਪਿਤ ਕਰਨ ਲਈ ਝੂਠਾ ਰਾਸ਼ਟਰਵਾਦ ਤੇ ਝੂਠੀ ਦੇਸ਼ ਭਗਤੀ ਦਾ ਰਾਗ ਅਲਾਪ ਕੇ ਘੱਟ ਗਿਣਤੀਆਂ ਨੂੰ ਦੇਸ਼ ਧ੍ਰੋਹੀ ਸਾਬਿਤ ਕਰਕੇ ਆਪਣੇ ਰਾਜਸੀ ਵਿਰੋਧੀਆਂ ਦਾ ਸਫਾਇਆ ਕੀਤਾ ਜਾਂਦਾ ਹੈ। ਇਨ੍ਹਾਂ ਦੀ ਬਹੁ ਗਿਣਤੀ ਭਾਈਚਾਰੇ ਦੀਆਂ ਕੱਟੜਪੰਥੀ ਧਿਰਾਂ ਨਾਲ ਪੂਰੀ ਸਝ ਭਿਆਲੀ ਹੁੰਦੀ ਹੈ। ਨਾਜ਼ੀਵਾਦ ਦੀ ਇੱਕ ਖਾਸੀਅਤ ਇਹ ਵੀ ਸੀ ਕਿ ਇਹ ਝੂਠ ਨੂੰ ਸੱਚ ਬਣਾਉਣ ਦੇ ਬੜੇ ਮਾਹਰ ਸਨ, ਹਿਟਲਰ ਦੇ ਪ੍ਰਾਪੇਗੰਡਾ ਮਨਿਸਟਰ ਜੋਸੇਫ ਗੌਬੇਲਜ਼ ਅਨੁਸਾਰ ਜੇ ਕਿਸੇ ਝੂਠ ਨੂੰ ਇੱਕ ਦੋ ਵਾਰ ਦੁਹਰਾਇਆ ਜਾਵੇ ਤਾਂ ਉਹ ਝੂਠ ਹੀ ਰਹਿੰਦਾ ਹੈ, ਪਰ ਜੇ ਇਸਨੂੰ ਵਾਰ-ਵਾਰ ਤੇ ਸੈਂਕੜੇ ਵਾਰ ਦੁਹਰਾਇਆ ਜਾਵੇ ਤਾਂ ਸੱਚ ਬਣ ਜਾਂਦਾ ਹੈ। ਨਾਜ਼ੀਆਂ ਨੇ ਇਸੇ ਪਾਲਿਸੀ ਤੇ ਚੱਲਦਿਆਂ, ਅਨੇਕਾਂ ਝੂਠ ਘੜੇ ਤੇ ਵਾਰ-ਵਾਰ ਦੁਹਰਾ ਕੇ ਲੋਕਾਂ ਨੂੰ ਸੱਚ ਮਨਵਾ ਦਿੱਤੇ ਕਿ ਉਹ ਹੀ ਲੋਕਾਂ ਦੇ ਅਸਲ ਰਖਵਾਲੇ ਤੇ ਸ਼ਕਤੀਸ਼ਾਲੀ ਜਰਮਨੀ ਬਣਾਉਣ ਦੇ ਸਮਰੱਥ ਹਨ।

ਫਾਸ਼ੀਵਾਦ ਤੇ ਨਾਜ਼ੀਵਾਦ, ਆਮ ਤੌਰ ਤੇ ਤਕਰੀਬਨ ਇੱਕ ਤਰ੍ਹਾਂ ਦੀ ਹੀ ਵਿਚਾਰਧਾਰਾ ਹੈ। ਦੋਨੋਂ ਆਪਣੀ ਤਾਨਾਸ਼ਾਹ ਹਕੂਮਤ ਬਣਾਉਣ ਲਈ ਲੋਕਾਂ ਨੂੰ ਵੱਧ ਨੌਕਰੀਆਂ, ਸ਼ਕਤੀਸ਼ਾਲੀ ਆਰਥਿਕਤਾ, ਸ਼ਕਤੀਸ਼ਾਲੀ ਫੌਜ, ਦੇਸ਼ ਦਾ ਵਿਕਾਸ, ਮਾਰਕਸਵਾਦ ਦਾ ਵਿਰੋਧ ਆਦਿ ਦੇ ਲੁਭਾਵਣੇ ਨਾਹਰੇ ਦਿਖਾ ਕੇ ਝੂਠਾ ਰਾਸ਼ਟਰਵਾਦ ਖੜ੍ਹਾ ਕਰਨ ਵਿੱਚ ਯਕੀਨ ਰੱਖਦੀਆਂ ਹਨ। ਅਜਿਹਾ ਪ੍ਰਭਾਵ ਵੀ ਦਿੱਤਾ ਜਾਂਦਾ ਹੈ ਕਿ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਘੱਟ ਗਿਣਤੀ ਲੋਕ ਹਨ ਤੇ ਇਹ ਦੇਸ਼ ਭਗਤ ਨਹੀਂ ਹੁੰਦੇ। ਇਹ ਦੋਨੋ ਵਿਚਾਰਧਾਰਾਵਾਂ ਪਹਿਲੀ ਸੰਸਾਰ ਜੰਗ (1914-1917) ਅਤੇ 1917 ਦੇ ਰਸ਼ੀਆ ਦੇ ਕਮਿਉਨਿਸਟ ਇਨਕਲਾਬ ਤੋਂ ਬਾਅਦ ਪੈਦਾ ਹੋਏ ਆਰਥਿਕ ਤੇ ਰਾਜਨੀਤਕ ਹਾਲਾਤਾਂ ਵਿੱਚੋਂ ਪੈਦਾ ਹੋਈਆਂ ਸਨ। ਉਨ੍ਹਾਂ ਸਮਿਆਂ ਵਿੱਚ ਕਮਿਉਨਿਜ਼ਮ ਦੇ ਯੂਰਪ ਵਿੱਚ ਵਧਦੇ ਪ੍ਰਭਾਵ ਦੇ ਡਰ ਅਤੇ ਸਾਮਰਾਜਵਾਦ ਤੇ ਬਸਤੀਵਾਦ ਦੇ ਨਿਘਾਰ ਵਿਚੋਂ ਰਾਸ਼ਟਰਵਾਦ ਤੇ ਦੇਸ਼ ਭਗਤੀ ਦੇ ਨਾਮ ਤੇ ਇਨ੍ਹਾਂ ਦੋਨਾਂ ਵਾਦਾਂ ਦਾ ਜਨਮ ਹੋਇਆ ਸੀ। ਬਹੁਤ ਸਾਰੀਆਂ ਸਮਾਨਤਾਵਾਂ ਦੇ ਬਾਵਜੂਦ ਵੀ ਫਾਸ਼ੀਵਾਦ ਤੇ ਨਾਜ਼ੀਵਾਦ ਵਿੱਚ ਕੁਝ ਫਰਕ ਵੀ ਸਨ, ਜਿਸ ਤਰ੍ਹਾਂ ਨਾਜ਼ੀਵਾਦੀ ਲੋਕ ਅੱਤ ਦਰਜੇ ਦੇ ਨਸਲਵਾਦੀ ਲੋਕ ਸਨ, ਜੋ ਦੂਜੀਆਂ ਨਸਲਾਂ (ਖਾਸਕਰ ਯਹੂਦੀਆਂ) ਤੇ ਹੋਰ ਵਿਚਾਰਧਾਰਾਵਾਂ (ਖਾਸਕਰ ਕਮਿਉਨਿਜ਼ਮ) ਨੂੰ ਬਿਲਕੁਲ ਵੀ ਸਹਿਣ ਨਹੀਂ ਕਰਦੇ ਸਨ, ਇਸ ਲਈ ਉਨ੍ਹਾਂ ਵੱਡੇ ਪੱਧਰ ਤੇ ਸਮੂਹਿਕ ਕਤਲੇਆਮ ਕੀਤੇ। ਜਦਕਿ ਇਸਦੇ ਮੁਕਾਬਲੇ ਫਾਸ਼ੀਵਾਦੀ ਉਤਨੇ ਨਸਲਵਾਦੀ ਨਹੀਂ ਸਨ। ਇਸੇ ਲਈ ਉਥੇ ਉਸ ਪੱਧਰ ਦੇ ਕਤਲੇਆਮ ਨਹੀਂ ਹੋਏ। ਇਨ੍ਹਾਂ ਦਾ ਇੱਕ ਫਰਕ ਇਹ ਵੀ ਸੀ ਕਿ ਇਟਲੀ ਵਿੱਚ ਮੁਸੋਲਿਨੀ ਦੇ ਉਪਰ ਰਾਜਾਸ਼ਾਹੀ ਵੀ ਸੀ, ਜਿਸਨੂੰ ਉਸਨੇ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਸੀ। ਜਦਕਿ ਹਿਟਲਰ ਨੇ ਸਭ ਨੂੰ ਖਤਮ ਕਰਕੇ ਆਪਣੇ ਆਪ ਨੂੰ ਸੁਪਰਮੈਨ ਘੋਸ਼ਿਤ ਕਰ ਦਿੱਤਾ ਸੀ।

ਪਿਛਲੇ ਕੁਝ ਸਾਲਾਂ ਤੋਂ ਜਦੋਂ ਤੋਂ ਇੰਡੀਆ ਵਿੱਚ ਮੋਦੀ ਸਰਕਾਰ ਆਈ ਹੈ ਤਾਂ ਇਹ ਗੱਲ ਆਮ ਸੁਣਨ ਨੂੰ ਮਿਲ ਰਹੀ ਹੈ ਕਿ ਮੋਦੀ ਨਿਜ਼ਾਮ ਫਾਸ਼ੀਵਾਦੀ ਤੇ ਨਾਜ਼ੀਵਾਦੀ ਰੁਚੀਆਂ ਨੂੰ ਉਤਸ਼ਾਹਿਤ ਕਰ ਰਿਹਾ ਹੈ। ਜਿਸ ਤਰ੍ਹਾਂ ਇਹ ਗੱਲ ਹੁਣ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ ਮੋਦੀ ਨਿਜ਼ਾਮ ਨੂੰ ਆਰ ਐਸ ਐਸ ਚਲਾ ਰਹੀ ਹੈ ਅਤੇ ਆਰ ਐਸ ਐਸ (ਰਾਸ਼ਟਰੀ ਸਵੈਮ ਸੇਵਕ ਸੰਘ) ਨੂੰ 1925 ਵਿੱਚ ਡਾ. ਕੇਸ਼ਵ ਬਲੀਰਾਮ ਹੈਡਗੇਵਾਰ ਨੇ ਨਾਗਪੁਰ ਵਿੱਚ ਸਥਾਪਿਤ ਕੀਤਾ ਸੀ, ਜਿਸਦਾ ਮਕਸਦ ਵੱਖ-ਵੱਖ ਵਿਚਾਰਧਾਰਾਵਾਂ ਵਿੱਚ ਵੰਡੇ ਹੋਏ ਹਿੰਦੂਆਂ ਵਿੱਚ ਆਪਣੇ ਸਭਿਆਚਾਰ, ਧਰਮ, ਵਰਣ ਆਸ਼ਰਮ ਆਦਿ ਪ੍ਰਤੀ ਸਵੈਮਾਣ ਭਰ ਕੇ ਇੱਕ ਨਵੇਂ ਹਿੰਦੂ ਰਾਸ਼ਟਰ ਦਾ ਨਿਰਮਾਣ ਕਰਨਾ, ਜਿਥੇ ਬ੍ਰਾਹਮਣਵਾਦੀ (ਉੱਚ ਜਾਤੀ ਜਾਂ ਨਸਲਵਾਦੀ ਆਰੀਅਨ) ਸੋਚ ਵਾਲੇ ਲੋਕਾਂ ਦਾ ਰਾਜ ਹੋਵੇ। ਇਸਦੀ ਪੂਰਤੀ ਲਈ ਉਸਨੇ ਹਿੰਦੂਆਂ ਵਿੱਚ ਰਾਸ਼ਟਰਵਾਦ (ਹਿੰਦੂ ਰਾਸ਼ਟਰ) ਤੇ ਦੇਸ਼ ਭਗਤੀ (ਭਾਰਤ ਮਾਤਾ ਦੀ) ਦਾ ਸੰਕਲਪ ਯੋਜਨਾਬੱਧ ਢੰਗ ਨਾਲ ਪ੍ਰਚਾਰਨ ਦਾ ਕੰਮ ਆਰੰਭਿਆ ਸੀ, ਜਿਸਨੂੰ ਹੈਡਗੇਵਾਰ ਦੀ ਮੌਤ ਤੋਂ ਬਾਅਦ ਮਾਧਵ ਸਦਾਸ਼ਿਵ ਗੋਲਵਲਕਰ ਨੇ ਨਵਾਂ ਰੂਪ ਦਿੱਤਾ ਸੀ। ਹੈਡਗਵੇਰ ਤੇ ਗੋਲਵਲਕਰ, ਸ਼ੁਰੂ ਤੋਂ ਹੀ ਫਾਸ਼ੀਵਾਦੀ (ਮੁਸੋਲਿਨੀ) ਤੇ ਨਾਜ਼ੀਵਾਦੀ (ਹਿਟਲਰ) ਦੀਆਂ ਰਾਸ਼ਟਰਵਾਦ ਤੇ ਨਸਲਵਾਦ ਅਧਾਰਿਤ ਨੀਤੀਆਂ ਦੇ ਕਾਇਲ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਸਾਨੂੰ ਵੀ ਮੋਸੋਲਿਨੀ ਤੇ ਹਿਟਲਰ ਦੀਆਂ ਰਾਸ਼ਟਰਵਾਦ ਤੇ ਨਸਲਵਾਦ ਦੀਆਂ ਪਾਲਸੀਆਂ ਦੇ ਅਧਾਰ ਤੇ ਭਾਰਤ ਵਿੱਚ ਹਿੰਦੂ ਰਾਸ਼ਟਰ ਬਣਾਉਣਾ ਚਾਹੀਦਾ ਹੈ, ਜਿਸ ਵਿੱਚ ਰਾਜ ਸਤ੍ਹਾ ਸਿਰਫ ਕੁਝ ਉੱਚ ਜਾਤੀ ਦੇ ਬ੍ਰਾਹਮਣਵਾਦੀ ਲੋਕਾਂ ਕੋਲ ਹੋਵੇ। ਬਾਕੀ ਮੁਸਲਿਮ, ਇਸਾਈ, ਦਲਿਤ, ਆਦਿਵਾਸੀ ਤੇ ਹੋਰ ਘੱਟ ਗਿਣਤੀਆਂ ਦੂਜੇ ਦਰਜੇ ਦੇ ਸ਼ਹਿਰੀ ਹੋਣ। ਉਨ੍ਹਾਂ ਕਿਤੇ ਇਹ ਤਾਂ ਬਹੁਤਾ ਸਪੱਸ਼ਟ ਨਹੀਂ ਕੀਤਾ ਕਿ ਉਨ੍ਹਾਂ ਦੇ ਹਿੰਦੂ ਰਾਸ਼ਟਰ ਵਿੱਚ ਘੱਟ ਗਿਣਤੀਆਂ (ਜਾਂ ਗੈਰ ਹਿੰਦੂ ਲੋਕ) ਸਿਰਫ ਦੂਜੇ ਦਰਜੇ ਸ਼ਹਿਰੀ ਬਣ ਕੇ ਹੀ ਰਹਿਣਗੇ ਜਾਂ ਉਹ (ਆਰ ਐਸ ਐਸ ਵਾਲੇ) ਵੀ ਬਾਕੀ ਕੌਮਾਂ ਜਾਂ ਫਿਰਕਿਆਂ ਦਾ ਮੁਸੋਲਿਨੀ ਜਾਂ ਹਿਟਲਰ ਵਾਂਗ ਸਫਾਇਆ ਕਰਨਗੇ? ਆਰ ਐਸ ਐਸ 1925 ਤੋਂ ਬੜੇ ਯੋਜਨਾਬੱਧ ਢੰਗ ਨਾਲ ਜਮੀਨੀ ਪੱਧਰ ਤੇ ਆਪਣਾ ਕੰਮ ਕਰਦੀ ਰਹੀ ਹੈ, ਜਿਸਦੇ ਨਤੀਜੇ ਵਜੋਂ ਪਿਛਲੇ ਸਾਲ ਗੋਆ ਵਿੱਚ **‘ਆਲ ਇੰਡੀਆ ਹਿੰਦੂ ਕਨਵੈਨਸ਼ਨ’** ਵਿੱਚ ਆਰ. ਐਸ. ਐਸ. ਨਾਲ ਸਬੰਧਤ 175 ਤੋਂ ਵੱਧ ਸ਼ਕਤੀਸ਼ਾਲੀ ਹਿੰਦੂਤਵਾ ਸੰਸਥਾਵਾਂ ਵਲੋਂ ਭਾਗ ਲਿਆ ਗਿਆ ਸੀ। ਜਿਸ ਕਰਕੇ ਆਰ ਐਸ ਐਸ ਦਾ ਇਸ ਵਕਤ ਦੁਨੀਆਂ ਵਿੱਚ ਸਭ ਤੋਂ ਸ਼ਕਤੀਸ਼ਾਲੀ ਤੇ ਵੱਧ ਮੈਂਬਰਸ਼ਿਪ ਵਾਲੀ ਜਥੇਬੰਦਕ ਗੈਰ ਰਾਜਨੀਤਕ ਨੈੱਟਵਰਕ ਹੈ। ਇਨ੍ਹਾਂ ਨੇ ਬੜੇ ਯੋਜਨਬੱਧ ਢੰਗ ਨਾਲ ਭਾਰਤੀ ਹਕੂਮਤ ਤੇ 2014 ਵਿੱਚ ਕਬਜ਼ਾ ਕੀਤਾ ਸੀ (ਜਿਸ ਲਈ ਉਹ 1980 ਤੋਂ ਯਤਨਸ਼ੀਲ ਸਨ, ਜਦੋਂ ਉਨ੍ਹਾਂ ਆਪਣਾ ਰਾਜਸੀ ਵਿੰਗ ਭਾਜਪਾ ਨੂੰ ਬਣਾਇਆ ਸੀ) ਅਤੇ ਹਿਟਲਰੀ ਤੇ ਮੁਸੋਲਿਨੀ ਰੁਚੀਆਂ ਵਾਲੇ ਮੋਦੀ ਨੂੰ ਭਾਜਪਾ ਸਰਕਾਰ ਦਾ ਮੁਖੀ ਬਣਾਇਆ ਸੀ। ਭਾਜਪਾ ਸਰਕਾਰ ਪਿਛਲੇ 4 ਸਾਲ ਤੋਂ ਬੜੇ ਯੋਜਨਾਬੱਧ ਤੇ ਸੂਖਸ਼ਮ ਢੰਗ ਨਾਲ ਹਰ ਪੱਧਰ ’ਤੇ ਕਬਜ਼ਾ ਕਰ ਰਹੀ ਹੈ ਤਾਂ ਕਿ 2019 ਦੀਆਂ ਚੋਣਾਂ ਜਿੱਤਣ ਤੋਂ ਬਾਅਦ ਇੰਡੀਆ ਨੂੰ ਹਿੰਦੂ ਰਾਸ਼ਟਰ ਬਣਾਉਣ ਵਿੱਚ ਕੋਈ ਰੁਕਾਵਟ ਨਾ ਪਵੇ। ਜਿਸ ਤਰ੍ਹਾਂ ਅਸੀਂ ਦੇਖਿਆ ਹੈ ਕਿ ਫਾਸ਼ੀਵਾਦ ਤੇ ਨਾਜ਼ੀਵਾਦ




METRO IMMIGRATION



Suresh Gupta
Certified Immigration Practitioner (RCIC) Member ICCRC

1. We process spousal Immigration applications within Canada or outside Canada (Our Fee $850 to $2500 plus taxes depending upon the complexities of the case) Our associate office in Jalandhar & Ludhiana, India may charge admin fee Rs. 6000 for completing forms.
2. Parents and Grandparents 'Super Visa' ($200 plus taxes)
3. Visitor Visas to Canada(affidavit) (Our Fee $100 including taxes)
4. Express Entry ($500) upon Invitation ($2000)
5. LMIA for PR (2x $1000 plus HST)
6. Appeal to IAD for Spousal refusal, insufficient income (LICO), Criminality, residency obligation (breach), Medical refusals, ($1000 for disbursements + $2000 professional fee at the hearing plus HST)
7. Self employed cases including Farmers, Artist etc ($1250+$1250)
8. PNP Manitoba, Alberta, SASK, PEI, Investor, PNP Business (to be negotiated case by case basis)
9. Commissioner for Oath
10. Family Sponsorship (parents & Grandparents) (Fee $500 + $750 upon Invitation)
11. PR Card Renewal ($150 plus HST)
12. Pardon = $750 and US Waiver =$750 Application
13. Citizenship Application ($250 plus HST)
14. US Visitor Visa ($250 plus HST)
15. Visitor, Work, Student etc visa extension ($150 plus HST for paper application) ($500 plus HST for Online)
16. Permanent Resident Application, Skilled worker, Canadian Exp Class, Live in Care Giver, etc ($1250x2) plus HST
17. LMIA for work permit from HRDC (2x$1000)
18. CAIPS ($100) Copy of the entire file from CIC
19. Name Change : $350
20. Student Visa to New zealand (AIS ST Helen's Auckland)/ Canada (Humber College/Sheridan College) New zealand will accept students less than 6 IELTS bands However Canada will accept students over 6.5
21. Business / Entrepreneur Application.

Suresh Gupta
Certified Immigration Practitioner (RCIC) Member ICCRC
416.886.9400
905.673.1200
info@metroimmigration.com
www.metroimmigration.com
12-2355 Derry Road East, Mississauga, Ont. L5S 1V6

ਨੇ ਆਪਣੇ ਮਨਸੂਬਿਆਂ ਨੂੰ ਸਿਰੇ ਚਾੜ੍ਹਨ ਲਈ ਝੂਠੇ ਰਾਸ਼ਟਰਵਾਦ, ਝੂਠੀ ਦੇਸ਼ ਭਗਤੀ, ਨਸਲਵਾਦ ਆਦਿ ਦਾ ਸਹਾਰਾ ਲਿਆ ਸੀ ਅਤੇ ਘੱਟ ਗਿਣਤੀਆਂ, ਯਹੂਦੀਆਂ, ਕਮਿਊਨਿਸਟਾਂ, ਜਿਪਸੀਆਂ ਆਦਿ ਦਾ ਕਤਲੇਆਮ ਕਰਨ ਲਈ ਨਫਰਤ ਦੀ ਮੁਹਿੰਮ ਚਲਾਈ ਸੀ। ਆਰ. ਐਸ. ਐਸ. ਠੀਕ ਉਨ੍ਹਾਂ ਰਾਹਾਂ ਤੇ ਸਾਬਿਤ ਕਦਮੀਂ ਬੜੇ ਯੋਜਨਾਵੱਧ ਢੰਗ ਨਾਲ ਰਹੀ ਹੈ। ਉਨ੍ਹਾਂ ਵਲੋਂ ਵੀ ਝੂਠੇ ਰਾਸ਼ਟਰਵਾਦ ਤੇ ਦੇਸ਼ ਭਗਤੀ ਦੇ ਨਾਮ ਘੱਟ ਗਿਣਤੀਆਂ ਅਤੇ ਖਾਸਕਰ ਦਲਿਤਾਂ ਤੇ ਮੁਸਲਮਾਨਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਹਰ ਬੋਲਣ ਵਾਲਾ ਮਨੁੱਖੀ ਤੇ ਜਮਹੂਰੀ ਅਧਿਕਾਰ ਕਾਰਕੁੰਨ, ਲੇਖਕ, ਬੁੱਧੀਜੀਵੀ ਆਦਿ ਦੇਸ਼ ਧ੍ਰੋਹੀ ਤੇ ਮਾਓਵਾਦੀ ਹੈ। ਗਊ ਹੱਤਿਆ ਦੇ ਨਾਮ ਤੇ ਭੀੜਤੰਤਰ ਨੂੰ ਉਤਸ਼ਾਹਿਤ ਕਰਨਾ, ਲੋਕਤੰਤਰ ਦੇ ਥੰਮਾਂ ਪਾਰਲੀਮੈਂਟ, ਜੁਡੀਸ਼ਰੀ, ਪ੍ਰਸ਼ਾਸਨ, ਪ੍ਰੈਸ ਤੇ ਕਬਜ਼ਾ ਕਰਨਾ ਤਾਂ ਕਿ ਲੋੜ ਪੈਣ ਆਪਣੇ ਹਿੱਤਾਂ ਲਈ ਵਰਤਿਆ ਜਾ ਸਕੇ, ਧਰਮ ਤੇ ਜਾਤ ਅਧਾਰਿਤ ਦੰਗਿਆਂ ਜਾਂ ਭੀੜਤੰਤਰ ਰਾਹੀਂ ਲੋਕਾਂ ਦੀ ਕੁੱਟਮਾਰ ਕਰਨ ਨੂੰ ਉਤਸ਼ਾਹਿਤ ਕਰਨਾ, ਘੱਟ ਗਿਣਤੀਆਂ ਜਾਂ ਦਲਿਤ ਔਰਤਾਂ ਨਾਲ ਬਲਾਤਕਾਰ ਨੂੰ ਹਥਿਆਰ ਦੇ ਤੌਰ ਤੇ ਵਰਤਣਾ, ਸਪੱਸ਼ਟ ਤੇ ਲੁਕਵੇਂ ਢੰਗ ਨਾਲ ਸਿੱਖਿਅਕ ਸੰਸਥਾਵਾਂ ਤੇ ਕਬਜ਼ਾ ਕਰਨਾ ਤੇ ਸਿੱਖਿਆ ਦਾ ਭਗਵਾਂਕਰਨ ਕਰਨਾ, ਹਿੰਦੂ ਰਾਸ਼ਟਰ ਦੇ ਨਿਰਮਾਣ ਲਈ ਬਹੁ ਗਿਣਤੀ ਹਿੰਦੂ ਭਾਈਚਾਰੇ ਵਿੱਚ ਮੁਸਲਮਾਨਾਂ, ਇਸਾਈਆਂ, ਦਲਿਤਾਂ, ਆਦਿਵਾਸੀਆਂ, ਮਨੁੱਖੀ ਹੱਕਾਂ ਦੇ ਕਾਰਕੁੰਨਾਂ, ਕਮਿਊਨਿਸਟਾਂ ਨਾਲ ਸਬੰਧਿਤ ਕਾਰਕੁੰਨਾਂ, ਲੇਖਕਾਂ, ਬੁੱਧੀਜੀਵੀਆਂ, ਮਾਓਵਾਦੀਆਂ ਆਦਿ ਪ੍ਰਤੀ ਨਫਰਤ ਪੈਦਾ ਕਰਨ ਤੇ ਨਾਲ-ਨਾਲ ਦੀ ਉਨ੍ਹਾਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰਨਾ ਆਦਿ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ।

ਇਸ ਵਕਤ ਇੰਡੀਆ ਵਿੱਚ ਆਰ. ਐਸ. ਐਸ. ਨੇ ਸਾਰੀਆਂ ਬ੍ਰਾਹਮਣਵਾਦੀ, ਹਿੰਦੂਤਵੀ, ਨਸਲਵਾਦੀ, ਰਾਸ਼ਟਰਵਾਦੀ, ਦੇਸ਼ ਭਗਤ ਤਾਕਤਾਂ ਨੂੰ '**ਹਿੰਦੂ ਰਾਸ਼ਟਰ**' ਬਣਾਉਣ ਲਈ ਇਕੱਠਾ ਕੀਤਾ ਹੋਇਆ ਹੈ, ਇਸਦੇ ਮੁਕਾਬਲੇ ਜਮਹੂਰੀ, ਮਨੁੱਖਤਾਵਾਦੀ, ਸੈਕੂਲਰ, ਘੱਟ ਗਿਣਤੀਆਂ ਆਦਿ ਵਿੱਚ ਕਿਸੇ ਤਰ੍ਹਾਂ ਦੀ ਕੋਈ ਏਕਤਾ ਦਿਖਾਈ ਨਹੀਂ ਦਿੰਦੀ, ਬੇਸ਼ਕ ਬਹੁਤ ਲੋਕ ਆਪਣੇ ਆਪਣੇ ਢੰਗ ਨਾਲ ਵਿਰੋਧ ਕਰ ਰਹੇ ਹਨ। ਪਰ ਇਸਦਾ ਕੋਈ ਵੱਡਾ ਪ੍ਰਭਾਵ ਕਿਤੇ ਨਹੀਂ ਦਿਸ ਰਿਹਾ ਤੇ ਨਾ ਹੀ ਹਿੰਦੂਤਵੀ ਤਾਕਤਾਂ ਇਸਨੂੰ ਬਹੁਤੀ ਅਹਿਮੀਅਤ ਹੀ ਦੇ ਰਹੀਆਂ ਹਨ। ਜੇ 2019 ਦੀਆਂ ਚੋਣਾਂ ਤੋਂ ਪਹਿਲਾਂ ਲੋਕ ਇਕੱਠੇ ਨਾ ਹੋਏ ਤਾਂ ਜਿਥੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਨ ਤੋਂ ਰੋਕਣਾ ਆਸੰਭਵ ਹੈ, ਉਥੇ ਅਗਲੇ ਸਾਲਾਂ ਵਿੱਚ ਹੋਣ ਵਾਲੇ ਕਤਲੇਆਮਾਂ, ਦੰਗਿਆਂ, ਸਿਵਲ ਵਾਰ, ਘੱਟ ਗਿਣਤੀਆਂ ਤੇ ਹਮਲੇ, ਮਸਜਿਦਾਂ ਜਾਂ ਗਿਰਜੇ ਢਹਾਉਣ ਆਦਿ ਲਈ ਤਿਆਰ ਰਹਿਣਾ ਚਾਹੀਦਾ ਹੈ। ਹਿੰਦੂ ਰਾਸ਼ਟਰ ਦੇ ਰਾਹ ਵਿੱਚ ਅਗਰ ਕੋਈ ਰੁਕਾਵਟ ਦਿਸੀ ਤਾਂ ਹਿੰਦੂਤਵੀ ਤਾਕਤਾਂ ਵਲੋਂ ਰਾਸ਼ਟਰਪਤੀ ਰਾਜ, ਐਮਰਜੈਂਸੀ, ਫੌਜ ਆਦਿ ਲਗਾਈ ਜਾ ਸਕਦੀ ਹੈ। ਅਜਿਹਾ ਕੁਝ ਕਰਨ ਲਈ, ਉਨ੍ਹਾਂ ਵਲੋਂ ਆਪ ਵੀ ਦੰਗਿਆਂ ਜਾਂ ਸਿਵਲ ਵਾਰ ਵਾਲੇ ਹਾਲਾਤ ਬਣਾ ਕੇ ਕਤਲੇਆਮ ਜਾਂ ਦੰਗੇ ਕੀਤੇ ਜਾ ਸਕਦੇ ਹਨ। ਵੱਡੀ ਪੱਧਰ ਤੇ ਲੋਕਾਂ ਨੂੰ ਜ਼ੇਲ੍ਹੀ ਵੀ ਸੁੱਟਿਆ ਜਾ ਸਕਦਾ ਹੈ। ਕਹਿਣ ਤੋਂ ਭਾਵ ਹੈ ਕਿ ਹੋਣੀ ਸਾਨੂੰ ਵਾਜਾਂ ਮਾਰ ਰਹੀ ਹੈ, ਜੇ ਘੱਟ ਗਿਣਤੀਆਂ, ਸੈਕੂਲਰ, ਮਨੁੱਖਤਾਵਾਦੀ, ਦਲਿਤ, ਆਦਿਵਾਸੀ, ਕਮਿਊਨਿਸਟ ਤਾਕਤਾਂ ਆਦਿ ਇਕੱਠੇ ਨਾ ਹੋਏ ਤਾਂ ਨਾਜ਼ੀਆਂ ਤੇ ਫਾਸ਼ੀਵਾਦੀਆਂ ਦੀ ਤਰਜ ਤੇ ਇੰਡੀਆ ਦੇ ਲੋਕਾਂ ਨੂੰ ਵੱਡੇ ਕਤਲੇਆਮਾਂ ਲਈ ਤਿਆਰ ਰਹਿਣਾ ਚਾਹੀਦਾ ਹੈ। ਬੇਸ਼ੱਕ ਅੱਜ ਦੇ ਅੰਤਰ ਰਾਸ਼ਟਰੀ ਹਾਲਾਤਾਂ ਦੇ ਮੱਦੇ ਨਜ਼ਰ, ਹਿੰਦੂਤਵੀ ਫੌਰਸਾਂ ਲਈ ਭਾਰਤ ਵਰਗੇ ਬਹੁ ਕੌਮੀ, ਬਹੁ ਧਰਮੀ, ਬਹੁ ਸਭਿਆਚਾਰੀ ਦੇਸ਼ ਵਿੱਚ ਇਹ ਸਭ ਕਰਨਾ, ਇਤਨਾ ਆਸਾਨ ਨਹੀਂ, ਜਿਸ ਨਾਲ ਵੱਡੇ ਪੱਧਰ ਤੇ ਵਿਦਰੋਹ ਵੀ ਪੈਦਾ ਹੋ ਸਕਦਾ ਹੈ ਤੇ ਸਿਵਲ ਵਾਰ ਵੀ ਛਿੜ ਸਕਦੀ ਹੈ। ਪਰ ਜਿਸ ਢੰਗ ਨਾਲ ਹਿੰਦੂਤਵੀ ਤਾਕਤਾਂ ਕੰਮ ਕਰ ਰਹੀਆਂ ਹਨ, ਉਸ ਨਾਲ ਸਪੱਸ਼ਟ ਹੈ ਕਿ ਉਹ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਪੂਰਾ ਕਰਨ ਲਈ ਕੁਝ ਵੀ ਕਰ ਸਕਦੀਆਂ ਹਨ? ਇੱਕ ਪੱਖ ਇਹ ਵੀ ਹੈ ਕਿ ਦੁਨੀਆਂ ਭਰ ਦੀਆਂ ਸਾਮਰਾਜੀ ਤਾਕਤਾਂ ਭਾਰਤ ਨੂੰ ਇੱਕ ਵੱਡੀ ਮੰਡੀ ਵਜੋਂ ਵਰਤ ਰਹੀਆਂ ਹਨ ਤੇ ਇਨ੍ਹਾਂ ਤਾਕਤਾਂ ਨੂੰ ਹਿੰਦੂਤਵੀਆਂ ਵਲੋਂ ਆਪਣੇ ਏਜੰਡੇ (ਰਾਸ਼ਟਰਵਾਦ) ਤੋਂ ਉਲਟ ਕੁਝ ਵੀ ਕਰਨ ਦੀ ਖੁੱਲ੍ਹ ਦਿੱਤੀ ਹੋਈ ਹੈ। ਜਿਸ ਕਰਕੇ ਪੱਛਮੀ ਸਾਮਰਾਜੀ ਤਾਕਤਾਂ ਵਲੋਂ ਭਾਰਤ ਦੇ ਲੋਕਾਂ ਦੀ ਬਾਂਹ ਫੜ੍ਹਨ ਦੇ ਕੋਈ ਬਹੁਤੇ ਆਸਾਰ ਨਹੀਂ ਹਨ। ਇਸ ਨਾਲ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਦਾ ਮੁਗਲਾਂ ਤੇ ਬ੍ਰਿਟਿਸ਼ ਬਸਤੀਵਾਦੀਆਂ ਵਲੋਂ ਧੱਕੇ ਨਾਲ ਬਣਾਇਆ ਹੋਇਆ ਅਖੰਡ ਭਾਰਤ (ਜਿਸਨੂੰ ਹੁਣ ਮੁੱਠੀ ਭਰ ਹਿੰਦੂਤਵੀ ਤਾਕਤਾਂ ਅਖੰਡ ਹਿੰਦੂ ਰਾਸ਼ਟਰ ਬਣਾਉਣ ਦਾ ਸੁਪਨਾ ਦੇਖ ਰਹੀਆਂ ਹਨ) ਖੇਰੂੰ ਖੇਰੂੰ ਹੋ ਸਕਦਾ ਹੈ? ਵੈਸੇ ਵੀ ਇਤਿਹਾਸਕ ਤੌਰ 'ਤੇ ਭਾਰਤ ਕਦੇ ਵੀ ਅੱਜ ਵਰਗਾ ਅਖੰਡ ਭਾਰਤ ਨਹੀਂ ਸੀ, ਇਥੇ ਸਦੀਆਂ ਤੋਂ ਵੱਖ-ਵੱਖ ਧਰਮਾਂ, ਕੌਮਾਂ ਦੇ ਲੋਕਾਂ ਦੇ ਆਪਣੇ ਆਪਣੇ ਇਲਾਕਿਆਂ ਵਿੱਚ ਰਾਜ ਸਨ। ਜਿਨ੍ਹਾਂ ਨੂੰ ਪਹਿਲਾਂ ਵਿਦੇਸ਼ੀ ਮੁਸਲਮਾਨ ਹਮਲਾਵਰਾਂ ਤੇ ਫਿਰ ਵਿਦੇਸ਼ੀ ਬਸਤੀਵਾਦੀ ਗੋਰੇ ਹਾਕਮਾਂ ਨੇ ਆਪਣੀ ਸੌਖ ਤੇ ਰਾਜਸੀ ਹਵਸ ਲਈ ਧੱਕੇ ਨਾਲ ਇਕੱਠਾ ਕੀਤਾ ਸੀ, ਜੋ ਕਿ 1947 ਵਿੱਚ ਦੇਸੀ ਹਿੰਦੂ ਹਾਕਮਾਂ ਹੱਥ ਆ ਗਿਆ। ਚਾਹੀਦਾ ਤਾਂ ਇਹ ਸੀ, ਉਸ ਵਕਤ ਹੀ ਦੇਸ਼ ਵਿੱਚ ਸਮਾਜਵਾਦੀ ਲੀਹਾਂ ਤੇ ਸੈਕੂਲਰ ਫੈਡਰਲ ਢਾਂਚਾ ਲਾਗੂ ਕਰਕੇ ਸਾਰੀਆਂ ਕੌਮਾਂ, ਧਰਮਾਂ, ਫਿਰਕਿਆਂ, ਆਦਿਵਾਸੀਆਂ, ਘੱਟ ਗਿਣਤੀਆਂ, ਦਲਿਤਾਂ ਆਦਿ ਨੂੰ ਬਰਾਬਰ ਦਾ ਮਾਣ ਸਤਿਕਾਰ ਦਿੱਤਾ ਜਾਂਦਾ, ਪਰ ਕਾਂਗਰਸ ਦੀ ਹਿੰਦੂਤਵੀ ਸੌੜੀ ਸੋਚ ਨੇ ਅਜਿਹਾ ਨਾ ਕਰਕੇ, ਇੰਡੀਆ ਨੂੰ ਇਥੇ ਲਿਆ ਖੜਾ ਕੀਤਾ ਹੈ, ਜਿਥੇ ਤਬਾਹੀ ਹੀ ਸਪੱਸ਼ਟ ਦਿਖਾਈ ਦੇ ਰਹੀ ਹੈ। ਜੇ ਅਜੇ ਵੀ ਲੋਕ ਇਕੱਠੇ ਨਾ ਹੋਏ ਤਾਂ

ਅਗਰ ਨਾ ਸਮਝੋਗੇ, ਤੋ ਮਿਟ ਜਾਉਗੇ, ਐ ਹਿੰਦੁਸਤਾਂ ਵਾਲੋ,
ਤੁਮਾਰੀ ਦਾਸਤਾਂ ਤੱਕ ਵੀ ਨਾ ਹੋਗੀ ਦਾਸਤਾਨੋਂ ਮੇਂ। (ਇਕਬਾਲ)

# ਜਮਹੂਰੀ ਹੱਕਾਂ ਦੇ ਰਾਖੇ ਬੁੱਧੀਜੀਵੀਆਂ ਖਿਲਾਫ਼ ਭਾਰਤੀ ਹਕੂਮਤੀ ਦਾ ਹਮਲਾ

## ਤਾਨਾਸ਼ਾਹ ਮੋਦੀ ਹਕੂਮਤ ਦੀ ਬੁਖਲਾਹਟ

ਪੂਨੇ (ਮਹਾਰਾਸ਼ਟਰ) ਪੁਲਸ ਵੱਲੋਂ 28 ਅਗਸਤ ਨੂੰ ਇੱਕੋ ਸਮੇਂ ਪੰਜ ਰਾਜਾਂ ਦੇ ਮਹਾਂਨਗਰੀ ਖੇਤਰਾਂ ਵਿੱਚ ਉਘੇ ਬੁੱਧੀਜੀਵੀਆਂ ਤੇ ਸਮਾਜਿਕ ਕਾਰਕੁੰਨਾਂ ਦੇ ਘਰਾਂ 'ਤੇ ਕੀਤੀ ਛਾਪੇਮਾਰੀ, ਲਈਆਂ ਗਈਆਂ ਤਲਾਸ਼ੀਆਂ ਤੇ ਕੀਤੀਆਂ ਗਈਆਂ ਗ੍ਰਿਫ਼ਤਾਰੀਆਂ ਫਿਰਕੂ ਫਾਸ਼ੀਵਾਦ ਅਤੇ ਨੰਗੇ-ਚਿੱਟੇ ਕਾਰਪੋਰੇਟ ਰਾਜ ਦੇ ਰਾਹ ਪਈ ਮੋਦੀ ਸਰਕਾਰ ਦੀ ਵਿਆਪਕ ਲੋਕ-ਵਿਰੋਧੀ ਸ਼ਾਜਿਸ਼ ਤੇ ਬੁਖਲਾਹਟ ਦੀ ਨਿਸ਼ਾਨੀ ਹਨ। ਜਿਨ੍ਹਾਂ ਪੰਜ ਮਕਬੂਲ ਸਖਸ਼ੀਅਤਾਂ ਨੂੰ 'ਅਰਬਨ ਨਕਸਲ' (ਸ਼ਹਿਰੀ ਨਕਸਲੀ) ਕਹਿ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ, ਉਹ ਹਨ: ਆਦਿਵਾਸੀਆਂ ਦੇ ਹੱਕਾਂ ਦੀ ਪਹਿਰੇਦਾਰ ਐਡਵੋਕੇਟ ਸੁਧਾ ਭਾਰਦਵਾਜ, ਕ੍ਰਾਂਤੀਕਾਰੀ ਕਵੀ ਵਰਵਰਾ ਰਾਓ, ਲੇਖਕ ਤੇ ਕਾਰਕੁੰਨ ਗੌਤਮ ਨੌਲੱਖਾ, ਕਾਰਕੁੰਨ ਤੇ ਵਕੀਲ ਵਰਨਨ ਗੌਂਸਲਾਵੇਸ ਅਤੇ ਸਮਾਜਿਕ ਕਾਰਕੁੰਨ ਅਰੁਨ ਫਰੇਰਾ। ਜਿਨ੍ਹਾਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਗਈ ਤੇ ਤਲਾਸ਼ੀ ਲਈ ਗਈ, ਉਹ ਹਨ : ਪਾਦਰੀ ਸਟੇਨ ਸਵਾਮੀ, ਪ੍ਰੋਫੈਸਰ ਕੇ.ਸੱਤਿਆਨਰੈਣ. ਅਤੇ ਦਲਿਤ ਚਿੰਤਕ ਆਨੰਦ ਤੇਲਤੁੰਬੜੇ! ਇਹ ਸਾਰੇ ਜਣੇ ਦੇਸ਼ ਭਰ ਵਿੱਚ ਮਨੁੱਖੀ ਹੱਕਾਂ ਤੇ ਜਮਹੂਰੀ ਅਧਿਕਾਰਾਂ ਦੇ ਗਹਿ-ਗੱਡਵੇਂ ਪਹਿਰੇਦਾਰਾਂ ਅਤੇ ਨਿਮਾਣੇ-ਨਿਤਾਣੇ ਲੋਕਾਂ ਦੀ ਓਟ ਬਣ ਕੇ ਖੜ੍ਹਨ ਵਾਲਿਆਂ ਵੱਜੋਂ ਜਾਣੇ ਜਾਂਦੇ ਹਨ। ਸਿਵਾਏ ਇੱਕ ਦੋ ਤੋਂ ਇਹ ਸਖ਼ਸੀਅਤਾ ਉਮਰ ਦੇ ਉਸ ਪੜਾਅ 'ਤੇ ਹਨ ਜਿਸ ਨੂੰ ਸੀਨੀਅਰ ਸਿਟੀਜ਼ਨ ਕਿਹਾ ਜਾਂਦਾ ਹੈ ਅਤੇ ਇਹ ਸੱਭੇ ਪਿਛਲੇ ਤਿੰਨ-ਚਾਰ ਦਹਾਕਿਆਂ ਤੋਂ ਆਪੋ-ਆਪਣੇ ਖੇਤਰਾਂ ਵਿੱਚ ਕੀਤੇ ਮਹੱਤਵਪੂਰਨ ਕਾਰਜ਼ਾਂ ਲਈ ਜਾਣੇ ਜਾਂਦੇ ਹਨ।




ਮਹਾਰਾਸ਼ਟਰ ਪੁਲਸ ਵੱਲੋਂ ਛਾਪੇਮਾਰੀ, ਤਲਾਸ਼ੀ ਤੇ ਗ੍ਰਿਫ਼ਤਾਰੀਆਂ ਦੀ ਇਸ ਮੁਹਿੰਮ ਨੂੰ ਇਸ ਸਾਲ ਦੇ ਸ਼ੁਰੂ 'ਚ ਹੋਈ ਭੀਮਾ ਕੋਰੇਗਾਓਂ ਹਿੰਸਾ ਨਾਲ ਜੋੜ ਕੇ ਇਨ੍ਹਾਂ ਸਖ਼ਸ਼ੀਅਤਾਂ ਨੂੰ ਮਾਓਵਾਦੀ ਪਾਰਟੀ ਦੇ 'ਅਰਬਨ ਨੈੱਟਵਰਕ' ਦਾ ਅੰਗ ਦੱਸਣਾ ਤੇ ਅੱਗੇ ਇਨ੍ਹਾਂ ਸਭਨਾਂ ਦੇ ਤਾਰ 'ਪ੍ਰਧਾਨ ਮੰਤਰੀ ਮੋਦੀ ਦੀ ਹੱਤਿਆ ਦੀ ਸਾਜਿਸ਼' ਨਾਲ ਜੋੜਨਾ 21ਵੀਂ ਸਦੀ ਦੇ ਸਭ ਤੋਂ ਭੱਦੇ ਮਜ਼ਾਕ ਤੋਂ ਸਿਵਾਏ ਕੁੱਝ ਨਹੀਂ । ਮਹਾਰਾਸ਼ਟਰ ਪੁਲਿਸ ਵੱਲੋਂ ਇਨ੍ਹਾਂ ਗ੍ਰਿਫਤਾਰੀਆਂ ਨੂੰ ਉਨ੍ਹਾਂ ਪੰਜ ਸਮਾਜਿਕ ਕਾਰਕੁੰਨਾਂ (ਮਹੇਸ਼ ਰਾਉਤ, ਪ੍ਰੋਫੈਸਰ ਸ਼ੋਖਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਰੋਨਾ ਵਿਲਸ਼ਨ ਅਤੇ ਸੁਧੀਰ ਧਾਵਲੇ) ਨਾਲ ਜੋੜ ਕੇ ਪੇਸ਼ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨੂੰ ਪੂਨੇ ਪੁਲਿਸ ਵੱਲੋਂ 6 ਜੂਨ ਨੂੰ ਭੀਮਾ ਕੋਰੇਗਾਓਂ ਵਿੱਚ ਹੋਈ ਹਿੰਸਾ ਦੇ ਸੰਦਰਭ 'ਚ ਗ੍ਰਿਫਤਾਰ ਕੀਤਾ ਅਤੇ ਸਿਆਸੀ ਤੌਰ 'ਤੇ ਮੁੜ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਮਨੋ-ਕਲਪਿਤ ਸਾਜਿਸ਼ ਵਿੱਚ ਲਪੇਟ ਦਿੱਤਾ ਗਿਆ ਸੀ । ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਦਸਾਂ ਵਿੱਚੋਂ ਨੌਂ ਜਣੇ ਨਾ ਤਾਂ ਭੀਮਾ ਕੋਰੇਗਾਓ ਵਾਲੇ ਪ੍ਰੋਗਰਾਮ ਵਿੱਚ ਗਏ ਸਨ, ਅਤੇ ਨਾ ਉਨ੍ਹਾਂ ਦਾ ਭੀਮਾ ਕੋਰੇਗਾਓਂ 'ਚ ਪ੍ਰਗੋਰਾਮ ਜਥੇਬੰਦ ਕਰਨ ਵਾਲੀ ਸੰਸਥਾ 'ਐਲਗਰ ਪ੍ਰਸ਼ੀਦ' ਨਾਲ ਕੋਈ ਸਬੰਧ ਹੈ ਅਤੇ ਨਾ ਹੀ ਉਨ੍ਹਾਂ ਦੇ ਨਾਂ ਭੀਮਾ ਕੋਰੇਗਾਓਂ ਹਿੰਸਾ ਦੇ ਸਬੰਧ 'ਚ ਪੂਨੇ ਪੁਲਸ ਵੱਲੋਂ 8 ਜਨਵਰੀ, 2018 ਨੂੰ ਦਰਜ ਕੀਤੀ ਐਫ.ਆਈ.ਆਰ. ਵਿੱਚ ਸਨ । ਇਸ ਐਫ.ਆਈ.ਆਰ. ਵਿੱਚ ਸੁਧੀਰ ਧਾਵਲੇ ਤੋਂ ਸਿਵਾਏ ਗੁਜਰਾਤ ਦੇ ਵਧਾਇਕ ਜਿਗਨੇਸ਼ ਮੇਵਾਨੀ ਤੇ ਉਮਰ ਖਾਲਿਦ ਦੇ ਨਾਂ ਸਨ । ਉਸ ਤੋਂ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਕਰੀਬ ਤਿੰਨ ਮਹੀਨੇ ਪਹਿਲਾਂ 'ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜਿਸ਼' ਬੇਨਕਾਬ ਕਰਨ ਤੋਂ ਬਾਅਦ 28 ਅਗਸਤ ਤੱਕ ਮਹਾਰਾਸ਼ਟਰ ਪੁਲਸ ਹੱਥ ਤੇ ਹੱਥ ਧਰ ਕੇ ਬੈਠੀ ਰਹੀ । ਕਿਸ ਇੰਤਜ਼ਾਰ ਵਿੱਚ ? ਪ੍ਰਧਾਨ ਮੰਤਰੀ ਦੀ ਹੱਤਿਆ ਦੇ ਜਾਂ ਪ੍ਰਧਾਨ ਮੰਤਰੀ ਦਫ਼ਤਰ ਦੇ ਨਵੇਂ ਆਦੇਸ਼ਾ ਦੇ ? ਮੋਦੀ ਹਕੂਮਤ ਸਮੇਤ ਹਰ ਕੋਈ ਜਾਣਦਾ ਹੈ ਕਿ ਇਹ ਬੁੱਧੀਜੀਵੀ ਤੇ ਕਾਰਕੁੰਨ ਫਿਰਕੂ-ਫਾਸ਼ੀਵਾਦ ਤੇ ਕਾਰਪੋਰੇਟ ਗੱਠਜੋੜ ਵਾਲੇ ਨਿਜ਼ਾਮ ਦੇ ਵਿਰੋਧੀ ਹਨ ਤੇ ਉਹ ਜਨਤਕ ਸੰਘਰਸ਼ਾਂ ਦੇ ਹਮਾਇਤੀ ਹਨ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਿਸੇ ਪ੍ਰਧਾਨ ਮੰਤਰੀ ਜਾਂ ਲੀਡਰ ਨੂੰ ਮਾਰ ਕੇ ਵਿਅਕਤੀਗਤ ਕਤਲਾਂ ਨਾਲ ਨਿਜ਼ਾਮ ਨਹੀਂ ਬਦਲ ਸਕਦਾ । ਫਿਰ ਭਲਾ ਉਹ ਪ੍ਰਧਾਨ ਮੰਤਰੀ ਮੋਦੀ ਦੀ ਹੱਤਿਆ ਦੀ ਸਾਜਿਸ਼ ਕਿਉਂ ਤੇ ਕਾਹਦੇ ਲਈ ਰਚਣਗੇ?

ਭੀਮਾ ਕੋਰੇਗਾਓਂ ਹਿੰਸਾ ਦੇ ਅਸਲ ਦੋਸ਼ੀ ਅਲ ਹਿੰਦੂ ਫਰੰਟ ਦੇ ਹਿੰਦੂਤਵੀ ਆਗੂਆਂ ਸ਼ੰਭਾ ਜੀ ਭਿੜੇ ਤੇ ਮਿਲਿੰਦ ਏਕਬੋਟੇ (ਜਿਨ੍ਹਾਂ ਖਿਲਾਫ਼ ਹਿੰਸਾ ਭੜਕਾਉਣ ਦੇ ਦੋਸ਼ਾਂ ਤਹਿਤ ਪੂਨੇ ਦਿਹਾਤੀ ਖੇਤਰ ਦੇ ਪਿੰਪਰੀ ਥਾਣੇ 'ਚ ਐਫ. ਆਈ.ਆਰ ਦਰਜ ਹੈ) ਨੂੰ ਗ੍ਰਿਫਤਾਰ ਕਰਨ ਦੀ ਥਾਂ ਦਲਿਤ ਪੱਖੀ ਤੇ ਜਮਹੂਰੀਅਤ ਪੱਖੀ ਬੁੱਧੀਜੀਵੀਆਂ ਤੇ ਕਾਰਕੁੰਨਾਂ ਦੀਆਂ ਇਹ ਸਭ ਗ੍ਰਿਫਤਾਰੀਆਂ, ਇਨ੍ਹਾਂ ਗ੍ਰਿਫਤਾਰੀਆਂ ਦਾ ਤੌਰ-ਤਰੀਕਾ ਅਤੇ ਉਸ ਤੋਂ ਵੀ ਵਧ ਕੇ ਇਨ੍ਹਾਂ ਨੂੰ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਕਲਪਿਤ ਸਾਜਿਸ਼ ਤੱਕ ਖਿੱਚਣਾ ਦੱਸਦਾ ਹੈ ਕਿ ਅਸੀਂ ਇੱਕ ਬੇਹੱਦ ਖ਼ਤਰਨਾਕ ਦੌਰ ਵਿੱਚ ਪਹੁੰਚ ਚੁੱਕੇ ਹਾਂ । ਜੇਕਰ 28 ਅਗਸਤ ਨੂੰ ਗ੍ਰਿਫਤਾਰ ਕੀਤੇ ਗਏ ਲੋਕਾਂ ਦੇ ਤਾਰ, ਪਹਿਲਾਂ 6 ਜੂਨ ਨੂੰ ਗ੍ਰਿਫਤਾਰ ਕੀਤੇ ਗਏ ਲੋਕਾਂ ਰਾਹੀਂ 'ਪ੍ਰਧਾਨ ਮੰਤਰੀ ਦੀ ਹੱਤਿਆ ਸਾਜਿਸ਼' ਨਾਲ ਜੁੜਦੇ ਹਨ, ਜਿਵੇਂ ਕਿ ਮਹਾਰਾਸ਼ਟਰ ਪੁਲਸ ਦਾਅਵਾ ਕਰ ਰਹੀ ਹੈ, ਤਾਂ ਫਿਰ ਇਹ ਗ੍ਰਿਫਤਾਰੀਆਂ ਏਨੀ ਦੇਰ ਨਾਲ ਕਿਉਂ? ਏਨੇ ਗੰਭੀਰ ਮਾਮਲੇ ਦੀ ਜਾਂਚ ਸੀ.ਬੀ. ਆਈ ਜਾਂ ਐਨ.ਆਈ.ਏ ਵਰਗੀ ਸਪੈਸ਼ਲ ਏਜੰਸੀ ਨੂੰ ਕਿਉਂ ਨਹੀਂ ਸੌਂਪੀ ਗਈ? ਇਸ ਸਾਜਿਸ਼ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਦੇ ਰੋਡ ਸ਼ੋਅ ਵਰਗੇ ਪ੍ਰੋਗਰਾਮਾਂ ਵਿੱਚ ਤਬਦੀਲੀ ਕਿਉਂ ਨਹੀਂ ਕੀਤੀ ਗਈ ? ਦਰਅਸਲ ਸਾਜਿਸ਼ ਦੀ ਇਹ ਕਹਾਣੀ ਫਿਲਮੀ ਪਰਦੇ ਦੀ ਕਹਾਣੀ ਨਾਲੋਂ ਵੀ ਕਮਜ਼ੋਰ ਤੇ ਸਸਤੀ ਸ਼ੋਹਰਤ ਜਾਂ ਝੂਠੀ ਹਮਦਰਦੀ ਵਟੋਰਣ ਵਾਲੀ ਹੈ ਜੋ ਬਿਲਕੁਲ ਨਿਰਆਧਾਰ, ਮਨਘੜਤ ਅਤੇ ਸ਼ਾਜਿਸੀ ਹੈ।

ਜੇਕਰ ਫਿਰ ਵੀ ਪ੍ਰਧਾਨ ਮੰਤਰੀ ਦੇ ਕਤਲ ਦੀ ਸਾਜਿਸ਼ ਦੀ ਬੇਤੁਕੀ ਕਹਾਣੀ ਨੂੰ ਬੇਤੁਕੇ ਢੰਗ ਨਾਲ ਅਗਾਂਹ ਖਿੱਚਿਆ ਜਾ ਰਿਹਾ ਹੈ ਤਾਂ ਜ਼ਰੂਰ ਹੀ ਹਕੂਮਤ ਦੇ ਮਨਹੂਸ ਇਰਾਦੇ ਕਿਤੇ ਵਡੇਰੇ ਹਨ। ਮਾਮਲਾ 'ਅਰਬਨ ਨਕਸਲ' ਦਾ ਨਹੀਂ ਸਗੋਂ ਫਾਸ਼ੀ ਢੰਗਾਂ ਨਾਲ ਹਰ ਵਿਰੋਧ ਦੀ ਆਵਾਜ਼ ਦੀ ਸੰਘੀ ਘੁੱਟਣਾ ਅਤੇ ਵਿਸ਼ਾਲ ਲੋਕਾਈ ਨੂੰ ਆਗੂ-ਰਹਿਤ ਕਰਨਾ ਅਤੇ ਸਿਰ ਸੁੱਟ ਕੇ 'ਸਭ ਅੱਛਾ ਹੈ' ਕਹਿਣ ਲਈ ਮਜ਼ਬੂਰ ਕਰਨਾ ਹੈ।


'ਅਰਬਨ ਨਕਸਲ' ਸ਼ਬਦ ਦੀ ਘਾੜਤ ਸਿਰਫ਼ ਕੁੱਝ ਖੱਬੇ-ਪੱਖੀ ਬੁੱਧੀਜੀਵੀਆਂ ਤੇ ਸਮਾਜਿਕ ਕਾਰਕੁੰਨਾਂ ਨੂੰ ਜੇਲ੍ਹੀਂ ਡੱਕਣ ਤੱਕ ਮਹਿਦੂਦ ਨਹੀਂ ਸਗੋਂ ਇਹ ਹਮਲੇ ਦੀ ਅਗਲੀ ਕੜੀ ਹੈ । ਮੋਦੀ ਸਰਕਾਰ ਦਾ ਇਰਾਦਾ 'ਅਰਬਨ ਨਕਸਲ' ਦੇ ਖ਼ਤਰੇ ਦੇ ਬਹਾਨੇ 'ਅਰਬਨ ਫ਼ਾਸ਼ਿਜ਼ਮ' ਖੜ੍ਹਾ ਕਰਨ ਦਾ ਹੈ। 'ਅਰਬਨ ਫ਼ਾਸ਼ਿਜ਼ਮ' ਮਤਲਬ ਸ਼ਹਿਰੀ ਖੇਤਰਾਂ ਵਿੱਚ ਹਰ ਕਿਸਮ ਦੇ ਵਿਚਾਰਕ ਵਿਰੋਧ ਨੂੰ ਹਕੂਮਤੀ ਮਸ਼ੀਨਰੀ ਅਤੇ ਭਾਂਤ-ਸੁਭਾਂਤੇ ਫਿਰਕੂ-ਫ਼ਾਸ਼ੀ ਗਿਰੋਹਾਂ ਵੱਲੋਂ ਖਾਮੋਸ਼ ਕਰ ਦੇਣਾ । ਮੋਦੀ ਸਰਕਾਰ ਜਿੱਥੇ ਹਰ ਸੰਸਥਾ ਤੇ ਅਦਾਰੇ 'ਤੇ ਸੰਘੀ ਵਿਚਾਰਧਾਰਾ ਦੇ ਲੋਕਾਂ ਰਾਹੀ ਕਾਬਜ ਹੋ ਰਹੀ ਹੈ ਜਾਂ ਉਨ੍ਹਾਂ ਨੂੰ ਖੋਖਲਾ ਬਣਾ ਰਹੀ ਹੈ, ਉੱਥੇ ਇਸ ਦੀ ਪੁਸ਼ਤਪਨਾਹੀ ਹੇਠ ਹਜੂਮੀ ਹੱਤਿਆਵਾਂ ਤੋਂ ਲੈ ਕੇ ਦਲਿਤ, ਲੋਕ ਪੱਖੀ ਤੇ ਤਰਕਸ਼ੀਲ ਚਿੰਤਕਾਂ ਨਰਿੰਦਰ ਦਾਭੋਲਕਰ, ਪ੍ਰੋ: ਕੁਲਬਰਗੀ, ਗੋਬਿੰਦ ਪਨਸਾਰੇ ਅਤੇ ਪੱਤਰਕਾਰ ਗੌਰੀ ਲੰਕੇਸ਼ ਦੇ ਕਾਤਲ ਇਹ ਹਿੰਦੂ-ਫਾਸ਼ੀਵਾਦੀ ਸੰਗਠਨ ਹੀ ਹਨ । ਪੁਲਸ ਜਾਂਚ ਨਾਲ ਨਾ ਸਿਰਫ ਇਹ ਸਾਬਤ ਹੋਇਆ ਹੈ ਸਗੋਂ ਇਨ੍ਹਾਂ ਦੇ ਕਾਤਲਾਂ ਕੋਲੋਂ ਭਾਰੀ ਮਾਤਰਾ 'ਚ ਬੰਬ ਤੇ ਗੋਲੀ ਸਿੱਕਾ ਫੜਿਆ ਵੀ ਗਿਆ ਹੈ ਜੋ ਆਉਣ ਵਾਲੇ ਸਮੇਂ 'ਚ ਹੋਣ ਵਾਲੇ ਕਾਲੇ ਕਾਰਨਾਮਿਆਂ ਵੱਲ ਸੰਕੇਤ ਕਰਦਾ ਹੈ। ਸ਼ਹਿਰੀ ਖੇਤਰ ਵਿੱਚ ਅਨੇਕਾਂ ਕੱਟੜ ਹਿੰਦੂਤਵੀ ਸੰਗਠਨ ਪੈਰ ਪਾਸਾਰ ਚੁੱਕੇ ਹਨ।

ਪਹਿਲਾਂ ਮੱਧ-ਭਾਰਤ ਦੇ ਕਬਾਇਲੀ ਖੇਤਰਾਂ 'ਚ ਬੁੱਧੀਜੀਵੀਆਂ ਤੇ ਸਮਾਜਿਕ ਕਾਰਕੁੰਨਾਂ ਨੂੰ ਤੰਗ ਪ੍ਰੇਸ਼ਾਨ ਕਰਕੇ ਤੇ ਝੂਠੇ ਪੁਲਸ ਕੇਸਾਂ 'ਚ ਉਲਝਾ ਕੇ ਉਨ੍ਹਾਂ ਨੂੰ ਖੇਤਰ ਛੱਡ ਜਾਣ ਲਈ ਮਜਬੂਰ ਕੀਤਾ ਗਿਆ । ਫਿਰ ਖੱਬੇ ਪੱਖੀ ਤੇ ਤਰਕਸ਼ੀਲ ਚਿੰਤਕਾਂ ਤੇ ਲੇਖਕਾਂ ਨੂੰ ਹਿੰਦੂਤਵੀ ਸੰਗਠਨਾਂ ਵੱਲੋਂ ਕਤਲਕੀਤਾ ਗਿਆ । ਹੁਣ ਸਰਕਾਰ ਇਨ੍ਹਾਂ ਬੁੱਧੀਜੀਵੀਆਂ ਤੇ ਕਾਰਕੁੰਨਾਂ ਦੀ ਗ੍ਰਿਫਤਾਰੀ ਰਾਹੀਂ ਸਮਾਜ ਨੂੰ ਤੇ ਖਾਸ ਕਰ ਸ਼ਹਿਰੀ ਮੱਧ-ਵਰਗ ਨੂੰ ਇਹ ਸੰਦੇਸ਼ ਦੇਣਾ ਚਾਹੁੰਦੀ ਹੈ ਜੋ ਕਿ ਕੋਈ ਵੀ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਆਰਥਕ ਨੀਤੀਆਂ ਅਤੇ ਸੰਘ ਦੀ ਵਿਚਾਰਧਾਰਾ ਦਾ ਵਿਰੋਧ ਕਰੇਗਾ, ਸਰਕਾਰ ਉਸ ਨੂੰ ਸਹਿਣ ਨਹੀਂ ਕਰੇਗੀ । ਇਨ੍ਹਾਂ ਗ੍ਰਿਫਤਾਰੀਆਂ ਰਾਹੀਂ ਮੋਦੀ ਸਰਕਾਰ ਨੇ ਦੂਜਾ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਉਸ ਦੀ ਹਕੂਮਤ ਅਧੀਨ ਕਾਨੂੰਨ ਦੇ ਰਾਜ, ਸੰਵਿਧਾਨ ਤੇ ਤਮਾਮ ਕਾਇਦੇ-ਕਾਨੂੰਨਾਂ ਦਾ ਕੋਈ ਮਹੱਤਵ ਨਹੀਂ । ਮੋਦੀ ਰਾਜ 'ਚ ਦਲਿਤਾਂ, ਆਦਿਵਾਸੀਆਂ, ਮੁਸਲਿਮਾਂ ਤੇ ਕਿਸਾਨਾਂ ਦੀ ਗੱਲ ਕਰਨ ਵਾਲੇ ਅਪਰਾਧੀ ਬਣ ਗਏ ਹਨ ਅਤੇ ਗਊ ਰੱਖਿਆ, ਲਵ ਜ਼ਿਹਾਦ ਆਦਿ ਦੇ ਨਾਂ 'ਤੇ ਕਤਲ ਕਰਨ ਵਾਲੇ, ਹੜਦੰਗ ਮਚਾਉਣ ਵਾਲੇ ਅਪਰਾਧੀ ਸਨਮਾਨਿਤ ਸ਼ਹਿਰੀ ਬਣ ਗਏ ਹਨ। ਹਰ ਫ਼ਾਸ਼ੀਵਾਦੀ ਤੇ ਤਾਨਾਸ਼ਾਹ ਵਾਂਗ ਮੋਦੀ ਸਾਹਿਬ ਤੇ ਉਸ ਦੀ ਸਰਕਾਰ ਭੁੱਲ ਰਹੀ ਹੈ ਕਿ ਜਬਰ-ਜ਼ੁਲਮ ਨਾਲ ਵਿਰੋਧ ਦੀਆਂ ਆਵਾਜ਼ਾਂ ਨੂੰ ਖ਼ਾਮੋਸ਼ ਨਹੀਂ ਕੀਤਾ ਜਾ ਸਕਦਾ ।

ਦਮਨ-ਚੱਕਰ ਦੇ ਇਸ ਤਾਜ਼ਾ ਦੌਰ ਦਾ ਇੱਕ ਹੋਰ ਪਹਿਲੂ ਵੀ ਹੈ ਅਤੇ ਉਹ ਪਹਿਲੂ ਹੈ ਮੋਦੀ ਸਰਕਾਰ ਦੀ ਘਬਰਾਹਟ । ਇਸ ਘਬਰਾਹਟ ਦੀ ਵਜਾਹ ਹੈ ਸਰਕਾਰ ਦੀ ਨਿੱਤ ਨਵੇਂ ਦਿਨ ਡਿੱਗ ਰਹੀ ਸ਼ਾਖ਼। ਇਸ ਡਿੱਗ ਰਹੀ ਸ਼ਾਖ ਨੂੰ ਬਹਾਲ ਕਰਨ ਲਈ ਕਿਸੇ ਵੀ ਹੱਦ ਤੱਕ ਜਾਣਾ ਤਾਨਾਸ਼ਾਹ ਹਕੂਮਤ ਦੀ ਮਜ਼ਬੂਰੀ ਹੈ । 2019 ਨਜ਼ਦੀਕ ਆਉਂਦਾ ਜਾ ਰਿਹਾ ਹੈ । 'ਅੱਛੇ ਦਿਨ ਆਨੇ ਵਾਲੇ ਹੈਂ' ਤੋਂ ਲੈ ਕੇ 'ਕਾਲਾ ਧਨ ਵਾਪਸ ਲਿਆਉਣ' ਤੱਕ ਦੇ ਸਭ ਜੁਮਲਿਆਂ ਦੀ ਹਵਾ ਨਿਕਲ ਚੁੱਕੀ ਹੈ । ਕੁਲਹਿਣੀ ਨੋਟਬੰਦੀ, ਜੀ.ਐਸ.ਟੀ ਦਾ ਫੰਦਾ, ਡਾਲਰ ਦੇ ਮੂਹਰੇ ਰੁਪੱਈਏ ਦਾ ਚੌਫਾਲ ਡਿੱਗਣਾ, ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਨੂੰ ਲਾਂਬੂ ਲੱਗਣਾ, ਬੇਰੁਜ਼ਗਾਰੀ ਦਾ ਨਵੇਂ ਰਿਕਾਰਡ ਕਾਇਮ ਕਰਨਾ, ਦੇਸ਼ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਪੇਂਡੂ ਖੇਤਰ ਦੇ ਕਿਰਤੀ-ਕਿਸਾਨਾਂ ਦੀਆਂ ਖੁਦਕਸ਼ੀਆਂ ਤਾਨਾਸ਼ਾਹ ਮੰਡਲੀ ਦੇ ਗਲੇ ਦੀ ਹੱਡੀ ਬਣ ਰਹੀਆਂ ਹਨ । ਅਜਿਹੀ ਹਾਲਤ ਵਿੱਚ ਵਿਰੋਧ ਦੀਆਂ ਉੱਚੀਆਂ ਹੁੰਦੀਆਂ ਆਵਾਜ਼ਾਂ ਨੂੰ ਖਾਮੋਸ਼ ਕਰਨ ਲਈ ਹਕੂਮਤੀ ਛਟੀ ਦੀ ਕੀਤੀ ਜਾ ਰਹੀ ਵਰਤੋਂ ਸੱਤ੍ਹਾਧਾਰੀ ਭਾਜਪਾ ਦੀ ਤਾਕਤ ਹੀ ਨਹੀਂ ਕਮਜ਼ੋਰੀ ਤੇ ਬੁਖਲਾਹਟ ਦੀ ਨਿਸ਼ਾਨੀ ਵੀ ਹੈ ।

ਜਮਹੂਰੀ ਹੱਕਾਂ ਦੇ ਕਾਰਕੁੰਨਾਂ ਤੇ ਬੁੱਧੀਜੀਵੀਆਂ 'ਤੇ ਮੋਦੀ ਹਕੂਮਤ ਵੱਲੋਂ ਕੀਤੇ ਇਸ ਹਮਲੇ ਦਾ ਸਮੁੱਚੀ ਇਨਕਲਾਬੀ ਜਮਹੂਰੀ ਲਹਿਰ ਨੂੰ ਇੱਕ ਜੁੱਟ ਹੋ ਕੇ ਟਾਕਰਾ ਕਰਨਾ ਸਮੇਂ ਦੀ ਅਹਿਮ ਲੋੜ ਹੈ । ਇਨਕਲਾਬੀ ਜਮਹੂਰੀ ਲਹਿਰ ਵੱਲੋਂ ਜਿਸ ਸ਼ਿੱਦਤ ਨਾਲ ਆਪਣੇ ਜੁਝਾਰੂ ਸਾਥੀਆਂ ਦੀ ਰਿਹਾਈ ਲਈ ਲਾਮਬੰਦੀ ਦੀਆਂ ਕੋਸ਼ਿਸ਼ਾ ਕੀਤੀਆਂ ਗਈਆਂ ਹਨ ਉਹ ਸੁਆਗਤਯੋਗ ਵੀ ਹਨ ਤੇ ਉਤਸ਼ਾਹਜਨਕ ਵੀ ਹਨ । ਇਨ੍ਹਾਂ ਕੋਸ਼ਿਸ਼ਾਂ ਨੂੰ ਦੂਣ-ਸਵਾਇਆ ਕਰਨ ਦੀ ਚੁਣੌਤੀ ਅਜੇ ਦਰਕਾਰ ਹੈ। (ਅਦਾਰਾ "ਲਾਲ ਪਰਚਮ")

ਕਵੀ ਨਰਿੰਦਰ ਸ਼ਰਮਾ ਕਿਸੇ ਥਿੜਕਵੀਂ, ਅਸੇਧਿਤ ਕਾਵਿਕ-ਸੋਚ ਦਾ ਮਾਲਿਕ ਨਹੀਂ ਬਲਕਿ ਬਕਾਇਦਾ ਮਾਰਕਸਵਾਦੀ ਸੋਚ ਦਾ ਪ੍ਰਤੀਬੱਧ ਧਾਰਨੀ ਹੋਣ ਦੇ ਨਾਤੇ ਚੌਗਿਰਦੇ ਫੈਲੀਆਂ ਹੋਈਆਂ ਅਬੁੱਝ ਸਮੱਸਿਆਵਾਂ ਦੇ ਧੁਰ ਅੰਦਰ ਤੱਕ ਜਾ ਕੇ ਵਿਸ਼ਲੇਸ਼ਣ ਕਰਦਾ ਹੈ ਅਤੇ ਜ਼ਹਿਰ ਤੇ ਅੰਮ੍ਰਿਤ ਵੱਖ-ਵੱਖ ਕਰਨ ਦੀ ਸਫ਼ਲ ਕੋਸ਼ਿਸ਼ ਵੀ ਕਰਦਾ ਹੈ। ਕਵੀ ਨਰਿੰਦਰ ਸ਼ਰਮਾ ਪ੍ਰਕਾਸ਼ਤ ਹੋਈ ਪੁਸਤਕ 'ਸ਼ਬਦਾਂ ਦੀ ਜੰਗ' ਵਿਚੋਂ ਕੁਝ ਕੁ ਕਵਿਤਾਵਾਂ 'ਤੇ ਏਕਾਗਰ ਹੋਣ ਦੀ ਬਜਾਏ ਇਹ ਵਿਸ਼ਵਾਸ ਨਾਲ ਕਹਿਣਾ ਬਣਦਾ ਹੈ ਕਿ ਹੱਥਲੇ ਕਾਵਿ-ਸੰਗ੍ਰਿਹ ਦਾ ਸਿਰਜਕ ਮਾਰਕਸਵਾਦੀ ਧਾਰਾ ਦੇ ਕਵੀ ਪਾਸ਼, ਲਾਲ ਸਿੰਘ ਦਿਲ, ਸੁਰਜੀਤ ਪਾਤਰ ਆਦਿ ਮਾਨਵਵਾਦੀ ਕਵੀਆਂ ਦੀ ਸਫ਼ ਦਾ ਕਵੀ ਹੈ। ਪਾਠਕਾਂ ਲਈ ਉਨ੍ਹਾਂ ਦੀ ਪੁਸਤਕ 'ਸ਼ਬਦਾਂ ਦੀ ਜੰਗ' ਵਿਚ ਕੁਝ ਕਵਿਤਾਵਾਂ 'ਸਰੋਕਾਰਾਂ ਦੀ ਆਵਾਜ਼' ਵਿਚ ਛਾਪਣ ਦਾ ਹੰਭਲਾ ਮਾਰ ਰਹੇ ਹਾਂ। -ਬਲਜਿੰਦਰ ਸਿੰਘ



## ਦਾਦੀ ਰਕੱਈਆਂ

ਯਾਦ ਹੈ ! ਯਾਦ ਹੈ ਮੈਨੂੰ !!
ਚਿੱਟੇ ਧੁਪੈਲੇ ਦਿਨ ਦੀ ਤਰ੍ਹਾਂ ਯਾਦ ਹੈ
ਮੈਂ ਕੁੱਛੜ ਸਾਂ ਆਪਣੇ ਵੀਰ ਦੀ
ਉਮਰ ਵਰ੍ਹਿਆਂ ਤਰਤਾਲੀ ਤੋਂ
ਸੰਤਾਲੀ ਦੀ ਯਾਦ ਹੈ
ਜਦ ਦਾਦੀ ਰਕੱਈਆਂ ਦੇ
ਮੇਰੀਆਂ ਮਾਸੂਮ ਚਮਕੀਲੀਆਂ
ਅੱਖਾਂ ਦੇ ਸਾਹਮਣੇ
ਦਾਦੀ ਦੇ ਹੱਥਾਂ ਦੇ ਕੰਗਣ
ਤੇ ਪੈਰਾਂ ਦੇ ਚਾਂਦੀ ਦੇ
ਪੈਰਬੰਦਾਂ ਦੀ ਖ਼ਾਤਰ
ਮੇਰੇ ਪਿੰਡ ਦਿਆਂ
ਮੇਰੇ ਚਾਚੇ-ਤਾਇਆਂ ਨੇ
ਜੋ ਸਿੱਖ ਸਨ ਹਿੰਦੂ ਸਨ
ਹੋਰ ਕੁਝ ਵੀ ਨਹੀਂ ਸਨ
ਦਾਦੀ ਰਕੱਈਆਂ ਦੇ ਚਰਨ-ਕਮਲਾਂ ਨੂੰ
ਤੇ ਕਰ-ਕਮਲਾਂ ਨੂੰ
ਬੱਕਰੇ ਦੀ ਗਰਦਨ ਦੀ ਤਰ੍ਹਾਂ
ਕੱਟ-ਵੱਢ ਸੀ ਸੁੱਟਿਆ
ਮੇਰੇ ਇਨ੍ਹਾਂ ਦੀਦਿਆਂ ਦੇ ਸਾਹਮਣੇ
ਤੇ ਦਾਦੀ ਰਕੱਈਆਂ ਐਨਾ ਹੀ ਸਕੀ ਸੀ ਕਹਿ
ਮੇਰੇ ਪੁੱਤਰੋ, ਤੁਸੀਂ ਇਹ ਕੀ ਦਿੱਤਾ ਹੈ ਕਰ
ਮੈਂ ਤੇ ਮੇਰਾ ਭਰਾ ਕੂਕਾਂ ਮਾਰਦੇ ਭੱਜ ਚੱਲੇ ਸੀ
ਘਰ ਆਪਣੇ।
ਯਾਦ ਹੈ ! ਹਾਂ, ਯਾਦ ਹੈ ਮੈਨੂੰ !!
ਮੈਨੂੰ ਤਾਂ ਕੁੱਝ ਵੀ ਨਹੀਂ ਭੁੱਲਾ
ਦਾਦੀ ਰਕੱਈਆਂ ਗਈ ਸੀ ਮਰ
ਪਰ ਕਨਸੋਅ ਸੀ ਪਿੰਡ ਵਿਚ ਸਾਰੇ
ਦਾਦੀ ਰਕੱਈਆਂ ਬੜੀ ਮਾਲਦਾਰ ਸੀ
ਦਾਦੀ ਰਕੱਈਆਂ ਦੀਆਂ ਚੌਂਹ ਕੂੰਟਾਂ
ਸਨ ਪੁੱਟ ਮਾਰੀਆਂ
ਮੇਰੇ ਪਿੰਡ ਦੇ ਗੱਭਰੂ
ਚਾਚੇ - ਤਾਇਆਂ
ਉਹ ਪੁੱਟਦੇ ਰਹੇ ਧਰਤੀ
ਰਾਤ ਸਾਰੀ ਦੀ ਸਾਰੀ
ਪਰ ਨਾ ਲੱਭਾ ਕੁੱਝ
ਹੱਥ ਰਹੇ ਖ਼ਾਲੀ ਦੇ ਖ਼ਾਲੀ
ਵੇਲਾ ਸੀ ਤੜਕਸਾਰ ਦਾ
ਉਨ੍ਹਾਂ ਹੰਭਲਾ ਚਾ ਇੱਕ ਮਾਰਿਆ
ਦਾਦੀ ਦਾ ਭਾਰਾ ਸੰਦੂਕ ਸੀ
ਉਨ੍ਹਾਂ ਖਲੋ ਰਾਹੇ 'ਚ ਖਲਾਰਿਆ
ਦਾਦੀ ਦੇ ਸਨ ਉਸ ਵਿਚ
ਕੁਝ ਸੂਫ਼ ਦੇ ਘੱਗਰੇ
ਮੈਨੂੰ ਇੰਝ ਲੱਗਾ
ਜੋ ਦਾਦੀ ਫੇਰ ਪੁਕਾਰਿਆ
ਮੇਰੇ ਪੁੱਤਰੋ ਤੁਸੀਂ ਇਹ ਕੀ ਦਿੱਤਾ ਹੈ ਕਰ
ਆਪਣੀ ਦਾਦੀ ਨੂੰ ਨੰਗਾ ਕਰ
ਚੁਰੱਸਤੇ ਵਿੱਚ ਹੈ ਮਾਰਿਆ
ਬਸ ਇਕ ਯਾਦ ਹੈ
ਹਰ ਘੜੀ ਹਰ ਪਲ ਯਾਦ ਹੈ
ਕਟਾ-ਵੱਢੀ ਤੋਂ ਮਗਰੋਂ
ਮੀਂਹ ਪਿਆ ਸੀ ਬਹੁਤ ਹੀ ਭਾਰੀ
ਲੋਥਾਂ ਹੀ ਲੋਥਾਂ ਦੇ
ਕਈ ਗੱਡਿਆਂ ਦੇ ਗੱਡੇ
ਪਿੰਡ ਦੀ ਜੂਹ ਤੋਂ ਬਾਹਰ ਖੜ੍ਹੇ ਸਨ
ਜਿਉਂ ਹੀ ਤਾਂਗੇ ਅੱਡੇ
ਮਾਂ ਮੇਰੀ ਨਾਲ ਸੀ ਮੈਂ
ਪਿੱਛੇ ਹੀ ਪਿੱਛੇ
ਜਿਉਂ ਲੇਲਾ ਪਿੱਛੇ ਬੱਕਰੀ
ਮੁਸ਼ਕਾਂ ਲੈ ਚੱਲੇ
ਮਾਂ ਆਈ ਸੀ ਬਾਹਰ
ਜੰਗਲ-ਪਾਣੀ
ਮੈਂ ਬਿਟਰ-ਬਿਟਰ ਸੀ ਦੇਖਦਾ
ਇੱਕ ਚੀਜ਼ ਅਵੱਲੀ
ਇੱਕ ਹੱਥ ਈਆਣੇ
ਮੈਂ ਖੋਹ ਲਈ ਖੁੱਦੋ ਬਾਲ ਤੋਂ
ਪਰ ਘਾਬਰ ਚੱਲਿਆ
ਇਹ ਪੋਤਾ ਸੀ ਦਾਦੀ ਮਾਂ ਦਾ
ਜੋ ਲੋਥ ਦਾ ਇਕ ਰੂਪ ਸੀ
ਕੋਈ ਹੋਰ ਨਾ ਕੋਈ
ਆੜੀ ਸੀ ਮੇਰਾ - ਰਮਜ਼ਾਨ ਸੀ
ਮੈਂ ਭੱਜਾ ਉਥੋਂ ਡਰ ਕੇ
ਖੁੱਦੋ ਸੀ ਹੱਥੋਂ ਛੁੱਟੀ
ਮੈਨੂੰ ਲੱਗਾ ਜਿਵੇਂ ਪਿੱਛੇ ਸੀ
ਉਹੀ ਦਾਦੀ ਰਕੱਈਆਂ
ਕਹਿੰਦੀ ਸੀ ਕੂਕ-ਕੂਕ ਕੇ
ਪੁੱਤਰਾ ਤੂੰ ਇਹ ਕੀ ਕੀਤਾ
ਕਿਉਂ ਖੁੱਦੋ ਖੋਹੀ ਬਾਲ ਤੋਂ
ਕੀ ਲੋਹੜਾ ਕੀਤਾ
ਉਦੋਂ ਮਗਰੋਂ ਸਾਰੀ ਯਾਦਾਂ ਪਈ
ਇਕ ਯਾਦ ਹੈ
ਦਾਦੀ ਰਕੱਈਆਂ ਦੀ ਸੀ
ਇਕ ਸੁੰਦਰ ਨੱਢੀ
ਮੇਰੇ ਪਿੰਡ ਦੇ ਚਾਚੇ-ਤਾਇਆਂ
ਸੀ ਚੁਬਾਰਿਉਂ ਕੱਢੀ
ਅੱਜ ਤ੍ਰੀਮਤ ਬਣਾ ਲਈ ਆਪਣੀ
ਉਂਜ ਪਤਾ ਨਹੀਂ ਕੀ
ਮੇਰੀ ਸੀ ਲੱਗੀ
ਸੁੱਖੀਂ ਪਈ ਵੱਸਦੀ ਹੈ
ਉਹ ਭੂਆ - ਚਾਚੀ ਮੇਰੀ
ਅੱਜ ਮੇਰੇ ਪਿੰਡ ਦੀ ਹਵਾ
ਬਹੁਤ ਬਦਲ ਗਈ ਹੈ।
• • •

## ਭਗਤ ਸਿੰਘ ਨੂੰ ਅਲਵਿਦਾ

ਵੀਰੇ ਜੋ ਤੂੰ ਸੋਚ ਰਿਹਾ ਸੀ
ਉਹ ਅੱਜ ਨਹੀਂ ਹੋ ਰਿਹਾ
ਅੱਜ ਸਾਡੀ ਸੋਚ ਬੜੀ
ਖ਼ਤਰਨਾਕ ਹੋ ਗਈ ਹੈ
ਅਕਲ ਵਿਗੜੀ ਹੈ
ਬੜੇ ਖ਼ਤਰਨਾਕ ਢੰਗ ਨਾਲ
ਕੈਂਸਰੀ ਹੋ ਗਈ ਹੈ ਸੋਚ ਸਾਡੀ
ਕੈਂਸਰਾਂ ਦੀ ਭਰਮਾਰ ਹੋ ਗਈ ਹੈ
ਸਿਰਫ਼ ਅਮਲ ਦੀ ਵਰਤੋਂ
ਕਰਦੇ ਹਾਂ ਅਸੀਂ
ਦਿਲ ਦੀ ਚਾਲ ਮੱਠੀ
ਤੇ ਮੰਦਹਾਲ ਹੋ ਗਈ ਹੈ।
ਨਾਨਕ-ਮਾਰਕਸ ਦੀ ਗੱਲ ਛੱਡੋ
ਪਤਾ ਨਹੀਂ ਕਿਹੜੇ ਚੇਲੇ-ਚੇਲੀਆਂ ਦੀ
ਸਰਕਾਰ ਹੋ ਗਈ ਹੈ
ਤੇਰੀ ਸੋਚ ਦੀ
ਜੋ ਕਦੀ ਭਰਦੇ ਸਨ ਹਾਮੀ
ਅਪਣੇ ਹੀ ਘਰ ਵੜ ਕੇ
ਕੰਗਾਲ ਹੋ ਗਈ ਹੈ
ਜੜੋਂ ਵੱਢਣ ਤੁਰ ਪਏ ਹਾਂ
ਤੇ ਸਾਡੇ ਪੈਰਾਂ ਦੀ ਜ਼ਮੀਨ
ਕੰਗਾਲ ਹੋ ਗਈ ਹੈ
ਤਖ਼ਤਿਆਂ 'ਤੇ ਖੜ੍ਹ ਕੇ
ਮਾਰਦੇ ਸਨ ਜੋ ਦਮਗਜ਼ੇ ਕਦੇ
ਚਾਲ ਉਨ੍ਹਾਂ ਦੀ ਵੀ
ਬੇਤਾਲ ਹੋ ਗਈ ਹੈ
ਉਂਜ ਜੋ ਕਹਿੰਦੇ ਸੀ ਉਹ ਕਦੇ
ਅਸੀਂ ਹੋਵਾਂਗੇ
ਆਉਣ ਵਾਲੇ ਸਮੇਂ ਦੇ
ਚਮਕਦੇ ਸਿਤਾਰੇ
ਇਨ੍ਹਾਂ ਸਿਤਾਰਿਆਂ ਦੀ ਰੌਸ਼ਨੀ
ਬੇਤਾਰ ਹੋ ਗਈ ਹੈ
ਆਪਣੀਆਂ ਕੋਠੀਆਂ - ਬੈਂਕ ਬੈਲੈਂਸ
ਅਪਣੇ ਹੀ ਟੱਬਰ
ਤੇ ਆਪਣੀ ਹੀ ਸੋਚ ਦਾ ਬੜਾ ਹੀ ਹੈ
ਗ਼ਰੂਰ ਉਨ੍ਹਾਂ ਨੂੰ
ਪਰ ਮਨ ਦੇ ਵਿਗਿਆਨ ਦੀ ਦਸ਼ਾ
ਬੇਜ਼ਾਰ ਹੋ ਗਈ ਹੈ।
ਵੀਰੇ ! ਤੂੰ ਐਵੇਂ ਹੀ ਲੜਦਾ ਰਿਹਾ ਅਸਾਡੇ ਲਈ
ਦਿੱਤੀ ਸ਼ਹੀਦੀ ਤੇ ਵਾਰ-ਤੀ ਜਿੰਦ ਆਪਣੀ
ਤੂੰ ਸੱਚਾ ਤੇਰੀ ਸ਼ਹਾਦਤ ਸੱਚੀ ਹੈ
ਪਰ ਜਿਨ੍ਹਾਂ ਲਈ ਇਹ ਸ਼ੌਕ ਕੀਤਾ ਸੀ
ਉਹ ਤੇਰੀ ਸੋਚ ਦੀ ਗੱਲ
ਉੱਚੀ ਅਵਾਜ਼ ਵਿਚ ਕਰਦੇ ਹਨ
ਪਰ ਅੰਦਰੋਂ ਡਰਦੇ ਹਨ
ਮਤਾਂ ਕੋਈ ਪੁਲਸੀਆ
ਨਾ ਲਵੇ ਦਬੋਚ
ਤੇ ਮੁਫ਼ਤ ਵਿਚ ਮਾਰੇ ਜਾਈਏ
ਮਹਾਨ ਸ਼ਹੀਦ ਦੇ ਨਾਉਂ 'ਤੇ।
ਵੀਰੇ ! ਪਤਾ ਨਹੀਂ ਕਿਉਂ
ਅਜੇ ਤਾਂ ਤੇਰੀ ਸੋਚ ਦਾ
ਪਾਠ ਕਰਨ ਵਾਲੇ ਬਹੁਤ ਹਨ
ਪਰ ਉਸਦਾ ਹਾਣੀ ਕਿਤੇ ਨਜ਼ਰ ਨਹੀਂ ਪੈਂਦਾ
ਤੇਰੀ ਸੋਚ ਦੇ ਹਾਣੀ ਨੇ
ਪਤਾ ਨਹੀਂ ਕਦੋਂ ਤੇ ਕਿੱਥੇ
ਜਨਮ ਲੈਣਾ ਹੈ ?
ਵੀਰੇ ! ਸਾਥੋਂ ਆਸ ਨਾ ਰੱਖਣਾ
ਅਸੀਂ ਸੁਫ਼ਨਿਆਂ ਦੇ
ਹਾਣੀ ਬਣਾਂਗੇ
ਚੰਗਾ ਹੋਵੇ ਜੇ ਤੇਰੀ ਪਵਿੱਤਰ ਆਤਮਾ
ਸਵਰਗ ਵਿਚ ਹੀ ਰਹੇ
ਨਹੀਂ ਤਾਂ ਵੀਰੇ ਅਸੀਂ ਤੈਨੂੰ
ਨਰਕ ਦਾ ਕ੍ਰਿਸ਼ਮਾ ਦਿਖਾਣ ਦੀ
ਦਲੇਰੀ ਰਖਦੇ ਹਾਂ।
ਅਲਵਿਦਾ ! ਅਲਵਿਦਾ !!
• • •

## ਜੰਗ ਸ਼ਬਦਾਂ ਦੀ

ਸ਼ਬਦਾਂ ਦੀ ਜੰਗ
ਅੱਖਰਾਂ ਦੇ ਜੋੜ-ਤੋੜ ਤੋਂ
ਅੱਖਰਾਂ ਦੇ ਮੇਲ-ਮਿਲਾਪ ਤੱਕ
ਤੇ ਅੱਖਰਾਂ ਦੇ ਆਪਸੀ ਸੰਘਰਸ਼
ਉਸ ਤੋਂ ਵੀ ਪਹਿਲਾਂ ਦੇ ਹਿੰਦਸਿਆ ਤੋਂ
ਪਹਿਲਾਂ
ਵੱਡੇ ਵਿਸਫ਼ੋਟ ਤੋਂ ਪਹਿਲਾਂ ਦੇ ਧੁੰਧੂਕਾਰਾਂ ਦੇ
ਸ਼ੁਰੂਆਂ ਤੇ ਅੰਤਾਂ ਤੋਂ
ਜਾਰੀ ਹੈ।
ਤੇ ਜੰਗ ਹੋਂਦਾਂ ਦੀ
ਜਾਰੀ ਹੈ ਆਪਸੀ ਖਹਿਬਾਜ਼ੀ 'ਚ।
ਕਿਆਸ-ਆਰਾਈਆਂ
ਅਧਿਆਤਮ ਤੇ ਪਦਾਰਥੀ
ਰੱਸੇ ਦੇ ਦੋ ਸਿਰੇ ਹਨ
ਜਿਨ੍ਹਾਂ ਦੇ ਆਪਸੀ ਵਿਯੋਗ 'ਤੇ
ਟਿਕੀ ਹੈ ਇਹ ਦੁਨੀਆਦਾਰੀ
ਤੇ ਸਾਰੀ ਕਾਇਨਾਤ ਦੀ ਤਾਮੀਰਦਾਰੀ
ਪਰ ਜੰਗ ਅੱਖਰਾਂ, ਸ਼ਬਦਾਂ
ਤੇ ਵਾਕਾਂ ਦੀ ਜਾਰੀ ਹੈ।
ਅੱਖਰਾਂ ਨੇ ਤਰੱਕੀ ਕਰ ਲਈ
ਸ਼ਬਦਾਂ ਨੇ ਵੀ ਕੀਤੀ ਹੈ
ਵਾਕ ਬਣੇ
ਇਬਾਰਤਾਂ ਬਣ ਗਈਆਂ
ਬੁਝਾਰਤਾਂ ਨੇ ਕੀਤੀ
ਇਮਾਰਤਾਂ ਦੀ ਖ਼ਰੀਦਦਾਰੀ ਹੈ।
ਗੱਲ ਤਾਂ ਧੁਰਾਂ ਤੋਂ ਹੀ
ਕੁੱਲੀ, ਗੁੱਲੀ ਤੇ ਜੁੱਲੀ ਦੀ ਹੀ ਰਹੀ
ਬੱਸ ਇਨ੍ਹਾਂ ਤਿੰਨਾਂ ਲਈ ਹੀ
ਲੜ ਰਹੀ ਦੁਨੀਆਂ ਇਹ ਸਾਰੀ ਹੈ।
ਹਵਸ, ਲਾਲਚ ਤੇ ਨਿੱਜ ਹੀ
ਹਨ ਅਸਲ ਦੁਸ਼ਮਣ ਖ਼ਲਕ ਦੇ
ਇਸੇ ਲਈ ਤਾਂ ਰਹਿੰਦੀ ਸਦਾ ਹੀ
ਜੰਗ ਦੀ ਤਿਆਰੀ ਹੈ।
ਚਾਹੁੰਦੇ ਹੋ ਅਮਨ ਜੇ
ਘੁੱਗੀਆਂ ਦੇ ਵਸਣ ਲਈ
ਭਲਾਂ ਕਿਸ ਲਈ ਹੋ ਰਹੀ ਹੈ ਫਿਰ
ਹਰ ਪਲ ਯੁੱਧ ਦੀ ਤਿਆਰੀ ਹੈ।
ਸਭ ਕੁਝ ਮਿਟਾ ਕੇ ਕਿਉਂ ਬੈਠੇ ਹੋ ਅੱਜ
ਬਾਰੂਦ ਦੇ ਢੇਰ 'ਤੇ ?
ਕੀ ਅਜੇ ਵੀ ਯਾਰੋ ਹੋਰ ਕਿਸੇ
ਵਿਸਫ਼ੋਟ ਦੀ ਤਿਆਰੀ ਹੈ ?
• • •

## ਉਜਾੜਾ

ਵਿਛੜ ਗਏ ਨੇ
ਮਣਕੇ-ਕਿਣਕੇ
ਬਿਖਰ ਗਈਆਂ ਨੇ ਪੂਣੀਆਂ
ਗੋਹਲੇ 'ਚ ਪਿਆ ਸੂਤ
ਉੱਡ-ਪੁੱਡ ਗਿਆ ਹੈ
ਏਧਰੇ ਕਿਧਰੇ
ਤੇ ਤ੍ਰਿੰਞਣਾ ਦਾ ਪੂਰ
ਕਦੋਂ ਦਾ ਉੱਜੜਿਆ-ਉੱਜੜਿਆ
ਤੁਰਿਆ ਫਿਰਦਾ ਹੈ
ਫੈਕਟਰੀਆਂ ਦੀ ਖ਼ਾਕ ਛਾਣਦਾ।
ਰਿਸ਼ਤੇ ਤੇ ਕਿਹੜੇ ਰਿਸ਼ਤੇ ?
ਖ਼ੂਨ ਵਿਚ ਪੱਸਰ ਗਿਆ ਹੈ
ਮੌਤ ਦਾ ਸੰਨਾਟਾ
ਰਿਸ਼ਤਾ ਸਿਰਫ਼ ਇੱਕ ਹੀ ਹੈ ਵਰਤਣ ਲਈ
ਸਿਰਫ਼ ਤੇ ਸਿਰਫ਼
ਪੈਸੇ ਦਾ ਰਿਸ਼ਤਾ।
ਖ਼ੂਨ ਦੇ ਰਿਸ਼ਤੇ ਸਫ਼ੈਦ ਹੋ ਗਏ ਹਨ
ਸਦੀਆਂ ਦੇ ਸਫ਼ਰ ਤੇ ਤੁਰਦੇ ਤੁਰਦੇ
ਤੇ ਸਫ਼ੈਦ ਰਿਸ਼ਤਿਆਂ ਤੇ ਫਿਰ ਗਈ ਹੈ
ਸਿਆਹ-ਕਾਲੀ ਸਿਆਹ-ਸਿਆਹੀ।
ਪੈਸੇ ਦੀ ਚਕਾਚੌਂਧ ਵਿਚ ਦੋਸਤੋ
ਰਿਸ਼ਤਿਆਂ ਦੀ ਮੁੱਖਬੰਦੀ ਹੀ
ਬਦਲ ਗਈ ਹੈ
ਤੇ ਇਸ ਕਾਲੀ-ਮੁਰਦਮਈ ਖੱਡ ਵਿੱਚੋਂ
ਜ਼ਰੂਰ ਹੀ ਕੋਈ ਪੁੰਨਿਆ ਦੀ
ਸਵੇਰ ਦਾ ਤਾਰਾ ਜ਼ਰੂਰ ਚਮਕੇਗਾ।
• • •

## ਬੁੱਧੀਜੀਵੀ

ਉਹ ਕਹਿੰਦਾ ਮੈਂ ਬੁੱਧੀਜੀਵੀ
ਲੋਕਾਂ ਦਾ ਖਾ ਕੇ ਬੁੱਧ ਵਧਾ ਕੇ
ਅੱਜ ਬਣਿਆਂ ਮੈਂ ਬੁੱਧਜੀਵੀ
ਲੋਕ ਨੇ ਬੁੱਧੂ
ਲੋਕ ਨੇ ਮੂਰਖ
ਇਹ ਕਹਿੰਦਾ ਹੈ ਬੁੱਧੀਜੀਵੀ।
ਬੁੱਧਜੀਵੀ ਬੁੱਧ ਦੀ ਟੀਸੀ 'ਤੇ ਜਾ ਬੈਠਾ
ਲਿਖੇ ਕਿਤਾਬਾਂ ਰਹੇ ਨਵਾਬਾਂ
ਮੁਰਗ਼ੇ, ਰੰਨਾਂ ਅਤੇ ਸ਼ਰਾਬਾਂ
ਖਾਵੇ-ਪੀਵੇ ਅਤੇ ਹੰਢਾਵੇ
ਫਿਰ ਵੀ ਕਹਾਵੇ ਬੁੱਧੀਜੀਵੀ।
ਸ਼ਰਮ ਨਾ ਕਾਈ ਪੱਲੇ ਇਸਦੇ
ਅਕਲ ਦੀ ਪਾਈ ਨਾ ਖੀਸੇ ਇਸਦੇ,
ਇਸ ਬਬਲੂ ਲਈ ਤਿੰਨੇ ਡਬਲਿਊ
ਸੱਭ ਕੁਝ ਇਸ ਦਾ ਬਣ ਬੈਠੇ ਹਨ
ਬਾਪੂ ਦੀ ਕੋਰੀ ਪੱਗ ਦੇ ਉੱਤੇ
ਮਾਂ ਦੀ ਕੋਰੀ ਚੁੰਨੀ ਉਤੇ
ਲੈ ਲੈ ਕੇ ਰੰਗ ਵਿਦੇਸ਼ੀ
ਮਾਂ ਦੀ ਕੋਰੀ ਚੁੰਨੀ ਉਤੇ
ਕੋਰੀ ਬਾਪੂ ਦੀ ਪੱਗ ਦੇ ਉਤੇ
ਕਾਲੇ-ਕਾਲੇ ਧੱਬੇ ਲਾ ਕੇ
ਆਪਣੀ ਸ਼ੋਹਰਤ ਵਧਾਈ ਜਾਵੇ
ਇਹ ਹੈ ਅੱਜ ਦਾ ਬੁੱਧੀਜੀਵੀ।
ਧ੍ਰਿਗ ਜੀਣਾ ਹੈ ਏਸ ਜੀਵ ਦਾ
ਆਪਣੇ ਹੀ ਦੇਸ਼ ਦੇ ਅੰਦਰ ਰਹਿ ਕੇ
ਸੱਚਾ-ਸੁੱਚਾ ਦੇਸ਼-ਭਗਤ ਕਹਾ ਕੇ
ਗਲ਼ ਮਣਕਿਆਂ ਦੀ ਮਾਲਾ ਪਾ ਕੇ
ਪਦਮਸ੍ਰੀ ਤੇ ਪਦਮ-ਵਿਭੂਸ਼ਣ
ਵੰਨ-ਸੁਵੰਨੇ ਨਾਗਾਂ ਦੇ ਕੁੰਡਲ
ਆਪਣੇ ਗਲ਼ ਵਿਚ ਪਾਈ ਜਾਵੇ
ਇਹ ਹੈ ਅੱਜ ਦਾ ਬੁੱਧੀਜੀਵੀ।
ਮੇਰੇ ਦੇਸ਼ ਦੇ ਪਿਆਰੇ ਲੋਕੋ
ਹੇ ਬਿਪਤਾ ਦੇ ਮਾਰੇ ਲੋਕੋ
ਇਹ ਨਾਂ ਸਾਡੇ ਬੁੱਧੀ-ਜੀਵੀ
ਇਹ ਤਾਂ ਹਨ ਬੱਸ ਗੰਡ-ਗੰਡੋਲੇ
ਬਹੁਤ ਹੀ ਸ਼ਾਤਰ ਨਹੀਂ ਨੇ ਭੋਲ਼ੇ
ਇਹ ਨਾ ਸਾਡੇ ਪੁੱਤਰ-ਧੀਆਂ
ਇਹ ਨਾ ਸਾਡੇ ਖ਼ੂਨ ਦੇ ਜਾਏ।
ਬੁੱਧੀਜੀਵੀ ਲੋਕਾਂ ਦਾ ਹੋਵੇ
ਲੋਕਾਂ ਲਈ ਜੀਵੇ ਲੋਕਾਂ ਲਈ ਮੋਏ
ਇਹ ਨੇ ਸਾਡੇ ਬੁੱਧੀ-ਜੀਵੀ
ਇਹ ਨੇ ਸਾਡੀ ਅਮੜੀ ਜਾਏ
ਇਹ ਕਿਸ਼ਤੀ ਦੇ ਪਤਵਾਰ ਬਣਨਗੇ
ਮਜ਼ਲੂਮਾਂ ਦੇ ਯਾਰ ਬਣਨਗੇ
ਸਾਡੇ ਲਈ ਅਵਤਾਰ ਬਣਨਗੇ।
• • •

## ਰਿਸ਼ਤਾ ਸੰਤਾਲ਼ੀ ਤੇ ਚੁਰਾਸੀ ਦਾ

ਚੁਰਾਸੀ ਵਿਚ ਸੰਤਾਲ਼ੀ ਇਕ ਹਥਿਆਰ
ਵਿਉਂਤਬੰਦ ਸੰਦ ਤੇ ਢੰਗ
ਹਿੰਦਸਿਆਂ ਦੇ ਜੋੜ ਵਿਚ
ਚੁਰਾਸੀ 'ਚ ਇੱਕ ਵੱਧ ਸੀ।
ਦਿੱਲੀ ਦੀਆਂ ਸੜਕਾਂ
ਤੇ ਹੋਰ ਸ਼ਹਿਰਾਂ ਵਿਚ
ਇੱਕ ਵੱਡਾ ਬੋਹੜ ਗਿਰਿਆ ਸੀ।
ਚੂਲਾਂ ਦਿੱਲੀ ਦੀਆਂ ਨਹੀਂ
ਲੋਕ-ਰਾਜ ਦੀਆਂ ਹਿੱਲੀਆਂ ਸਨ।
ਦੋਸ਼ੀ ਕੌਣ ਸਨ -
ਜੱਗ-ਜ਼ਾਹਰ ਸੀ
ਪਰ ਬੋਹੜ ਦੇ ਟਾਹਣੇ
ਇੱਕ ਕਿਸਮ ਦੇ
ਪੰਜਾਬੀਆਂ 'ਤੇ ਹੀ ਡਿੱਗੇ ਸਨ
ਤੇ ਭੂਤਰੀ ਰਾਜਨੀਤੀ
ਆਪਣਾ ਕਾਰਾ ਕਰ ਗਈ ਸੀ।
ਇੱਕੋ ਬੋਲੀ ਤੇ ਇੱਕੋ ਨੁਹਾਰ ਵਾਲੇ
ਭਰਾ-ਭਰਾ ਇੱਕ ਦੂਜੇ ਦਾ ਖ਼ੂਨ
ਮੂੰਹ ਤੇ ਮਲ਼ਦੇ
ਬੱਸਾਂ, ਘਰਾਂ ਜਾਂ ਜਿੱਥੇ ਵੀ ਮਿਲੇ
ਖ਼ੂਨ ਦੀ ਹੋਲੀ ਖੇਡਦੇ ਰਹੇ
ਦਿੱਲੀ ਦਰਬਾਰ ਤੋਂ ਇਨਸਾਫ਼
ਨਾ ਇੱਕ ਨੂੰ ਮਿਲਿਆ, ਨਾ ਦੂਜੇ ਨੂੰ।
ਤੜਫ਼ਦੇ ਖ਼ੂਨ ਦੀ
ਕਦੋਂ ਕੋਈ ਬਾਂਹ ਫੜਦਾ ਹੈ ?
• • •

## ਆਸਰਾ


ਸਮਾਂ ਧੁੰਧਲਾ ਸਕਦਾ ਹੈ
ਕਿਸੇ ਜਾਣੇ-ਪਹਿਚਾਣੇ ਦੀ ਤਸਵੀਰ
ਤੇ ਤਸਵੀਰ ਵਿੱਚੋਂ
ਉਸਦੀ ਮੂਰਤ ਵੀ ਹੋ ਸਕਦੀ ਹੈ ਅਲੋਪ
ਯਾਦਾਂ ਦੀ ਭਰੀ ਟੇਪ ਵੀ
ਹੋ ਸਕਦੀ ਹੈ ਖ਼ਾਲੀ
ਉਸਦੇ ਦਿਮਾਗ਼ੀ ਕੰਪਿਊਟਰ 'ਚੋਂ
ਕਦੀ ਨਾ ਕਦੀ ਗੁੰਮ
ਪਰ ਰੌਸ਼ਨੀ ਦੇ ਬੀਜਾਂ ਦੀ ਗੱਲ
ਤੇ ਸੂਹੇ ਫੁੱਲਾਂ ਦੀ ਲੰਬੀ ਉਮਰ ਦੀ ਗੱਲ
ਕੁੱਲੀ ਤੇ ਮਹਿਲ ਵਿਚਲਾ ਅਹਿਸਾਸ
ਇੱਕੋ ਮੰਜ਼ਲ ਵੱਲ ਵਧਦੇ ਕਦਮ
ਉਹ ਸਭ ਕੁਝ ਆਪਣਾ
ਆਪਣੇ ਨਾਲ ਲੈ ਕੇ ਚਲਦੇ ਹਨ
• • •

## ਲੜਾਈ ਹੱਕਾਂ ਦੀ

ਜ਼ਰ-ਜ਼ੋਰੂ-ਜ਼ਮੀਨ ਦੀ ਹੀ
ਭਾਵੇਂ
ਪਹਿਲੀ ਨਜ਼ਰੇ ਲਗਦੀ ਹੈ
ਆਪਸੀ ਲੜਾਈ--
ਪਰ ਇਨ੍ਹਾਂ ਮੁੱਦਿਆਂ 'ਚੋਂ ਉੱਠੇ
ਸਵਾਲ-ਦਰ-ਸਵਾਲ
ਤੇ ਉਪਰੰਤ ਮਿਲਦੇ
ਜਵਾਬ-ਦਰ-ਜਵਾਬ ਦੇ ਸਿਲਸਿਲੇ
ਸਿੱਟਿਆਂ 'ਚੋਂ ਉੱਭਰਦੇ
ਨਿੱਤ ਨਵੇਂ ਸਵਾਲ--
ਇਸ ਆਪਸੀ ਖਹਿ ਨੂੰ ਹੀ
ਸੰਘਰਸ਼ ਕਹਿੰਦੇ ਹਨ।
• • •

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਤਿਬਤੀ ਦਲਾਈਲਾਮਾ ਦਾ ਅਸਲੀ ਦਾਨਵੀ ਰੂਪ



ਮੌਜੂਦਾ ਚੌਦਵੇਂ ਦਲਾਈ ਲਾਮਾ ਨੂੰ ਪੱਛਮੀ ਅਤੇ ਭਾਰਤੀ ਮੀਡੀਆ ਵਿੱਚ ਅਹਿੰਸਾ ਦੇ ਪੈਰੋਕਾਰ ਅਤੇ ਇੱਕ ਭੱਦਰ ਸੱਜਣ ਵਜੋਂ ਬਹੁਤ ਪ੍ਰਚਾਰਿਆ ਜਾਂਦਾ ਹੈ ਅਤੇ ਥਾਂ-ਥਾਂ ਉਸ ਦੀਆਂ ਤਕਰੀਰਾਂ ਕਰਵਾਈਆਂ ਜਾਂਦੀਆਂ ਹਨ। ਉਸ ਨੂੰ 1989 ਵਿੱਚ ਪੱਛਮੀ ਜਗਤ ਵੱਲੋਂ ਨੋਬਲ ਸ਼ਾਂਤੀ ਇਨਾਮ ਵੀ ਦਿੱਤਾ ਗਿਆ। ਦਲਾਈ ਲਾਮੇ ਦਾ ਇਹ ਅਕਸ 1959 ਤੋਂ ਮਗਰੋਂ ਹੀ ਲਗਾਤਾਰ ਘੜਿਆ ਜਾਂਦਾ ਰਿਹਾ ਹੈ। ਇਹ ਸਾਰੀ ਅੱਯਾਸ਼ੀ ਕਰਕੇ ਇਨਕਲਾਬ ਤੋਂ ਪਹਿਲਾਂ ਦੇ ਤਿੱਬਤ ਅਤੇ ਇਸ ਲਾਮਾ ਵਰਤਾਰੇ ਦੇ ਅਸਲ ਕਾਰਿਆਂ ਤੋਂ ਬਹੁਤ ਚਲਾਕੀ ਨਾਲ ਧਿਆਨ ਹਟਾ ਦਿੱਤਾ ਜਾਂਦਾ ਹੈ। ਸੱਚਾਈ ਇਹ ਹੈ ਕਿ 1949 ਵਿੱਚ ਚੀਨ ਵਿੱਚ ਵਾਪਰੀਆਂ ਇਨਕਲਾਬੀ ਤਬਦੀਲੀਆਂ ਤੋਂ ਪਹਿਲਾਂ ਤਿੱਬਤ ਹੋਰਾਂ ਜਗੀਰੂ ਸਮਾਜਾਂ ਵਾਂਗ ਹੀ ਇੱਕ ਜਗੀਰੂ ਸਮਾਜ ਸੀ ਪਰ ਐਥੇ ਜਗੀਰੂ ਸਮਾਜ ਦੀ ਜਕੜ ਕਿਸੇ ਵੀ ਹੋਰ ਸਮਾਜ ਦੇ ਮੁਕਾਬਲੇ ਵਧੇਰੇ ਸੀ। ਸੰਨ 650 ਵਿੱਚ ਤਿੱਬਤੀ ਰਾਜੇ ਸੌਂਗਸਤਨ ਗਾਮਪੋ ਦੇ ਵੇਲੇ ਤੋਂ ਤਿੱਬਤ ਵਿੱਚ ਜਗੀਰੂ ਸਮਾਜ ਦਾ ਮੁੱਢ ਬੱਝਾ। ਉਸ ਨੇ ਚੀਨ ਅਤੇ ਨੇਪਾਲ ਦੀਆਂ ਰਾਣੀਆਂ ਨਾਲ ਵਿਆਹ ਕਰਵਾਏ ਹੋਏ ਸਨ ਜਿਹਨਾਂ ਸਾਂਝਾ ਸਦਕਾ ਉਹ ਤਿੱਬਤ ਵਿੱਚ ਜਗੀਰੂ ਪ੍ਰਬੰਧ ਨੂੰ ਚਲਾਉਣ ਦੇ ਗੁਰ ਵੀ ਸਿੱਖ ਰਿਹਾ ਸੀ। ਇਸ ਪ੍ਰਭਾਵ ਸਦਕਾ ਤਿੱਬਤ ਵਿੱਚ ਤਾਂਤਰਿਕ ਬੁੱਧ ਮੱਤ ਦਾ ਦਾਖ਼ਲਾ ਹੋਇਆ ਜਿਸ ਨੇ ਪੁਰਾਣੇ ਵਿਸ਼ਵਾਸਾਂ ਨਾਲ ਰਲ਼ਕੇ ਲਾਮਾ ਧਾਰਾ ਦੀ ਸ਼ੁਰੂਆਤ ਕੀਤੀ। ਹੁਣ ਤਿੱਬਤ ਦੇ ਤਖ਼ਤ 'ਤੇ ਬੈਠਣ ਲਈ ਲਗਾਤਾਰ ਭੇੜਾਂ ਦਾ ਦੌਰ ਸ਼ੁਰੂ ਹੋਇਆ। ਇਹ ਭੇੜ ਅਹਿੰਸਾ ਤੋਂ ਉਲਟ ਭਿਅੰਕਰ ਹਿੰਸਾ ਵਿੱਚ ਸ਼ਰੀਕ ਸਨ। ਸੰਨ 1400 ਤੋਂ 1600 ਈਸਵੀ ਤੱਕ ਹਿੰਸਕ ਢੰਗਾਂ ਰਾਹੀਂ ਮੱਠਾਂ ਦੇ ਮਹੰਤਾਂ ਨੇ ਕੁੱਲ ਸਮਾਜ 'ਤੇ ਆਪਣੀ ਜਕੜ ਬਣਾ ਲਈ ਸੀ ਅਤੇ ਇਸ ਪ੍ਰਬੰਧ ਦਾ ਕੇਂਦਰੀ ਧੁਰਾ ਦਲਾਈ ਲਾਮੇ ਸਨ ਜਿਹਨਾਂ ਨੂੰ ਪੁਰਾਣੇ ਕੁਦਰਤੀ ਰੱਬਾਂ ਦਾ ਹੀ ਰੂਪ ਦੱਸਿਆ ਗਿਆ। ਇਹਨਾਂ ਮੱਠਾਂ ਕੋਲ ਹੀ ਤਿੱਬਤ ਦੀ ਬਹੁਤੇਰੀ ਜ਼ਮੀਨ ਦੀ ਮਾਲਕੀ ਸੀ ਜਿਸ ਵਿੱਚ ਹਜ਼ਾਰਾਂ ਹੀ ਮੁਜ਼ਾਹਰੇ ਅਤੇ ਪ੍ਰਚਾਰਕ ਕੰਮ ਕਰਦੇ ਸਨ। ਜਿਵੇਂ ਕਿ ਦਰੇਪੰਗ ਮੱਠ ਕੋਲ 185 ਰਿਆਸਤਾਂ ਵਿੱਚ ਕੁੱਲ 7000 ਬੋਧੀ ਪ੍ਰਚਾਰਕਾਂ ਅਤੇ 40000 ਆਮ ਲੋਕਾਂ ਦੀ ਮਾਲਕੀ ਸੀ। ਖੁਦ ਮੌਜੂਦਾ ਦਲਾਈ ਲਾਮਾ ਜਦੋਂ 1950 ਵਿੱਚ ਪਹਿਲੀ ਵਾਰ ਭੱਜਿਆ ਸੀ ਤਾਂ ਉਹ ਨਾਲ ਸੈਂਕੜੇ ਖੱਚਰਾਂ ਭਰਕੇ ਸੋਨੇ ਅਤੇ ਚਾਂਦੀ ਦੀਆਂ ਇੱਟਾਂ ਲੈ ਕੇ ਗਿਆ ਸੀ ਅਤੇ ਉਸ ਦੇ ਨੱਸਣ ਵਿੱਚ ਅਮਰੀਕੀ ਖ਼ੁਫ਼ੀਆ ਏਜੰਸੀ ਸੀ.ਆਈ.ਏ ਦਾ ਹੱਥ ਸੀ ਜਿਸ ਨੂੰ ਖੁਦ ਦਲਾਈ ਲਾਮੇ ਨੇ ਆਪਣੀ ਸਵੈ-ਜੀਵਨੀ 'ਫਰੀਡਮ ਇਨ ਐਕਸਾਈਲ' ਵਿੱਚ ਮੰਨਿਆ ਹੈ।

ਦੂਜੇ ਪਾਸੇ ਤਿੱਬਤ ਦੇ ਆਮ ਮੁਜ਼ਾਰਿਆਂ ਅਤੇ ਆਮ ਬੋਧੀ ਪ੍ਰਚਾਰਕਾਂ ਦੀ ਹਾਲਤ ਅੱਤ ਦੀ ਗ਼ਰੀਬੀ ਵਾਲੀ ਸੀ। ਉਹਨਾਂ 'ਤੇ ਦਰਜਨਾਂ ਕਿਸਮਾਂ ਦੇ ਕਰ ਲਾਏ ਜਾਂਦੇ ਸਨ। 1940 ਦੇ ਇੱਕ ਅਧਿਐਨ ਮੁਤਾਬਕ 38% ਅਬਾਦੀ ਅਜਿਹੀ ਸੀ ਜਿਸ ਨੇ ਕਦੇ ਚਾਹ ਵੀ ਪੀ ਕੇ ਨਹੀਂ ਦੇਖੀ ਸੀ! ਲਗਭਗ ਅੱਧੀ ਅਬਾਦੀ ਮੱਖਣ ਵੀ ਖ਼ਰੀਦਕੇ ਨਹੀਂ ਖਾ ਸਕਦੀ ਸੀ, ਦੂਜੇ ਪਾਸੇ ਪ੍ਰਸਿੱਧ ਜੋਕਾ ਕੰਗ ਜਿਹੇ ਮੰਦਰਾਂ ਵਿੱਚ ਹਰ ਰੋਜ਼ ਚਾਰ ਟਨ ਮੱਖਣ ਦਾ ਚੜ੍ਹਾਵਾ ਚੜ੍ਹਦਾ ਸੀ। ਲਗਭਗ 90% ਅਬਾਦੀ ਵੱਖ-ਵੱਖ ਸਰੀਰਕ ਅਲਾਮਤਾਂ - ਕੋੜ੍ਹ, ਟੀ.ਬੀ, ਧੁਨਖ, ਅੰਨ੍ਹਾਪਣ (ਤਿੱਬਤ ਦੀ ਭੌਤਿਕ ਸਥਿਤੀ ਕਰਕੇ ਇਹ ਓਥੇ ਆਮ ਨਾਲੋਂ ਜਿਆਦਾ ਹੁੰਦਾ ਸੀ) ਆਦਿ ਦਾ ਸ਼ਿਕਾਰ ਸੀ। ਜਨਤਕ ਜੀਵਨ ਵਿੱਚ ਸੰਨਿਆਸੀ ਜ਼ਿੰਦਗੀ ਦਾ ਪ੍ਰਚਾਰ ਕਰਨ ਵਾਲੇ ਲਾਮਿਆਂ ਅਤੇ ਉੱਪਰਲੇ ਮਹੰਤਾਂ ਵੱਲੋਂ ਹੇਠਲੇ ਬੋਧੀ ਪ੍ਰਚਾਰਕਾਂ ਨਾਲ ਸਰੀਰਕ ਸੰਬੰਧ ਬਣਾਉਣੇ ਆਮ ਗੱਲ ਸੀ ਜਿਸ ਕਰਕੇ ਜਿਨਸੀ ਬਿਮਾਰੀਆਂ ਦੀ ਵੀ ਵੱਡੀ ਹੋਂਦ ਸੀ। ਮੁਜ਼ਾਰਾ ਭੂ-ਗੁਲਾਮਾਂ ਦੀਆਂ ਲੜਕੀਆਂ ਨਾਲ ਜ਼ੋਰ-ਜਬਰਦਸਤੀ ਆਮ ਗੱਲ ਸੀ। ਪਰ ਮਹੰਤਾਂ ਵੱਲੋਂ ਕਿਸੇ ਵੀ ਕਿਸਮ ਦੇ ਆਧੁਨਿਕ ਦਵਾ-ਇਲਾਜ ਅਤੇ ਜਨਤਕ ਸਿਹਤ ਸਹੂਲਤਾਂ ਦਾ ਵਿਰੋਧ ਕੀਤਾ ਜਾਂਦਾ ਸੀ (ਜਿਵੇਂ ਕਿ ਅੱਜ ਤਾਲਿਬਾਨ ਕਰਦਾ ਹੈ)। ਸਾਰੇ ਨਿਰੀਖਕ ਇਸ ਗੱਲ ਨਾਲ ਇੱਕਮੱਤ ਹਨ ਕਿ ਇਸ ਜਕੜ ਵਾਲੇ ਸਮਾਜ ਵਿੱਚ ਆਮ ਲੋਕਾਂ ਲਈ ਸਿੱਖਿਆ ਮੁਕੰਮਲ ਤੌਰ 'ਤੇ ਗਾਇਬ ਸੀ। ਤਿੱਬਤ ਵਿੱਚ ਮਾਓਵਾਦੀ ਇਨਕਲਾਬ ਤੋਂ ਪਹਿਲਾਂ ਤਿੱਬਤੀ ਭਾਸ਼ਾ ਵਿੱਚ ਕੋਈ ਵੀ ਮੈਗਜ਼ੀਨ, ਪ੍ਰਕਾਸ਼ਿਤ ਕਿਤਾਬਾਂ, ਜਾਂ ਫੇਰ ਹੋਰ ਕਿਸੇ ਕਿਸਮ ਦੇ ਗੈਰ-ਧਾਰਮਿਕ ਸਾਹਿਤ ਦੀ ਅਣਹੋਂਦ ਸੀ।

ਇਸ ਗ਼ਰੀਬੀ ਤੋਂ ਬਚਣ ਜਾਂ ਭੱਜ ਕੇ ਨਿੱਕਲ ਜਾਣ ਦਾ ਮੁਜ਼ਾਰਿਆਂ ਕੋਲ ਕੋਈ ਰਾਹ ਨਹੀਂ ਸੀ। ਜੇਕਰ ਕੋਈ ਵੀ ਅੱਗੋਂ ਬੋਲਦਾ ਸੀ ਤਾਂ ਤਸ਼ੱਦਦ ਦੇ ਭਿਅੰਕਰ ਤੋਂ ਭਿਅੰਕਰ ਰੂਪਾਂ ਦਾ ਸ਼ਿਕਾਰ ਬਣਾਇਆ ਜਾਂਦਾ ਸੀ। ਪੁਰਾਣੇ ਅਜਾਇਬਘਰਾਂ ਵਿੱਚ ਅੱਜ ਵੀ ਉਹ ਹਥਿਆਰ ਪਏ ਹਨ ਜਿਹਨਾਂ ਰਾਹੀਂ ਇਹ ਤਸ਼ੱਦਦ ਕਰਿਆ ਜਾਂਦਾ ਸੀ। ਇਹਨਾਂ ਵਿੱਚ - ਸੂਲਾਂ ਨਾਲ ਨਹੁੰ ਉਖਾੜਨੇ, ਬੋਰੀ ਵਿੱਚ ਬੰਦ ਕਰਕੇ ਨਹਿਰ ਵਿੱਚ ਸੁੱਟ ਦੇਣਾ, ਅੱਖਾਂ ਵਿੱਚ ਮਿਰਚਾਂ ਭੁੱਕਣੀਆਂ, ਸਲਾਹੀਆਂ ਨਾਲ ਅੱਖਾਂ ਕੱਢਣੀਆਂ, ਅੰਗੂਠਿਆਂ ਨਾਲ ਬੰਨ ਕੇ ਲਮਕਾਉਣਾ ਆਦਿ। ਇਹਨਾਂ ਮਾਰੇ ਜਾਂਦੇ ਲੋਕਾਂ ਦੇ ਅਵਸ਼ੇਸ਼ਾਂ ਨੂੰ ਲਾਮਿਆਂ ਵੱਲੋਂ ਯਾਦ ਦੇ ਤੌਰ 'ਤੇ ਸਾਂਭ ਕੇ ਰੱਖਿਆ ਜਾਂਦਾ ਸੀ - ਮਨੁੱਖੀ ਪੱਟਾਂ ਦੀਆਂ ਹੱਡੀਆਂ ਤੋਂ ਬਣਾਈਆਂ ਬੰਸਰੀਆਂ, ਚਮੜੀ ਤੋਂ ਬਣਾਏ ਢੋਲ, ਖੋਪੜਾਂ ਤੋਂ ਬਣਾਏ ਡੌਂਗੇ ਆਦਿ - ਜਿਹੜੀ ਕਿ ਇਨਕਲਾਬ ਤੋਂ ਮਗਰੋਂ ਇਹਨਾਂ ਮਹੱਲਾਂ ਵਿੱਚੋਂ ਬਰਾਮਦ ਹੋਏ। ਇਨਕਲਾਬ ਤੋਂ ਮਗਰੋਂ ਮੌਜੂਦਾ ਦਲਾਈ ਲਾਮੇ ਦੇ ਮਹੱਲ ਵਿੱਚੋਂ 108 ਵੱਖ-ਵੱਖ ਮਨੁੱਖੀ ਖੋਪੜੀਆਂ ਤੋਂ ਬਣੀ ਹੋਈ ਤਸਬੀ ਲੱਭੀ ਗਈ ਸੀ। ਕਈ ਸਾਬਕਾ ਮੁਜ਼ਾਰਿਆਂ ਨੇ ਇਨਕਲਾਬ ਤੋਂ ਮਗਰੋਂ ਗਵਾਹੀਆਂ ਪਾਈਆਂ ਸਨ ਕਿ ਲਾਮਿਆਂ ਵੱਲੋਂ ਜਿਊਂਦੇ ਇਨਸਾਨਾਂ ਦੀ ਬਲੀ ਦਿੱਤੀ ਜਾਂਦੀ ਸੀ ਅਤੇ ਸੰਨ 1948 ਵਿੱਚ ਮਾਓਵਾਦੀ ਇਨਕਲਾਬ ਦੀ ਜਿੱਤ ਰੋਕਣ ਦੀ ਉਮੀਦ ਨਾਲ 21 ਲੋਕਾਂ ਦੀ ਬਲੀ ਦਿੱਤੀ ਗਈ ਸੀ।

ਇਸ ਸਾਰੇ ਦਾ ਅੰਤ ਤਿੱਬਤ ਵਿੱਚ ਚੀਨੀ ਲੋਕ ਮੁਕਤੀ ਸੈਨਾ ਦੇ ਦਖਲ ਤੋਂ ਮਗਰੋਂ ਹੋਇਆ। ਮੁਜ਼ਾਰੇ ਅਜ਼ਾਦ ਕਰ ਦਿੱਤੇ ਗਏ, ਉਹਨਾਂ ਦੇ ਸਿਰ ਚੜ੍ਹਿਆ ਜਗੀਰੂ-ਮਾਲਕਾਂ ਅਤੇ ਲਾਮਿਆਂ ਦਾ ਸਾਰਾ ਲਗਾਨ ਮਾਫ਼ ਕਰ ਦਿੱਤਾ ਗਿਆ। ਜਬਰੀ ਕਰਵਾਈ ਜਾਂਦੀ ਉਲਾਗ ਕਿਰਤ ਉੱਪਰ ਰੋਕ ਲਾ ਦਿੱਤੀ ਗਈ। 1955 ਤੱਕ ਪਹਿਲੇ ਸਕੂਲ ਖੁੱਲ੍ਹਣੇ ਸ਼ੁਰੂ ਹੋਏ ਅਤੇ ਜੁਲਾਈ 1957 ਆਉਂਦੇ-ਆਉਂਦੇ 79 ਪ੍ਰਾਇਮਰੀ ਸਕੂਲ ਕਾਇਮ ਹੋ ਚੁੱਕੇ ਸਨ ਜਿਹਨਾਂ ਵਿੱਚ 6000 ਵਿਦਿਆਰਥੀ ਦਾਖਲ ਸਨ। ਸਾਖਰਤਾ ਦਰ ਜਿਹੜੀ ਕਿ 2 % ਤੋਂ ਵੀ ਥੱਲੇ ਸੀ ਉਹ ਦੋ ਦਹਾਕਿਆਂ ਵਿੱਚ ਮੁਕੰਮਲ ਹੋਣ ਵੱਲ ਵਧਣ ਲੱਗੀ। ਪਹਿਲੇ ਅਖ਼ਬਾਰ, ਕਿਤਾਬਾਂ ਅਤੇ ਪਰਚੇ ਤਿੱਬਤੀ ਭਾਸ਼ਾ ਵਿੱਚ ਛਪਣੇ ਸ਼ੁਰੂ ਹੋਏ, ਤਿੱਬਤੀ ਟਾਈਪਰਾਈਟਰ ਵਿਕਸਤ ਕੀਤੇ ਗਏ, ਰਵਾਇਤੀ ਤਿੱਬਤੀ ਦਵਾਈ ਵਿਗਿਆਨ ਦਾ ਅਧਿਐਨ ਕੀਤਾ ਗਿਆ ਅਤੇ ਇਸ ਦੀਆਂ ਚੰਗੀਆਂ ਚੀਜ਼ਾਂ ਨੂੰ ਪਹਿਲੀ ਵਾਰੀ ਆਮ ਲੋਕਾਂ ਤੱਕ ਲਿਜਾਇਆ ਗਿਆ। ਔਰਤਾਂ ਦੀ ਭੂਮਿਕਾ ਸਮਾਜ ਨੂੰ ਚਲਾਉਣ ਵਿਚ ਵਧਣ ਲੱਗੀ। 1975 ਤੱਕ ਕੁੱਲ 27000 ਇਨਕਲਾਬੀ ਕਾਡਰਾਂ ਵਿੱਚੋਂ 12000 ਔਰਤਾਂ ਸਨ! ਐਵਰੈਸਟ ਚੋਟੀ ਨੂੰ ਸਰ ਕਰਨ ਵਾਲੀ ਪਹਿਲੀ ਔਰਤ ਵੀ ਤਿਬਬਤ ਤੋਂ ਹੀ ਬਣੀ। 1958 ਵਿੱਚ ਪਹਿਲੀ ਕੋਲ ਖਾਣ ਸ਼ੁਰੂ ਹੋਈ। ਇਹ ਸਭ ਉਸ ਵੇਲੇ ਦੀ ਚੀਨੀ ਸਰਕਾਰ ਦੀਆਂ ਤਿੱਬਤ ਨੂੰ ਵਿਭਿੰਨਤਾ ਵਾਲਾ ਇਲਾਕਾ ਬਣਾਉਣ ਦੀਆਂ ਨੀਤੀਆਂ ਦਾ ਨਤੀਜਾ ਸੀ ਜਿੱਥੇ ਕਿ ਖੇਤੀ ਵੀ ਹੋਵੇ ਪਰ ਨਾਲੋਂ-ਨਾਲ ਸਨਅਤ ਵੀ ਵਿਕਾਸ ਕਰੇ ਕਿਉਂਕਿ ਜੇਕਰ ਤਿੱਬਤ ਸਿਰਫ਼ ਖੇਤੀ ਪ੍ਰਧਾਨ ਇਲਾਕਾ ਰਹਿ ਜਾਂਦਾ ਤਾਂ ਇਸ ਨੇ ਮਹਿਜ਼ ਮੁੱਖ ਚੀਨ ਨੂੰ ਕੱਚੇ ਮਾਲ ਦੀ ਪੂਰਤੀ ਕਰਨ ਵਾਲਾ ਖੇਤਰ ਬਣਕੇ ਰਹਿ ਜਾਣਾ ਸੀ ਅਤੇ ਇਸ ਦਾ ਆਪਣਾ ਵਿਕਾਸ ਪੱਛੜ ਜਾਣਾ ਸੀ। ਪੁਰਾਣੀਆਂ ਅੰਧ-ਵਿਸ਼ਵਾਸੀ ਰੀਤਾਂ ਨੂੰ ਭੰਨਦਿਆਂ ਤਿੱਬਤ ਵਿੱਚ ਪਹਿਲੇ ਵੱਡੇ ਹਸਪਤਾਲ ਖੋਲ੍ਹੇ ਗਏ ਅਤੇ ਕੁੱਝ ਸਾਲਾਂ ਵਿੱਚ ਹੀ ਇਹਨਾਂ ਦਾ ਜਾਲ ਵਿਛਾ ਦਿੱਤਾ ਗਿਆ। ਕੁੱਝ ਦਹਾਕਿਆਂ ਵਿੱਚ ਹੀ ਤਿੱਬਤ ਵਾਸੀਆਂ ਦੀ ਔਸਤ ਉਮਰ ਦੁੱਗਣੀ ਹੋ ਕੇ 60 ਸਾਲ ਦੀ ਉਮਰ ਤੱਕ ਪਹੁੰਚ ਗਈ। ਇਸ ਸਭ ਨਾਲ ਆਰਥਿਕ ਪਾੜੇ ਵੀ ਘਟਣ ਲੱਗੇ ਪਰ 1976 ਵਿੱਚ ਮਾਓ ਦੀ ਮੌਤ ਤੋਂ ਮਗਰੋਂ ਸਰਮਾਏਦਾਰਾ ਮਾਰਗੀ ਲੋਕ ਚੀਨ ਦੀ ਸਰਕਾਰ 'ਤੇ ਹਾਵੀ ਹੋਏ ਜਿਹਨਾਂ ਨੇ ਸਰਮਾਏਦਾਰਾ ਨੀਤੀਆਂ ਨੂੰ ਉਤਸ਼ਾਹਤ ਕੀਤਾ ਜਿਸ ਦੇ ਚਲਦਿਆਂ ਤਿੱਬਤ ਵਿੱਚ ਪਿਛਲੇ ਤਿੰਨ ਦਹਾਕਿਆਂ ਦੌਰਾਨ ਗੈਰ-ਬਰਾਬਰੀ ਵਧ ਰਹੀ ਹੈ। ਪਰ 1951 ਤੋਂ ਲੈ ਕੇ, ਖ਼ਾਸਕਰ 1959 ਤੋਂ ਮਗਰੋਂ ਅਤੇ 1976 ਤੱਕ ਤਿੱਬਤ ਨੇ ਜੋ ਸੁਨਹਿਰਾ ਦੌਰ ਦੇਖਿਆ ਉਹ ਲੋਕ ਮਨਾਂ ਵਿੱਚੋਂ ਨਹੀਂ ਵਿਸਰ ਸਕਦਾ। ਇਸ ਦੌਰ ਦੀਆਂ ਕਾਮਯਾਬੀਆਂ ਦੀ ਗੱਲ ਸਰਮਾਏਦਾਰਾ ਮੀਡੀਆ ਨੂੰ ਵੀ ਕੁੱਝ ਹੱਦ ਤੱਕ ਮੰਨਣ 'ਤੇ ਮਜਬੂਰ ਹੋਣਾ ਪੈਂਦਾ ਹੈ ਭਾਵੇਂ ਉਹ ਕਿੰਨੇ ਵੀ ਚੀਨ ਜਾਂ ਮਾਓ ਵਿਰੋਧੀ ਹੀ ਹੋਣ।

**ਲਲਕਾਰ 'ਚੋਂ ਧੰਨਵਾਦ ਸਹਿਤ**

*ਬਰਸੀ 'ਤੇ ਵਿਸ਼ੇਸ਼*

## ਮਹਾਨ ਨੌਜਵਾਨ ਗ਼ਦਰੀ ਸ਼ਹੀਦ

# ਪ੍ਰੇਮ ਸਿੰਘ ਸਰਾਭਾ



ਸ਼ਹੀਦ ਪ੍ਰੇਮ ਸਿੰਘ ਸਰਾਭਾ

ਪ੍ਰੇਮ ਸਿੰਘ ਦਾ ਜਨਮ ਪਿਤਾ ਜੀ ਸ. ਜੀਵਾ ਸਿੰਘ ਦੇ ਘਰੇ ਮਾਤਾ ਜਿਉਣ ਕੌਰ ਦੀ ਕੁੱਖੋਂ ਹੋਇਆ। ਆਪ ਜੀ ਦੇ ਦੋ ਹੋਰ ਭਰਾ- ਤੇਜਾ ਸਿੰਘ ਸਫਰੀ (ਮਹਾਨ ਗ਼ਦਰੀ ਯੋਧਾ) ਤੇ ਜਗੀਰ ਸਿੰਘ ਸਨ। ਪ੍ਰੇਮ ਸਿੰਘ 'ਤੇ ਜਿੱਥੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਮਹਾਨ ਸੰਗ੍ਰਾਮੀ ਜੀਵਨ ਤੇ ਸ਼ਹਾਦਤ ਦਾ ਵੱਡਾ ਪ੍ਰਭਾਵ ਪਿਆ, ਉਥੇ ਗ਼ਦਰੀ ਸੂਰਮੇਂ-ਵੱਡੇ ਵੀਰ ਤੇਜਾ ਸਿੰਘ ਸਫਰੀ ਦੀਆਂ ਇਨਕਲਾਬੀ ਸਰਗਰਮੀਆਂ ਦਾ ਵੀ ਡੂੰਘਾ ਅਸਰ ਹੋਇਆ।

ਪ੍ਰੇਮ ਸਿੰਘ ਦੀ ਉਮਰ ਅਜੇ 15 ਸਾਲ ਦੀ ਹੀ ਸੀ ਕਿ ਉਸਨੇ 1930 ਵਿੱਚ ਕਲਕੱਤਾ ਵਿਖੇ ਸੁਭਾਸ਼ ਚੰਦਰ ਬੋਸ ਦੀ ਅਗਵਾਈ ਹੇਠ ਸਾਈਮਨ ਕਮਿਸ਼ਨ ਦੇ ਵਿਰੋਧ ਵਿੱਚ ਵੱਡੇ ਜਲੂਸ ਵਿੱਚ ਹਿੱਸਾ ਲਿਆ। ਪੁਲਿਸ ਨੇ ਭਾਰੀ ਲਾਠੀਚਾਰਜ ਕੀਤਾ। ਜ਼ਖ਼ਮੀ ਹੋਏ ਸੁਭਾਸ਼ ਨੂੰ ਜਦੋਂ ਹਸਪਤਾਲ 'ਚ ਪਤਾ ਲੱਗਾ ਕਿ ਪ੍ਰੇਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਪਿੰਡੋਂ ਹੈ; ਤਾਂ ਉਹ ਬਹੁਤ ਖ਼ੁਸ਼ ਹੋਏ। ਆਪ ਕਲਕੱਤੇ ਰਹਿੰਦਿਆਂ, ਪੰਜਾਬੀ ਨੌਜਵਾਨ ਸਭਾ ਦੇ ਜਨਰਲ ਸਕੱਤਰ ਬਣੇ। ਪ੍ਰੇਮ ਸਿੰਘ, ਸੁਭਾਸ਼ ਚੰਦਰ ਬੋਸ ਨਾਲ ਉਨ੍ਹਾਂ 7 ਆਦਮੀਆਂ 'ਚੋਂ ਸਨ, ਜਿਨ੍ਹਾਂ ਨੇ ਕਲਕੱਤਾ ਜੇਲ ਉਪਰ ਤਿਰੰਗਾ ਝੰਡਾ ਲਹਿਰਾ ਦਿੱਤਾ ਸੀ। ਇਸ ਮੌਕੇ ਜਦੋਂ ਪੁਲਿਸ ਸੁਭਾਸ਼ ਨੂੰ ਕੁੱਟ ਰਹੀ ਸੀ, ਤਾਂ ਪ੍ਰੇਮ ਸਿੰਘ ਉਸ ਉਪਰ ਪੈ ਗਿਆ ਤੇ ਆਪ ਜਬਰ ਝੱਲਦਾ ਰਿਹਾ। ਆਪ ਜੀ ਤੇ ਬੰਗਾਲ ਹਕੂਮਤ ਨੇ ਨੰਗੀ ਤਲਵਾਰ ਰੱਖਣ ਦਾ ਕੇਸ ਵੀ ਪਾਇਆ। ਆਪ ਜੀ ਗ਼ਦਰ-ਕਾਵਿ ਵੀ ਰਚਦੇ ਸਨ। ਆਪ ਦੀਆਂ ਰਚਨਾਵਾਂ "ਪੰਜਾਬੀ ਪ੍ਰਤਿੱਕਾ" (ਕਲਕੱਤਾ) ਵਿੱਚ ਛਪਦੀਆਂ। ਤੇਜਾ ਸਿੰਘ ਸਫਰੀ ਤੇ ਪ੍ਰੇਮ ਸਿੰਘ ਸਰਾਭਾ ਨੇ 1932 'ਚ ਪਹਿਲੀ ਵੇਰ ਆਪ ਦੀ ਅਗਵਾਈ ਹੇਠ ਪਿੰਡ ਤੇ ਇਲਾਕੇ ਦਾ ਵੱਡਾ ਇੱਕਠ ਕਰਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੀ ਬਰਸੀ ਮਨਾਈ। ਅੰਗਰੇਜ਼ ਹਕੂਮਤ ਵੱਲੋਂ ਭਾਰੀ ਪੁਲਿਸ ਫੋਰਸ ਲਗਾਉਣ ਦੇ ਬਾਵਜੂਦ ਆਪ ਨੇ ਨਿਰਭੈ ਹੋ ਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ। ਬਾਅਦ 'ਚ ਦੋਨੋਂ ਭਰਾਵਾਂ ਸਮੇਤ ਦਰਜਨਾਂ ਆਗੂਆਂ ਤੇ ਵਰਕਰਾਂ ਨੂੰ ਫੜ ਕੇ ਜੇਲ੍ਹਾਂ 'ਚ ਬੰਦ ਕਰ ਦਿੱਤਾ ਗਿਆ। ਲੰਮੇ ਅਰਸੇ ਬਾਅਦ ਰਿਹਾਈ ਉਪਰੰਤ ਬਾਹਰ ਆ ਕੇ ਫਿਰ ਆਪ ਨੇ ਅੰਗਰੇਜ਼ ਹਕੂਮਤ ਵਿਰੁੱਧ ਅਸਲੀ ਆਜ਼ਾਦੀ ਤੇ ਖਰੇ ਲੋਕ ਜਮਹੂਰੀ ਰਾਜ ਪ੍ਰਬੰਧ ਦੀ ਸਿਰਜਣਾ ਲਈ ਜਦੋਂ-ਜਹਿਦ ਜਾਰੀ ਰੱਖੀ। ਸੰਨ 1946 ਦੀ ਲੁਧਿਆਣਾ ਕਾਨਫਰੰਸ ਮੌਕੇ ਪ੍ਰੇਮ ਸਿੰਘ ਨੇ ਬਹੁਤ ਹੀ ਸੂਝ ਅਤੇ ਜੋਸ਼ ਭਰਪੂਰ ਤਕਰੀਰ ਰਾਹੀਂ ਗੋਰੀ ਹਕੂਮਤ ਨੂੰ ਨੰਗਾ ਕੀਤਾ। ਸਿੱਟੇ ਵਜੋਂ ਇਕ ਹੋਰ ਨਵਾਂ ਕੇਸ ਦਰਜ ਕਰਕੇ ਆਪ ਨੂੰ ਮੁੜ ਕੈਦ ਕਰ ਲਿਆ ਗਿਆ। ਮੁੜ ਰਿਹਾਈ ਉਪਰੰਤ ਆਪ ਨੂੰ ਕਈ ਵਾਰ ਪਿੰਡ 'ਚ ਵੀ ਜੂਹ ਬੰਦ ਕੀਤਾ। ਲੇਕਿਨ ਇਸਨੂੰ ਟਿੱਚ ਸਮਝਦੇ ਹੋਏ ਆਪ ਫਰਾਰ ਹੋ ਜਾਂਦੇ ਰਹੇ। 15 ਅਗਸਤ 1947 ਮੌਕੇ, ਹਿੰਦ-ਪਾਕਿ ਦੀ ਵੰਡ ਵੇਲੇ 10 ਲੱਖ ਲੋਕਾਂ ਦੇ ਫਿਰਕੂ ਕਤਲੇਆਮ ਕਾਰਣ ਪ੍ਰੇਮ ਸਿੰਘ ਸਰਾਭਾ, ਤੇਜਾ ਸਿੰਘ ਸਫਰੀ ਸਮੇਤ ਅਨੇਕਾਂ ਕਮਿਊਨਿਸਟ ਯੋਧਿਆਂ ਨੇ ਸਮਝਿਆ ਕਿ ਦੇਸ਼ ਦੀ ਮਿਹਨਤਕਸ਼ ਜਨਤਾ ਨਾਲ ਵੱਡਾ ਧੋਖਾ ਹੋ ਗਿਆ ਹੈ। ਸੋ ਆਪ ਨੇ ਕਾਲੇ ਅੰਗਰੇਜ਼ਾਂ ਵਿਰੁੱਧ ਵੀ ਬਗਾਵਤ ਦਾ ਝੰਡਾ ਚੁੱਕ ਲਿਆ। ਸਿੱਟੇ ਵਜੋਂ ਪ੍ਰੇਮ ਸਿੰਘ ਨੂੰ ਮੁੜ ਜੇਲ'ਚ ਡੱਕ ਦਿੱਤਾ ਗਿਆ। ਜੇਲ'ਚੋਂ ਪਾੜ ਲਾ ਕੇ ਤਿੰਨ ਜੁਝਾਰੂ ਕੈਦੀ-ਕਾਮਰੇਡ ਵਿਧਾਤਾ ਰਾਮ, ਰਾਜਿੰਦਰ ਸਿੰਘ ਤੇ ਗੁਰਚਰਨ ਸਿੰਘ ਰੰਧਾਵਾ ਫਰਾਰ ਹੋ ਗਏ। ਪ੍ਰੇਮ ਸਿੰਘ ਤੇ ਭਾਰੀ ਤਸ਼ੱਦਦ ਕੀਤਾ ਗਿਆ। ਪੁਲਿਸ ਨੇ ਆਪ ਨੂੰ ਕੁੱਟ-ਕੁੱਟ ਕੇ ਸ਼ਹੀਦ ਕਰ ਦਿੱਤਾ। ਆਪ ਦੀ ਮ੍ਰਿਤਕ ਦੇਹ ਲੈਣ ਲਈ ਕਾਮਰੇਡ ਭਾਗ ਸਿੰਘ ਸਰਾਭਾ ਸਾਥੀਆਂ ਸਮੇਤ ਲੁਧਿਆਣਾ ਜੇਲਪੁੱਜੇ। ਲੇਕਿਨ ਉਨ੍ਹਾਂ ਨੂੰ ਕੋਰਾ ਜਵਾਬ ਦਿੱਤਾ ਗਿਆ ਅਤੇ ਮ੍ਰਿਤਕ ਦੇਹ ਨੂੰ ਜਬਰੀ ਜੇਲ ਦੇ ਅੰਦਰ ਹੀ ਦਫਨ ਕਰ ਦਿੱਤਾ ਗਿਆ।

ਪ੍ਰੇਮ ਸਿੰਘ ਸਰਾਭਾ ਨੇ ਸ਼ਹੀਦ ਹੋਣ ਤੋਂ ਪਹਿਲਾਂ ਵਜ਼ੀਰੇ ਆਜ਼ਮ ਜਵਾਹਰ ਲਾਲ ਨਹਿਰੂ ਨੂੰ ਇਕ ਪੱਤਰ ਲਿਖਿਆ, ਜਿਸਦੀ ਬਹੁਤ ਹੀ ਵੱਡੀ ਇਤਿਹਾਸਿਕ ਅਹਿਮੀਅਤ ਹੈ ਜਿਸਦੀ ਸੰਖੇਪ ਸ਼ਬਦਾਵਲੀ ਇਸ ਤਰ੍ਹਾਂ ਹੈ:- "ਅਸੀਂ ਜਿਹੜੇ ਅਸਲੀ ਆਜ਼ਾਦੀ ਤੇ ਸੱਚੀ ਬਰਾਬਰੀ ਲਈ ਲੜੇ, ਅੱਜ ਜੇਲ੍ਹਾਂ ਵਿੱਚ ਜਦੋ-ਜਹਿਦ ਕਰਦੇ ਮਰ ਰਹੇ ਹਾਂ। ਤੁਸੀਂ ਜਨਤਾ ਤੋਂ ਦੂਰ ਚਲੇ ਗਏ ਹੋ। ਆਪਣੇ ਭਾਰਤ ਤੋਂ ਦੂਰ। ਤੁਸੀਂ ਅਮਰੀਕਾ ਤੇ ਬਰਤਾਨੀਆ ਦੇ ਸ਼ਾਹੀ ਖਾਨਦਾਨਾਂ ਦੇ ਨੇੜੇ ਹੋ ਗਏ ਹੋ। ਸਾਡੀ ਤੇ ਕਿਰਤੀਆਂ ਦੀ ਵਫ਼ਾ ਤੇ ਤਪੱਸਿਆ ਆਪਣੇ ਹੱਕ ਮੰਗਦੀ ਹੈ। ਤੁਸੀਂ ਕਿਰਤੀਆਂ ਵੱਲ ਪਿੱਠ ਕਰ ਰਹੇ ਹੋ ਤੇ ਸਾਮਰਾਜੀਆਂ ਵੱਲ ਮੂੰਹ ਕਰ ਰਹੇ ਹੋ। ਤੁਸੀਂ ਜੋ ਕੀਤਾ, ਚੰਗਾ ਨਹੀਂ ਕੀਤਾ। ਸਾਡੀਆਂ ਜੇਲ੍ਹਾਂ ਵਿੱਚ ਹੋ ਰਹੀਆਂ ਸ਼ਹੀਦੀਆਂ, ਨਵੇਂ ਇਤਿਹਾਸ ਨੂੰ ਜਨਮ ਦੇਣਗੀਆਂ। ਅੱਛਾ ਮੈਂ ਜਾ ਰਿਹਾ ਹਾਂ, ਆਪਣੇ ਸ਼ਹੀਦਾਂ ਕੋਲ।" ਇਹ ਕਹਿਣ ਉਪਰੰਤ 30 ਸਤੰਬਰ 1949 ਨੂੰ ਆਪ ਜੀ ਦੇਸ਼ ਵਾਸੀਆਂ ਨੂੰ ਸਦਾ-ਸਦਾ ਲਈ ਵਿਛੋੜਾ ਦੇ ਗਏ। ਆਪ ਜੀ ਦੇ ਅਮਰ ਬੋਲ ਦੇਸ਼ ਅੰਦਰ ਖਰੀ ਆਜ਼ਾਦੀ, ਖ਼ੁਸ਼ਹਾਲੀ, ਮੁਕੰਮਲ ਬਰਾਬਰੀ ਤੇ ਸਮਾਜਵਾਦ ਲਈ ਲੋਕ ਲਹਿਰਾਂ ਦਾ ਮਾਰਗ ਦਰਸ਼ਨ ਕਰਦੇ ਰਹਿਣਗੇ।

**ਜਸਦੇਵ ਸਿੰਘ ਲਲਤੋਂ**
0161-2805677



# ਸੰਸਾਰ ਅਰਥਚਾਰੇ ਦਾ ਅਸਲੀ ਧੁਰਾ ਕਿਹੜਾ?

ਅਰਥਚਾਰਾ ਸੰਸਾਰ ਭਰ ਵਿਚ ਚੀਜ਼ਾਂ ਜਾਂ ਸੇਵਾਵਾਂ ਦੇ ਲੈਣ-ਦੇਣ ਦੀ ਇਕ ਵਿਵਸਥਾ ਹੈ ਜਿਹੜੀ ਸੋਨੇ, ਚਾਂਦੀ ਜਾਂ ਕਰੰਸੀ ਦੇ ਮਾਧਿਅਮ ਨਾਲ ਵਿਚਰਦੀ ਹੈ। ਸੰਸਾਰ ਭਰ ਦੀਆਂ ਕਰੰਸੀਆਂ ਵਿਚੋਂ ਅਮਰੀਕੀ ਡਾਲਰ ਪ੍ਰਧਾਨ ਹੈ। ਕਿਉਂ? ਅਮਰੀਕੀ ਡਾਲਰ ਦਾ ਮੁੱਲ ਕਿਉਂ ਵਧ ਰਿਹਾ ਹੈ? ਉਸ ਦੇ ਮੁਕਾਬਲੇ ਰੁਪਇਆ ਕਿਉਂ ਥੱਲੇ ਨੂੰ ਤਿਲਕ ਰਿਹਾ ਹੈ, ਸਾਰੀ ਦੁਨੀਆ ਦੀਆਂ ਕਰੰਸੀਆਂ ਦਾ ਮੁਲਾਂਕਣ ਡਾਲਰ ਨਾਲ ਕਿਉਂ ਹੁੰਦਾ ਹੈ ਤੇ ਡਾਲਰ ਦੀ ਕੀਮਤ ਵਧਣ-ਘਟਣ ਨਾਲ ਮਾਰਕਿਟ ਕਿਉਂ ਲਚਕਦੀ ਹੈ ਤੇ ਅਰਥਚਾਰੇ ਨੂੰ ਕੌਣ ਕੰਟਰੋਲ ਕਰ ਰਿਹਾ ਹੈ?

ਕਿਸਾਨ ਕਿਉਂ ਮਰ ਰਿਹਾ ਹੈ? ਮਜ਼ਦੂਰ ਦੀ ਹਾਲਤ ਏਨੀ ਕਿਉਂ ਮਾੜੀ ਹੈ? ਗ਼ਰੀਬ ਕਿਉਂ ਗ਼ਰੀਬ ਹੈ? ਗ਼ਰੀਬ-ਅਮੀਰ ਦਾ ਪਾੜਾ ਕਿਉਂ ਵਧ ਰਿਹਾ ਹੈ? ਦਾ ਜਵਾਬ ਲੱਭਣ ਲਈ ਸਾਨੂੰ ਇਸ ਦੇ ਬੁਨਿਆਦੀ ਕਾਰਨਾਂ ਤੇ ਇਸ ਪਿੱਛੇ ਪ੍ਰਤੱਖ ਤੇ ਲੁਕੀਆਂ ਹੋਈਆਂ ਕਿਹੜੀਆਂ ਸਥਿਤੀਆਂ ਤੇ ਕਿਹੜੀਆਂ ਸ਼ਕਤੀਆਂ ਹਨ ਜੋ ਅਰਥਚਾਰੇ ਨੂੰ ਕੰਟਰੋਲ ਕਰ ਰਹੀਆਂ ਹਨ, ਦਾ ਜਾਇਜ਼ਾ ਲੈਣਾ ਜ਼ਰੂਰੀ ਬਣ ਜਾਂਦਾ ਹੈ। ਇਹ ਹੈ ਤਾਂ ਲੰਬੀ ਬਹਿਸ। ਫਿਲਹਾਲ, ਇਸ ਸਰਮਾਏਦਾਰੀ ਸਿਸਟਮ ਵਿਚ ਰਹਿੰਦਿਆਂ ਕਿਹੜੀਆਂ ਘਟਨਾਵਾਂ ਨੇ, ਦੁਨੀਆ ਭਰ ਦੇ ਲੋਕਾਂ ਤੇ ਦੁਨੀਆ ਭਰ ਦੇ ਅਰਥਚਾਰੇ, ਜਿਸ ਵਿਚ ਖੇਤੀਬਾੜੀ ਵੀ ਸ਼ਾਮਲ ਹੈ 'ਤੇ ਅਸਰ ਪਾਇਆ, ਦਾ ਜਾਇਜ਼ਾ ਲੈ ਲਿਆ ਜਾਵੇ। ਆਮ ਕਰਕੇ ਅਸੀਂ ਅਮਰੀਕਾ ਤੇ ਸੰਸਾਰੀਕਰਨ (Globalization) ਨੂੰ ਦੋਸ਼ ਦਿੰਦੇ ਰਹੇ ਹਾਂ। ਪਰ ਹੁਣ ਅਮਰੀਕਾ ਵੀ ਸੰਸਾਰੀਕਰਨ ਤੋਂ ਤੰਗ ਆ ਚੁੱਕਾ ਹੈ। ਕੀ ਅਮਰੀਕਾ ਤੇ ਉਸ ਦੇ ਅਰਥਚਾਰੇ ਨੂੰ ਵੀ ਕੋਈ ਹੋਰ ਸ਼ਕਤੀਆਂ ਚਲਾ ਰਹੀਆਂ ਹਨ, ਤੇ ਉਥੋਂ ਦੇ ਸ਼ਾਸਕ ਸਣੇ ਰਾਸ਼ਟਰਪਤੀ ਇਕ ਮੋਹਰਾ ਬਣੇ ਹੋਏ ਹਨ। ਕੀ ਕਾਰਨ ਸੀ ਕਿ ਅਮਰੀਕਾ ਦੇ ਚਾਰ ਪ੍ਰਧਾਨਾਂ 'ਤੇ ਗੋਲੀਆਂ ਨਾਲ ਹਮਲਾ ਹੋਇਆ, ਤਿੰਨ ਮਾਰੇ ਗਏ, ਇਕ ਬਚ ਗਿਆ। ਦੋ ਨੂੰ ਜ਼ਹਿਰ ਦਿੱਤੀ ਗਈ। ਇਕ ਮਰ ਗਿਆ, ਇਕ ਬਚ ਗਿਆ।

**ਕਿਉਂ? ਤੇ ਕੌਣ ਸਨ ਮਾਰਨ ਜਾਂ ਮਰਵਾਉਣ ਵਾਲੇ।**

ਇਹ ਜਾਣਨ ਵਾਸਤੇ ਥੋੜ੍ਹਾ ਪਿੱਛੇ ਜਾਣਾ ਪਵੇਗਾ। ਕੀ ਉਨ੍ਹਾਂ ਦਾ ਸੰਸਾਰ ਦੇ ਅਰਥਚਾਰੇ ਨਾਲ ਕੋਈ ਸਬੰਧ ਸੀ?

ਜਦੋਂ ਕਰੰਸੀ ਨੋਟ ਨਹੀਂ ਸਨ ਤਾਂ ਚੀਜ਼ਾਂ ਦੇ ਵਟਾਂਦਰੇ ਨਾਲ ਵਪਾਰ ਹੁੰਦਾ ਸੀ। ਫਿਰ ਉਸ ਤੋਂ ਪਿੱਛੋਂ ਸਿੱਕੇ ਤੇ ਸੋਨੇ ਦੀਆਂ ਮੋਹਰਾਂ ਵਪਾਰ ਦਾ ਮਾਧਿਅਮ ਬਣੀਆਂ ਤੇ ਇਨ੍ਹਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਣਾ ਔਖਾ ਵੀ ਸੀ ਤੇ ਲੁੱਟ-ਖੋਹ ਦੇ ਡਰੋਂ ਜੋਖ਼ਮ ਭਰਿਆ ਵੀ ਸੀ। ਇਸ ਵਿਚੋਂ ਆਰਥਿਕ ਅਦਾਨ-ਪ੍ਰਦਾਨ ਦੀ ਇਕ ਨਵੀਂ ਪ੍ਰਥਾ ਨਿਕਲੀ ਜਿਸ ਨੂੰ 'ਹੁੰਡੀ ਸਿਸਟਮ' ਕਿਹਾ ਜਾਂਦਾ ਸੀ। ਇਹ ਹੁੰਡੀ ਸਿਸਟਮ ਕੀ ਸੀ? ਹੁੰਡੀ ਦਾ ਕਾਰੋਬਾਰ ਧਨਾਢ ਵਪਾਰੀਆਂ ਨੇ ਸ਼ੁਰੂ ਕੀਤਾ ਸੀ ਜਿਨ੍ਹਾਂ ਦਾ ਇਕ-ਦੂਜੇ ਨਾਲ ਵਪਾਰਕ ਸਬੰਧ ਤੇ ਵਿਸ਼ਵਾਸ ਬਣਿਆ ਹੋਇਆ ਸੀ। ਉਹ ਸਿੱਕੇ ਜਾਂ ਮੋਹਰਾਂ ਭੇਜਣ ਦੀ ਬਜਾਏ; ਇਕ ਪਰਚੀ ਲਿਖ ਕੇ ਭੇਜਦੇ ਸਨ ਜਿਸ ਨੂੰ 'ਹੁੰਡੀ' ਕਿਹਾ ਜਾਂਦਾ ਸੀ। ਜਦੋਂ ਉਹ ਪਰਚੀ ਦੂਜੀ ਧਿਰ ਨੂੰ ਦਿੱਤੀ ਜਾਂਦੀ ਤਾਂ ਉਸ ਦੇ ਬਦਲੇ ਉਹ ਜੇਕਰ ਪਰਚੀ ਦੇਣ ਵਾਲਾ ਧਨ ਦੀ ਮੰਗ ਕਰੇ ਤਾਂ ਉਸ ਨੂੰ ਸਿੱਕੇ ਜਾਂ ਮੋਹਰਾਂ ਜਿੰਨੀਆਂ ਬਣਦੀਆਂ ਹੋਣ ਦੇ ਦਿੱਤੀਆਂ ਜਾਂਦੀਆਂ ਸਨ। ਹੁੰਡੀ ਦੀਆਂ ਵੀ 6 ਕਿਸਮਾਂ ਸਨ। ਦਰਸ਼ਨੀ ਹੁੰਡੀ ਭਾਵ ਹੁੰਡੀ ਵੇਖਦਿਆਂ ਹੀ ਤੁਰੰਤ ਪੇਮੈਂਟ ਕਰਨਾ ਜਾਂ ਮਾਲ ਦੇਣਾ। ਮਿਆਦੀ ਹੁੰਡੀ। ਹੁੰਡੀ ਵਿਚ ਲਿਖੀ ਮਿਆਦ ਅੰਦਰ ਪੈਸੇ ਜਾਂ ਮਾਲ ਦੇਣਾ। ਜੋਖ਼ਮੀ ਹੁੰਡੀ ਭਾਵ ਕੰਡੀਸ਼ਨਲ ਹੁੰਡੀ ਜਿਸ ਵਿਚ ਕੋਈ ਸ਼ਰਤ ਲਿਖੀ ਹੁੰਦੀ ਸੀ ਆਦਿਕ। ਇਹ ਪ੍ਰਵਾਨਿਤ ਤਰੀਕਾ ਸੀ। ਪਰ ਜਦੋਂ ਬੈਂਕ ਹੋਂਦ ਵਿਚ ਆਏ ਤੇ ਕਰੰਸੀ ਨੋਟ ਚੱਲ ਪਏ, ਇਹ ਤਰੀਕਾ ਕਿਸੇ ਹੱਦ ਤੱਕ ਬੰਦ ਹੋ ਗਿਆ। ਇਹ ਥਾਂ ਕਰੰਸੀ ਨੋਟਾਂ ਨੇ ਲੈ ਲਈ।

ਇਸੇ ਤਰ੍ਹਾਂ ਇੰਗਲੈਂਡ ਵਿਚ ਇਹ ਕੰਮ ਉਥੋਂ ਦਾ ਗੋਲਡਸਮਿਥ ਘਰਾਣਾ ਜਿਹੜਾ ਸਦੀਆਂ ਤੋਂ ਸੋਨੇ ਦਾ ਭੰਡਾਰੀ ਸੀ, ਕਰੀ ਜਾਂਦਾ ਸੀ। ਉਹ ਇਸੇ ਤਰ੍ਹਾਂ ਦੀਆਂ ਪਰਚੀਆਂ ਦਿੰਦੇ ਸਨ ਤੇ ਸਰਕਾਰ ਨੂੰ ਵੀ ਕਰਜ਼ਾ ਦਿੰਦੇ ਸਨ। 1688 ਦੇ ਗੋਲਡਨ ਇਨਕਲਾਬ ਪਿੱਛੋਂ ਇੰਗਲੈਂਡ ਫਰਾਂਸ ਦੇ ਨਾਲ ਜੰਗ ਵਿਚ ਉਲਝ ਗਿਆ ਤੇ ਦੇਸ਼ ਏਨਾ ਕਰਜ਼ਾਈ ਹੋ ਗਿਆ ਕਿ ਗੋਲਡਸਮਿਥ ਇਹ ਭਾਰ ਨਹੀਂ ਚੁੱਕ ਸਕਦੇ ਸਨ। ਵਿਲੀਅਮ ਪੀਟਰਸਨ ਜਿਹੜਾ ਉਸ ਵੇਲੇ ਦਾ ਬੜਾ ਵੱਡਾ ਧਨੀ, ਪੜ੍ਹਿਆ ਲਿਖਿਆ, ਬਹੁਤ ਸਿਆਣਾ ਤੇ ਸਰਕਾਰ ਵਿਚ ਅਸਰ ਰਸੂਖ ਰੱਖਣ ਵਾਲਾ ਸ਼ਖ਼ਸ ਸੀ, ਨੇ ਇਹ ਕਾਢ ਕੱਢੀ ਕਿ ਇਕ ਬੈਂਕਿੰਗ ਕੰਪਨੀ ਬਣਾਈ ਜਾਵੇ ਜਿਹੜੀ ਲੋਕਾਂ ਨੂੰ ਆਪਣੇ ਸ਼ੇਅਰ ਵੇਚ ਕੇ ਪੈਸੇ ਕੱਠੇ ਕਰੇ ਤੇ ਉਸ ਕੰਪਨੀ ਨੂੰ ਕਰੰਸੀ ਨੋਟ ਛਾਪਣ ਦਾ ਅਧਿਕਾਰ ਦਿੱਤਾ ਜਾਵੇ। ਇਸ ਤਰ੍ਹਾਂ ਸਰਕਾਰੀ ਹੁਕਮਾਂ ਅਧੀਨ ਇਕ ਪ੍ਰਾਈਵੇਟ ਕੰਪਨੀ ਨੂੰ ਬੈਂਕ ਆਫ ਇੰਗਲੈਂਡ ਖੋਲ੍ਹਣ ਦਾ ਅਧਿਕਾਰ 1694 ਵਿਚ ਮਿਲਿਆ। ਹੌਲੀ-ਹੌਲੀ ਇਹ ਕੰਪਨੀ ਬਹੁਤ ਤਾਕਤਵਰ ਹੋ ਗਈ ਕਿਉਂਕਿ ਛਾਪੇ ਗਏ ਕਰੰਸੀ ਨੋਟ ਇਸ ਕੰਪਨੀ ਦੀ ਮਲਕੀਅਤ ਸਨ ਤੇ ਬੈਂਕ ਆਫ ਇੰਗਲੈਂਡ (ਇਕ ਪ੍ਰਾਈਵੇਟ ਕੰਪਨੀ) ਸਰਕਾਰ ਨੂੰ ਨੋਟ ਛਾਪ ਕੇ ਵਿਆਜ 'ਤੇ ਦਿੰਦੀ ਸੀ। ਸਰਕਾਰ ਇਨ੍ਹਾਂ ਪੈਸਿਆਂ ਨਾਲ ਆਪਣਾ ਕੰਮ, ਲੋਕਾਂ ਦਾ ਤੇ ਵਪਾਰੀਆਂ ਦਾ ਕਰਜ਼ਾ ਮੋੜਨ ਵਿਚ ਤਾਂ ਕਾਮਯਾਬ ਹੋ ਗਈ ਪਰ ਖ਼ੁਦ ਬੈਂਕ ਦੀ ਕਰਜ਼ਾਈ ਹੋ ਗਈ।

ਇਸ ਸਬੰਧ ਵਿਚ ਜਰਮਨੀ ਦਾ ਇਕ ਘਰਾਣਾ ਜਿਸ ਨੂੰ 'ਰੌਥਸ ਚਾਈਲਡ' (Rothschild) ਨਾਂਅ ਨਾਲ ਪੁਕਾਰਿਆ ਜਾਂਦਾ ਹੈ, ਦਾ ਜ਼ਿਕਰ ਜ਼ਰੂਰੀ ਹੈ। ਇਹ ਘਰਾਣਾ ਜਰਮਨੀ ਤੋਂ ਸ਼ੁਰੂ ਹੋ ਕੇ ਦੁਨੀਆ ਭਰ ਦੇ ਸੈਂਟਰਲ ਬੈਂਕਾਂ 'ਤੇ ਕਾਬਜ਼ ਹੈ। ਸਾਰੀ ਦੁਨੀਆ ਵਿਚ ਜਿੰਨਾ ਪੈਸਾ ਹੈ, ਉਸ ਦਾ 80 ਫ਼ੀਸਦੀ ਇਨ੍ਹਾਂ ਦੇ ਬੈਂਕਾਂ ਵਿਚ ਜਮ੍ਹਾਂ ਹੈ। 2000 ਤੱਕ 7 ਦੇਸ਼ ਅਫ਼ਗਾਨਿਸਤਾਨ, ਇਰਾਕ, ਈਰਾਨ, ਸੁਡਾਨ, ਲੀਬੀਆ, ਕਿਊਬਾ ਤੇ ਨਾਰਥ ਕੋਰੀਆ ਹੀ ਬਚੇ ਸਨ, ਜਿਥੇ ਇਨ੍ਹਾਂ ਦੇ ਬੈਂਕ ਨਹੀਂ ਸਨ। ਹੁਣ ਸਿਰਫ ਤਿੰਨ ਦੇਸ਼ ਹੀ ਹਨ। ਕਿਊਬਾ, ਨਾਰਥ ਕੋਰੀਆ ਤੇ ਈਰਾਨ। ਰੌਥਸਚਾਈਲਡ ਦੇ ਨਾਲ ਅਮਰੀਕਾ ਦੇ ਦੋ ਘਰਾਣੇ ਰਾਕਫੈਲਰ ਤੇ ਮੋਰਗਨਜ਼ ਸ਼ਾਮਿਲ ਹਨ।

ਬੈਂਕ ਆਫ ਇੰਗਲੈਂਡ 'ਤੇ ਰੌਥਸਚਾਈਲਡ ਦਾ ਪੂਰਾ ਕਬਜ਼ਾ ਹੋ ਗਿਆ ਸੀ। ਇਹ ਕੰਪਨੀ ਨੋਟ (ਪੌਂਡ) ਛਾਪ ਕੇ ਸਰਕਾਰ ਨੂੰ ਵਿਆਜ 'ਤੇ ਦਿੰਦੀ ਸੀ ਤੇ ਸਰਕਾਰੀ ਤੇ ਪ੍ਰਾਈਵੇਟ ਕਾਰੋਬਾਰ ਇਸ ਕੰਪਨੀ ਵਲੋਂ ਛਾਪੇ ਗਏ ਉਧਾਰ ਲਏ ਨੋਟਾਂ ਨਾਲ ਹੁੰਦਾ ਸੀ।

ਇੰਗਲੈਂਡ ਦੀ ਸਰਕਾਰ ਨੇ ਅਮਰੀਕਾ, ਜੋ ਉਸ ਵੇਲੇ ਉਸ ਦੀ ਕਾਲੋਨੀ ਸੀ, ਵਿਚ ਜਾ ਕੇ ਵੱਸੇ ਇੰਗਲੈਂਡ ਵਾਸੀਆਂ ਤੇ ਹੋਰ ਯੂਰਪੀ ਦੇਸ਼ਾਂ ਤੋਂ ਗਏ ਉਥੇ ਵੱਸੇ ਲੋਕਾਂ ਨੂੰ ਹੁਕਮ ਦਿੱਤਾ ਕਿ ਉਹ ਵੀ ਆਪਣਾ ਕਾਰੋਬਾਰ ਬੈਂਕ ਆਫ ਇੰਗਲੈਂਡ ਤੋਂ ਪੌਂਡ ਵਿਆਜ 'ਤੇ ਲੈ ਕੇ ਉਸ ਰਾਹੀਂ ਕਰਨ। ਅਮਰੀਕਾ ਵਾਸੀਆਂ ਨੇ ਇਹ ਕਰਨ ਤੋਂ ਨਾਂਹ ਕਰ ਦਿੱਤੀ ਤੇ ਇਹ ਵੀ ਅਮਰੀਕਾ ਦੀ ਇੰਗਲੈਂਡ ਤੋਂ ਆਜ਼ਾਦੀ ਦਾ ਇਕ ਕਾਰਨ ਗਿਣਿਆ ਜਾਂਦਾ ਹੈ। ਅਮਰੀਕਾ ਦੇ ਆਜ਼ਾਦ ਹੋਣ ਤੋਂ ਬਾਅਦ ਬੈਂਕ ਆਫ ਇੰਗਲੈਂਡ ਦੇ ਮਾਲਕ ਅਮਰੀਕਾ ਪਹੁੰਚ ਗਏ ਤੇ ਉਥੇ ਬੈਂਕ ਆਫ ਯੂ.ਐਸ.ਏ. ਖੋਲ੍ਹਣ ਦੀ ਇਜਾਜ਼ਤ ਲੈ ਲਈ ਤੇ ਫਸਟ ਬੈਂਕ ਆਫ ਯੂ.ਐਸ.ਏ. ਖੋਲ੍ਹ ਕੇ, ਨੋਟ ਛਾਪਣੇ ਸ਼ੁਰੂ ਕਰ ਦਿੱਤੇ, ਜੋ ਅਮਰੀਕਾ ਦੀ ਸਰਕਾਰ ਨੂੰ ਵਿਆਜ 'ਤੇ ਲੈਣੇ ਪੈਂਦੇ ਸਨ।

1791 ਵਿਚ ਬਣੇ ਇਸ ਬੈਂਕ ਦੀ ਮਨਜ਼ੂਰੀ 20 ਸਾਲ ਵਾਸਤੇ ਸੀ ਜਿਸ ਦੇ ਖ਼ਤਮ ਹੋਣ 'ਤੇ ਬੈਂਕ ਨੇ ਦੁਬਾਰਾ ਮੰਗ ਕੀਤੀ। ਯੂ.ਐਸ.ਏ. ਦੀ ਪਾਰਲੀਮੈਂਟ ਨੇ ਇਹ ਮੰਗ ਮੰਨਣ ਤੋਂ ਨਾਂਹ-ਨੁਕਰ ਕੀਤੀ ਤਾਂ ਮੇਅਰ ਰੌਥਸਚਾਈਲਡ Mayer RothsChild ਨੇ ਧਮਕੀ ਦਿੱਤੀ ਕਿ ਜਾਂ ਤਾਂ ਬੈਂਕ ਆਫ ਯੂਨਾਈਟਡ ਸਟੇਟਸ ਦੀ ਮਿਆਦ ਵਧਾਉਣ ਦੀ ਅਰਜ਼ੀ ਮਨਜ਼ੂਰ ਕੀਤੀ ਜਾਵੇ ਜਾਂ ਫਿਰ ਅਮਰੀਕਾ ਆਪਣੇ ਆਪ ਨੂੰ ਇਕ ਭਿਆਨਕ ਜੰਗ ਵਿਚ ਲਿਪਤ ਪਾਏਗਾ।"

ਪਾਰਲੀਮੈਂਟ ਨੇ ਫਿਰ ਵੀ ਇਹ ਮਹਿਸੂਸ ਕਰਦਿਆਂ ਕਿ ਇਸ ਬੈਂਕ ਨੇ ਦੇਸ਼ ਦੀ ਆਰਥਿਕਤਾ ਨੂੰ ਤਬਾਹ ਕਰ ਦਿੱਤਾ ਹੈ ਤੇ ਆਪਣੇ ਆਪ ਨੂੰ ਧਨੀ ਬਣਾ ਲਿਆ ਹੈ, ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ। ਇਸ ਉਪਰੰਤ ਰੌਥਸਚਾਈਲਡ ਨੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਸਪੈਂਸਰ ਪਰਸਵੈਲ 'ਤੇ ਜ਼ੋਰ ਪਾਇਆ ਕਿ ਉਹ ਅਮਰੀਕਾ ਦੇ ਖਿਲਾਫ਼ ਮੁੜ ਜੰਗ ਸ਼ੁਰੂ ਕਰੇ ਤੇ ਅਮਰੀਕਾ ਨੂੰ ਦੁਬਾਰਾ ਆਪਣੀ ਕਾਲੋਨੀ ਬਣਾ ਲਏ। ਪਰ ਇੰਗਲੈਂਡ ਪਹਿਲਾਂ ਹੀ ਨੈਪੋਲੀਅਨ ਨਾਲ ਜੰਗ ਵਿਚ ਉਲਝਿਆ ਰਹਿਣ ਕਾਰਨ ਦੁਬਾਰਾ ਜੰਗ ਲਾਉਣਾ ਵਾਜਬ ਨਹੀਂ ਸੀ ਸਮਝਦਾ। ਪ੍ਰਧਾਨ ਮੰਤਰੀ ਨੇ ਜੰਗ ਲਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਪ੍ਰਧਾਨ ਮੰਤਰੀ ਦਾ ਕਤਲ ਕਰਾ ਦਿੱਤਾ ਗਿਆ ਤੇ ਉਸ ਦਾ ਉਤਰਾਅਧਿਕਾਰੀ ਉਸ ਸ਼ਖ਼ਸ ਨੂੰ ਬਣਾਇਆ ਗਿਆ ਜਿਹੜਾ ਕਾਲੋਨੀਆਂ ਨੂੰ ਦੁਬਾਰਾ ਕਬਜ਼ੇ 'ਚ ਲੈਣ ਦੇ ਹੱਕ ਵਿਚ ਸੀ। ਉਸ ਦੇ ਕਤਲ ਦੇ ਕਈ ਹੋਰ ਕਾਰਨ ਵੀ ਗਿਣੇ ਜਾ ਰਹੇ ਹਨ। 2012 ਦਾ ਇਕ ਅਧਿਐਨ ਉਸ ਦੀ ਮੌਤ ਨੂੰ ਲਿਵਰਪੂਲ ਦੇ ਵਪਾਰੀਆਂ ਦੇ ਕੰਸੋਟੀਅਮ ਦੀ ਸਾਜਿਸ਼ ਨਾਲ ਜੋੜਦਾ ਹੈ। ਦੱਸਿਆ ਜਾਂਦਾ ਹੈ ਕਿ ਰਾਥਸਚਾਈਲਡ ਦੀ ਘਰ ਵਾਲੀ ਜਿਹੜੀ 5 ਮੁੰਡਿਆਂ ਤੇ 5 ਕੁੜੀਆਂ ਦੀ ਮਾਂ ਸੀ, ਨੇ ਇਕ ਵਾਰ ਕਿਹਾ ਸੀ ਜੇ ਮੇਰੇ ਲੜਕੇ ਇਹ ਚਾਹੁਣ ਕਿ ਜੰਗ ਨਾ ਲੱਗੇ ਤਾਂ ਜੰਗ ਨਹੀਂ ਲੱਗੇਗੀ।

1812 'ਚ ਜਿਹੜੀ ਅਮਰੀਕਾ ਦੇ ਖਿਲਾਫ਼ ਜੰਗ ਹੋਈ, ਉਸ ਨੂੰ ਵੀ ਬੈਂਕਾਂ ਵਲੋਂ ਪਲਾਨ ਕੀਤਾ ਦੱਸਿਆ ਜਾਂਦਾ ਹੈ। ਭਾਵੇਂ ਅਮਰੀਕਾ ਇਹ ਜੰਗ ਜਿੱਤ ਗਿਆ ਸੀ ਫਿਰ ਵੀ ਉਸ ਨੂੰ ਪ੍ਰਾਈਵੇਟ ਬੈਂਕ ਨੂੰ ਮਨਜ਼ੂਰੀ ਦੇਣ ਲਈ ਮਜਬੂਰ ਹੋਣਾ ਪਿਆ ਸੀ ਤੇ ਦੂਜਾ ਬੈਂਕ ਆਫ ਯੂ.ਐਸ.ਏ. ਹੋਂਦ ਵਿਚ ਆ ਗਿਆ।

ਇਸ ਦਾ ਵਿਰੋਧ ਪ੍ਰੈਜ਼ੀਡੈਂਟ ਐਂਡਰਿਊ ਜੈਕਸਨ ਨੇ ਕੀਤਾ। ਫਿਰ ਵੀ ਬੈਂਕ ਵਾਲਿਆਂ ਨੇ ਪਾਰਲੀਮੈਂਟ ਦੇ ਮੈਂਬਰਾਂ 'ਤੇ ਆਪਣਾ ਰਸੂਖ ਵਰਤ ਕੇ ਪਾਰਲੀਮੈਂਟ ਤੋਂ ਮਨਜ਼ੂਰੀ ਲੈ ਲਈ। ਐਂਡਰਿਊ ਜੈਕਸਨ ਨੇ ਆਪਣੇ ਵੀਟੋ ਦੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਨਜ਼ੂਰੀ ਨੂੰ ਰੱਦ ਕਰ ਦਿੱਤਾ। ਪ੍ਰੈਜ਼ੀਡੈਂਟ ਜੈਕਸਨ ਨੂੰ ਮਾਰਨ ਵਾਸਤੇ ਇਕ ਸ਼ਖ਼ਸ ਨੂੰ ਦੋ ਪਿਸਤੌਲ ਦੇ ਕੇ ਭੇਜਿਆ ਗਿਆ ਪਰ ਜੈਕਸਨ ਦੀ ਖ਼ੁਸ਼ਕਿਸਮਤੀ ਦੋਵਾਂ ਦੇ ਕਾਰਤੂਸ ਫੇਲ੍ਹ ਹੋ ਗਏ। ਪ੍ਰੈਜ਼ੀਡੈਂਟ ਜੈਕਸਨ ਬਚ ਗਏ। ਕਿਉਂਕਿ ਕੰਪਨੀ ਨੂੰ ਪਹਿਲਾਂ ਮਿਲੀ ਮਨਜ਼ੂਰੀ ਦੀ ਮਿਆਦ ਅਜੇ 5 ਸਾਲ ਬਾਕੀ ਸੀ, ਇਸ ਕਰਕੇ ਇਹ ਕੰਪਨੀ ਚਲਦੀ ਰਹੀ।

1850 ਵਿਚ ਪ੍ਰੈਜ਼ੀਡੈਂਟ ਜ਼ਾਚਾਰੀ ਟੇਲਰ ਦੇ ਰਾਸ਼ਟਰਪਤੀ ਬਣਨ ਤੋਂ 16 ਮਹੀਨੇ ਬਾਅਦ ਹੀ ਜ਼ਹਿਰੀਲਾ ਦੁੱਧ ਪੀਣ ਨਾਲ ਮੌਤ ਹੋ ਗਈ। ਉਸ ਨੇ ਕਿਹਾ ਸੀ ਕਿ "The idea of National Bank is dead. It will not be revived in my time. ਨੈਸ਼ਨਲ ਬੈਂਕ (ਅਸਲ ਵਿਚ ਪ੍ਰਾਈਵੇਟ ਬੈਂਕ) ਦਾ ਸਮਾਂ ਖ਼ਤਮ ਹੋ ਚੁੱਕਾ ਹੈ, ਇਹ ਮੇਰੇ ਕਾਲ ਵਿਚ ਮੁੜ ਸੁਰਜੀਤ ਨਹੀਂ ਹੋ ਸਕੇਗਾ।

ਕਿਉਂਕਿ ਦੂਜੇ ਬੈਂਕ ਦੀ ਮਿਆਦ ਖ਼ਤਮ ਹੋਣ ਨਾਲ ਤੇ ਸਰਕਾਰ ਵਲੋਂ ਮਨਜ਼ੂਰੀ ਨਾ ਦਿੱਤੇ ਜਾਣ ਕਾਰਨ ਇਹ ਬੈਂਕ ਇਕ ਨਾਰਮਲ ਬੈਂਕ ਵਜੋਂ ਕੰਮ ਕਰਨ ਲੱਗ ਪਿਆ ਸੀ ਤੇ 5 ਸਾਲ ਵਿਚ ਫੇਲ੍ਹ ਹੋ ਗਿਆ ਸੀ ਤੇ National Bank ਭਾਵ ਪਹਿਲਾਂ ਵਾਂਗ ਪ੍ਰਾਈਵੇਟ ਬੈਂਕ ਜਿਸ ਨੂੰ ਨੋਟ ਛਾਪਣ ਦਾ ਅਧਿਕਾਰ ਹੋਵੇ, ਦੀ ਮੰਗ ਕੀਤੀ ਜਾ ਰਹੀ ਸੀ, ਜਿਸ ਦੀ ਪ੍ਰੈਜ਼ੀਡੈਂਟ ਟੇਲਰ ਵਿਰੋਧਤਾ ਕਰ ਰਿਹਾ ਸੀ।

ਪ੍ਰੈਜ਼ੀਡੈਂਟ ਟੇਲਰ ਤੋਂ ਬਾਅਦ ਬਣੇ ਪ੍ਰੈਜ਼ੀਡੈਂਟ ਜੇਮਜ਼ ਬੁਕਾਨਣ James Buchanan ਨੇ 1857 ਵਿਚ ਭਿਆਨਕ ਆਰਥਿਕ ਹਾਲਾਤ 'ਤੇ ਕਾਬੂ ਪਾਉਣ ਲਈ ਹੁਕਮ ਕੀਤਾ ਕਿ ਬੈਂਕ ਆਪਣੇ ਵਿੱਤ ਤੋਂ ਬਾਹਰ ਜਾ ਕੇ ਕਰਜ਼ਾ ਨਾ ਦੇਣ ਤੇ ਬੈਂਕ ਦੀ ਵਿੱਤ ਓਨੀ ਹੀ ਹੋਏਗੀ ਜਿੰਨੀ ਸਰਕਾਰ ਦੀ ਮਾਲੀ ਹੈਸੀਅਤ ਹੋਏਗੀ ਤੇ ਕਰੰਸੀ ਨੋਟ ਇਸ ਹੱਦ ਤੋਂ ਵੱਧ ਨਹੀਂ ਛਾਪੇ ਜਾਣਗੇ ਤਾਂ ਪ੍ਰੈਜ਼ੀਡੈਂਟ ਦੇ ਇਕ ਡਿਨਰ ਵਿਚ ਜ਼ਹਿਰ ਪਾਈ ਗਈ ਜਿਸ ਨਾਲ 38 ਬੰਦੇ ਮਰ ਗਏ ਪਰ ਪ੍ਰੈਜ਼ੀਡੈਂਟ ਬਚ ਗਏ।

ਰਾਸ਼ਟਰਪਤੀਆਂ ਤੇ ਪ੍ਰਧਾਨ ਮੰਤਰੀਆਂ ਦੇ ਕਤਲ ਕਰਵਾਉਂਦੇ ਰਹੇ ਬੈਂਕਾਂ ਵਾਲੇ 1860ਵਿਆਂ ਵਿਚ ਅਮਰੀਕਾ ਦੇ ਲਗਪਗ ਦੋ ਹਿੱਸੇ ਹੋ ਗਏ ਸਨ। ਇਬਰਾਹੀਮ ਲਿੰਕਨ ਦੀ ਗੁਲਾਮਾਂ ਨੂੰ ਆਜ਼ਾਦ ਕਰਨ ਦੀ ਨੀਤੀ ਦੇ ਵਿਰੋਧ ਵਿਚ ਕੁਝ ਸੂਬਿਆਂ ਨੇ ਦੇਸ਼ ਤੋਂ ਵਖਰੇਵੇਂ ਦਾ ਐਲਾਨ ਕਰ ਦਿੱਤਾ ਸੀ ਤਾਂ ਬੈਂਕਾਂ ਵਾਲਿਆਂ ਨੇ ਲਿੰਕਨ ਨੂੰ ਕਿਹਾ ਕਿ ਜੇ ਤੂੰ ਜੰਗ ਲਾ ਕੇ ਵੱਖ ਹੋਏ ਸੂਬਿਆਂ ਨੂੰ ਆਪਣੇ ਦੇਸ਼ ਨਾਲ ਮਿਲਾਉਣਾ ਚਾਹੁੰਦਾ ਹੈ ਤਾਂ ਅਸੀਂ ਤੈਨੂੰ ਜਿੰਨੇ ਚਾਹੇ ਪੈਸੇ ਦੇ ਕੇ ਇਮਦਾਦ ਕਰਨ ਨੂੰ ਤਿਆਰ ਹਾਂ ਪਰ 30 ਫ਼ੀਸਦੀ ਵਿਆਜ ਲਵਾਂਗੇ, ਤਾਂ ਲਿੰਕਨ ਨੇ ਕਿਹਾ ਕਿ ਮੈਂ ਗੋਰਿਆਂ ਨੂੰ ਬੈਂਕਾਂ ਦੇ ਗੁਲਾਮ ਬਣਾ ਕੇ ਕਾਲਿਆਂ ਨੂੰ ਆਜ਼ਾਦ ਕਰਨ ਨੂੰ ਤਿਆਰ ਨਹੀਂ ਹਾਂ। ਮੈਂ ਆਪਣਾ ਰਾਹ ਆਪ ਲੱਭਾਂਗਾ।

ਲਿੰਕਨ ਨੇ ਆਪਣੇ ਰਾਸ਼ਟਰਪਤੀ ਦੇ ਅਖ਼ਤਿਆਰਾਂ ਦੀ ਵਰਤੋਂ ਕਰਦਿਆਂ ਹੁਕਮ ਦੇ ਦਿੱਤਾ ਕਿ ਅੱਗੇ ਤੋਂ ਡਾਲਰ ਸਰਕਾਰ ਖੁਦ ਛਾਪੇਗੀ, ਤੇ ਡਾਲਰ ਛਾਪਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨੂੰ 'ਗਰੀਨ ਬੈਕ (Green Back) ਡਾਲਰ' ਕਿਹਾ ਗਿਆ।

ਸੈਂਟਰਲ ਬੈਂਕਾਂ ਨੇ ਇਸ ਨੂੰ ਆਪਣੀ ਹੋਂਦ 'ਤੇ ਖ਼ਤਰੇ ਦਾ ਨਿਸ਼ਾਨ ਸਮਝਿਆ ਤੇ ਤੁਰੰਤ ਬਿਆਨ ਦਿੱਤਾ:

ਜੇਕਰ ਇਹ ਸ਼ੈਤਾਨ ਪਾਲਸੀ, ਜਿਸ ਦਾ ਜਨਮ ਉੱਤਰੀ ਅਮਰੀਕਾ ਵਿਚ ਹੋਇਆ ਹੈ, ਸਥਾਪਤ ਹੋ ਗਈ ਤਾਂ ਸਰਕਾਰ ਬਿਨਾਂ ਕਿਸੇ ਕੀਮਤ ਦੇ ਆਪਣੀ ਕਰੰਸੀ ਪੈਦਾ ਕਰ ਲਵੇਗੀ ਅਤੇ ਬਿਨਾਂ ਕਰਜ਼ਾ ਚੁੱਕਿਆਂ ਆਪਣੇ ਕਰਜ਼ੇ ਅਦਾ ਕਰ ਦੇਵੇਗੀ ਅਤੇ ਆਪਣੇ ਕਾਰੋਬਾਰ ਲਈ ਆਪ ਹੀ ਕਰੰਸੀ ਪੈਦਾ ਕਰ ਲਵੇਗੀ। ਇਸ ਤਰ੍ਹਾਂ ਸਰਕਾਰਾਂ ਇਤਿਹਾਸ ਵਿਚ ਕਿਸੇ ਪਹਿਲੀ ਮਿਸਾਲ ਤੋਂ ਬਗੈਰ ਖ਼ੁਦ ਹੀ ਵਿਗਸਤ ਹੋ ਜਾਣਗੀਆਂ। ਇਸ ਕਿਸਮ ਦੇ ਦੇਸ਼ ਨੂੰ ਤਬਾਹ ਕਰ ਦੇਣਾ ਚਾਹੀਦਾ ਹੈ ਨਹੀਂ ਤਾਂ ਇਹ ਹਰ ਦੇਸ਼ ਦੀ ਬਾਦਸ਼ਾਹਤ ਨੂੰ ਤਬਾਹ ਕਰ ਦੇਵੇਗਾ।

ਇਹ ਰਿਪੋਰਟ ਲੰਡਨ ਟਾਈਮਜ਼ ਦੇ ਰਿਪੋਰਟਰ ਨੇ ਦਿੱਤੀ।

ਪਰ ਗਰੀਨ ਬੈਕ ਡਾਲਰ ਲਿੰਕਨ ਦੀ ਸਰਕਾਰ ਵਲੋਂ ਛਾਪੇ ਗਏ, ਚਲਦੇ ਰਹੇ। ਸਰਕਾਰ ਆਪਣੇ ਖਰਚੇ ਬਿਨਾਂ ਕਿਸੇ ਬੈਂਕ ਦੇ ਕਰਜ਼ਾਈ ਹੋਇਆਂ ਪੂਰਨ ਲੱਗ ਪਈ।

14 ਅਪ੍ਰੈਲ, 1865 ਨੂੰ ਇਬਰਾਹੀਮ ਲਿੰਕਨ ਦਾ ਕਤਲ ਕਰ ਦਿੱਤਾ ਗਿਆ। ਗਰੀਨ ਬੈਕ ਡਾਲਰ ਦੇ ਖਿਲਾਫ਼ ਲੜਾਈ ਜਾਰੀ ਰਹੀ। 1872 ਵਿਚ ਨਿਊਯਾਰਕ ਦੇ ਬੈਂਕਾਂ ਨੇ ਅਮਰੀਕਾ ਵਿਚਲੀਆਂ ਆਪਣੀਆਂ ਇਕਾਈਆਂ ਨੂੰ ਲਿਖਿਆ ਕਿ ਉਹ ਉਨ੍ਹਾਂ ਸਾਰੀਆਂ ਅਖ਼ਬਾਰਾਂ ਦੀ ਮਾਲੀ ਸਹਾਇਤਾ ਕਰਨ ਜਿਹੜੀਆਂ ਗਰੀਨ ਬੈਕ ਡਾਲਰ ਦੀ ਵਿਰੋਧਤਾ ਕਰਨ। ਫਰਾਂਸ ਤੇ ਇੰਗਲੈਂਡ ਨੇ ਵੱਖ ਹੋਈਆਂ ਰਿਆਸਤਾਂ ਦੀ ਮਦਦ ਸ਼ੁਰੂ ਕਰ ਦਿੱਤੀ ਪਰ ਰੂਸ ਦੇ ਜ਼ਾਰ ਨੇ ਆਪਣਾ ਸਮੁੰਦਰੀ ਬੇੜਾ ਭੇਜ ਕੇ ਉਨ੍ਹਾਂ ਨੂੰ ਉਲਝਾਅ ਲਿਆ। ਲਿੰਕਨ ਵਲੋਂ ਸ਼ੁਰੂ ਕੀਤੀ ਜੰਗ ਤਾਂ ਜਿੱਤੀ ਗਈ ਪਰ ਗਰੀਨ ਬੈਕ ਡਾਲਰ ਲਿੰਕਨ ਤੋਂ ਬਾਅਦ ਬੰਦ ਕਰ ਦਿੱਤੇ ਗਏ।

ਇਬਰਾਹੀਮ ਲਿੰਕਨ ਨੇ ਕਿਹਾ ਸੀ, ਮੇਰੇ ਦੋ ਵੱਡੇ ਦੁਸ਼ਮਣ ਹਨ। ਇਕ ਦੱਖਣੀ ਫ਼ੌਜ ਜੋ ਮੇਰੇ ਸਾਹਮਣੇ ਹੈ, ਦੂਜੇ ਬੈਂਕਾਂ ਦੇ ਮਾਲਕ ਜੋ ਮੇਰੇ ਪਛਵਾੜੇ ਹਨ। ਇਨ੍ਹਾਂ ਦੋਵਾਂ ਵਿਚੋਂ ਮੇਰੇ ਪਿਛਲੇ ਪਾਸੇ ਵਾਲੇ ਜ਼ਿਆਦਾ ਖ਼ਤਰਨਾਕ ਹਨ।

ਲਿੰਕਨ ਦੀ ਮੌਤ ਮਗਰੋਂ 1878 ਵਿਚ ਰਾਸ਼ਟਰਪਤੀ ਐਂਡਰਿਊ ਜਾਨਸਨ ਦੇ ਕਾਲ ਦੌਰਾਨ ਰੌਥਸਚਾਈਲਡ ਬੈਂਕ ਨੇ ਕਰੰਸੀ ਛਾਪਣ ਦੇ ਅਧਿਕਾਰ ਮੁੜ ਪ੍ਰਾਪਤ ਕਰ ਲਏ ਜਿਸ ਦੀ ਉਸ ਤੋਂ ਬਾਅਦ ਬਣੇ ਰਾਸ਼ਟਰਪਤੀ ਜੇਮਜ਼ ਗਾਰਫੀਲਡ ਤੇ ਰਾਸ਼ਟਰਪਤੀ ਵਿਲੀਅਮ ਮੈਕਿਨਲੇ ਨੇ ਵਿਰੋਧਤਾ ਕੀਤੀ। ਦੋਵੇਂ ਗੋਲੀਆਂ ਦਾ ਸ਼ਿਕਾਰ ਹੋਏ। ਪਰ ਕੁਝ ਇਤਿਹਾਸਕਾਰ ਉਨ੍ਹਾਂ ਦੋਵਾਂ ਦੀ ਮੌਤ ਨੂੰ ਮਾਰਨ ਵਾਲੇ ਦੇ ਜਾਤੀ ਹਿੱਤਾਂ ਨਾਲ ਜੋੜਦੇ ਹਨ ਤੇ ਕੁਝ ਉਨ੍ਹਾਂ ਦੀ ਬੈਂਕਾਂ ਪ੍ਰਤੀ ਵਿਰੋਧਤਾ ਨਾਲ।

ਇਸ ਸਾਰੇ ਇਤਿਹਾਸ ਵਿਚ ਜਿਹੜਾ ਮੋੜਵਾਂ ਚੱਕਰ ਆਇਆ, ਉਹ ਵੁਡਰੋ ਵਿਲਸਨ ਦੇ ਪ੍ਰਧਾਨ ਬਣਨ ਮਗਰੋਂ 1913 ਵਿਚ ਵਾਪਰਿਆ। ਯੂਰਪ ਦੇ ਪ੍ਰਾਈਵੇਟ ਬੈਂਕਾਂ ਦੇ ਮਾਲਕ ਖਾਸ ਕਰ ਇੰਗਲੈਂਡ ਦੇ ਰੌਥਸਚਾਈਲਡ ਤੇ ਜਰਮਨੀ ਦੇ ਵਾਰਬਰਗਜ਼ ਆਪਣੇ ਅਮਰੀਕਾ ਵਿਚਲੇ ਸਾਥੀਆਂ ਨਾਲ ਜੋਰਜੀਆ ਦੇ ਇਕ ਟਾਪੂ 'ਤੇ ਗੁਪਤ ਤੌਰ 'ਤੇ ਇਕੱਠੇ ਹੋਏ ਤੇ ਅਮਰੀਕਾ ਵਿਚ ਤੀਜਾ ਯੂ.ਐਸ. ਬੈਂਕ ਖੋਲ੍ਹਣ ਦੀ ਸਕੀਮ ਬਣਾਈ ਜਿਸ ਦਾ ਨਾਂਅ ਉਸ ਨੂੰ ਸਰਕਾਰੀ ਰੰਗਤ ਦੇਣ ਵਾਸਤੇ 'ਯੂ.ਐਸ. ਫੈਂਡਰਲ ਰਿਜ਼ਰਵ' ਰੱਖਿਆ ਤੇ ਵੁਡਰੋ ਵਿਲਸਨ ਨੂੰ ਇਸ ਦੀ ਮਨਜ਼ੂਰੀ ਲਈ ਮਜਬੂਰ ਕੀਤਾ। ਇਸ ਪ੍ਰਾਈਵੇਟ ਬੈਂਕ ਨੇ ਵੀ ਬੈਂਕ ਆਫ ਇੰਗਲੈਂਡ ਤੇ ਯੂ.ਐਸ. ਬੈਂਕ, ਪਹਿਲੇ ਯੂ.ਐਸ. ਬੈਂਕ ਤੇ ਦੂਜੇ ਵਾਂਗ ਡਾਲਰ ਛਾਪ ਕੇ ਲੋਕਾਂ ਤੇ ਸਰਕਾਰ ਨੂੰ ਵਿਆਜ 'ਤੇ ਦੇਣੇ ਸਨ।

ਵੁਡਰੋ ਵਿਲਸਨ ਮੰਨ ਗਿਆ। ਫੈਂਡਰਲ ਰਿਜ਼ਰਵ ਬੈਂਕ 1913 ਵਿਚ ਹੋਂਦ ਵਿਚ ਆ ਗਿਆ। ਕਰੰਸੀ ਨੋਟ ਛਾਪਣ ਦਾ ਕੰਮ ਹੁਣ ਇਸੇ ਬੈਂਕ ਨੂੰ ਮਿਲ ਗਿਆ ਪਰ ਜੰਗ ਦੌਰਾਨ ਵਿਲਸਨ ਨੂੰ ਇਸ ਬੈਂਕ ਦਾ ਕੌੜਾ ਤਜਰਬਾ ਹੋਇਆ। ਜੰਗ ਖ਼ਤਮ ਹੋਣ 'ਤੇ 1919 ਵਿਚ ਵੁਡਰੋ ਵਿਲਸਨ ਨੂੰ ਇਹ ਕਹਿਣਾ ਪਿਆ:

'ਮੈਂ ਬਹੁਤ ਨਾ ਖ਼ੁਸ਼ ਇਨਸਾਨ ਹਾਂ। ਮੈਂ ਨਾ ਚਾਹੁੰਦਿਆਂ ਹੋਇਆਂ ਆਪਣੇ ਦੇਸ਼ ਨੂੰ ਤਬਾਹ ਕੀਤਾ ਹੈ। ਇਕ ਮਹਾਨ ਵੱਡੀ ਸਨਅਤੀ ਕੌਮ ਨੂੰ ਇਕ ਉਧਾਰ ਲੈਣ ਦਾ ਤੰਤਰ (ਫੈਡਰਲ ਬੈਂਕਾਂ ਤੋਂ ਕਰੰਸੀ) ਕੰਟਰੋਲ ਕਰ ਰਿਹਾ ਹੈ। ਅਸੀਂ ਆਪਣੀ ਆਜ਼ਾਦ ਮਰਜ਼ੀ ਵਾਲੀ ਸਰਕਾਰ ਨਹੀਂ ਹਾਂ। ਨਾ ਹੀ ਆਪਣੇ ਵਿਚਾਰਾਂ ਤੇ ਬਹੁਗਿਣਤੀ ਵੋਟਾਂ ਦੇ ਸਹਾਰੇ ਸਰਕਾਰ ਚਲਾ ਰਹੇ ਹਾਂ। ਅਸੀਂ ਇਸ ਛੋਟੇ ਜਿਹੇ ਗਰੁੱਪ ਦੇ ਬੰਦਿਆਂ ਦੀ ਰਾਏ ਤੇ ਦਬਾਅ ਥੱਲੇ ਕੰਮ ਕਰਦੇ ਹਾਂ।'

ਜਰਮਨੀ ਵਿਚ ਵੀ ਇਸੇ ਤਰ੍ਹਾਂ ਦਾ ਪ੍ਰਾਈਵੇਟ ਬੈਂਕ ਨੋਟ ਛਾਪ ਰਿਹਾ ਸੀ ਤੇ ਸਰਕਾਰ ਇਸ ਦੀ ਕਰਜ਼ਾਈ ਸੀ। ਨੋਟਾਂ ਦਾ ਵਿਆਜ ਸਰਕਾਰ 'ਤੇ ਵੱਡਾ ਭਾਰ ਸੀ। ਜਰਮਨੀ ਵਿਚ ਜਦੋਂ ਨੈਸ਼ਨਲ ਸੋਸ਼ਲਿਸਟ ਪਾਵਰ ਵਿਚ ਆਏ, ਉਨ੍ਹਾਂ ਨੇ ਇਹ ਬੈਂਕ ਨੈਸ਼ਨੇਲਾਈਜ਼ ਕਰ ਲਿਆ ਤੇ ਨੋਟ ਆਪ ਛਾਪਣੇ ਸ਼ੁਰੂ ਕਰ ਦਿੱਤੇ ਜਿਸ ਨਾਲ ਜਰਮਨੀ ਨਾ ਸਿਰਫ ਕਰਜ਼ਾ ਮੁਕਤ ਹੋ ਗਿਆ ਬਲਕਿ ਯੂਰਪ ਦੀ ਇਕ ਵੱਡੀ ਆਰਥਿਕ ਤੇ ਸਨਅਤੀ ਤਾਕਤ ਬਣ ਗਿਆ। ਜਰਮਨੀ ਦੇ ਸਿੱਕੇ ਦੇ ਮੁਕਾਬਲੇ ਇੰਗਲੈਂਡ ਦੇ ਪੌਂਡ ਦੀ ਕੀਮਤ ਡਿੱਗਣ ਲੱਗ ਪਈ। ਚਰਚਿਲ ਨੇ ਜਰਮਨੀ ਨੂੰ ਤਬਾਹ ਕਰਨ ਵਾਸਤੇ ਜੰਗ ਦਾ ਮਾਹੌਲ ਬਣਾਉਣਾ ਸ਼ੁਰੂ ਕਰ ਦਿੱਤਾ ਤੇ ਇਹ ਕਿਹਾ ਕਰਦਾ ਸੀ ਕਿ ਮੈਂ ਜਰਮਨੀ ਨੂੰ ਜੰਗ ਲਾਉਣ ਲਈ ਮਜਬੂਰ ਕਰ ਦਿਆਂਗਾ। ਦੂਜੀ ਸੰਸਾਰ ਜੰਗ ਨੇ ਇੰਗਲੈਂਡ ਨੂੰ ਆਰਥਿਕ ਤੌਰ 'ਤੇ ਤਬਾਹ ਕਰ ਦਿੱਤਾ। ਜੰਗ ਦੇ ਦੌਰਾਨ ਵੀ ਚਰਚਲ ਨੂੰ ਪੈਸਿਆਂ ਵਾਸਤੇ ਬੈਂਕ ਆਫ ਇੰਗਲੈਂਡ ਦੇ ਤਰਲੇ ਕੱਢਣੇ ਪੈਂਦੇ ਸਨ। ਅਖੀਰ ਜੰਗ ਖ਼ਤਮ ਹੋਣ ਤੋਂ ਪਿੱਛੋਂ ਤੇ ਚਰਚਿਲ ਤੋਂ ਬਾਅਦ ਬਣੇ ਪ੍ਰਧਾਨ ਮੰਤਰੀ ਐਟਲੀ ਨੇ ਬੈਂਕ ਆਫ ਇੰਗਲੈਂਡ ਨੂੰ 1946 ਵਿਚ ਨੈਸ਼ਨਲਾਈਜ਼ ਕਰ ਲਿਆ।

ਹੁਣ ਸ਼ਾਮਤ ਆਈ ਰਾਸ਼ਟਰਪਤੀ ਜਾਨ ਐਫ. ਕੈਨੇਡੀ ਦੀ। ਕੈਨੇਡੀ ਜਾਣਦਾ ਸੀ ਕਿ ਐਂਡਰਿਊ ਜੈਕਸਨ ਨੂੰ ਪਹਿਲੇ ਬੈਂਕ ਦੀ ਵਿਰੋਧਤਾ ਲਈ ਕਿਵੇਂ, ਕਿੰਨੀ, ਜੋਖ਼ਮ ਭਰੀ ਮਿਹਨਤ ਕਰਨੀ ਪਈ ਸੀ। ਉਸ ਨੂੰ ਉਸ ਤੋਂ ਪਹਿਲਾਂ ਹੋਏ ਰਾਸ਼ਟਰਪਤੀਆਂ 'ਤੇ ਕਿਵੇਂ ਹਮਲੇ ਹੋਏ, ਦਾ ਪਤਾ ਸੀ। ਫਿਰ ਵੀ ਅਮਰੀਕਾ ਦੀ ਆਰਥਿਕਤਾ ਨੂੰ ਜਰਮਨੀ ਤੇ ਇੰਗਲੈਂਡ ਦੇ ਬੈਂਕਾਂ ਨੂੰ ਨੈਸ਼ਨੇਲਾਈਜ਼ ਕਰਕੇ ਕਿੰਨੀ ਲਾਭਦਾਇਕ ਸਥਿਰਤਾ ਮਿਲੀ ਸੀ, ਦੇ ਮੱਦੇਨਜ਼ਰ ਕੈਨੇਡੀ ਨੇ ਫੈਂਡਰਲ ਰੀਜ਼ਰਵ ਨੂੰ ਨੈਸ਼ਨੇਲਾਈਜ਼ ਕਰਨ ਦੀ ਬਜਾਏ, ਆਪਣੇ ਰਾਸ਼ਟਰਪਤੀ ਵਜੋਂ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਨੰ: 11110 ਜਾਰੀ ਕਰਕੇ ਅਮਰੀਕੀ ਖਜ਼ਾਨਾ ਸ਼ਾਸਕਾਂ ਨੂੰ ਸਰਕਾਰੀ ਕਰੰਸੀ ਛਾਪਣ ਦੇ ਹੁਕਮ ਦੇ ਦਿੱਤੇ। ਜਿਨ੍ਹਾਂ ਨੂੰ ਯੂਨਾਈਟਡ ਸਟੇਟਸ ਨੋਟਸ ਦਾ ਨਾਂਅ ਦਿੱਤਾ ਗਿਆ। ਦੱਸਿਆ ਜਾਂਦਾ ਹੈ ਕਿ ਕੋਈ

ਅੱਧਾ ਅਰਬ ਸਰਕਾਰੀ ਡਾਲਰ ਛੱਪ ਕੇ ਮਾਰਕੀਟ 'ਚ ਆ ਗਏ। ਸਰਕਾਰ ਦੀ ਫੈਡਰਲ ਬੈਂਕ 'ਤੇ ਨਿਰਭਰਤਾ ਖ਼ਤਮ ਹੁੰਦੀ ਦਿੱਸੀ। ਨਵੀਂ ਕਰੰਸੀ ਨੂੰ ਸਰਕਾਰ ਪਾਸ ਪਈ ਚਾਂਦੀ ਦੀ ਸਹਾਇਤਾ ਦਿੱਤੀ ਗਈ ਸੀ।

ਨਵੀਂ ਸਰਕਾਰੀ ਕਰੰਸੀ ਦੀ ਮਕਬੂਲੀਅਤ ਵਧਦੀ ਦੇਖ ਜਾਨ ਐਫ ਕੈਨੇਡੀ ਦਾ ਕਤਲ ਕਰਵਾ ਦਿੱਤਾ ਗਿਆ ਤੇ ਕਤਲ ਹੋਣ ਦੇ ਅਗਲੇ ਦਿਨ ਹੀ ਮੀਤ ਪ੍ਰਧਾਨ ਜੌਨਸਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲਦਿਆਂ ਸਰਕਾਰੀ ਨੋਟ ਬੰਦ ਕਰ ਦਿੱਤੇ ਤੇ ਜਿਹੜੇ ਨੋਟ ਮਾਰਕੀਟ ਵਿਚ ਸਨ, ਉਹ ਬਦਲ ਦਿੱਤੇ ਗਏ। ਸਿਟੇ ਵਜੋਂ ਇਨ੍ਹਾਂ ਬੈਂਕ ਮਾਲਕਾਂ ਦੀ ਤਾਕਤ ਏਨੀ ਵੱਧ ਗਈ ਕਿ ਉਹ ਸਰਕਾਰਾਂ ਡੇਗਣ ਤੇ ਬਣਾਉਣ ਦੇ ਕਾਬਲ ਹੋ ਗਏ।

ਭਾਰਤ ਵਿਚ ਵੀ 1898 ਵਿਚ, ਬੈਂਕ ਆਫ ਇੰਗਲੈਂਡ ਦੇ ਇਕ ਡਾਇਰੈਕਟਰ, ਸਰ ਐਡਵਰਡ ਹੰਬਰੋ, ਜੋ ਇੰਡੀਆ ਕਰੰਸੀ ਕਮੇਟੀ ਦੇ ਵੀ ਮੈਂਬਰ ਸਨ, ਨੇ ਭਾਰਤ ਵਿਚ, ਬੈਂਕ ਆਫ ਇੰਗਲੈਂਡ ਦੀ ਤਰਜ਼ 'ਤੇ ਇਕ ਸੈਂਟਰਲ ਬੈਂਕ, ਜਿਸ ਨੂੰ ਨੋਟ ਛਾਪਣ ਦਾ ਅਧਿਕਾਰ ਹੋਵੇ, ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਤਜਵੀਜ਼ ਨੂੰ ਸਰਕਾਰੀ ਪੱਧਰ 'ਤੇ ਵਿਚਾਰਿਆ ਗਿਆ ਤੇ ਭਾਰਤ ਵਿਚਲੇ ਤਿੰਨ ਵੱਡੇ ਬੈਂਕਾਂ ਦਾ ਏਕੀਕਰਨ ਕਰਨ ਬਾਰੇ ਸੋਚਿਆ ਗਿਆ ਪਰ ਬੰਬਈ ਦੇ ਚੈਂਬਰ ਆਫ ਕਾਮਰਸ ਨੇ ਇਸ ਦੀ ਵਿਰੋਧਤਾ ਕੀਤੀ ਤੇ ਲੈਫਟੀਨੈਂਟ ਗਵਰਨਰ ਨੇ ਬੈਂਕ ਆਫ ਇੰਗਲੈਂਡ ਵਰਗੇ ਬੈਂਕ ਦੀ ਥਾਂ ਸੈਂਟਰਲ ਬੈਂਕ ਬਣਾਉਣ ਦਾ ਫ਼ੈਸਲਾ ਲੈ ਲਿਆ ਤੇ ਕੰਟਰੋਲ ਸਰਕਾਰ ਦੇ ਹੱਥ ਵਿਚ ਰੱਖਿਆ, ਜੋ ਬਾਅਦ ਵਿਚ ਇਹ ਰਿਜ਼ਰਵ ਬੈਂਕ ਆਫ ਇੰਡੀਆ ਬਣਿਆ ਜਿਸ 'ਤੇ ਭਾਰਤ ਸਰਕਾਰ ਦਾ ਪੂਰਾ ਅਧਿਕਾਰ ਹੈ ਕਿਸੇ ਪ੍ਰਾਈਵੇਟ ਬੈਂਕ ਜਾਂ ਰੌਥਸਚਾਈਲਡ ਦਾ ਨਹੀਂ। ਭਾਰਤ ਵਿਚ 8463 ਬੈਂਕਾਂ ਨੇ ਰੌਥਸਚਾਈਲਡ ਦੇ ਅਦਾਰੇ ਵਿਚੋਂ ਲਏ ਗਏ ਇਕ ਡਾਇਰੈਕਟਰ ਨੂੰ, ਜੋ ਕਈ ਦੇਸ਼ਾਂ ਦੀਆਂ ਸਰਕਾਰਾਂ ਨੂੰ ਦਿੱਤੇ ਗਏ ਕਰਜ਼ਿਆਂ, ਜਿਹੜੇ ਸਰਕਾਰਾਂ ਵੀ ਮੋੜ ਨਹੀਂ ਸਕੀਆਂ ਸਨ, ਨੂੰ ਦੁਬਾਰਾ ਸੰਚਾਲਣ ਕਰਨ ਦਾ ਕੰਮ ਸੰਭਾਲਦੇ ਰਹੇ ਹਨ, ਨੂੰ ਭਾਰਤ ਵਿਚ ਸਨਅਤੀ ਘਰਾਣਿਆਂ ਨੂੰ ਦਿੱਤੇ ਗਏ ਜਾਂ ਦੇਣ ਵਾਲੇ ਕਰਜ਼ਿਆਂ ਦਾ ਕੰਮ ਸੌਂਪਿਆ ਗਿਆ ਹੈ। 1968 ਵਿਚ ਭਾਰਤ ਵਿਚਲੇ 14 ਪ੍ਰਾਈਵੇਟ ਬੈਂਕਾਂ ਦਾ ਰਾਸ਼ਟਰੀਕਰਨ ਕੀਤਾ ਗਿਆ ਸੀ। ਉਸ ਤੋਂ ਪਿਛੋਂ 1991 ਵਿਚ ਲਿਬਰੇਲਾਈਜ਼ੇਸ਼ਨ ਦੇ ਨਵੇਂ ਚੱਲੇ ਦੌਰ ਵਿਚ ਕਈ ਪ੍ਰਾਈਵੇਟ ਬੈਂਕ ਖੁੱਲ੍ਹ ਗਏ ਹਨ ਜਿਵੇਂ ਐਕਸਿਸ ਬੈਂਕ (1993), ਐਚ.ਡੀ.ਐਫ.ਸੀ. ਬੈਂਕ (1994), ਆਈ.ਸੀ.ਆਈ.ਸੀ.ਆਈ. ਬੈਂਕ (1990), ਇੰਦੂਸਿੰਦ ਬੈਂਕ (1994), ਯੈਸ ਬੈਂਕ (2004), ਕੋਟਕ ਮਹਿੰਦਰਾ ਬੈਂਕ (2001), ਆਈ.ਡੀ.ਐਫ.ਸੀ. ਬੈਂਕ (2015), ਬਧਨ ਬੈਂਕ (2015) ਤੇ ਤੇਰਾਂ ਪ੍ਰਾਈਵੇਟ ਬੈਂਕ ਜਿਨ੍ਹਾਂ ਦਾ ਕੌਮੀਕਰਨ ਨਹੀਂ ਸੀ ਕੀਤਾ ਗਿਆ ਉਹ ਵੀ ਚਲ ਰਹੇ ਹਨ।

**ਬੈਂਕ ਅਰਥ ਚਾਰੇ ਨੂੰ ਕਿਵੇਂ ਕੰਟਰੋਲ ਕਰ ਰਹੇ ਹਨ:**

1944 ਵਿਚ ਜਦੋਂ ਅਮਰੀਕਾ, ਇੰਗਲੈਂਡ, ਫਰਾਂਸ ਤੇ ਰੂਸ ਦੇ ਸਾਂਝੇ ਗੁੱਟ ਨੂੰ ਆਪਣੇ ਵਿਰੋਧੀ ਜਪਾਨ, ਇਟਲੀ ਤੇ ਜਰਮਨੀ ਦੇ ਗੁੱਟ ਨੂੰ ਦੂਜੀ ਸੰਸਾਰ ਜੰਗ ਵਿਚ ਜਿੱਤ ਲੈਣ ਦਾ ਵਿਸ਼ਵਾਸ ਹੋ ਗਿਆ ਤਾਂ 44 ਦੇਸ਼ਾਂ ਦੇ ਨੁਮਾਇੰਦੇ ਅਮਰੀਕਾ ਦੇ ਨਿਊਹੈਂਪਸ਼ਾਇਰ ਸ਼ਹਿਰ ਵਿਚ ਮਿਲ ਬੈਠੇ ਤੇ ਜੰਗ ਦੇ ਖ਼ਤਮ ਹੋਣ ਤੋਂ ਪਿਛੋਂ ਦੇ ਸੰਸਾਰ ਦੇ ਆਰਥਿਕ ਪ੍ਰਬੰਧ ਦਾ ਤਾਣਾ-ਬਾਣਾ ਬੁਣਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿਚ ਰੂਸ ਮੁਢਲੀ ਸ਼ਮੂਲੀਅਤ ਤੋਂ ਬਾਅਦ ਕਿਨਾਰਾ ਕਰ ਗਿਆ ਸੀ।

**ਆਈ.ਐਮ.ਐਫ. ਦਾ ਬਣਨਾ**

1944 ਵਿਚ ਨਿਊਹੈਂਪਸ਼ਾਇਰ ਵਿਖੇ ਹੋਏ 44 ਦੇਸ਼ਾਂ ਦੇ ਇਕੱਠ ਨੇ ਇਕ ਦਸਤਾਵੇਜ਼ 'ਤੇ ਦਸਤਖ਼ਤ ਕੀਤੇ ਜਿਸ ਨੂੰ 'ਬਰੈਟਨਵੁਡਜ਼ ਐਗਰੀਮੈਂਟ' ਕਿਹਾ ਗਿਆ। ਇਸ ਬਰੈਟਨਵੁਡਜ਼ ਐਗਰੀਮੈਂਟ ਰਾਹੀਂ ਦੋ ਨਵੇਂ ਅਦਾਰੇ ਹੋਂਦ ਵਿਚ ਲਿਆਂਦੇ ਗਏ। ਪਹਿਲੇ ਨੰਬਰ 'ਤੇ ਆਈ.ਐਮ.ਐਫ. (ਇੰਟਰਨੈਸ਼ਨਲ ਮੋਨਿਟਰੀ ਫੰਡ)। 22 ਜੁਲਾਈ, 1944 ਨੂੰ ਬਣੇ ਇਸ ਅਦਾਰੇ ਨੂੰ ਪੱਕੇ ਤੌਰ 'ਤੇ ਇਕ ਮੰਚ ਬਣਾ ਕੇ, ਸੰਸਾਰ ਦੇ ਸਰਮਾਏ ਸਬੰਧੀ ਅੰਤਰਰਾਸ਼ਟਰੀ ਮਸਲਿਆਂ ਨੂੰ ਹੱਲ ਕਰਨ ਲਈ ਮਾਧਿਅਮ ਬਣਾ ਦਿੱਤਾ ਗਿਆ। ਅੰਤਰਰਾਸ਼ਟਰੀ ਵਪਾਰ ਨੂੰ ਸਹੂਲਤ ਪ੍ਰਦਾਨ ਕਰਨੀ ਅਤੇ ਮੈਂਬਰ ਦੇਸ਼ਾਂ ਦੇ ਦਰਮਿਆਨ ਲੈਣ-ਦੇਣ ਨੂੰ ਸਥਿਰਤਾ ਦੇਣੀ ਇਸ ਦੇ ਮੰਤਵਾਂ ਵਿਚ ਸਨ। ਜਿਹੜਾ ਛੁਪਿਆ ਹੋਇਆ ਮੁੱਦਾ ਇਸ ਸੰਸਥਾ ਰਾਹੀਂ ਪੂਰਾ ਕਰਨਾ ਸੀ ਉਹ ਇਸ ਦੇ ਕੰਮਾਂ ਵਿਚ ਮੁੱਖ ਕੰਮ ਸੰਸਾਰ ਵਿਚ ਲੈਣ ਦੇਣ ਤੇ ਪੇਮੈਂਟਸ ਭਾਵ ਅਦਾਇਗੀਆਂ ਦੀ ਵਿਵਸਥਾ ਤਿਆਰ ਕਰਨਾ ਸੀ ਜਿਸ ਨਾਲ ਫਾਰਨ ਐਕਸਚੇਂਜ ਦੀਆਂ ਬੰਦਸ਼ਾਂ ਆਸਾਨ ਹੋ ਜਾਣ। ਇਸ ਰਾਹੀਂ ਅਮਰੀਕਾ ਦੇ ਡਾਲਰ ਨੂੰ ਸੰਸਾਰ ਭਰ ਦੇ ਵਪਾਰ ਤੇ ਲੈਣ-ਦੇਣ ਦਾ ਮਾਧਿਅਮ ਬਣਾਉਣਾ ਸੀ। ਮੈਂਬਰ ਦੇਸ਼ਾਂ ਦੇ ਕੋਟੇ ਮਿਥੇ ਗਏ ਤੇ ਹਰ ਮੈਂਬਰ ਦੇਸ਼ ਨੇ ਆਪਣੇ ਮਿਥੇ ਗਏ ਕੋਟੇ ਅਨੁਸਾਰ, ਮੈਂਬਰਸ਼ਿਪ ਫੀਸ ਦੇਣੀ ਸੀ, ਜਿਹੜੀ ਕੋਟੇ ਦਾ 25 ਫ਼ੀਸਦੀ ਤਾਂ ਸੋਨੇ ਜਾਂ ਅਮਰੀਕੀ ਡਾਲਰਾਂ ਦੀ ਸ਼ਕਲ ਵਿਚ ਅਦਾ ਕਰਨੀ ਸੀ, ਤੇ ਬਾਕੀ ਰਕਮ ਆਪਣੀ ਕਰੰਸੀ ਵਿਚ, ਜਿਸ ਦੀ ਕੀਮਤ ਅਮਰੀਕੀ ਡਾਲਰਾਂ ਮੁਤਾਬਿਕ ਮਿਥੀ ਗਈ ਸੀ, ਅਦਾ ਕੀਤੀ ਜਾਣੀ। ਅਤੇ ਆਪਣੇ ਕੋਟੇ ਮੁਤਾਬਿਕ ਸਬੰਧਿਤ ਵਿਦੇਸ਼ੀ ਕਰੰਸੀ ਇਸ ਫੰਡ ਵਿਚੋਂ ਖ਼ਰੀਦ ਸਕਦਾ ਸੀ। ਕੋਟੇ ਦਾ 1 ਯੂਨਿਟ 1 ਲੱਖ ਅਮਰੀਕੀ ਡਾਲਰ ਦਾ ਸੀ। ਕੋਟੇ ਮੁਤਾਬਿਕ ਹੀ ਮੈਨੇਜਮੈਂਟ ਦੀ ਚੋਣ ਵੇਲੇ ਵੋਟਾਂ ਦਾ ਅਧਿਕਾਰ ਦਿੱਤਾ ਗਿਆ। ਜਿਵੇਂ ਕੁਝ ਦੇਸ਼ਾਂ ਦਾ ਕੋਟਾ, ਆਸਟ੍ਰੇਲੀਆ 200, ਕੈਨੇਡਾ 300, ਚੀਨ 550, ਫਰਾਂਸ 450, ਇੰਡੀਆ 400, ਮੈਕਸੀਕੋ 90, ਸਾਊਥ ਅਫਰੀਕਾ 100, ਇੰਗਲੈਂਡ 1300, ਅਮਰੀਕਾ 2750, ਰੂਸ ਵਾਸਤੇ 1200 ਰੱਖਿਆ ਗਿਆ। ਰੂਸ ਨੇ ਬਾਅਦ ਵਿਚ ਇਹ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਬਰੈਟਨਵੁਡਸ ਸਮਝੌਤੇ ਨੂੰ ਸਰਕਾਰੀ ਪ੍ਰਵਾਨਗੀ ਦੇਣ ਤੋਂ ਮਨ੍ਹਾ, ਇਹ ਕਹਿ ਕੇ ਕਰ ਦਿੱਤਾ ਕਿ ਇਹ ਤਾਂ ਵਾਲ ਸਟ੍ਰੀਟ (ਨਿਊਯਾਰਕ ਵਿਚਲੇ ਆਰਥਿਕ ਅਦਾਰਿਆਂ ਦੀ ਭੂਮਿਕਾ ਨਿਭਾਏਗਾ)। ਹਰ ਦੇਸ਼ ਦੀ ਕਰੰਸੀ ਦੀ ਪਾਰ ਵੈਲਿਊ ਭਾਵ ਵਟਾਂਦਰਾ ਮੁੱਲ ਸੋਨੇ 'ਤੇ ਆਧਾਰਿਤ ਮੰਨਿਆ ਗਿਆ ਜਾਂ ਅਮਰੀਕੀ ਡਾਲਰ ਜਿਸ ਦੀ ਜੋ ਸੋਨਾ ਖਰੀਦ ਸ਼ਕਤੀ 1 ਜੁਲਾਈ, 1944 ਨੂੰ ਸੀ, ਦੇ ਬਰਾਬਰ ਗਿਣਿਆ ਜਾਣਾ ਸੀ।

ਸੋਨੇ ਦੀ ਵੀ ਪਾਰ ਵੈਲਿਊ ਮਿਥੀ ਜਾਣੀ ਸੀ ਤੇ ਕੋਈ ਵੀ ਮੈਂਬਰ ਦੇਸ਼ ਇਸ ਪਾਰ ਵੈਲਿਊ ਤੋਂ ਵੱਧ ਜਾਂ ਘੱਟ ਕੀਮਤ 'ਤੇ ਸੋਨਾ ਨਾ ਹੀ ਖਰੀਦੇਗਾ ਨਾ ਹੀ ਵੇਚੇਗਾ। ਇਸ ਵਿਚ ਇਕ ਮਿਥੀ ਗਈ ਗੁੰਜਾਇਸ਼ ਦਾ ਵਾਧਾ ਘਾਟਾ ਹੋ ਸਕਦਾ ਸੀ। ਜੇ ਕਿਸੇ ਦੇਸ਼ ਨੂੰ ਆਈ.ਐਮ.ਐਫ. ਫੰਡ ਨੂੰ ਮੈਂਬਰਸ਼ਿਪ ਦੀ ਫੀਸ ਵਜੋਂ ਦਿੱਤੀ ਕਰੰਸੀ ਦੀ ਲੋੜ ਪੈ ਜਾਵੇ ਤਾਂ ਉਹ ਉਸ ਦੇ ਬਦਲੇ ਸੋਨਾ ਦੇ ਕੇ ਆਪਣੀ ਕਰੰਸੀ ਵਾਪਸ ਲੈ ਸਕਦਾ ਹੈ। ਫੰਡ ਨੂੰ ਚਲਾਉਣ ਵਾਸਤੇ ਬੋਰਡ ਆਫ ਗਵਰਨਰਜ਼ ਕੋਟੇ ਦੇ ਮੁਤਾਬਿਕ ਵੋਟਾਂ ਦੇ ਆਧਾਰ 'ਤੇ ਪੰਜ ਸਾਲ ਲਈ ਚੁਣਿਆ ਜਾਂਦਾ ਹੈ। ਹਰ ਦੇਸ਼ ਨੂੰ ਆਈ.ਐਮ.ਐਫ. ਨੂੰ ਦੱਸਦੇ ਰਹਿਣਾ ਪੈਂਦਾ ਹੈ ਕਿ (1) ਉਸ ਦੇ ਕੋਲ ਕਿੰਨਾ ਸੋਨਾ ਹੈ। (2) ਕਿੰਨੇ ਅਮਰੀਕੀ ਡਾਲਰ ਹਨ (3) ਕਿੰਨੇ ਸੋਨੇ ਦਾ ਦੇਸ਼ ਵਿਚ ਉਤਪਾਦਨ ਹੋ ਰਿਹਾ ਹੈ। (4) ਕਿੰਨਾ ਸੋਨਾ ਦਰਾਮਦ ਜਾਂ ਬਰਾਮਦ ਕੀਤਾ ਜਾ ਰਿਹਾ ਹੈ ਜਾਂ ਕੀਤਾ ਜਾਣਾ ਹੈ। (5) ਕਿੰਨੀ ਹੋਰ ਵਸਤਾਂ ਦੀ ਆਮਦ-ਦਰ ਆਮਦ ਹੋ ਰਹੀ ਹੈ। (6) ਤੇ ਕਿੰਨੀਆਂ ਅੰਤਰਰਾਸ਼ਟਰੀ ਅਦਾਇਗੀਆਂ ਬਕਾਇਆ ਹਨ ਆਦਿਕ। ਹਰ ਕਿਸਮ ਦੀ ਅੰਦਰੂਨੀ ਜਾਣਕਾਰੀ ਫੰਡ ਪਾਸ ਜਾਣੀ ਚਾਹੀਦੀ ਹੈ। ਆਈ.ਐਮ.ਐਫ. ਨੇ ਹੀ ਅੰਤਰਰਾਸ਼ਟਰੀ ਵਪਾਰ ਦੇ ਨਿਯਮ ਤੇ ਸਹੂਲਤਾਂ ਤੈਅ ਕਰਨੀਆਂ ਹਨ ਜਿਨ੍ਹਾਂ ਦੀ ਹਰ ਮੈਂਬਰ ਦੇਸ਼ ਨੇ ਪਾਲਣਾ ਕਰਨੀ ਹੈ। ਇਸ 'ਤੇ ਮੁੱਖ ਅਧਿਕਾਰ ਕੋਟੇ ਮੁਤਾਬਿਕ ਵੋਟਾਂ ਕਾਰਨ ਅਮਰੀਕਾ ਦਾ ਹੀ ਰਿਹਾ ਹੈ।

**ਵਰਲਡ ਬੈਂਕ ਦਾ ਬਣਨਾ**

1944 ਦੇ ਬਰੈਟਲਵੁਡਜ਼ ਐਗਰੀਮੈਂਟ ਨੇ ਅਮਰੀਕਾ ਦੇ ਡਾਲਰ ਨੂੰ ਸੰਸਾਰ ਵਪਾਰ ਦਾ ਮਾਧਿਅਮ ਬਣਾ ਕੇ ਅਮਰੀਕਾ ਵਿਚਲੇ ਫੈਡਰਲ ਰਿਜ਼ਰਵ ਬੈਂਕ ਦੀ ਸੰਸਾਰ ਵਿਚ ਸਰਦਾਰੀ ਕਾਇਮ ਕਰ ਦਿੱਤੀ। ਉਸੇ ਦਿਨ ਭਾਵ 22 ਜੁਲਾਈ, 1944 ਨੂੰ ਇਕ ਹੋਰ ਅਹਿਦਨਾਮੇ ਤਹਿਤ ਆਈ.ਐਮ.ਐਫ. ਦੇ ਮੈਂਬਰਾਂ ਨੇ ਇਕ ਬੈਂਕ ਖੋਲ੍ਹਣ ਦਾ ਫ਼ੈਸਲਾ ਕੀਤਾ ਜਿਸ ਦਾ ਨਾਂਅ ਮੁੜ ਉਸਾਰੀ ਅਤੇ ਉੱਨਤੀ ਲਈ ਅੰਤਰਰਾਸ਼ਟਰੀ ਬੈਂਕ ਜਿਸ ਨੂੰ ਆਮ ਕਰਕੇ ਵਰਲਡ ਬੈਂਕ ਕਿਹਾ ਜਾਂਦਾ ਹੈ। ਇਸ ਬੈਂਕ ਦੇ ਮੁਢਲੇ ਮੈਂਬਰ ਉਹ ਹੀ ਹੋਣੇ ਸਨ ਜਿਹੜੇ ਆਈ.ਐਮ.ਐਫ. ਦੇ ਮੈਂਬਰ ਬਣੇ ਸਨ। ਇਸ ਦਾ ਮੁਢਲਾ ਸਟਾਕ ਦਸ ਅਰਬ ਡਾਲਰ ਸੀ, ਜਿਸ ਨੂੰ ਇਕ ਇਕ ਲੱਖ ਦੇ ਇਕ ਲੱਖ ਸ਼ੇਅਰਾਂ ਵਿਚ ਵੰਡਿਆ ਗਿਆ ਤੇ ਆਈ.ਐਮ.ਐਫ. ਦੇ ਮੈਂਬਰ ਦੇਸ਼ਾਂ ਨੂੰ ਆਪਣੇ ਦਿੱਤੇ ਹੋਏ ਕੋਟੇ ਅਨੁਸਾਰ ਸ਼ੇਅਰ ਖਰੀਦਣ ਦਾ ਅਧਿਕਾਰ ਦਿੱਤਾ ਗਿਆ। ਮੈਂਬਰਸ਼ਿਪ ਸ਼ੇਅਰਾਂ ਦੀ ਕੀਮਤ ਸੋਨੇ ਜਾਂ ਅਮਰੀਕੀ ਡਾਲਰਾਂ ਦੀ ਸ਼ਕਲ ਵਿਚ ਅਦਾ ਕਰਨੀ ਸੀ।

**ਸੰਸਾਰ ਦੇ ਅਰਥਚਾਰੇ 'ਤੇ ਬੈਂਕਾਂ ਦਾ ਕੰਟਰੋਲ**

1. ਹੁਣ ਸਵਾਲ ਉੱਠਦਾ ਹੈ ਕਿ ਇਨ੍ਹਾਂ ਸਾਰੀਆਂ ਘਟਨਾਵਾਂ ਦਾ ਸੰਸਾਰ ਭਰ ਦੇ ਅਰਥਚਾਰੇ 'ਤੇ ਕੀ ਤੇ ਕਿਵੇਂ ਅਸਰ ਪਿਆ ਤੇ ਪੈ ਰਿਹਾ ਹੈ। ਇਸ ਨੂੰ ਸਮਝਣ ਵਾਸਤੇ ਇਕ ਬਿਆਨ ਨੂੰ ਸਮਝਣਾ ਜ਼ਰੂਰੀ ਹੈ। ਜਿਹੜਾ ਲੰਡਨ ਵਿਚ ਕਾਰੋਬਾਰ ਕਰ ਰਹੇ ਰੌਥਸਚਾਈਲਡ ਭਰਾਵਾਂ ਨੇ ਆਪਣੇ ਨਿਊਯਾਰਕ ਵਿਚ ਕਾਰੋਬਾਰੀ ਹਿੱਸੇਦਾਰਾਂ ਨੂੰ ਲਿਖ ਕੇ ਭੇਜਿਆ। ਉਹ ਇਸ ਤਰ੍ਹਾਂ ਸੀ :

'ਜਿਹੜੇ ਲੋਕ ਇਸ ਵਿਵਸਥਾ ਨੂੰ ਸਮਝਦੇ ਹਨ, ਉਹ ਜਾਂ ਤਾਂ ਆਪਣੇ ਮੁਨਾਫੇ ਵਾਸਤੇ, ਜਾਂ ਆਪਣੇ ਲਈ ਰਿਆਇਤਾਂ ਵਾਸਤੇ ਚੁੱਪ ਰਹਿਣਗੇ ਤੇ ਉਨ੍ਹਾਂ ਵਲੋਂ ਕੋਈ ਮੁਖਾਲਫ਼ਤ ਨਹੀਂ ਹੋਵੇਗੀ।

ਜਦੋਂ ਕਿ ਦੂਜੇ ਪਾਸੇ, ਲੋਕਾਂ ਦੀ ਉਹ ਵੱਡੀ ਗਿਣਤੀ, ਜਿਹੜੀ ਦਿਮਾਗੀ ਤੌਰ 'ਤੇ ਇਹ ਸਮਝਣ ਦੇ ਕਾਬਲ ਨਹੀਂ ਕਿ ਸਰਮਾਇਆ ਇਸ ਵਿਵਸਥਾ ਦਾ ਕਿੰਨਾ ਵੱਡਾ ਫਾਇਦਾ ਉਠਾ ਰਿਹਾ ਹੈ, ਉਹ ਇਸ ਭਾਰ ਨੂੰ ਬਿਨਾਂ ਕਿਸੇ ਸ਼ਕਾਇਤ ਸਹਿੰਦੇ ਰਹਿਣਗੇ, ਤੇ ਉਹ ਇਹ ਸ਼ੱਕ ਵੀ ਨਹੀਂ ਕਰਨਗੇ ਕਿ ਇਹ ਵਿਵਸਥਾ ਉਨ੍ਹਾਂ ਦੇ ਹਿੱਤਾਂ ਦੇ ਵਿਰੁੱਧ ਹੈ।"

**ਕੀ ਇਹ ਹੁਣ ਵੀ ਸੱਚ ਨਹੀਂ ?**

2. ਅਮਰੀਕੀ ਡਾਲਰ ਦਾ ਵਪਾਰ ਦਾ ਮਾਧਿਅਮ ਬਣਨਾ, ਕੁਝ ਇਕ ਦੇਸ਼ਾਂ ਨੂੰ ਛੱਡ ਕੇ ਦੁਨੀਆ ਭਰ ਨੂੰ ਅਮਰੀਕਾ ਦੇ ਆਰਥਿਕ ਗੁਲਾਮ ਬਣਾ ਗਿਆ। ਬਰੈਟਨ ਵੁੱਡਜ਼ ਸਮਝੌਤੇ 'ਤੇ ਦਸਤਖ਼ਤ ਕਰਕੇ ਸ਼ੁਰੂ ਵਿਚ ਤਾਂ 44 ਦੇਸ਼ਾਂ ਨੇ, ਪਰ ਪਿੱਛੋਂ ਲਗਪਗ ਸਾਰਿਆਂ ਨੇ, ਈਰਾਨ, ਸੀਰੀਆ, ਲਿਬਨਾਨ, ਸੋਮਾਲੀਆ, ਸੁਡਾਨ ਤੇ ਇਰਾਕ, ਰੂਸ ਤੋਂ ਸਵਾਏ, ਬਾਕੀ ਸਾਰੇ ਦੇਸ਼ਾਂ ਨੇ ਅਮਰੀਕੀ ਡਾਲਰ ਨੂੰ ਲੈਣ ਦੇਣ ਦਾ ਮਾਧਿਅਮ ਮੰਨ ਲਿਆ। ਕਿਸੇ ਦੇਸ਼ ਵਿਚ ਜਾ ਕੇ ਕੁਝ ਵੀ ਲੈਣਾ ਹੋਵੇ ਤਾਂ ਤੁਹਾਡੇ ਪਾਸ ਅਮਰੀਕੀ ਡਾਲਰ ਹੋਣੇ ਚਾਹੀਦੇ ਹਨ। ਅਮਰੀਕਾ ਦਾ ਫੈਡਰਲ ਰਿਜ਼ਰਵ ਬੈਂਕ, ਡਾਲਰ ਛਾਪ ਕੇ, ਵਿਦੇਸ਼ੀ ਕਰੰਸੀ ਦੇ ਤੌਰ 'ਤੇ ਸੋਨੇ ਜਾਂ ਚਾਂਦੀ ਦੇ ਬਦਲੇ ਦੂਜੇ ਦੇਸ਼ਾਂ ਨੂੰ ਦਿੰਦਾ ਹੈ। ਜਦੋਂ ਕੁਝ ਦੇਸ਼ਾਂ ਨੇ ਸਵਾਲ ਕੀਤਾ ਕਿ ਅਸੀਂ ਤਾਂ ਤੁਹਾਡੇ ਕੋਲੋਂ ਸੋਨਾ, ਚਾਂਦੀ ਜਾਂ ਸਾਮਾਨ ਦੇ ਕੇ ਕਾਗਜ਼ ਦੇ ਛਾਪੇ ਹੋਏ ਟੁਕੜੇ ਲੈਂਦੇ ਹਾਂ ਤਾਂ ਸਾਨੂੰ ਕੀ ਭਰੋਸਾ ਹੈ ਕਿ ਕੱਲ੍ਹ ਨੂੰ ਸਾਨੂੰ ਇਨ੍ਹਾਂ ਦੇ ਬਦਲੇ, ਜੇ ਅਸੀਂ ਮੰਗ ਕਰੀਏ, ਤਾਂ ਸੋਨਾ ਇਨ੍ਹਾਂ ਦੇ ਮੁੱਲ ਦੇ ਬਰਾਬਰ ਮਿਲ ਜਾਏਗਾ, ਤਾਂ ਅਮਰੀਕਾ ਨੇ ਦੁਨੀਆ ਭਰ ਨੂੰ ਇਹ ਗਰੰਟੀ ਦਿੱਤੀ ਕਿ ਜਿਸ ਦੇ ਪਾਸ ਵੀ 35 ਡਾਲਰ ਹੋਣਗੇ ਤੇ ਉਹ ਮੰਗੇ ਤਾਂ ਅਸੀਂ 35 ਡਾਲਰ ਬਦਲੇ ਇਕ ਔਂਸ (30 ਗ੍ਰਾਮ) ਸੋਨਾ ਦੇਵਾਂਗੇ। ਇਕ ਜੁਲਾਈ 1944 ਨੂੰ ਇੱਕ ਡਾਲਰ ਦਾ ਜਿੰਨਾ ਸੋਨਾ ਆਉਂਦਾ ਸੀ ਉਸ ਨੂੰ ਸੋਨੇ ਦੀ ਕੀਮਤ ਦਾ ਆਧਾਰ ਮੰਨਿਆ ਗਿਆ। ਇਹ ਸਿਲਸਲਾ ਚਲਦਾ ਰਿਹਾ। ਡਾਲਰ ਪ੍ਰਧਾਨ ਬਣਿਆ ਰਿਹਾ। ਫੈਡਰਲ ਬੈਂਕ ਦਿਨ ਰਾਤ ਨੋਟ ਛਾਪਦਾ ਰਿਹਾ ਤੇ ਦੁਨੀਆ ਨੂੰ ਵਿਦੇਸ਼ੀ ਕਰੰਸੀ ਵਜੋਂ ਦਿੰਦਾ ਗਿਆ। 1970 ਦੇ ਕਰੀਬ ਜਦੋਂ ਫਰਾਂਸ ਦੇ ਬੈਂਕਾਂ ਨੇ ਵੇਖਿਆ ਕਿ ਉਨ੍ਹਾਂ ਦੀਆਂ ਤਿਜੌਰੀਆਂ ਤੇ ਕਮਰੇ ਅਮਰੀਕੀ ਡਾਲਰਾਂ ਨਾਲ ਭਰੇ ਪਏ ਹਨ ਜਿਹੜੇ ਹਨ ਤਾਂ ਛਾਪੇ ਹੋਏ ਕਾਗਜ਼ ਦੇ ਟੁਕੜੇ ਹੀ ਤਾਂ ਉਨ੍ਹਾਂ ਨੇ ਅਮਰੀਕਾ ਨੂੰ ਕਿਹਾ ਕਿ ਇਹ ਸਾਰੇ ਨੋਟ ਲੈ ਲਵੇ ਤੇ ਸਾਨੂੰ ਇਨ੍ਹਾਂ ਦੇ ਬਦਲੇ ਦਿੱਤੀ ਹੋਈ ਗਰੰਟੀ ਮੁਤਾਬਿਕ ਸੋਨਾ ਦੇ ਦਿਉ ਤਾਂ ਅਮਰੀਕਾ ਨੇ ਵੇਖਿਆ ਕਿ ਜਿੰਨੇ ਨੋਟ ਉਹ ਛਾਪ ਚੁੱਕੇ ਹਨ, ਸੋਨਾ ਤਾਂ ਉਸ ਤੋਂ ਦਸਵਾਂ ਹਿੱਸਾ ਵੀ ਨਹੀਂ ਰਿਹਾ ਸੀ। ਤਾਂ ਅਮਰੀਕਾ ਦੇ ਰਾਸ਼ਟਰਪਤੀ ਨਿਕਸਨ ਨੇ 1971 ਵਿਚ ਗਰੰਟੀ ਸਸਪੈਂਡ ਕਰ ਦਿੱਤੀ। ਹੁਣ ਡਾਲਰਾਂ ਦੇ ਬਦਲੇ ਸੋਨੇ ਜਾਂ ਚਾਂਦੀ ਦੀ ਕੋਈ ਗਰੰਟੀ ਨਹੀਂ।

**3. ਪੈਟਰੋ ਡਾਲਰ**

ਹੁਣ ਅਮਰੀਕਾ ਨੂੰ ਦੁਨੀਆ ਭਰ ਦੇ ਦੇਸ਼ਾਂ ਨੂੰ ਭਰੋਸਾ ਦੁਆਉਣ ਦੀ ਲੋੜ ਸੀ ਕਿ ਉਹ ਡਾਲਰਾਂ ਦੇ ਬਦਲੇ ਸੋਨੇ ਦੀ ਥਾਂ ਹੋਰ ਕੀ ਦੇ ਸਕਦਾ ਹੈ ਤਾਂ ਅਮਰੀਕਾ ਨੇ ਖਾੜੀ ਦੇਸ਼ਾਂ 'ਤੇ ਜ਼ੋਰ ਪਾਇਆ ਕਿ ਉਹ ਆਪਣਾ ਤੇਲ ਸਿਰਫ ਅਮਰੀਕੀ ਡਾਲਰਾਂ ਦੇ ਬਦਲੇ ਹੀ ਵੇਚਣ ਕਿਸੇ ਹੋਰ ਕਰੰਸੀ ਵਿਚ ਨਾ ਵੇਚਣ ਕਿਉਂਕਿ ਕੁਝ ਦੇਸ਼ ਜਿਨ੍ਹਾਂ ਬਰੈਟਨ ਵੁਡਜ਼ ਸਮਝੌਤੇ ਨੂੰ ਅਜੇ ਵੀ ਨਹੀਂ ਮੰਨਿਆ ਸੀ, ਆਪਣਾ ਤੇਲ ਆਪਣੀ ਮਰਜ਼ੀ ਨਾਲ ਜਿਹੜੀ ਵੀ ਕਰੰਸੀ ਉਨ੍ਹਾਂ ਨੂੰ ਠੀਕ ਲਗਦੀ ਸੀ, ਦੇ ਬਦਲੇ ਵੇਚ ਦਿੰਦੇ ਸਨ। ਅਮਰੀਕਾ ਨੇ ਖਾੜੀ ਦੇ ਉਨ੍ਹਾਂ ਦੇਸ਼ਾਂ ਨੂੰ ਆਪਣੀ ਫ਼ੌਜੀ ਸੁਰੱਖਿਆ ਦੀ ਗਰੰਟੀ ਦਿੱਤੀ ਤੇ ਨਾਲ ਹੀ ਸ਼ਰਤ ਲਾਈ ਕਿ ਤੁਸੀਂ ਤੇਲ ਡਾਲਰ ਲੈ ਕੇ ਹੀ ਵੇਚੋਗੇ ਤੇ ਲਏ ਹੋਏ ਡਾਲਰ ਅਮਰੀਕਾ ਦੇ ਬੈਂਕਾਂ ਵਿਚ ਜਮ੍ਹਾਂ ਕਰਾਉਗੇ ਜਾਂ ਅਮਰੀਕਾ ਵਿਚ ਨਿਵੇਸ਼ ਕਰੋਗੇ। ਇਹ ਸ਼ਰਤ ਇਰਾਕ, ਈਰਾਨ, ਲੀਬੀਆ ਤੇ ਕੁਝ ਹੋਰ ਦੇਸ਼ਾਂ ਨੇ, ਜਿਨ੍ਹਾਂ ਦਾ ਜ਼ਿਕਰ ਉਤੇ ਕੀਤਾ ਗਿਆ ਹੈ ਨਾ ਮੰਨੀ। ਇਰਾਕ ਦੇ ਸੱਦਾਮ ਹੁਸੈਨ ਨੇ ਆਪਣਾ ਤੇਲ ਯੂਰੋ ਦੇ ਬਦਲੇ ਵੇਚਣਾ ਸ਼ੁਰੂ ਕਰ ਦਿੱਤਾ। ਈਰਾਨ ਨੇ ਚੀਨ ਨੂੰ ਯੂਆਨ ਦੇ ਬਦਲੇ ਤੇ ਲੀਬੀਆ ਨੇ ਦਿਨਾਰ ਦੇ ਬਦਲੇ। ਲਿਬੀਆ ਨੇ ਤਾਂ ਆਪਣਾ ਦਿਨਾਰ ਸੋਨੇ ਦਾ ਸਿੱਕਾ ਬਣਾ ਦਿੱਤਾ ਸੀ ਜਿਸ ਦਾ ਨਾਂਅ ਗੋਲਡ ਦਿਨਾਰ ਰੱਖਿਆ ਗਿਆ। ਇਹ ਗੋਲਡ ਦਿਨਾਰ ਡਾਲਰ ਤੋਂ ਜ਼ਿਆਦਾ ਮਕਬੂਲ ਹੋ ਰਿਹਾ ਸੀ। ਇਸੇ ਕਰਕੇ ਇਰਾਕ ਤੇ ਲਿਬੀਆ ਨੂੰ ਤਬਾਹ ਕਰ ਦਿੱਤਾ ਗਿਆ। ਹੁਣ ਈਰਾਨ ਦੀ ਵਾਰੀ ਹੈ।

4. ਇਸ ਦੇ ਪਿੱਛੇ ਲੁਕੀਆਂ ਜਾਂ ਪ੍ਰਤੱਖ ਸ਼ਕਤੀਆਂ ਕਿਹੜੀਆਂ ਹਨ ਤੇ ਇਸ ਨੂੰ ਕਿਵੇਂ ਕਾਬੂ ਕਰਦੀਆਂ ਹਨ। ਉਸ ਦਾ ਅੰਦਾਜ਼ਾ ਕੁਝ ਇਸ ਤਰ੍ਹਾਂ ਦਾ ਹੈ।

(1) ਫੈਡਰਲ ਰਿਜ਼ਰਵ ਸਣੇ ਬਹੁਤੇ ਬੈਂਕਾਂ 'ਤੇ ਕੁਝ ਘਰਾਣਿਆਂ ਤੇ ਕਾਰਪੋਰੇਟਾਂ ਦਾ ਕਬਜ਼ਾ ਹੈ। (2) ਇਨ੍ਹਾਂ ਦੇ ਬੈਂਕਾਂ ਵਿਚ ਦੁਨੀਆ 'ਚ ਜਿੰਨਾ ਪੈਸਾ ਹੈ ਉਸ ਦਾ 80 ਫ਼ੀਸਦੀ ਜਮ੍ਹਾਂ ਹੈ। (3) ਇਨ੍ਹਾਂ ਬੈਂਕਾਂ ਦੀ ਨੀਤੀ ਹੈ ਕਿ ਲੋਕਾਂ ਨੂੰ ਜਿੰਨਾ ਵੱਧ ਤੋਂ ਵੱਧ ਹੋ ਸਕੇ, ਕਰਜ਼ਾਈ ਕਰ ਦਿਉ। (4) ਘਰੇਲੂ ਖ਼ਰੀਦਦਾਰੀ ਲਈ ਹਰ ਆਦਮੀ ਦੀ ਜੇਬ ਵਿਚ ਇਕ ਕਾਰਡ ਪਾ ਦਿਉ ਜਿਸ ਨਾਲ ਉਹ ਬਿਨਾਂ ਪੈਸਾ ਦਿੱਤਿਆਂ ਉਧਾਰ ਖ਼ਰੀਦ ਕਰ ਸਕੇ, ਲੋਕਾਂ ਨੂੰ ਉਧਾਰ ਲੈਣ ਦੀ ਆਦਤ ਪਾ ਦਿਉ, ਤੇ ਜਦੋਂ ਉਹ ਉਧਾਰ ਲਿਆ ਪੈਸਾ ਜਾਂ ਸਾਮਾਨ ਦੀ ਕੀਮਤ ਨਾ ਮੋੜ ਸਕਣ ਤਾਂ ਉਨ੍ਹਾਂ 'ਤੇ ਵੱਧ ਵਿਆਜ ਲਾ ਕੇ ਜਿੰਨਾ ਸ਼ੋਸ਼ਣ ਕੀਤਾ ਜਾ ਸਕਦਾ ਹੈ ਕਰੋ। (5) ਜਦੋਂ ਲੋਕ ਕਰਜ਼ੇ ਤੋਂ ਤੰਗ ਆ ਜਾਣਗੇ ਤਾਂ ਉਹ ਆਪਣੀਆਂ ਸਰਕਾਰਾਂ ਦੇ ਗਲ ਪੈਣਗੇ। ਇਸ ਹਾਲਤ ਵਿਚ ਸਰਕਾਰਾਂ ਤੁਹਾਡੇ ਤੋਂ ਕਰਜ਼ੇ ਦੀ ਮੰਗ ਕਰਨਗੀਆਂ। ਉਦੋਂ ਤੁਸੀਂ ਜਿੰਨਾ ਵੱਧ ਤੋਂ ਵੱਧ ਹੋ ਸਕੇ ਸਰਕਾਰਾਂ ਨੂੰ ਕਰਜ਼ ਦਿਉ ਤੇ ਉਨ੍ਹਾਂ ਤੋਂ ਆਪਣੀਆਂ ਸ਼ਰਤਾਂ ਮੰਨਵਾ ਲਉ ਤੇ ਸਰਕਾਰੀ ਨੀਤੀਆਂ ਆਪਣੇ ਹੱਕ ਵਿਚ ਉਨ੍ਹਾਂ ਤੋਂ ਬਣਵਾਉਂਦੇ ਰਹੋ। (6) ਜੇ ਕੋਈ ਸਰਕਾਰ ਜਾਂ ਸਰਕਾਰ ਦਾ ਮੁਖੀ ਇਹ ਨਾ ਮੰਨੇ ਤਾਂ ਸਰਕਾਰ ਦਾ ਰਾਜ ਪਲਟਾ ਕਰਾ ਦਿਉ ਜਾਂ ਸਰਕਾਰ ਦੇ ਮੁਖੀ, ਰਾਜੇ, ਰਾਸ਼ਟਰਪਤੀ, ਪ੍ਰਧਾਨ ਮੰਤਰੀ ਆਦਿ ਜੋ ਵੀ ਹੋਵੇ, ਮਰਵਾ ਦਿਉ। ਇਸ ਤਰ੍ਹਾਂ ਇਰਾਕ ਦੇ ਸੱਦਾਮ ਹੁਸੈਨ, ਲੀਬੀਆ ਦੇ ਗਦਾਫ਼ੀ ਤੇ ਅਨੇਕਾਂ ਹੋਰਾਂ ਦੇਸ਼ਾਂ ਦੀਆਂ ਅਣਗਿਣਤ ਮਿਸਾਲਾਂ ਹਨ। ਇਸ ਤੋਂ ਅਮਰੀਕਾ ਵੀ ਨਹੀਂ ਬਚਿਆ, 6 ਪ੍ਰਧਾਨ ਜਿਵੇਂ ਉੱਤੇ ਦੱਸਿਆ ਗਿਆ ਹੈ, ਇਨ੍ਹਾਂ ਦੇ ਸ਼ਿਕਾਰ ਬਣੇ।

ਇਥੇ ਹੀ ਬਸ ਨਹੀਂ, ਇਸ ਕਾਰਪੋਰੇਟ ਸੈਕਟਰ ਨੇ ਅਮਰੀਕਾ ਵਿਚ ਵੀ ਫ਼ੌਜੀ ਰਾਜ ਪਲਟੇ ਦੀ ਕੋਸ਼ਿਸ਼ ਕੀਤੀ। ਅਮਰੀਕਾ ਦੀ ਨੇਵੀ ਦਾ ਇਕ ਬੜਾ ਮਸ਼ਹੂਰ ਜਰਨੈਲ, ਮੇਜਰ ਜਨਰਲ ਸਮੈਡਲੇ ਬਟਲਰ (Marine Major General Smedley Butler) ਨੂੰ ਪ੍ਰੇਰਨ ਦੀ ਕੋਸ਼ਿਸ਼ ਕੀਤੀ ਕਿ ਉਹ ਅਮਰੀਕਾ ਵਿਚ ਰਾਜ ਪਲਟਾ ਲੈ ਆਵੇ ਤੇ ਰਾਸ਼ਟਰਪਤੀ ਦੀ ਥਾਂ ਸੈਕਟਰੀ ਆਫ ਜਨਰਲ ਆਫੇਰਜ਼ ਨਾਮਜ਼ਦ ਕਰੇ ਜੋ ਨਿਊਯਾਰਕ ਵਾਲਸਟਰੀਟ ਦੇ ਕਾਰਪੋਰੇਟ ਸੈਕਟਰ ਨੂੰ ਜਵਾਬਦੇਹ ਹੋਵੇ। ਕਿਉਂਕਿ ਰਾਸ਼ਟਰਪਤੀ ਫਰੈਂਕਲਿਨ ਡੀ ਰੂਜ਼ਵੈਲਟ (Franklin Delano Roosevelt) ਜੋ 1933 ਤੋਂ 1945 ਤੱਕ ਪ੍ਰਧਾਨ ਰਹੇ ਨੇ ਆਪਣੀ ਪਹਿਲੀ ਚੋਣ ਤੋਂ ਪਿੱਛੋਂ ਇਕ ਨਿਊਡੀਲ ਨਾਂਅ ਦਾ ਪ੍ਰੋਗਰਾਮ ਦਿੱਤਾ ਸੀ, ਜਿਸ ਅਨੁਸਾਰ ਬੈਂਕਾਂ ਸਬੰਧੀ ਕਾਨੂੰਨ ਵਿਚ ਤਬਦੀਲੀ ਲਿਆਉਣਾ, ਕਈ ਰਾਹਤ ਪ੍ਰੋਗਰਾਮ, ਜਿਨ੍ਹਾਂ ਵਿਚ ਕਰਮਚਾਰੀ ਤੇ ਹੋਰ ਕੰਮਾਂ ਵਿਚ ਲੱਗੇ ਕਾਮਿਆਂ ਨੂੰ ਸਹੂਲਤਾਂ ਤੇ ਖੇਤੀਬਾੜੀ ਬਾਰੇ ਸੁਧਾਰ ਲਿਆਉਣਾ ਸ਼ਾਮਿਲ ਸੀ, ਇਹ ਸੁਧਾਰ ਬੈਂਕਾਂ ਦੇ ਮਾਲਕਾਂ ਤੇ ਕਾਰਪੋਰੇਟ ਸੈਕਟਰ ਨੂੰ ਪਸੰਦ ਨਹੀਂ ਸਨ। ਉਹ ਰੂਜ਼ਵੇਲਟ ਨੂੰ ਹਰ ਹਾਲਤ ਵਿਚ ਹਟਾਉਣਾ ਚਾਹੁੰਦੇ ਸਨ। ਜਨਰਲ ਬਟਲਰ ਪਹਿਲਾਂ ਤਾਂ ਜਾਣਬੁਝ ਕੇ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਂਦਾ ਰਿਹਾ ਪਰ ਪਿੱਛੋਂ ਉਸ ਨੇ ਸਾਰੀ ਕਥਾ ਪਾਰਲੀਮੈਂਟ ਨੂੰ ਦੱਸ ਦਿੱਤੀ। ਰਾਜ ਪਲਟਾ ਬਚ ਗਿਆ ਪਰ ਰਾਸ਼ਟਰਪਤੀ ਰੂਜ਼ਵੈਲਟ ਰਾਜ ਪਲਟਾ ਕਰਨ ਵਾਲਿਆਂ ਦੇ ਖਿਲਾਫ਼ ਕੋਈ ਠੋਸ ਕਾਰਵਾਈ ਨਾ ਕਰ ਸਕਿਆ ਕਿਉਂਕਿ ਉਹ ਸਰਕਾਰੇ ਦਰਬਾਰੇ ਰਸੂਖ ਰੱਖਦੇ ਸਨ। ਰੂਜ਼ਵੈਲਟ ਦੂਜੀ ਜੰਗ ਦੇ ਦਰਮਿਆਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕੁਝ ਕੁ ਪਲਟਾ ਕਾਰੀਆਂ ਦੇ ਖਿਲਾਫ਼ ਕਾਰਵਾਈ ਕਰ ਸਕਿਆ। ਜਨਰਲ ਬਟਲਰ ਨੇ ਆਪਣੇ ਬਾਰੇ ਲਿਖਦਿਆਂ ਆਪਣਾ ਕੌੜਾ ਤਜਰਬਾ ਇਸ ਤਰ੍ਹਾਂ ਬਿਆਨ ਕੀਤਾ। 'ਮੈਂ 33 ਸਾਲ ਤੇ ਚਾਰ ਮਹੀਨੇ ਫ਼ੌਜ ਦੀ ਨੌਕਰੀ, ਇਸ ਦੇ ਸਭ ਤੋਂ ਮਹੱਤਵਪੂਰਨ ਅੰਗ, ਨੇਵੀ ਵਿਚ ਐਕਟਿਵ ਸਰਵਿਸ ਕੀਤੀ। ਮੈਂ ਸੈਕਿੰਡ ਲੈਫਟੀਨੈਂਟ ਤੋਂ ਜਰਨੈਲ ਤੱਕ ਦੇ ਸਾਰਿਆਂ ਅਹੁਦਿਆਂ 'ਤੇ ਰਿਹਾ ਹਾਂ। ਇਸ ਸਮੇਂ ਦੌਰਾਨ ਮੈਂ ਇਕ ਤਰ੍ਹਾਂ, ਵੱਡੇ ਘਰਾਣਿਆਂ, ਵਾਲਸਟਰੀਟ ਤੇ ਬੈਂਕਾਂ ਦੇ ਮਾਲਕਾਂ ਦਾ ਹਥਠੋਕਾ ਰਿਹਾ ਹਾਂ। ਮੈਨੂੰ ਲਗਦਾ ਹੈ ਮੈਂ ਇਨ੍ਹਾਂ ਦੇ ਰੈਕਟ ਦਾ ਹਿੱਸਾ ਬਣ ਗਿਆ ਸਾਂ। ਹੁਣ ਮੈਨੂੰ ਯਕੀਨ ਹੋ ਗਿਆ ਹੈ ਕਿ ਫ਼ੌਜ ਵਿਚ ਕੰਮ ਕਰਦੇ ਸਾਰੇ ਵਿਅਕਤੀਆਂ ਵਾਂਗ ਮੇਰੇ ਵੀ ਕੋਈ ਅਸਲੀ ਵਿਚਾਰ ਨਹੀਂ ਸਨ। ਮੇਰੀ ਸੋਚਣ ਸ਼ਕਤੀ ਇਕ ਪਾਸੇ ਧਰ ਦਿੱਤੀ ਗਈ ਸੀ। ਮੈਂ ਹਮੇਸ਼ਾ ਉਪਰਲਿਆਂ ਦੇ ਹੁਕਮ ਹੀ ਮੰਨਦਾ ਰਿਹਾ ਹਾਂ। ਮੈਂ ਮੈਕਸੀਕੋ ਦੇਸ਼ ਨੂੰ ਅਮਰੀਕਾ ਦੇ ਹਿੱਤਾਂ ਦੇ ਅਨਕੂਲ ਬਣਾਇਆ। ਮੈਂ ਹੈਅਤੀ ਤੇ ਕਿਊਬਾ ਨੂੰ ਨੈਸ਼ਨਲ ਸਿਟੀ ਬੈਂਕ ਦੇ ਮੁਨਾਫ਼ਿਆਂ ਦੇ ਅਨਕੂਲ ਬਣਾਇਆ। ਮੈਂ ਨਿਕਾਰਾਗੁਆ ਵਿਚ ਬਰਾਊਨ ਬਰਦਰਜ਼ ਦੇ ਬੈਂਕਾਂ ਲਈ ਰਾਹ ਸਾਫ਼ ਕੀਤੀ। ਮੈਂ ਅਮਰੀਕਾ ਦੀ ਸ਼ੂਗਰ ਇੰਡਸਟਰੀ ਵਾਸਤੇ ਡੋਮਿਨੀਕਨ ਰਿਪਬਲਿਕ ਨੂੰ ਅਨਕੂਲ ਬਣਾਇਆ। ਇਸ ਬਦਲੇ ਮੈਨੂੰ ਮਾਣ ਤਾਣ ਦਿੱਤਾ ਗਿਆ। ਤਗਮੇ ਦਿੱਤੇ ਗਏ, ਤਰੱਕੀਆਂ ਦਿੱਤੀਆਂ ਗਈਆਂ। ਹੁਣ ਜਦੋਂ ਮੈਂ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਮੈਨੂੰ ਲਗਦਾ ਹੈ ਕਿ ਮੈਂ ਤਿੰਨ ਮਹਾਂਦੀਪਾਂ ਵਿਚ ਇਨ੍ਹਾਂ ਦੀਆਂ ਸਾਜਿਸ਼ਾਂ ਦਾ ਹਿੱਸਾ ਬਣਿਆ ਰਿਹਾ ਹਾਂ। (War is a racket) (Source is retirement detailing by General Buttlor)..

**I.T.O. ਦਾ ਨਾ ਬਣ ਸਕਣਾ :** ਬਰੈਟਨ ਵੁਡਜ਼ ਸਮਝੌਤੇ ਮਗਰੋਂ ਵਰਲਡ ਬੈਂਕ ਤੇ ਆਈ.ਐਮ.ਐਫ. ਨੂੰ ਅਮਰੀਕਾ ਵਲੋਂ 1945 ਵਿਚ, ਮਿਲੀ ਪ੍ਰਵਾਨਗੀ ਤੋਂ ਪਿੱਛੋਂ ਅਮਰੀਕਾ ਦੇ ਰਾਸ਼ਟਰਪਤੀ ਹੈਰੀ ਐਸ ਟਰੂਮੈਨ (Harry S. Truman) ਦੀ ਕਾਰਜਕਾਰਨੀ ਨੇ ਸੰਸਾਰ ਪੱਧਰ 'ਤੇ 1947 ਵਿਚ ਇਕ ਅੰਤਰਰਾਸ਼ਟਰੀ ਵਪਾਰਕ ਸੰਸਥਾ ਬਣਾਉਣ ਦਾ ਯਤਨ ਕੀਤਾ, ਜਿਸ ਦਾ ਖਰੜਾ ਹਵਾਨਾ ਚਾਰਟਰ ਦੇ ਨਾਂਅ ਨਾਲ ਤਿਆਰ ਹੋਇਆ। ਖਰੜੇ ਵਿਚ 'ਜੇ ਤੁਹਾਡਾ ਗੁਆਂਢੀ ਦੇਸ਼ ਮੰਗਤਾ ਹੈ' 'Thy neighbor a beggar' ਨੂੰ ਧਿਆਨ ਵਿਚ ਰੱਖ ਕੇ ਨੀਤੀ ਬਣਾਈ ਗਈ, ਜਿਸ ਨੂੰ ਅਮਰੀਕਾ ਦੇ ਰਾਸ਼ਟਰਪਤੀ ਦੀ ਕਾਰਜਕਾਰਨੀ ਦੀ ਪ੍ਰਵਾਨਗੀ ਤਾਂ ਪ੍ਰਾਪਤ ਸੀ ਪਰ ਅਮਰੀਕਾ ਦੀ ਕਾਂਗਰਸ ਨੇ ਨਾਂਹ ਕਰ ਦਿੱਤੀ। ਇਸ ਤਰ੍ਹਾਂ ਇਹ I.T.O ਇੰਟਰਨੈਸ਼ਨਲ ਟਰੇਡ ਆਰਗੇਨਾਈਜ਼ੇਸ਼ਨ ਨਾਂਅ 'ਤੇ ਬਣਨ ਵਾਲੀ ਸੰਸਥਾ ਜਨਮ ਤੋਂ ਪਹਿਲਾਂ ਹੀ ਮਰ ਗਈ ਪਰ ਇਕ ਹੋਰ ਸੰਸਥਾ ਨੂੰ ਜਨਮ ਦੇ ਗਈ। ਯਾਦ ਰਹੇ ਕਿ ਪਹਿਲੀ ਸੰਸਾਰ ਜੰਗ ਦੇ ਖ਼ਤਮ ਹੋਣ ਤੇ, ਅਮਰੀਕਾ ਦੇ ਰਾਸ਼ਟਰਪਤੀ ਵੁਡਰੋ ਵਿਲਸਨ ਦੇ ਯਤਨਾਂ ਨਾਲ, 1919 ਵਿਚ ਲੀਗ ਆਫ ਨੇਸ਼ਨਸ਼ ਬਣੀ ਸੀ ਪਰ ਅਮਰੀਕਾ ਖ਼ੁਦ ਇਸ ਦਾ ਮੈਂਬਰ

ਨਾ ਬਣ ਸਕਿਆ, ਕਿਉਂਕਿ ਪਾਰਲੀਮੈਂਟ ਵਿਚ ਬਹੁਗਿਣਤੀ ਨਾ ਹੋਣ ਕਾਰਨ ਵਿਲਸਨ ਨੂੰ ਪ੍ਰਵਾਨਗੀ ਨਹੀਂ ਸੀ ਮਿਲੀ।

**ਗੈਟ ਦਾ ਹੋਂਦ ਵਿਚ ਆਉਣਾ** : I.T.O ਦੇ ਨਾ ਬਣ ਸਕਣ ਤੋਂ ਬਾਅਦ, 1948 ਤੱਕ ਅਮਰੀਕਾ ਦੇ ਰਾਸ਼ਟਰਪਤੀ ਹੈਰੀ ਐਸ. ਟਰੂਮੈਨ ਜੋ ਕਾਰਜਕਾਰੀ ਅਖ਼ਤਿਆਰਾਂ ਦੀ ਵਰਤੋਂ ਕਰਦਿਆਂ ਅਮਰੀਕੀ ਕਾਂਗਰਸ ਦੀ ਮਨਜ਼ੂਰੀ ਲਏ ਬਗੈਰ ਅਮਰੀਕਾ ਨੂੰ ਅੰਤਰਰਾਸ਼ਟਰੀ ਇਕਰਾਰਨਾਮਿਆਂ ਦੇ ਪਾਬੰਦ ਕਰਨ ਦੇ ਸਮਰੱਥ ਹੋ ਚੁੱਕੇ ਸਨ, ਨੇ ਅਮਰੀਕਾ ਵਲੋਂ ਹੀ ਇਕ ਹੋਰ ਅੰਤਰਰਾਸ਼ਟਰੀ ਇਕਰਾਰਨਾਮੇ ਤਹਿਤ ਇਕ ਨਵੀਂ ਸੰਸਥਾ ਕਾਇਮ ਕਰਨ ਦਾ ਕੰਮ ਆਰੰਭ ਕਰ ਲਿਆ। ਇਸ ਇਕਰਾਰਨਾਮੇ ਦਾ ਨਾਂਅ GATT (General Agreement on Tariffs and Trade) ਭਾਵ 'ਵਪਾਰ ਤੇ ਵਪਾਰਕ ਉਪਜਾਂ 'ਤੇ ਟੈਕਸਾਂ ਬਾਰੇ ਆਮ ਸਹਿਮਤੀ' ਸੀ। ਇਸ ਇਕਰਾਰਨਾਮੇ (ਗੈਟ) ਦੇ ਕਰਤਾ 22 ਵਿਕਸਤ ਦੇਸ਼ ਸਨ, ਜਿਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਉਨ੍ਹਾਂ ਸਾਰੇ ਦੇਸ਼ਾਂ ਨੂੰ ਜੋੜਨਾ, ਜਿਹੜੇ ਦੇਸ਼ ਜਾਂ ਤਾਂ ਨਿਹਾਇਤ ਗ਼ਰੀਬ ਜਾਂ ਤਰੱਕੀ ਦੀ ਰਾਹ 'ਤੇ ਤੁਰੇ ਹੀ ਸਨ, ਜਾਂ ਸਿਆਸੀ ਤੌਰ 'ਤੇ ਕਿਸੇ ਤਾਨਾਸ਼ਾਹੀ ਅਧੀਨ ਸਨ ਜਾਂ ਅਜੇ ਕਿਸੇ ਦੇਸ਼ ਦੀਆਂ ਕਾਲੋਨੀਆਂ ਹੀ ਸਨ, ਜਾਂ ਫਿਰ ਸਰਕਾਰਾਂ ਵਲੋਂ ਚਲਾਈਆਂ ਜਾ ਰਹੀਆਂ ਆਰਥਿਕਤਾਵਾਂ ਤੋਂ ਨਾਵਾਕਫ ਸਨ। ਇਸ ਦਾ ਵੇਰਵਾ ਜੋਨ ਐਚ ਜੈਕਸਨ ਤੇ ਉਸ ਦੇ ਦੋ ਹੋਰ ਸਾਥੀਆਂ ਵਿਲਿਅਮ ਡੇਵੀ ਅਤੇ ਐਲਨ ? ਸਾਇਕਸ ਦੀ ਅੰਤਰਰਾਸ਼ਟਰੀ ਆਰਥਿਕ ਮਾਮਲਿਆਂ ਸਬੰਧੀ ਕਾਨੂੰਨੀ ਸਮੱਸਿਆਵਾਂ ਕਿਤਾਬ ਵਿਚ ਮਿਲਦਾ ਹੈ। ਵਿਕਸਤ ਦੇਸ਼ ਇਹ ਵੀ ਮਹਿਸੂਸ ਕਰਦੇ ਸਨ ਜੇ ਸਭ ਨੂੰ ਮੈਂਬਰ ਬਣਾ ਲਿਆ ਗਿਆ ਤਾਂ ਵਿਕਸਤ ਦੇਸ਼ਾਂ ਦੀ ਪੁੱਛ ਪ੍ਰਤੀਤ ਘਟ ਜਾਵੇਗੀ, ਉਹ ਆਪਣੀਆਂ ਸ਼ਰਤਾਂ 'ਤੇ ਵਪਾਰ ਨਹੀਂ ਕਰ ਸਕਣਗੇ। ਉਹ ਚਾਹੁੰਦੇ ਸਨ ਕਿ ਵਿਸ਼ਵ ਵਪਾਰ ਦੀਆਂ ਸ਼ਰਤਾਂ ਉਹ ਹੀ ਤੈਅ ਕਰਨ ਜਾਂ ਫਿਰ ਉਨ੍ਹਾਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਵੱਖਰੇ ਨਿਯਮ ਬਣਾਏ ਜਾਣ। ਜਦੋਂਕਿ ਅਜੇ ਵਿਕਾਸ ਕਰ ਰਹੇ ਦੇਸ਼ ਇਕ ਨਵਾਂ ਵਪਾਰਕ ਸੰਸਾਰ ਪ੍ਰਬੰਧ ਚਾਹੁੰਦੇ ਸਨ ਤੇ ਖਾਸ ਸਹੂਲਤਾਂ ਦੀ ਮੰਗ ਕਰ ਰਹੇ ਸਨ। ਪ੍ਰੋਫੈਸਰ ਜੈਕਸਨ ਅਨੁਸਾਰ (world trade …. The Law of GATT) ਇਹ ਫਰੀ ਟਰੇਡ ਬਨਾਮ ਸੁਰੱਖਿਆਵਾਦ ਜਾਂ ਅੰਤਰਰਾਸ਼ਟਰੀਅਤਾ ਬਨਾਮ national ਕੌਮੀ Sovereignty ਦਾ ਮੁੱਦਾ ਬਣ ਗਿਆ। ਵਿਕਸਤ ਦੇਸ਼ ਚਾਹੁੰਦੇ ਸਨ ਕਿ ਘੱਟ ਵਿਕਸਤ ਦੇਸ਼ਾਂ 'ਤੇ ਜਿਹੜੀਆਂ ਪਾਬੰਦੀਆਂ ਲਾਈਆਂ ਜਾਣ ਉਹ ਇਸ ਤਰ੍ਹਾਂ ਦੀਆਂ ਹੋਣ, ਜਿਨ੍ਹਾਂ ਨੂੰ ਵਿਕਸਤ ਦੇਸ਼ ਲਾਗੂ ਕਰਾ ਸਕਣ ਤੇ ਲਾਗੂ ਕਰਨ ਲਈ ਵੀ ਇਕ ਵੱਖਰਾ ਅਦਾਰਾ ਹੋਣਾ ਚਾਹੀਦਾ ਹੈ। ਪਰ ਦੂਜੇ ਦੇਸ਼ ਇਹੋ ਜਿਹੀਆਂ ਪਾਬੰਦੀਆਂ ਦੀ ਵਿਰੋਧਤਾ ਕਰ ਰਹੇ ਸਨ ਅਤੇ ਆਪਣੇ ਸਾਧਨਾਂ ਦੀ ਸੁਰੱਖਿਅਤਾ ਮੰਗ ਰਹੇ ਸਨ।

ਗੈਟ ਸਮਝੌਤੇ ਵਿਚ ਧਾਰਾ 18 ਪਾਈ ਗਈ, ਜਿਸ ਅਧੀਨ ਵਿਕਾਸ ਕਰ ਰਹੇ ਦੇਸ਼ਾਂ ਨੂੰ ਕੁਝ ਛੋਟਾਂ ਦਿੱਤੀਆਂ ਗਈਆਂ, ਜਿਨ੍ਹਾਂ ਨੂੰ 1955 ਵਿਚ ਬਦਲ ਦਿੱਤਾ ਗਿਆ। ਇਹ ਚਾਰ ਕਿਸਮ ਦੀਆਂ ਛੋਟਾਂ ਸਨ। ਜਿਵੇਂ (1) ਜੇਕਰ ਤੁਹਾਡੀ ਸਨਅਤ ਅਜੇ ਬਚਪਨੇ ਵਿਚ ਹੈ (2) ਜਾਂ ਤੁਸੀਂ ਕੋਈ ਖਾਸ ਕਿਸਮ ਦੀ ਸਨਅਤ ਨਵੇਂ ਸਿਰਿਓਂ ਵਿਕਸਤ ਕਰਨਾ ਚਾਹੁੰਦੇ ਹੋ (3) ਜਾਂ ਤੁਹਾਡਾ (ਬੈਲੈਂਸ ਆਫ ਪੇਮੈਂਟ) ਅਦਾ ਕਰਨਯੋਗ ਰਕਮ ਦਾ ਸੰਤੁਲਨ ਵਿਗੜਿਆ ਹੋਇਆ ਹੈ (4) ਜਾਂ ਫਿਰ ਜੇਕਰ ਤੁਹਾਡੀ ਆਰਥਿਕਤਾ ਅਜੇ ਵਿਕਾਸ ਦੇ ਰੌਂ ਵਿਚ ਹੈ ਤੇ ਜੀਵਨ ਪੱਧਰ ਦੇ ਮਿਆਰਾਂ ਤੋਂ ਨੀਵੀਂ ਚੱਲ ਰਹੀ ਹੈ ਤਾਂ ਤੁਸੀਂ ਦੂਜੇ ਦੇਸ਼ਾਂ ਦੀ ਪੈਦਾਵਾਰ ਦੀ ਦਰਾਮਦ 'ਤੇ ਟੈਕਸ ਜਾਂ ਡਿਊਟੀ ਲਾ ਕੇ ਉਨ੍ਹਾਂ ਨੂੰ ਆਪਣੇ ਦੇਸ਼ ਵਿਚ ਵੜਨ ਤੋਂ ਰੋਕ ਸਕਦੇ ਹੋ। ਇਹ ਰਿਆਇਤਾਂ ਜੋ ਅਣਵਿਕਸਤ ਦੇਸ਼ਾਂ ਨੂੰ ਦਿੱਤੀਆਂ ਗਈਆਂ, ਵਿਕਸਤ ਦੇਸ਼ਾਂ ਨੂੰ ਮਨਜ਼ੂਰ ਨਹੀਂ ਸਨ। ਵਿਕਸਤ ਦੇਸ਼ ਇਹ ਕਹਿੰਦੇ ਸਨ ਜੇਕਰ ਤੁਸੀਂ ਕੱਚਾ ਮਾਲ ਵਿਕਸਤ ਦੇਸ਼ਾਂ ਨੂੰ ਭੇਜਿਆ ਹੈ ਤਾਂ ਉਸੇ ਕੱਚੇ ਮਾਲ ਨੂੰ ਤਿਆਰ ਕਰਕੇ ਜੇ ਵਿਕਸਤ ਦੇਸ਼ ਵਾਪਸ ਭੇਜਦਾ ਹੈ, ਤਾਂ ਤੁਸੀਂ ਉਸ 'ਤੇ ਟੈਕਸ ਨਹੀਂ ਲਾ ਸਕਦੇ, ਭਾਵੇਂ ਇਸ ਨਾਲ ਤੁਹਾਡੇ ਦੇਸ਼ ਦੀ ਪ੍ਰੋਸੈਸਿੰਗ ਕਿਰਿਆ 'ਤੇ ਅਸਰ ਪੈਂਦਾ ਹੋਵੇ। ਭਾਵ ਤੁਸੀਂ ਕੌਫ਼ੀ ਦੇ ਬੀਜ ਵਿਕਸਤ ਦੇਸ਼ ਨੂੰ ਭੇਜਦੇ ਹੋ ਤੇ ਉਥੋਂ ਪੀਸੀ ਹੋਈ ਕੌਫ਼ੀ ਤਿਆਰ ਹੋ ਕੇ ਡੱਬਾ ਬੰਦ ਤੁਹਾਡੇ ਦੇਸ਼ ਵਿਚ ਵਾਪਸ ਆਉਂਦੀ ਹੈ ਤਾਂ ਉਸ 'ਤੇ ਟੈਕਸ ਨਹੀਂ ਲਾਓਗੇ। ਨਾ ਹੀ ਤੁਸੀਂ ਵਿਕਸਤ ਦੇਸ਼ਾਂ ਵਲੋਂ ਭੇਜੇ ਗਏ ਬਿਊਟੀ ਪ੍ਰੋਡਕਟਸ ਭਾਵ ਸੁਰਖੀ ਬਿੰਦੀ, ਖ਼ੁਸ਼ਬੂਦਾਰ ਤੇਲਾਂ ਜਾਂ ਹੋਰ ਇਹੋ ਜਿਹੀ ਚੀਜ਼ਾਂ ਇਹ ਕਹਿ ਕੇ ਦੇਸ਼ ਅੰਦਰ ਆਉਣੋਂ ਰੋਕੋਗੇ ਕਿ ਔਖੇ ਤਰੀਕੇ ਨਾਲ ਕਮਾਈ ਗਈ ਵਿਦੇਸ਼ੀ ਮੁਦਰਾ ਅਸੀਂ ਇਨ੍ਹਾਂ ਚੀਜ਼ਾਂ 'ਤੇ ਨਹੀਂ ਖਰਚ ਸਕਦੇ ਕਿਉਂਕਿ ਬੈਲੈਂਸ ਆਫ ਪੇਮੈਂਟ ਤੁਹਾਡੇ ਦੇਸ਼ ਦੀ ਸਮੱਸਿਆ ਹੈ ਨਾ ਕਿ ਵਿਕਸਤ ਦੇਸ਼ਾਂ ਦੀ।

**ਗੈਟ ਫੇਲ੍ਹ ਕਿਉਂ ਹੋਈ**

ਅਮਰੀਕਾ ਅਸਲ ਵਿਚ ਆਈ.ਟੀ.ਓ. ਬਣਾਉਣਾ ਚਾਹੁੰਦਾ ਸੀ ਜਿਹੜੀ ਹੋਂਦ ਵਿਚ ਨਹੀਂ ਆ ਸਕੀ। 1934 ਵਿਚ ਰਾਸ਼ਟਰਪਤੀ ਨੂੰ ਮਿਲੇ ਅਧਿਕਾਰਾਂ ਅਧੀਨ ਰਾਸ਼ਟਰਪਤੀ ਨੂੰ ਦੂਜੇ ਦੇਸ਼ਾਂ ਨਾਲ ਮਸ਼ਵਰਾ ਕਰਕੇ ਟੈਕਸ ਘਟਾਉਣ ਦੇ ਯਤਨਾਂ ਹਿੱਤ ਇਕ ਸੰਸਥਾ ਬਣਾਉਣ ਦਾ ਅਧਿਕਾਰ ਸੀ। ਗੈਟ ਤਾਂ ਅਮਰੀਕਾ ਦੀ ਮਜਬੂਰੀ ਸੀ। ਗੈਟ ਤਾਂ ਸਮੁੱਚੇ ਦੇਸ਼ਾਂ ਦਾ ਇਕ ਵਿਆਪਕ ਸਮਝੌਤਾ ਸੀ। ਦੂਜਾ, ਜਿਹੜੇ ਆਰਥਿਕ ਕਾਰਨਾਂ ਕਰਕੇ ਜਰਮਨੀ ਸਨਅਤੀ ਤੇ ਆਰਥਿਕ ਤੌਰ 'ਤੇ ਤਕੜਾ ਹੋ ਗਿਆ ਸੀ, ਉਨ੍ਹਾਂ ਕਾਰਨਾਂ ਤੇ ਅਮਰੀਕਾ ਕਬਜ਼ਾ ਕਰਨਾ ਚਾਹੁੰਦਾ ਸੀ ਜਿਹੜਾ ITO ਵਿਚ ਤਾਂ ਸੰਭਵ ਸੀ ਪਰ ਗੈਟ ਵਿਚ ਨਹੀਂ ਸੀ। 1945 ਵਿਚ ਅਮਰੀਕੀ ਕਾਂਗਰਸ ਵਲੋਂ Reciprocal Trade Agreements Act ਦੀ ਮਿਆਦ ਵਧਾਉਣ ਮਗਰੋਂ ਸੰਯੁਕਤ ਰਾਸ਼ਟਰ ਵਿਚ ਇਕ ਆਰਥਿਕ ਤੇ ਸਮਾਜਿਕ ਕੌਂਸਲ (Eco-Soc) ਬਣਾਈ ਗਈ ਤੇ 1946 ਵਿਚ ਵਪਾਰ ਤੇ ਰੁਜ਼ਗਾਰ ਬਾਰੇ ਲੰਡਨ ਵਿਚ ਕਾਨਫਰੰਸ ਦਾ ਖਰੜਾ ਅਮਰੀਕਾ ਵਲੋਂ ਤਿਆਰ ਕਰਕੇ ਪੇਸ਼ ਕੀਤਾ ਗਿਆ, ਜਿਸ ਵਿਚ ITO ਨੂੰ ਮੁੱਖ ਸੰਸਥਾ ਤੇ ਗੈਟ ਨੂੰ ਉਸ ਦਾ ਹਿੱਸਾ ਮੰਨਦੇ ਹੋਏ ਗੈਟ ਨੂੰ ਇਕ ਸੰਸਥਾ ਵਜੋਂ ਨਹੀਂ ਬਲਕਿ ਇਕ ਆਮ ਇਕਰਾਰਨਾਮੇ ਵਜੋਂ ਮੰਨਿਆ ਗਿਆ। 1945 'ਚ ਰਾਸ਼ਟਰਪਤੀ ਨੂੰ ਮਿਲੇ ਅਖ਼ਤਿਆਰਾਂ ਦੀ ਮਿਆਦ ਦਾ ਵਾਧਾ 1948 ਵਿਚ ਖ਼ਤਮ ਹੋ ਗਿਆ। ਅਮਰੀਕੀ ਕਾਂਗਰਸ ਨੇ ਆਈ.ਟੀ.ਓ. ਨੂੰ ਮਨਜ਼ੂਰੀ ਨਾ ਦਿੱਤੀ। ਆਈ.ਟੀ.ਓ. ਖ਼ਤਮ ਹੋ ਗਈ ਤੇ ਅਮਰੀਕਾ ਨੂੰ ਜਿਵੇਂ ਉੱਤੇ ਦੱਸਿਆ ਗਿਆ ਹੈ ਮਜਬੂਰਨ ਗੈਟ ਸਮਝੌਤਾ ਕਰਨਾ ਹੀ ਪਿਆ।

1 ਜਨਵਰੀ, 1948 ਨੂੰ ਸ਼ੁਰੂ ਹੋਈ ਗੈਟ, ਜਿਸ ਵਿਚ ਸਿਰਫ 23 ਦੇਸ਼ ਸ਼ਾਮਿਲ ਹੋਏ, 1986 ਤੱਕ 38 ਸਾਲਾਂ ਵਿਚ ਸਿਰਫ ਅੱਠ ਵਾਰ ਹੀ ਗੱਲਬਾਤ ਦਾ ਦੌਰ ਚੱਲਿਆ। 1986 ਤੱਕ 102 ਦੇਸ਼ ਗੈਟ ਦੇ ਮੈਂਬਰ ਬਣ ਚੁੱਕੇ ਸਨ। ਪਰ ਇਸ ਦੀਆਂ ਕਮੀਆਂ, ਸ਼ਿਕਾਇਤਾਂ ਤੇ ਊਣਤਾਈਆਂ ਦੇ ਸਿੱਟੇ ਵਜੋਂ 1995 ਵਿਚ ਇਸ ਦੀ ਥਾਂ ਵਰਲਡ ਟਰੇਡ ਆਰਗੇਨਾਈਜ਼ੇਸ਼ਨ ਹੋਂਦ ਵਿਚ ਆ ਗਈ।

ਗੈਟ ਦੀਆਂ ਜਿਹੜੀਆਂ ਊਣਤਾਈਆਂ ਇਸ ਦੀ ਮੌਤ ਦਾ ਕਾਰਨ ਬਣੀਆਂ ਉਹ ਸਨ, ਗੈਟ ਦੀਆਂ ਧਾਰਨਾਵਾਂ ਭਾਵੇਂ ਸਾਰੇ ਮੈਂਬਰ ਦੇਸ਼ ਇਸ ਦੇ ਪਾਬੰਦ ਸਨ, ਫਿਰ ਵੀ ਕੁਝ ਵਿਕਸਤ ਦੇਸ਼ਾਂ ਨੂੰ (ਦਾਦੇ ਵਾਲੇ ਅਧਿਕਾਰ) ਦਿੱਤੇ ਗਏ ਸਨ ਜਿਹੜੇ ਸਨ ਤਾਂ ਆਰਜ਼ੀ ਪਰ ਉਹ ਚੱਲੀ ਜਾ ਰਹੇ ਸਨ। ਦੂਜਾ ਗੈਟ ਦੀਆਂ ਧਾਰਾਵਾਂ ਨੂੰ ਤਰਮੀਮ ਕਰਨ ਦਾ ਤਰੀਕਾ ਏਨਾ ਪੇਚੀਦਾ ਸੀ ਕਿ ਇਹ ਅਸੰਭਵ ਹੀ ਹੋ ਗਿਆ ਸੀ। ਤੀਜਾ, ਮੈਂਬਰਾਂ ਦੇ ਆਪਸੀ ਵਿਵਾਦਾਂ ਨੂੰ ਹੱਲ ਕਰਨ ਦਾ ਕੋਈ ਪੱਕਾ ਢੰਗ ਜਾਂ ਅਦਾਰਾ ਨਹੀਂ ਸੀ। ਕੁਝ ਦੇਸ਼ਾਂ ਦੇ ਵੱਖਰੇ ਸਮਝੌਤੇ ਸਨ ਜਿਹੜੇ ਗੈਟ ਦੀਆਂ ਧਾਰਾਵਾਂ ਦੇ ਅਨੁਕੂਲ ਨਹੀਂ ਸਨ। ਇਸ ਤਰ੍ਹਾਂ ਦੇ ਕਈ ਹੋਰ ਮੁੱਦੇ ਸਨ। ਗੈਟ ਆਪਣੇ ਆਪ ਵਿਚ ਇਕੋ ਇੱਕ ਇਕਰਾਰਨਾਮਾ ਨਹੀਂ ਸੀ ਬਲਕਿ 200 ਇਕਰਾਰਨਾਮਿਆਂ ਦਾ ਸਮੂਹ ਬਣ ਗਿਆ ਸੀ।

1979 ਵਿਚ ਟੋਕੀਓ ਵਿਖੇ ਹੋਈ ਵਾਰਤਾ ਤੇ 1994 ਵਿਚ ਉਰੂਗਵੇ ਵਿਚ ਸ਼ੁਰੂ ਹੋਈ ਵਾਰਤਾਲਾਪ ਦੇ 15 ਸਾਲਾਂ ਵਿਚ ਇਹੀ ਮਸ਼ਵਰੇ ਹੁੰਦੇ ਰਹੇ ਕਿ ਵਿਕਸਤ ਦੇਸ਼ਾਂ ਦੇ ਵਿਕਾਸਸ਼ੀਲ ਦੇਸ਼ਾਂ ਪ੍ਰਤੀ ਰਵੱਈਏ ਤੇ ਉਨ੍ਹਾਂ ਦੀਆਂ ਉਮੀਦਾਂ 'ਤੇ ਪੂਰਾ ਨਾ ਉਤਰ ਸਕਣ ਵਜੋਂ ਗੈਟ ਤੋਂ ਇਲਾਵਾ ਕੋਈ ਹੋਰ ਅਦਾਰਾ ਹੋਵੇ ਤੇ ਇਕ ਸੰਸਥਾ ਹੋਵੇ, ਨਾ ਕਿ ਸਿਰਫ ਇਕ ਇਕਰਾਰਨਾਮਾ ਹੋਂਦ ਵਿਚ ਲਿਆਂਦਾ ਜਾਵੇ। ਸਿੱਟੇ ਵਜੋਂ 160 ਦੇਸ਼ਾਂ ਦੀ ਮੈਂਬਰਸ਼ਿਪ ਵਾਲੀ ਇਹ ਸੰਸਥਾ ਵਿਸ਼ਵ ਦੇ 95 ਪ੍ਰਤੀਸ਼ਤ ਵਪਾਰ ਨਾਲ ਸਬੰਧਿਤ ਹੋਂਦ ਵਿਚ ਆਈ। ਇਸ ਦੀ ਮੁੱਖ ਕਾਰਜਕਾਰਨੀ /3 ਮਨਿਸਟਰੀਜ਼ ਕੌਂਸਲ ਹੈ। ਇਸ ਦੀ ਗਿਆਰਵੀਂ ਮੀਟਿੰਗ ਦਸੰਬਰ 2017 ਵਿਚ ਹੋ ਕੇ ਹਟੀ ਹੈ।

ਕਿਉਂਕਿ 1994 ਵਿਚ ਗੈਟ ਨੂੰ ਖ਼ਤਮ ਕਰਨ ਦੇ ਫ਼ੈਸਲੇ ਤੋਂ ਪਿੱਛੋਂ, ਤੇ ਬਣਨ ਤੋਂ ਪਹਿਲਾਂ 'ਖੇਤੀਬਾੜੀ ਬਾਰੇ ਸਮਝੌਤਾ' (ਐਗਰੀਮੈਂਟ ਆਨ ਐਗਰੀਕਲਚਰ) 'ਤੇ ਬਿਨਾਂ ਸੋਚੇ ਸਮਝੇ ਭਾਰਤ ਦੇ ਉਸ ਵੇਲੇ ਦੀ ਸਰਕਾਰ ਦੇ ਨੁਮਾਇੰਦੇ ਨੇ ਦਸਤਖ਼ਤ ਕਰ ਦਿੱਤੇ ਸਨ। ਇਹ ਸਮਝੌਤਾ ਬਣਨ ਤੇ 1 ਜਨਵਰੀ 1995 ਨੂੰ ਲਾਗੂ ਹੋ ਗਿਆ। ਇਸ ਸਮਝੌਤੇ ਅਧੀਨ ਮੈਂਬਰ ਦੇਸ਼ਾਂ ਨੂੰ ਤਿੰਨ ਖਾਨਿਆਂ ਵਿਚ ਰੱਖਿਆ ਗਿਆ। ਇਨ੍ਹਾਂ ਤਿੰਨਾਂ ਖਾਨਿਆਂ ਦੇ ਰੰਗ ਵੱਖ-ਵੱਖਰੇ ਹਨ। ਪਹਿਲਾ ਖਾਨਾ (Box) ਹਰੇ ਰੰਗ ਦਾ, ਦੂਜਾ ਨੀਲੇ ਤੇ ਤੀਜਾ ਪੀਲੇ ਰੰਗ ਦਾ। ਪਹਿਲੇ ਹਰੇ ਰੰਗ ਦੇ ਬਾਕਸ ਵਿਚ ਉਹ ਦੇਸ਼ ਸ਼ਾਮਿਲ ਕੀਤੇ ਗਏ, ਜਿਨ੍ਹਾਂ ਦੀ ਖੇਤੀ ਉਪਜ ਤੇ ਉਸ ਉਤੇ ਦਿੱਤੀ ਗਈ ਸਬਸਿਡੀ ਦਾ ਵਪਾਰ 'ਤੇ ਕੋਈ ਅਸਰ ਨਹੀਂ ਪੈਂਦਾ। ਇਹ ਵਿਕਸਤ ਦੇਸ਼ ਹਨ, ਜਿਨ੍ਹਾਂ ਨੂੰ ਛੋਟ ਦਿੱਤੀ ਗਈ ਕਿ ਜਿੰਨੀ ਚਾਹੁਣ, ਜਿਸ ਸ਼ਕਲ 'ਚ ਚਾਹੁਣ ਕਿਸਾਨ ਨੂੰ ਜਾਂ ਉਸ ਦੀ ਉਪਜ 'ਤੇ ਸਬਸਿਡੀ ਦੇ ਸਕਦੇ ਹਨ।

ਦੂਜੇ ਨੀਲੇ ਰੰਗ ਦੇ ਬਾਕਸ ਵਿਚ ਉਹ ਦੇਸ਼ ਸ਼ਾਮਿਲ ਕੀਤੇ ਗਏ, ਜਿਨ੍ਹਾਂ ਦੀ ਪੈਦਾਵਾਰ 'ਤੇ ਪਾਬੰਦੀ ਲਾਈ ਜਾ ਸਕਦੀ ਹੈ ਤੇ ਸਬਸਿਡੀ ਘੱਟ ਕੀਤੀ ਜਾ ਸਕਦੀ ਹੈ।

ਤੀਜੇ ਪੀਲੇ ਖਾਨੇ ਵਾਲੇ ਰੰਗ ਦੇ ਬਾਕਸ ਵਿਚ ਉਹ ਦੇਸ਼ ਹਨ, ਜਿਨ੍ਹਾਂ ਦੀ ਖੇਤੀ ਉਪਜ ਦੇ ਮਿਆਰ ਉਤਸ਼ਾਹਿਤ ਕਰਨ ਦੀ ਲੋੜ ਹੈ।

ਨੀਲੇ ਤੇ ਪੀਲੇ ਦੇਸ਼ਾਂ ਦੀ ਸਬਸਿਡੀ 'ਤੇ ਕੰਟਰੋਲ ਕੀਤਾ ਜਾਣਾ ਹੈ ਤੇ ਘਟਾਈ ਜਾ ਸਕਦੀ ਹੈ ਪਰ ਹਰੇ ਖਾਨੇ ਵਾਲੇ ਵਿਕਸਤ ਦੇਸ਼ਾਂ 'ਤੇ ਇਹ ਪਾਬੰਦੀ ਨਹੀਂ ਹੈ। ਇਸੇ ਕਰਕੇ ਵਿਕਸਤ ਦੇਸ਼ ਜਿਵੇਂ ਅਮਰੀਕਾ ਤੇ ਕੈਨੇਡਾ ਕੁਝ ਫ਼ਸਲਾਂ 'ਤੇ 80 ਫ਼ੀਸਦੀ, ਜਪਾਨ 50 ਫ਼ੀਸਦੀ, ਨਾਰਵੇ ਤੇ ਸਵਿਟਜ਼ਰਲੈਂਡ 60 ਫ਼ੀਸਦੀ ਸਬਸਿਡੀ ਦੇ ਰਹੇ ਹਨ। ਵਿਕਾਸ ਕਰ ਰਹੇ ਦੇਸ਼ਾਂ 'ਤੇ ਸਬਸਿਡੀ ਦੇਣ ਦੀ ਪਾਬੰਦੀ ਲਾਈ ਜਾ ਰਹੀ ਹੈ। ਵਿਕਸਤ ਦੇਸ਼ ਜਿਨ੍ਹਾਂ ਵਿਚ ਅਮਰੀਕਾ, ਕੈਨੇਡਾ ਤੇ ਆਸਟਰੇਲੀਆ ਸ਼ਾਮਿਲ ਹਨ, ਦਾ ਰਕਬਾ ਹਿੰਦੁਸਤਾਨ ਦੇ ਰਕਬੇ ਤੋਂ ਤਿੰਨ ਗੁਣਾ ਜ਼ਿਆਦਾ ਹੈ ਤੇ ਅਬਾਦੀ ਅਮਰੀਕਾ ਦੀ 33 ਕਰੋੜ, ਕੈਨੇਡਾ ਦੀ 3 ਕਰੋੜ 60 ਲੱਖ ਤੇ ਆਸਟਰੇਲੀਆ ਦੀ 2 ਕਰੋੜ ਹੈ। ਇਸ ਲਈ ਖਾਣ ਵਾਲਿਆਂ ਦੀ ਗਿਣਤੀ ਖੇਤੀ ਪੈਦਾਵਾਰ ਤੋਂ ਬਹੁਤ ਘੱਟ ਹੈ ਤੇ ਉਹ ਆਪਣਾ ਅਨਾਜ ਤੇ ਇਸ ਤੋਂ ਬਣਨ ਵਾਲੀਆਂ ਵਸਤਾਂ ਬਾਹਰਲੇ ਦੇਸ਼ਾਂ ਦੀਆਂ ਮੰਡੀਆਂ ਵਿਚ ਵੇਚਣਾ ਚਾਹੁੰਦੇ ਹਨ।

ਇਸ ਲਈ ਵਿਕਸਤ ਦੇਸ਼ ਚਾਹੁੰਦੇ ਹਨ, ਜਦੋਂ ਉਨ੍ਹਾਂ ਦਾ ਮਾਲ ਘੱਟ ਵਿਕਸਤ ਦੇਸ਼ਾਂ ਵਿਚ ਜਾਵੇ, ਤਾਂ ਉਨ੍ਹਾਂ 'ਤੇ ਕੋਈ ਟੈਕਸ ਨਾ ਲੱਗੇ, ਕੋਈ ਰੁਕਾਵਟ ਨਾ ਹੋਵੇ, ਕੋਈ ਬਹੁਤੀ ਪੁੱਛ-ਗਿੱਛ ਨਾ ਹੋਵੇ, ਇਕੋ ਥਾਂ 'ਤੇ ਕਾਗਜ਼ ਵਿਖਾ ਕੇ ਉਹ ਜਿਥੇ ਚਾਹੁਣ, ਆਪਣਾ ਮਾਲ ਵੇਚ ਸਕਣ। ਉਨ੍ਹਾਂ ਨੂੰ ਇਸ ਕੰਮ ਤੋਂ ਰੋਕਣ ਲਈ ਵਿਕਾਸ ਕਰ ਰਹੇ ਦੇਸ਼ਾਂ ਕੋਲ ਇਕੋ-ਇਕ ਤਰੀਕਾ ਹੈ ਕਿ ਉਹ ਬਾਹਰੋਂ ਆਉਣ ਵਾਲੇ ਮਾਲ 'ਤੇ ਟੈਕਸ ਜਾਂ ਡਿਊਟੀ ਲਾ ਦੇਣ ਤਾਂ ਕਿ ਦੇਸ਼ ਵਿਚ ਬਣ ਰਹੇ ਮਾਲ ਜਾਂ ਪੈਦਾ ਕੀਤੇ ਜਾ ਰਹੇ ਅਨਾਜ ਦੀ ਕੀਮਤ ਘੱਟ ਨਾ ਹੋ ਜਾਵੇ। ਇਸ ਤੋਂ ਉਲਟ ਵਿਕਸਤ ਦੇਸ਼ ਮੁਫ਼ਤ ਬਾਜ਼ਾਰ ਚਾਹੁੰਦੇ ਹਨ। 33 ਵਿਕਾਸ ਕਰ ਰਹੇ ਦੇਸ਼ ਇਕੱਠੇ ਹੋ ਕੇ ਵਿਰੋਧਤਾ ਕਰ ਰਹੇ ਹਨ, ਜਿਨ੍ਹਾਂ ਵਿਚ ਭਾਰਤ ਤੇ ਚੀਨ ਵੀ ਸ਼ਾਮਿਲ ਹਨ। ਕਿਸੇ ਵੇਲੇ ਭਾਰਤ ਇਨ੍ਹਾਂ 33 ਦੇਸ਼ਾਂ ਦਾ ਆਗੂ ਸੀ।

ਇਕ ਹੋਰ ਸ਼ਰਤ ਜਿਹੜੀ ਖੇਤੀਬਾੜੀ ਬਾਰੇ ਸਮਝੌਤੇਵਿਚ ਸ਼ਾਮਿਲ ਕੀਤੀ ਗਈ ਤੇ ਜਿਸ 'ਤੇ ਭਾਰਤ ਨੇ ਬਿਨਾਂ ਸੋਚੇ ਸਮਝੇ 1994 ਵਿਚ ਦਸਤਖ਼ਤ ਕਰ ਦਿੱਤੇ, ਉਹ ਹੈ ਸਰਕਾਰ ਵਲੋਂ ਖੇਤੀ ਉਪਜ ਦੀ 10 ਪ੍ਰਤੀਸ਼ਤ ਤੋਂ ਵੱਧ ਖਰੀਦ 'ਤੇ ਪਾਬੰਦੀ। ਇਹ ਇਕਰਾਰਨਾਮਾ ਭਾਰਤ 'ਤੇ ਪਾਬੰਦੀ ਲਾਉਂਦਾ ਹੈ ਕਿ ਉਹ ਆਪਣੇ ਦੇਸ਼ ਦੀ ਕੁੱਲ ਪੈਦਾਵਾਰ ਦਾ ਕੀਮਤ ਵਜੋਂ ਜਾਂ ਵਜ਼ਨ ਵਜੋਂ 10 ਫ਼ੀਸਦੀ ਤੋਂ ਵੱਧ ਸਰਕਾਰੀ ਖ਼ਰੀਦ ਨਹੀਂ ਕਰੇਗਾ।

1994 ਵਿਚ ਉਰੂਗਵੇ ਵਿਖੇ ਹੋਈ ਗੱਲਬਾਤ ਵੇਲੇ ਭਾਰਤ ਵਲੋਂ ਦਸਤਖ਼ਤ ਕਰਨ ਵੇਲੇ ਭਾਰਤ 1986-88 ਦੇ ਅੰਕੜਿਆਂ ਨੂੰ ਆਧਾਰ ਬਣਾ ਰਿਹਾ ਸੀ ਤੇ ਤੀਜੇ ਸ਼ਡਿਊਲ ਦੇ ਫਾਰਮੂਲੇ ਨੂੰ ਸਮਝ ਨਹੀਂ ਰਿਹਾ ਸੀ ਪਰ ਕਿਉਂਕਿ ਭਾਰਤ ਇਸ ਇਕਰਾਰਨਾਮੇ 'ਤੇ ਦਸਤਖ਼ਤ ਕਰ ਚੁੱਕਾ ਹੈ, ਇਸ ਨੂੰ ਵਿਕਸਤ ਦੇਸ਼, ਭਾਰਤ ਨੂੰ ਇਸ ਦਾ ਪਾਬੰਦ ਦੱਸਦੇ ਹੋਏ ਇਸ 'ਤੇ ਅਮਲ ਕਰਨ 'ਤੇ ਜ਼ੋਰ ਪਾ ਰਹੇ ਹਨ।

ਬਦਕਿਸਮਤੀ ਨਾਲ ਸਾਡੇ ਸਿਆਸਤਦਾਨ ਇਹ ਨਹੀਂ ਸਮਝ ਪਾਉਂਦੇ ਕਿ ਜਦੋਂ ਉਹ ਅਮਰੀਕਾ ਜਾਂਦੇ ਹਨ ਤਾਂ ਉਨ੍ਹਾਂ ਦਾ ਏਨਾ ਸਵਾਗਤ ਕਿਉਂ ਕੀਤਾ ਜਾਂਦਾ ਹੈ। ਹੁਣ ਵੀ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਮਰੀਕਾ ਗਏ ਤਾਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਪਰ ਆਉਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੂੰ ਮਨਾ ਲਿਆ ਕਿ ਉਹ ਦੀਆਂ ਸ਼ਰਤਾਂ ਦੀ ਪਾਲਣਾ ਕਰੇਗਾ, ਜਿਸ ਵਿਚ ਸਬਸਿਡੀ ਖ਼ਤਮ ਕਰਨਾ, ਸਰਕਾਰੀ ਖਰੀਦ ਬੰਦ ਕਰਨਾ ਤੇ ਵਿਕਸਤ ਦੇਸ਼ਾਂ ਨੂੰ ਮੁਫ਼ਤ ਬਾਜ਼ਾਰ ਦੇਣਾ ਸ਼ਾਮਿਲ ਹੈ। ਪ੍ਰਧਾਨ ਮੰਤਰੀ ਨੇ ਸਿਰਫ ਇਹ ਬੇਨਤੀ ਕੀਤੀ ਕਿ ਸਾਨੂੰ 2019 ਤੱਕ ਦਾ ਸਮਾਂ ਦਿੱਤਾ ਜਾਵੇ ਉਦੋਂ ਤੱਕ ਉਹ ਆਪਣੇ ਦੇਸ਼ ਵਿਚ ਇਨ੍ਹਾਂ ਸ਼ਰਤਾਂ ਨੂੰ ਲਾਗੂ ਕਰਨ ਦਾ ਪ੍ਰਬੰਧ ਤੇ ਵਾਤਾਵਰਨ ਪੈਦਾ ਕਰ ਲੈਣਗੇ। ਇਸ ਦੇ ਜੋ ਭਿਆਨਕ ਨਤੀਜੇ ਨਿਕਲਣ ਵਾਲੇ ਹਨ, ਉਹ ਕਿਆਸੇ ਜਾ ਸਕਦੇ ਹਨ।

**-ਜੋਗਿੰਦਰ ਸਿੰਘ ਤੂਰ**
**ਐਡਵੋਕੇਟ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ**
**# 530, ਸੈਕਟਰ 33-ਬੀ, ਚੰਡੀਗੜ੍ਹ**
**ਮੋਬਾਈਲ : 98151-33530**

# ਕੈਨੇਡਾ 'ਚ ਸਾਡਾ ਰਹਿਣ-ਸਹਿਣ ਸੱਭਿਆਚਾਰਕ ਕੂੜ ਕਬਾੜਾ

(ਸਫ਼ਾ 21 ਦੀ ਬਾਕੀ)

ਦਿਮਾਗ ਵਿੱਚ ਹਰ ਵੇਲੇ ਹੁੰਦਾ ਹੈ ਕਿ ਸਾਡੇ ਬੱਚੇ ਸੈਟ ਹੋ ਜਾਣ। ਜਦ ਉਨ੍ਹਾਂ ਨੂੰ ਪੈਨਸ਼ਨ ਲੱਗਦੀ ਹੈ ਤਾਂ ਉਹ ਪੈਨਸ਼ਨ ਵੀ ਆਪਦੇ ਪੁੱਤ ਨੂੰ ਦੇ ਦਿੰਦੇ ਹਨ। ਜੇਕਰ ਉਹ ਥੋੜ੍ਹੇ ਬਹੁਤੇ ਪੈਨਸ਼ਨ ਦੇ ਪੈਸੇ ਰੱਖ ਲੈਂਦੇ ਹਨ ਤਾਂ ਉਨ੍ਹਾਂ ਦੀਆਂ ਜੇਬਾਂ ਫਰੋਲੀਆਂ ਜਾਂਦੀਆਂ ਹਨ ਕਿ, ਕਿਤੇ ਇਹ ਪੈਸੇ ਆਪਦੀ ਧੀ ਨੂੰ ਤਾਂ ਨਹੀਂ ਦੇਣ ਚੱਲੇ। ਸਾਡੇ ਬਜ਼ੁਰਗ ਸਾਡਾ ਇੰਨਾ ਫਿਕਰ ਕਰਦੇ ਹਨ ਕਿ ਕੈਨੇਡਾ ਤਾਂ ਕੀ ਦੁਨੀਆਂ ਦੇ ਹਰ ਏਅਰ ਪੋਰਟ 'ਤੇ ਸਾਫ਼-ਸਫ਼ਾਈ ਕਰਦੇ ਦੇਖੇ ਜਾ ਸਕਦੇ ਹਨ।

ਪਰ ਸਾਡਾ ਵਤੀਰਾ ਬਿਲਕੁੱਲ ਵੱਖਰਾ ਹੈ। ਜਦ ਇਹੀ ਬਜ਼ੁਰਗ ਕੰਮਕਾਰ ਤੋਂ ਨਕਾਰਾ ਹੋ ਜਾਂਦੇ ਹਨ ਤਾਂ ਅਸੀਂ ਉਨ੍ਹਾਂ ਨੂੰ ਬਿਰਧ ਆਸ਼ਰਮ ਵਿੱਚ ਛੱਡ ਆਉਂਦੇ ਹਾਂ। ਗੋਰਿਆਂ ਦੇ ਬਿਰਧ ਆਸ਼ਰਮ ਵਿੱਚ ਨਾਂ ਉਨ੍ਹਾਂ ਨੂੰ ਖਾਣਾ ਚੰਗਾ ਲਗਦਾ ਹੈ ਅਤੇ ਨਾ ਹੀ ਭਾਸ਼ਾ ਸਮਝ ਆਉਂਦੀ ਹੈ। ਫੇਰ ਸਾਡੇ ਇਹੀ ਬਜ਼ੁਰਗ ਜਿਨ੍ਹਾਂ ਨੇ ਆਪਦੀਆਂ ਜ਼ਮੀਨਾਂ ਵੇਚ ਕੇ ਸਾਡੇ ਘਰ ਫਰੀ ਕਰਾ ਦਿੱਤੇ ਹਨ, ਬਿਰਧ ਆਸ਼ਰਮ ਵਿੱਚ ਬੈਠੇ ਪਛਤਾਉਂਦੇ ਹਨ। ਅਸੀਂ ਵੱਡੇ-ਵੱਡੇ ਧਾਰਮਿਕ ਅਸਥਾਨ ਤਾਂ ਬਣਾ ਸਕਦੇ ਹਾਂ ਪਰ ਬਜ਼ੁਰਗ ਲਈ ਕੋਈ ਇਹੋ ਜਿਹਾ ਬਿਰਧ ਆਸ਼ਰਮ ਨਹੀਂ ਬਣਾ ਸਕਦੇ। ਜਿੱਥੇ ਸਾਡਾ ਆਪਣਾ ਖਾਣਾ ਹੋਵੇ ਅਤੇ ਕੰਮ ਕਰਨ ਵਾਲਾ ਸਟਾਫ਼ ਬਜ਼ੁਰਗਾਂ ਦੀ ਭਾਸ਼ਾ ਬੋਲਣ ਵਾਲਾ ਹੋਵੇ। ਬਹੁਤ ਵਾਰ ਅਸੀਂ ਪਾਰਟੀਆਂ 'ਤੇ ਜਾਂਦੇ ਹਾਂ ਪਰ ਬਜ਼ੁਰਗਾਂ ਨੂੰ ਨਾਲ ਲੈ ਕੇ ਨਹੀਂ ਜਾਂਦੇ। ਸਾਡਾ ਇਹ ਗੱਲ ਹੈ ਕਿ ਸਾਡੇ ਬਟੂਏ ਵਿੱਚ ਜਾਂ ਦਫ਼ਤਰ ਦੀ ਮੇਜ 'ਤੇ ਪਲੇਟ ਸਾਡੇ ਪਤੀ ਪਤਨੀ ਜਾਂ ਬੱਚਿਆਂ ਦੀ ਹੁੰਦੀ ਹੈ ਪਰ ਬਜ਼ੁਰਗਾਂ ਦੀ ਨਹੀਂ। ਬਹੁਤ ਵਾਰੀ ਅਸੀਂ ਬਾਹਰ ਖਾਣਾ ਖਾ ਕੇ ਆਉਂਦੇ ਹਾਂ ਤੇ ਜਾਣ ਲੱਗੇ ਇਹ ਵੀ ਨਹੀਂ ਸੋਚਦੇ ਕਿ ਜਾਣ ਤੋਂ ਪਹਿਲਾਂ ਦੋ ਰੋਟੀਆਂ ਬਜ਼ੁਰਗਾਂ ਲਈ ਵੀ ਲੈ ਜਾਈਏ। ਗੋਰਿਆਂ ਦੇ ਬਿਰਧ ਆਸ਼ਰਮਾਂ ਵਿੱਚ ਸਾਡੇ ਬਹੁਤ ਬਜ਼ੁਰਗ ਪਏ ਹਨ ਜਿਹੜੇ ਕਿ ਗੱਲ ਕਰਨ ਨੂੰ ਤਰਸਦੇ ਹਨ ਪਰ ਉਨ੍ਹਾਂ ਨੂੰ ਤਾਂ ਕਈ ਵਾਰ ਅਸੀਂ ਮਹੀਨਾ -ਮਹੀਨਾ ਮਿਲਣ ਵੀ ਨਹੀਂ ਜਾਂਦੇ । ਬਹੁਤ ਵਾਰੀ ਪੁੱਤਾਂ ਵਿੱਚ ਜਾਂ ਬੱਚਿਆਂ ਵਿੱਚ ਆਪਸ ਵਿੱਚ ਲੜਾਈ ਹੋ ਜਾਂਦੀ ਹੈ , ਉਹ ਕਹਿੰਦਾ ਹੈ 'ਬਜ਼ੁਰਗ ਨੂੰ ਤੂੰ ਸਾਂਭ', ਉਹ ਕਹਿੰਦਾ ਹੈ 'ਤੂੰ ਸਾਂਭ'। ਬਹੁਤ ਵਾਰ ਕੋਈ ਵੀ ਨਹੀਂ ਸਾਂਭਦਾ। ਫਿਰ ਉਹ ਇੱਕਲੇ ਹੀ ਕਿਸੇ ਅਪਾਰਟਮੈਂਟ ਵਗੈਰਾ ਵਿੱਚ ਬੈਠ ਕੇ ਰੋਂਦੇ ਰਹਿੰਦੇ ਹਨ।

ਧਾਰਮਿਕ ਰਾਜਨੀਤਿਕ ਵਰਤਾਰੇ: ਅਸੀਂ ਆਪਣੇ ਬਜ਼ੁਰਗ ਨੂੰ ਸਵੇਰੇ ਉੱਠ ਕੇ ਨਮਸ਼ਕਾਰ ਕਰੀਏ ਜਾਂ ਨਾ ਕਰੀਏ ਪਰ ਕੰਮ 'ਤੇ ਜਾਣ ਤੋਂ ਪਹਿਲਾਂ ਚੱਲਦੀ ਕਾਰ ਛੱਡ ਕੇ ਧਾਰਮਿਕ ਜਗਾਹ 'ਤੇ ਮੱਥਾ ਟੇਕਣ ਜਾਂਦੇ ਹਾਂ। ਵੱਧ ਤੋਂ ਵੱਧ ਦਾਨ ਕਰਦੇ ਹਾਂ। ਬਜ਼ੁਰਗ ਦੇ ਬੇਸ਼ਕ ਕੱਪੜੇ ਫਟੇ ਹੋਏ ਹੋਣ ਉਨ੍ਹਾਂ ਦੀ ਕੋਈ ਪਰਵਾਹ ਨਹੀਂ ਕਰਦੇ। ਬਹੁਤ ਵੱਡੇ ਵੱਡੇ ਧਾਰਮਿਕ ਕੇਂਦਰ ਉਸਾਰਦੇ ਹਾਂ, ਇਸ ਕੰਮ ਲਈ ਸਰਕਾਰਾਂ ਵੀ ਗਰਾਂਟਾਂ ਦੇ ਗੱਫੇ ਦਿੰਦੀਆਂ ਹਨ ਤਾਂ ਕਿ ਅਸੀਂ ਧਰਮਾਂ ਭਰਮਾਂ ਵਿੱਚ ਉਲਝੇ ਰਹੀਏ। ਪਾਰਲੀਮੈਂਟ ਵਿੱਚ ਵੈਸਾਖੀ ਮਨਾਈ ਜਾਂਦੀ ਹੈ। ਈਦ ਮਨਾਈ ਜਾਂਦੀ ਹੈ। ਜਨਮ ਅਸ਼ਟਮੀ ਮਨਾਈ ਜਾਂਦੀ, ਕ੍ਰਿਸਮਿਸ ਮਨਾਈ ਜਾਂਦੀ ਹੈ। ਅਸੀਂ ਬੜੇ ਖ਼ੁਸ਼ ਹੁੰਦੇ ਹਾਂ। ਅਸੀਂ ਸਰਕਾਰ ਨੂੰ ਮਾਫ਼ ਕਰ ਦਿੰਦੇ ਹਾਂ ਅਤੇ ਸਰਕਾਰ ਦੇ ਚੋਣ ਵਾਅਦੇ ਭੁੱਲ ਜਾਂਦੇ ਹਾਂ। ਸਰਕਾਰਾਂ ਧਾਰਮਿਕ ਸਕੂਲਾਂ ਨੂੰ ਗਰਾਂਟਾਂ ਦਿੰਦੀਆਂ ਹਨ। ਵੱਖ-ਵੱਖ ਧਰਮਾਂ ਦੇ ਬੱਚੇ ਅੱਡ ਅੱਡ ਧਾਰਮਿਕ ਸਕੂਲਾਂ ਵਿੱਚ ਪੜ੍ਹਦੇ ਹਨ। ਫਿਰ ਸਾਡੀ ਬਹੁ ਸੱਭਿਆਚਾਰ ਦੀ ਪਰਿਭਾਸ਼ਾ ਕਿੱਧਰ ਨੂੰ ਚਲੀ ਜਾਂਦੀ ਹੈ। ਅਸੀਂ ਇੱਕ ਬਹੁਤ ਵੱਡੀ ਸਾਜਿਸ਼ ਦਾ ਸ਼ਿਕਾਰ ਹੋ ਰਹੇ ਹਾਂ, ਕਿ ਸਰਕਾਰਾਂ ਪਬਲਿਕ ਸਕੂਲ ਸਿਸਟਮ ਨੂੰ ਖ਼ਤਮ ਕਰਨ ਲਈ ਅਸੀਂ ਵੀ ਸਰਕਾਰ ਦੇ ਭਾਈਵਾਲ ਬਣ ਜਾਂਦੇ ਹਾਂ। ਤਿੰਨ ਤਿੰਨ ਸੌ ਜਾਂ ਚਾਰ ਪੰਜ ਸੌ ਮਹੀਨਾਂ ਫੀਸ ਭਰਦੇ ਹਾਂ ਬੱਚਿਆਂ ਦੀ ਜਦਕਿ ਪਬਲਿਕ ਸਕੂਲ ਸਿਸਟਮ ਫਰੀ ਹੈ। ਜੇਕਰ ਸਾਡਾ ਇਹੀ ਹਾਲ ਰਿਹਾ ਤਾਂ ਇੱਕ ਦਿਨ ਪਬਲਿਕ ਸਕੂਲ ਸਿਸਟਿਮ ਖ਼ਤਮ ਹੋ ਜਾਵੇਗਾ ਅਤੇ ਫਿਰ ਮਹਿੰਗੇ ਪ੍ਰਾਈਵੇਟ ਸਕੂਲਾਂ ਵਿੱਚ ਅਮੀਰਾਂ ਦੇ ਬੱਚੇ ਹੀ ਪੜ੍ਹਨਗੇ। ਗਰੀਬਾਂ ਦੇ ਬੱਚੇ ਮਜ਼ਦੂਰੀ ਕਰਨ ਜੋਗੇ ਰਹਿ ਜਾਣਗੇ। ਆਪਣੇ ਆਲੇ-ਦੁਆਲੇ ਨਿਗਾਹ ਮਾਰੀਏ ਦੇਖੀਏ ਕਿ ਇਨ੍ਹਾਂ ਸਿਆਸਤਦਾਨਾਂ ਦੇ ਬੱਚੇ ਕਿੰਨੇ ਮਹਿੰਗੇ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਦੇ ਹਨ। ਜੇਕਰ ਸਾਡੇ ਲੋਕਾਂ ਦੀ ਰਾਜਨੀਤਿਕ ਵਰਤਾਰੇ ਵੱਲ ਨਿਗਾਹ ਮਾਰੀਏ ਤਾਂ ਕਿਸੇ ਟਾਇਮ ਪੰਜਾਬ ਦੇ ਇੱਕ ਐਮ.ਐਲ.ਏ ਦੀ ਗੱਲ ਯਾਦ ਆ ਜਾਂਦੀ ਹੈ। ਉਹ ਭਾਈ ਸਾਹਿਬ ਹਰ ਪੰਜੀ ਸਾਲੀਂ ਪਾਰਟੀ ਬਦਲ ਲੈਂਦੇ ਸਨ। ਉਨ੍ਹਾਂ ਕਿਸੇ ਨੇ ਪੁੱਛਿਆ ਕਿ ਭਾਈ ਸਾਹਿਬ 'ਇਹ ਕੀ, ਕਦੇ ਤੁਸੀਂ ਨੀਲੀ ਬੰਨ੍ਹ ਲੈਂਦੇ ਹੋ ਕਦੇ ਚਿੱਟੀ ਬੰਨ੍ਹ ਲੈਂਦੇ ਹੋ' ਕੀ ਕਾਰਨ ਹੈ? ਤਾਂ ਉਸ ਐਮ.ਐਲ.ਏ ਨੇ ਜੁਆਬ ਦਿੱਤਾ ਜਿਹੜਾ ਕਿ ਮੈਂ ਸਾਰੀ ਉਮਰ ਭੁੱਲ ਨਹੀਂ ਸਕਦਾ। ਉਸ ਐਮ. ਐਲ.ਏ. ਦਾ ਜੁਆਬ ਸੀ ਕਿ ਮੈਂ ਤਾਂ ਉਹ ਬੱਸ ਫੜਨੀ ਹੈ। ਜਿਹੜੀ ਚੰਡੀਗੜ੍ਹ ਨੂੰ ਜਾਂਦੀ ਹੈ। ਬੱਸ ਇਹੀ ਹਾਲ ਸਾਡੇ ਇੱਥੋਂ ਦੇ ਸਿਆਸਤਦਾਨਾਂ ਦਾ ਹੈ। ਇਹ ਦੇਖਦੇ ਹਨ ਕਿ ਕਿਹੜੀ ਪਾਰਟੀ ਸਰਕਾਰ ਬਣਾਏਗੀ। ਬੱਸ ਉਸ ਪਾਸੇ ਨੂੰ ਇਨ੍ਹਾਂ ਦੀ ਦੌੜ ਲੱਗਦੀ ਹੈ। ਛੇ-ਛੇ ਲੱਖ ਤਨਖਾਹ ਦਿਸਦੀ ਹੈ ਅਤੇ ਬਾਕੀ ਸਾਰੇ ਬੈਨੀਫਿਟ ਦਿਸਦੇ ਹਨ ਅਤੇ ਵਧੀਆ ਪੈਨਸ਼ਨ ਦਿਸਦੀ ਹੈ, ਬਾਕੀ ਪਾਰਟੀਆਂ ਦੀ ਵਿਚਾਰਧਾਰਾ ਨਾਲ ਇਨ੍ਹਾਂ ਦਾ ਕੋਈ ਸਰੋਕਾਰ ਨਹੀਂ। ਇਹ ਐਮ.ਐਲ.ਏ ਜਾਂ ਐਮ ਪੀ ਬਣਨ ਜਾਂ ਨਾ ਬਣਨ ਪਰ ਫੀਲਿੰਗ ਲੈਣੀ ਪਹਿਲਾਂ ਹੀ ਸ਼ੁਰੂ ਕਰ ਦਿੰਦੇ ਹਨ। ਜਿਹੜੇ ਐਮ.ਐਲ.ਏ ਜਾਂ ਐਮ.ਪੀ. ਅੱਜ-ਕੱਲ੍ਹ ਹੀ ਸਾਡੀ ਕਮਿਊਨਿਟੀ ਜਾਂ ਇਮੀਗਰੈਂਟਾਂ ਦੇ ਉਲਟ ਬੋਲ ਕੇ ਹਟੇ ਹਨ। ਅਸੀਂ ਉਨ੍ਹਾਂ ਨੂੰ ਆਪਣੇ ਧਾਰਮਿਕ ਕੇਂਦਰਾਂ 'ਤੇ ਲਿਜਾ ਕੇ ਸਨਮਾਨਿਤ ਕਰਦੇ ਹਾਂ। ਲੀਡਰਾਂ ਦੀ ਨਿਗਾਹ ਵਿੱਚ ਚੰਗੇ ਬਣਦੇ ਹਾਂ ਅਤੇ ਪਾਰਟੀ ਟਿਕਟ ਲੈਣ ਲਈ ਆਪਦੇ ਨੰਬਰ ਬਣਾਉਂਦੇ ਹਾਂ। ਗੱਲ ਕੀ ਲਾਲਚ ਸਾਡੇ ਰੋਮ-ਰੋਮ ਵਿੱਚ ਰਚ ਗਿਆ ਹੈ। ਵਿੰਗੇ-ਟੇਢੇ ਤਰੀਕਿਆਂ ਨਾਲ ਪੈਸੇ ਕਮਾਉਣਾ ਚਾਹੁੰਦੇ ਹਾਂ, ਮਸ਼ਹੂਰ ਹੋਣਾ ਚਾਹੁੰਦੇ ਹਾਂ। ਅਸੂਲ ਪ੍ਰਸਤੀ ਤੋਂ ਪਿੱਛਾ ਛੁਡਾਉਣਾ ਚਾਹੁੰਦੇ ਹਾਂ। ਆਖ਼ਰ ਵਿੱਚ ਇਹ ਲੇਖ ਬਹੁਤ ਲੰਮਾ ਹੋ ਜਾਂਦਾ ਹੈ। ਉਪਰ ਜੋ ਲਿਖਿਆ ਇਹ ਸਾਡਾ ਰਹਿਣ-ਸਹਿਣ ਹੈ, ਇਹੀ ਸੱਭਿਆਚਾਰ ਹੁੰਦਾ ਹੈ। ਇਹੀ ਸਾਡੀ ਪ੍ਰੈਕਟੀਕਲ ਜ਼ਿੰਦਗੀ ਹੈ ਕਿ ਇਸ ਨੂੰ ਸਾਂਭਣ ਦੀ ਲੋੜ ਹੈ? ਜਾਂ ਸਾਨੂੰ ਕੋਈ ਹੋਰ ਸੱਭਿਆਚਾਰ ਸਿਰਜਣਾ ਚਾਹੀਦਾ ਹੈ?

# ਰੱਖਿਆ ਸੌਦੇ ਅਤੇ ਦਲਾਲੀ



ਅਨੁਵਾਦ : ਰਣਜੀਤ ਲਹਿਰਾ

ਪਾਰਲੀਮੈਂਟ ਵਿੱਚ ਮੋਦੀ ਸਰਕਾਰ ਖਿਲਾਫ਼ ਬੇਵਿਸਾਹੀ ਮਤੇ 'ਤੇ ਹੋਈ ਚਰਚਾ ਤੋਂ ਬਾਅਦ ਰਾਫੇਲ ਡੀਲ ਇੱਕ ਵਾਰ ਫਿਰ ਵਿਵਾਦ ਦਾ ਵਿਸ਼ਾ ਬਣ ਗਈ ਹੈ । ਇਹ ਸਾਫ਼-ਸਾਫ਼ ਜ਼ਾਹਿਰ ਹੋ ਰਿਹਾ ਹੈ ਕਿ ਮੋਦੀ ਸਰਕਾਰ ਕਿਸੇ ਵੀ ਕੀਮਤ 'ਤੇ ਰਾਫੇਲ ਜਹਾਜ਼ਾਂ ਦੀ ਕੀਮਤ ਨੂੰ ਛੁਪਾਉਣਾ ਚਾਹੁੰਦੀ ਹੈ । ਇਸ ਗੱਲ ਦੀ ਚਰਚਾ ਹੋ ਰਹੀ ਹੈ ਕਿ ਰਾਫੇਲ ਮੋਦੀ ਸਰਕਾਰ ਲਈ ਬੋਫੋਰਜ਼ ਸਾਬਤ ਹੋ ਸਕਦਾ ਹੈ । ਇਹਦੇ ਨਾਲ-ਨਾਲ ਸਰਮਾਏਦਾਰਾ ਮੀਡੀਆ ਇਸ ਗੱਲ 'ਤੇ ਵਿਸ਼ੇਸ਼ ਚਿੰਤਾ ਪ੍ਰਗਟਾ ਰਿਹਾ ਹੈ ਕਿ ਵੱਡੇ ਰੱਖਿਆ ਸੌਦੇ ਵਾਰ-ਵਾਰ ਵਿਵਾਦ ਦਾ ਵਿਸ਼ਾ ਬਣ ਜਾਂਦੇ ਹਨ ਜਿਸ ਨਾਲ ਦੇਸ਼ ਦੀਆਂ ਫੌਜ਼ੀ ਲੋੜਾਂ ਦੀ ਪੂਰਤੀ ਦਾ ਕੰਮ ਪ੍ਰਭਾਵਿਤ ਹੁੰਦਾ ਹੈ । ਇਹ ਕਿਹਾ ਜਾ ਰਿਹਾ ਹੈ ਕਿ ਇਨ੍ਹਾਂ ਵਿਵਾਦਾਂ ਦੇ ਸਦਕਾ ਪਹਿਲਾਂ ਹੀ ਹਥਿਆਰਾਂ ਅਤੇ ਗੋਲਾ-ਬਾਰੂਦ ਦੀ ਕਮੀ ਨਾਲ ਦੋ-ਚਾਰ ਹੋ ਰਹੀ ਫੌਜ ਨੂੰ ਆਧੁਨਿਕ ਸਾਜ਼ੋ-ਸਾਮਾਨ ਮਿਲਣਾ ਹੋਰ ਔਖਾ ਹੋ ਜਾਂਦਾ ਹੈ ।

ਪਰ, ਇਨ੍ਹਾਂ ਗੱਲਾਂ ਤੋਂ ਇਲਾਵਾ ਤਸਵੀਰ ਦਾ ਇੱਕ ਦੂਜਾ ਪਹਿਲੂ ਵੀ ਹੈ । ਭਾਰਤ ਦੁਨੀਆ ਦਾ ਸਭ ਤੋਂ ਵੱਡਾ ਹਥਿਆਰ ਆਯਾਤ ਕਰਨ ਵਾਲਾ ਦੇਸ਼ ਹੈ । ਹਥਿਆਰਾਂ ਦਾ ਆਯਾਤ-ਨਿਰਯਾਤ ਇੱਕ ਅਜਿਹਾ ਖੇਤਰ ਹੈ ਜਿਸ ਦੁਨੀਆਂ ਤੋਂ ਦਾ ਸ਼ਕਤੀ ਸਮੀਕਰਨ ਸਭ ਤੋਂ ਵਧੇਰੇ ਨਜ਼ਰ ਆਉਂਦਾ ਹੈ । ਹਥਿਆਰਾਂ ਦੇ ਨਿਰਯਾਤਕ ਆਮ ਤੌਰ 'ਤੇ ਸਾਮਰਾਜਵਾਦੀ ਦੇਸ਼ ਹਨ ਅਤੇ ਖਰੀਦ ਖਰੀਦਣ ਵਾਲੇ ਆਮ ਰੂਪ ਵਿੱਚ ਤੀਜੀ ਦੁਨੀਆ ਦੇ ਦੇਸ਼ । ਸਾਮਰਾਜਵਾਦੀ ਦੇਸ਼ ਜਦੋਂ ਭਾਰਤ ਦੇ ਬਾਜ਼ਾਰ 'ਤੇ ਲਲਚਾਈਆਂ ਨਜ਼ਰਾਂ ਸੁੱਟਦੇ ਹਨ ਤਾਂ ਇਸ ਵਿੱਚ ਸਰਕਾਰ ਵੱਲੋਂ ਖਰੀਦੇ ਜਾਣ ਵਾਲੇ ਹਥਿਆਰਾਂ ਦਾ ਬਾਜ਼ਾਰ ਵੀ ਸ਼ਾਮਲ ਹੁੰਦਾ ਹੈ । 1990 ਤੋਂ ਪਹਿਲਾਂ ਭਾਰਤ ਆਪਣੇ ਹਥਿਆਰਾਂ ਦੀਆਂ ਲੋੜਾਂ ਦਾ ਬਹੁਤਾ ਹਿੱਸਾ ਸੋਵੀਅਤ ਰੂਸ ਤੋਂ ਆਯਾਤ ਕਰਦਾ ਸੀ । ਪਿਛਲੇ ਤਿੰਨ ਦਹਾਕਿਆਂ ਵਿੱਚ ਹੋਰਨਾਂ ਸਾਮਰਾਜਵਾਦੀਆਂ ਤੋਂ ਹਥਿਆਰਾਂ ਦਾ ਆਯਾਤ ਲਗਾਤਾਰ ਵੱਧਦਾ ਗਿਆ ਹੈ । ਫਿਰ ਵੀ ਭਾਰਤ ਦੇ ਹਥਿਆਰਾਂ ਦੇ ਆਯਾਤ ਦਾ ਕਰੀਬ 60% ਸਰੋਤ ਹਾਲੇ ਵੀ ਰੂਸ ਹੈ । ਪਰ ਯੂਰਪ ਤੇ ਅਮਰੀਕਾ ਦੀਆਂ ਹਥਿਆਰ ਕੰਪਨੀਆਂ ਭਾਰਤ ਦੇ ਹਥਿਆਰਾਂ ਦੇ ਆਯਾਤ ਵਿੱਚ ਆਪਣੀ ਹਿੱਸੇਦਾਰੀ ਵਧਾਉਣ ਲਈ ਕੋਈ ਕਸਰ ਨਹੀਂ ਛੱਡਣਾ ਚਾਹੁੰਦੀਆਂ । ਮੋਦੀ ਜੀ ਨੂੰ ਬਦੇਸ਼ਾਂ ਵਿੱਚ ਜਿਹੜੀ ਆਓ ਭਗਤ ਹਾਸਲ ਹੁੰਦੀ ਹੈ ਉਸ ਦਾ ਇੱਕ ਕਾਰਨ ਇਹ ਵੀ ਹੈ ।

ਇੱਕ ਅਧਿਐਨ ਦੇ ਆਪਣੀ ਵਿੱਕਰੀ ਵਧਾਉਣ ਲਈ ਹਥਿਆਰ ਕੰਪਨੀਆਂ ਇਹ ਤੌਰ-ਤਰੀਕੇ ਆਪਣਾਉਂਦੀਆਂ ਹਨ । ਹਥਿਆਰ ਕੰਪਨੀਆਂ ਆਪਣੇ ਦੇਸ਼ ਵਿੱਚ ਜੰਗ ਦਾ ਡਰ ਪੈਦਾ ਕਰਦੀਆਂ ਹਨ ਅਤੇ ਆਪਣੀਆਂ ਸਰਕਾਰਾਂ ਨੂੰ ਜੰਗ ਵਰਗੀਆਂ ਨੀਤੀਆਂ ਅਪਣਾਉਣ ਅਤੇ ਹਥਿਆਰਾਂ ਦੇ ਭੰਡਾਰ ਵਧਾਉਣ ਲਈ ਤਿਆਰ ਕਰਦੀਆਂ ਹਨ । ਇਹ ਕੰਪਨੀਆਂ ਆਪਣੇ ਦੇਸ਼ ਦੇ ਅਤੇ ਬਦੇਸ਼ਾਂ ਦੇ ਸਰਕਾਰੀ ਅਧਿਕਾਰੀਆਂ ਨੂੰ ਰਿਸ਼ਵਤ ਦਿੰਦੀਆਂ ਹਨ । ਇਹ ਕੰਪਨੀਆਂ ਵੱਖੋ-ਵੱਖਰੇ ਦੇਸ਼ਾਂ ਦੀਆਂ ਜੰਗੀ ਤਿਆਰੀਆਂ ਬਾਰੇ ਝੂਠੀਆਂ ਰਿਪੋਰਟਾਂ ਪ੍ਰਸਾਰਿਤ ਕਰਵਾਉਂਦੀਆਂ ਹਨ ਤਾਂ ਕਿ ਹਥਿਆਰਾਂ ਦੀ ਮੰਗ ਪੈਦਾ ਕੀਤੀ ਜਾ ਸਕੇ । ਹਥਿਆਰ ਕੰਪਨੀਆਂ ਆਪਣੇ ਦੇਸ਼ ਦੇ ਅਤੇ ਦੂਜੇ ਦੇਸ਼ਾਂ ਦੇ ਮੀਡੀਏ ਦੀ ਵਰਤੋਂ ਕਰਕੇ ਲੋਕ ਰਾਇ ਨੂੰ ਪ੍ਰਭਾਵਿਤ ਕਰਦੀਆਂ ਹਨ । ਇਹ ਕੰਪਨੀਆਂ ਇੱਕ ਦੇਸ਼ ਦੇ ਖਿਲਾਫ਼ ਦੂਜੇ ਨੂੰ ਉਕਸਾ ਕੇ ਹਥਿਆਰਾਂ ਦੀ ਦੌੜ ਵਧਾਉਂਦੀਆਂ ਹਨ । ਇਹ ਕੰਪਨੀਆਂ ਆਪਣੇ ਜਿਹੀਆਂ ਕੰਪਨੀਆਂ ਨਾਲ ਗੰਢ-ਤੁੱਪ ਕਰਕੇ ਸਰਕਾਰਾਂ ਨੂੰ ਵੇਚੇ ਜਾਣ ਵਾਲੇ ਹਥਿਆਰਾਂ ਦੀ ਕੀਮਤ ਵਧਾ ਦਿੰਦੀਆਂ ਹਨ ।

ਇਹ ਹਥਿਆਰ ਕੰਪਨੀਆਂ ਦੁਨੀਆਂ ਦੀਆਂ ਸਭ ਤੋਂ ਤਾਕਤਵਰ ਸਰਕਾਰਾਂ ਤੱਕ ਨੂੰ ਆਪਣੀ ਮੁੱਠੀ ਵਿੱਚ ਰੱਖਦੀਆਂ ਹਨ । ਅਮਰੀਕੀ ਰਾਸ਼ਟਰਪਤੀ ਆਈਜ਼ਨ ਹਾਵਰ ਤੱਕ ਨੇ ਇਨ੍ਹਾਂ ਕੰਪਨੀਆਂ ਦੀ ਤਾਕਤ ਨੂੰ ਆਪਣੇ ਵਿਦਾਇਗੀ ਭਾਸ਼ਨ ਰਾਹੀਂ ਸਵੀਕਾਰ ਕੀਤਾ ਸੀ ਅਤੇ ਉਨ੍ਹਾਂ ਦੇ ਇਸ ਵਿਦਾਇਗੀ ਭਾਸ਼ਣ ਦੇ ਬਾਅਦ ਤੋਂ ਹੀ 'ਫੌਜੀ ਸਨਅਤੀ ਇੰਟਰਪ੍ਰਾਈਜ਼' ਪ੍ਰਚੱਲਿਤ ਹੋਇਆ ਸੀ । ਫੌਜੀ ਸਨਅਤੀ ਇੰਟਰਪ੍ਰਾਈਜ਼ ਸਾਮਰਾਜਵਾਦ ਦੀ ਪਤਨਸ਼ੀਲਤਾ ਦੀ ਇੱਕ ਵੱਡੀ ਉਦਾਹਰਣ ਹੈ। ਅੱਜ ਵਿੱਤੀ ਸਰਮਾਏ ਦੀ ਵਿਸ਼ਾਲ ਮਾਤਰਾ ਅਜਿਹੀ ਹੈ ਜਿਹੜੀ ਮਨੁੱਖੀ ਸਮਾਜ ਦੀਆਂ ਲੋੜਾਂ ਦੀ ਪੂਰਤੀ ਲਈ ਨਹੀਂ ਸਗੋਂ ਇਹਦੇ ਵਿਨਾਸ਼ ਲਈ ਜਾਂ ਸੱਟੇਬਾਜ਼ੀ ਲਈ ਵਰਤੀ ਜਾ ਰਹੀ ਹੈ।

ਸਾਮਰਾਜਵਾਦੀ ਹਥਿਆਰ ਕੰਪਨੀਆਂ ਆਪਣੇ ਦੇਸ਼ਾਂ ਦੇ ਲੋਕਾਂ ਦੇ ਸ਼ੋਸ਼ਣ ਅਤੇ ਤੀਜੀ ਦੁਨੀਆਂ ਦੀ ਲੁੱਟ ਦੇ ਦਮ 'ਤੇ ਬੇਸ਼ੁਮਾਰ ਮੁਨਾਫ਼ਾ ਕਮਾਉਂਦੀਆਂ ਹਨ । ਜਦੋਂ ਭਾਰਤ ਵਰਗੇ ਦੇਸ਼ਾਂ ਦੇ ਲੀਡਰ ਅਤੇ ਅਫ਼ਸਰਸ਼ਾਹ ਇਨ੍ਹਾਂ ਹਥਿਆਰਾਂ ਦੀ ਖਰੀਦ ਸਬੰਧੀ ਸਮਝੌਤੇ ਕਰਦੇ ਹਨ ਤਾਂ ਇਹ ਹਥਿਆਰ ਕੰਪਨੀਆਂ ਵੱਲੋਂ ਦਿੱਤੀ ਗਈ ਦਲਾਲੀ ਤੋਂ ਬਗੈਰ ਸਿਰੇ ਨਹੀਂ ਚੜ੍ਹਦੇ । ਕੌਮੀ ਸੁਰੱਖਿਆ ਦੇ ਨਾਂ 'ਤੇ ਇਸ ਦਲਾਲੀ ਨੂੰ ਪਰਦੇ ਵਿੱਚ ਰੱਖਣਾ ਸੌਖਾਲਾ ਵੀ ਹੁੰਦਾ ਹੈ। ਪਰ ਫਿਰ ਵੀ ਕਦੇ-ਕਦੇ ਭਾਂਡਾ ਫੁੱਟ ਜਾਂਦਾ ਹੈ ।

ਅੱਜ ਪੂਰੀ ਦੁਨੀਆਂ ਦਾ ਫੌਜੀ ਖਰਚ 1000 ਅਰਬ ਡਾਲਰ ਪ੍ਰਤੀ ਸਾਲ ਹੈ । ਜੇਕਰ ਇਹ ਰਕਮ ਲੋਕਾਂ ਦੀਆਂ ਮੂਲ ਲੋੜਾਂ ਦੀ ਪੂਰਤੀ ਲਈ ਖਰਚੀ ਜਾਵੇ ਤਾਂ ਗਰੀਬੀ-ਭੁੱਖਮਰੀ ਆਦਿ ਸਮੱਸਿਆਵਾਂ ਦਾ ਹੱਲ ਸੌਖਿਆ ਹੀ ਕੀਤਾ ਜਾ ਸਕਦਾ ਹੈ । ਪਰ ਸਰਮਾਏਦਾਰੀ-ਸਾਮਰਾਜਵਾਦ ਦੇ ਚੱਲਦਿਆਂ ਇਸ ਸੰਭਵ ਨਹੀਂ ਹੈ । ਜਦੋਂ ਤੱਕ ਸਾਮਰਾਜਵਾਦ ਹੈ ਤਦ ਤੱਕ ਸਨਅਤੀ ਇੰਟਰਪ੍ਰਾਈਜ਼ ਬਣੇ ਰਹਿਣਗੇ ਅਤੇ ਇਨ੍ਹਾਂ ਨਾਲ ਕਾਰੋਬਾਰ ਕਰਨ ਵਾਲੇ ਲੋਕ ਇਸ ਕਾਜਲ ਦੀ ਕੋਠਾਰੀ 'ਚ ਬੇਦਾਗ ਬਚੇ ਨਹੀਂ ਸਕਣਗੇ । ਇਸ ਲਈ ਰੱਖਿਆ ਸੌਦਿਆਂ ਨਾਲ ਜੁੜੇ ਭ੍ਰਿਸ਼ਟਾਚਾਰ ਨੂੰ ਸਮਾਪਤ ਕਰਨ ਲਈ ਸਾਮਰਾਜਵਾਦ-ਸਰਮਾਏਦਾਰ ਦਾ ਖਾਤਮਾ ਜ਼ਰੂਰੀ ਹੈ ।

**(ਧੰਨਵਾਦ ਸਹਿਤ : ਨਾਗਰਿਕ 'ਚੋਂ, )**

# 'ਲੋਕ ਨਾਇਕ' ਜਾਂ 'ਕਿਸਾਨ ਲਹਿਰ ਦਾ ਸ਼ਹੀਦ'



ਸਾਧੂ ਸਿੰਘ ਤਖਤੂਪੁਰਾ ਬੇਸ਼ੱਕ ਮੋਗਾ ਜਿਲ੍ਹੇ ਦੀ ਤਹਿਸੀਲ ਨਿਹਾਲ ਸਿੰਘ ਵਾਲਾ ਦੇ ਪਿੰਡ ਤਖਤੂਪੁਰਾ ਦਾ ਹੀ ਜੰਮਪਲ ਸੀ ਪਰ ਜਿੱਥੇ ਅੱਜ ਉਸਨੂੰ 'ਲੋਕ ਨਾਇਕ' ਜਾਂ 'ਕਿਸਾਨ ਲਹਿਰ ਦਾ ਸ਼ਹੀਦ' ਦੇ ਰੁਤਬੇ ਨਾਲ ਲੋਕਾਂ ਵੱਲੋਂ ਨਿਵਾਜਿਆ ਗਿਐ ਉੱਥੇ ਉਸਦੇ ਕਤਲ ਨੇ ਪੰਜਾਬ ਅੰਦਰ ਦਰਸਾ ਦਿੱਤੈ ਕਿ ਤੁਹਾਡੇ ਹੱਕਾਂ ਉੱਪਰ ਝਪਟਣ ਲਈ ਸਿਆਸੀ ਸਰਪ੍ਰਸਤੀ ਪ੍ਰਾਪਤ ਸਰਮਾਏਦਾਰਾਂ ਦਾ ਲਾਣਾ ਆਪਣੀ ਪੁਰਾਣੀ 'ਆਦਤ' ਤੋਂ ਬਾਜ ਨਹੀਂ ਆਉਂਦਾ।

ਸਾਧੂ ਸਿੰਘ ਤਖਤੂਪੁਰਾ ਇੱਕ ਨਿਰਾਪੁਰਾ ਸਾਫਾ- ਬੰਨ੍ਹ ਕਿਸਾਨ ਹੀ ਨਹੀਂ ਸੀ ਬਲਕਿ ਅਧਿਐਨ ਪਸੰਦ ਰਿਟਾਇਰਡ ਅਧਿਆਪਕ ਵੀ ਸੀ। ਇੱਕ ਸੁਚੱਜਾ ਆਗੂ ਵੀ ਸੀ ਤੇ ਨਿੱਡਰ- ਬੇਬਾਕ ਬੁਲਾਰਾ ਵੀ ਸੀ। ਉਸਦੀ ਇਹੀ ਨਿੱਡਰਤਾ ਤੇ ਸੱਚ ਬੋਲਣ ਦੀ ਆਦਤ ਸਰਮਾਏਦਾਰਾਂ ਦੇ ਪਚੀ ਨਹੀਂ। ਅਸੀਂ ਉਸ ਸਾਧੂ ਸਿੰਘ ਤਖਤੂਪੁਰਾ ਦੀ ਗੱਲ ਕਰ ਰਹੇ ਹਾ ਜੋ ਅਜ਼ਨਾਲਾ ਖੇਤਰ ਦੇ ਪਿੰਡਾਂ 'ਚ ਕਿਸਾਨ ਸੁੱਖਾ ਸਿੰਘ ਸਾਰੰਗਦੇਵ ਦੇ ਕਤਲ ਖਿਲਾਫ ਵਰਤੀ ਜਾ ਰਹੀ ਸਰਕਾਰੀ ਢਿੱਲਮੱਠ ਅਤੇ ਪਿੰਡ ਸੌੜੀਆਂ ਦੀ ਕਿਸਾਨ ਯੂਨੀਅਨ ਇਕਾਈ ਦੇ ਪ੍ਰਧਾਨ ਬਿਕਰਮਜੀਤ ਸਿੰਘ ਦੀ ਜਮੀਨ ਦੀਆਂ ਸਿਆਸੀ ਧੱਕੇਸ਼ਾਹੀ ਨਾਲ ਹਾਕਮ ਧਿਰ ਦੇ 'ਬੰਦਿਆਂ' ਵੱਲੋਂ ਗਿਰਦਾਵਰੀਆਂ ਕਰਵਾਉਣ ਦੇ ਵਿਰੋਧ 'ਚ ਵਿੱਢੇ ਸੰਘਰਸ਼ ਦੌਰਾਨ ਆਪਣੀ ਸੰਭਾਵੀ ਹਾਰ ਤੋਂ ਬੁਖਲਾਏ ਸਿਆਸੀ ਗੁੰਡਿਆਂ ਵੱਲੋਂ ਭਿੰਡੀ ਔਲਖ ਲਾਗੇ ਕੋਹ ਕੋਹ ਕੇ ਕਤਲ ਕੀਤਾ ਗਿਆ ਹੈ। ਇਹ ਉਹ ਸਾਧੂ ਸਿੰਘ ਤਖਤੂਪੁਰਾ ਹੈ ਜਿਸ ਨੇ ਨਾਮਧਾਰੀ ਪਰਿਵਾਰ 'ਚੋਂ ਉੱਠ ਕੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਅਤਿ ਜਿੰਮੇਵਾਰਾਨਾ ਅਹੁਦੇ ਸੂਬਾ ਸੰਗਠਨ ਸਕੱਤਰ ਤੱਕ ਪਹੁੰਚਿਆ। ਆਪਣੀਆਂ ਦਲੀਲ ਪੂਰਵਕ ਤਕਰੀਰਾ ਅਤੇ ਭ੍ਰਿਸ਼ਟਾਚਾਰ 'ਚ ਗਲਤਾਨ ਹੋਏ ਸਿਆਸੀ ਆਗੂਆਂ ਨੂੰ ਲੋਕਾਂ ਦੇ ਇਕੱਠਾਂ 'ਚ ਨੰਗੇ ਕਰਨ ਦੀ ਮੁਹਾਰਤ ਸਦਕਾ ਸਾਧੂ ਸਿੰਘ ਤਖਤੂਪੁਰਾ ਇੱਕ ਨਿਪੁੰਨ ਸੰਗਠਨ ਕਰਤਾ ਵਜੋਂ ਜਾਣਿਆ ਜਾਦਾ ਸੀ।

ਨਿੱਜੀ ਮੁਫਾਦ ਉਸ ਸਖ਼ਸ਼ ਦੀ ਪਾਕ ਨੀਅਤ ਦਾ ਹਿੱਸਾ ਕਦੇ ਵੀ ਨਹੀਂ ਬਣੇ। ਨਾ ਹੀ ਉਸ ਨੂੰ ਕਿਸਾਨਾਂ ਦੀ ਲਾਮਬੰਦੀ 'ਚੋਂ 'ਹੋਰਾਂ' ਵਾਂਗੂੰ ਕਿਸੇ ਕੁਰਸੀ ਦੀ ਝਾਕ ਸੀ। ਜੇ ਉਸ ਅੰਦਰ ਤੜਪ ਸੀ ਤਾਂ ਸਿਰਫ ਤੇ ਸਿਰਫ ਕਿਸਾਨਾਂ ਦੇ ਹੱਕ ਉਹਨਾਂ ਨੂੰ ਦਿਵਾਉਣ ਦੀ ਸੀ। ਸ਼ਾਇਦ ਅੱਜ ਉਸਦੇ ਚਲੇ ਜਾਣ 'ਤੇ ਕੁਝ ਕੁ ਅਨਸਰ ਕੱਛਾਂ ਵਜਾ ਰਹੇ ਹੋਣ ਪਰ ਇਹ ਗੱਲ ਵੀ ਯਾਦ ਰੱਖਣ ਯੋਗ ਹੈ ਕਿ ਜਿੰਨਾ ਵੀ ਇਸ ਬੂਟੇ ਨੂੰ ਕਿਸੇ ਨੇ ਛਾਗਣਾ ਚਾਹਿਆ ਹੈ ਇਹ ਉਸਤੋਂ ਵੀ ਦੂਣ ਸਵਾਇਆ ਹੋ ਕੇ ਵਧਿਆ ਹੈ। ਪੰਜਾਬ ਤਾਂ ਇੱਕ ਪਾਸੇ ਰਿਹਾ, ਪੂਰੇ ਸੰਸਾਰ ਦੇ ਕੋਨੇ ਕੋਨੇ 'ਚ ਬੈਠੇ ਪੰਜਾਬੀਆਂ ਨੇ ਸਾਧੂ ਸਿੰਘ ਦੇ ਕਤਲ ਨੂੰ ਦਿਨ ਦਿਹਾੜੇ 'ਮਹਾਰਾਜਾ ਰਣਜੀਤ ਸਿੰਘ ਵਰਗਾ ਰਾਜ' ਦੇਣ ਦੀਆ ਟਾਹਰਾਂ ਮਾਰਨ ਵਾਲੇ ਪਿਉ- ਪੁੱਤਰ ਦੇ ਰਾਜ 'ਚ ਲੋਕਤੰਤਰ ਦਾ ਕਤਲ ਦੱਸਿਆ ਹੈ। ਬੇਸ਼ੱਕ ਇਸ ਕਤਲ ਦੇ ਮੁੱਖ ਸੂਤਰਧਾਰ ਸਿੱਧੇ ਤੌਰ 'ਤੇ ਹੀ ਅਕਾਲੀ ਦਲ (ਬ) ਦੇ ਆਗੂ ਵੀਰ ਸਿੰਘ ਲੋਪੋਕੇ ਤੇ ਉਸਦੇ ਭਾਈਵਾਲ ਥਾਣੇਦਾਰ ਹੀ ਗਿਣੇ ਜਾ ਰਹੇ ਹਨ ਅਤੇ ਇਸ ਕਤਲ ਸੰਬੰਧੀ ਕਾਗਰਸ ਵੀ ਬਾਦਲਕਿਆਂ ਨੂੰ ਘੇਰਨ ਦੇ ਸਿਆਸੀ ਦਾਅ ਪੇਚ ਖੇਡ ਰਹੀ ਹੈ ਪਰ ਅਕਾਲੀ ਤਬਕਾ ਤਾਂ ਇਸ ਗੱਲੋਂ ਚਿੰਤਤ ਹੈ ਕਿ ਜੇ ਵੀਰ ਸਿੰਘ ਲੋਪੋਕੇ ਸਚਮੁੱਚ ਹੀ ਦੋਸ਼ੀ ਸਾਬਤ ਹੋ ਗਿਆ ਤਾਂ ਅਕਾਲੀ ਦਲ (ਬ) ਦੀ ਮਿੱਟੀ ਪਲੀਤ ਤਾਂ ਹੋਵੇਗੀ ਹੀ ਜੋ ਕਿਸਾਨ ਵੋਟ ਬੈਂਕ ਉਹਨਾਂ ਤੋਂ ਦੂਰ ਹੋਵੇਗਾ ਉਹ ਵੱਖਰਾਤ।

ਇਸ ਕਤਲ ਕੇਸ ਬਾਰੇ ਕਾਂਗਰਸ ਵੀ ਵਧੇਰੇ ਸੁਖੀ ਨਹੀਂ, ਉਹਨਾਂ ਨੂੰ ਅੰਦਰਖਾਤੇ ਇਹੀ ਡਰ ਮਾਰੀ ਜਾ ਰਿਹਾ ਹੈ ਕਿ ਇਹ ਕਤਲ ਕੇਸ ਉਹਨਾਂ ਦੇ ਕਾਂਗਰਸੀ ਸਾਥੀਆਂ ਸਿਰ ਹੀ ਮੜ੍ਹ ਕੇ ਵੀਰ ਸਿੰਘ ਲੋਪੋਕੇ ਵਰਗੇ ਬਚਾ ਨਾ ਲਏ ਜਾਣ। ਸ਼ਾਇਦ ਇਹੀ ਵਜ੍ਹਾ ਹੋਵੇਗੀ ਕਿ ਕਾਂਗਰਸ ਪ੍ਰਧਾਨ ਜੀ ਵੀ ਹਾਅ ਦਾ ਨਾਅਰਾ ਮਾਰਨ ਦੇ ਨਾਲ ਨਾਲ ਅਕਾਲੀਆਂ ਨੂੰ ਬਿਆਨਾਂ ਰਾਹੀਂ ਗੋਡਿਆਂ ਹੇਠਾਂ ਲੈ ਬੈਠੇ, ਪਰ ਇਹ ਵੀ ਜਿਕਰਯੋਗ ਹੈ ਕਿ ਇਹ ਉਹੀ ਕਾਂਗਰਸ ਹੈ ਜਿਸਨੇ ਪਿਛਲੇ ਰਾਜਕਾਲ ਦੌਰਾਨ ਵੀ ਘੱਟ ਨਹੀਂ ਸੀ ਗੁਜ਼ਾਰੀ ਕਿਸਾਨਾਂ ਨਾਲਤ। ਜੋਗਾ ਰੱਲਾ ਕਾਂਡ ਵਿੱਚ ਕੁਰਕੀ ਰੋਕਣ ਗਏ ਕਿਸਾਨਾਂ ਦੀਆਂ ਲੱਤਾਂ ਬਾਹਾਂ ਬੇਕਿਰਕੀ ਨਾਲ ਤੋੜੀਆਂ ਗਈਆਂ ਸਨ। ਜੇ ਕਿਸੇ ਨੇ ਕਾਂਗਰਸ ਵੱਲੋਂ ਵਰਤਾਏ ਕਹਿਰ ਬਾਰੇ ਜਾਨਣਾ ਹੋਵੇ ਤਾਂ ਪਿੰਡ ਕੁੱਸਾ ਦੇ ਬਜ਼ੁਰਗ ਕਰਤਾਰ ਸਿੰਘ ਦਾ ਹਾਲ ਪੁੱਛਿਆ ਜਾ ਸਕਦਾ ਹੈ ਜਿਸਦੀਆਂ ਦੋਵੇਂ ਬਾਹਾਂ ਹੀ ਤੋੜ ਦਿੱਤੀਆਂ ਗਈਆਂ ਸਨ। ਬਹੁ ਚਰਚਿਤ ਮੀਨੀਆਂ ਕਾਂਡ ਵੀ ਕਾਂਗਰਸ ਵੇਲੇ ਹੀ ਵਾਪਰਿਆ ਸੀ ਜਿਸ ਵਿੱਚ ਉਦੋਂ ਹੁਣ ਵਾਲੇ ਸਾਧੂ ਸਿੰਘ ਦੇ ਕਤਲ ਵਰਗਾ ਹੀ ਦ੍ਰਿਸ਼ ਪੇਸ਼ ਹੁੰਦਾ ਸੀ ਜਦੋਂ ਕਾਂਗਰਸੀ ਧੜੇ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਹੀ ਪਿੰਡ ਪਿੰਡ ਰੋਸ ਮੁਜਾਹਰੇ ਕਰ ਰਹੇ ਨਿਹੱਥੇ ਕਿਸਾਨਾਂ ਨੂੰ ਛੱਲੀਆਂ ਵਾਂਗ ਡਾਂਗਾਂ ਨਾਲ ਕੁੱਟਿਆ ਸੀ ਜਦੋਂਕਿ ਮੌਕੇ ਦਾ ਪੁਲਿਸ ਅਫਸਰ ਸਵਰਨ ਸਿੰਘ ਕਿਸਾਨਾਂ ਵੱਲ ਹੀ ਪਿਸਤੌਲ ਤਾਣ ਕੇ ਖੜ੍ਹਾ ਰਿਹਾ ਸੀ। ਉਦੋਂ ਇੱਕ ਪੱਤਰਕਾਰ ਵੀਰ ਤੋਂ 'ਮੁੱਲ' ਫੋਟੋਆਂ ਲੈ ਕੇ ਅਕਾਲੀਆਂ ਨੇ ਪੋਸਟਰ ਛਪਵਾ ਕੇ ਪਿੰਡ ਪਿੰਡ ਲਾ ਕੇ ਲੋਕਾਂ ਨੂੰ ਦੱਸਿਆ ਸੀ ਕਿ ਕਾਂਗਰਸ 'ਬੰਦੇਖਾਣੀ' ਹੈ ਪਰ ਹੁਣ ਉਸੇ ਅਕਾਲੀ ਲਾਣੇ ਨੂੰ ਕੀ ਕਿਹਾ ਜਾਵੇ ਜਿਸਦੇ ਆਗੂ ਦਾ ਹੀ ਸਾਧੂ ਸਿੰਘ ਤਖਤੂਪੁਰਾ ਦੇ ਕਤਲ ਵਿੱਚ ਨਾਂਅ 'ਬੋਲਦਾ' ਹੈ।

ਇਸ ਸਭ ਕੁਝ ਦੇ ਚਲਦਿਆਂ ਪੰਜਾਬ 'ਚ ਹੀ ਆਪਣੇ ਆਪ ਨੂੰ ਕਿਸਾਨਾਂ ਦੀ ਹਿਤੂ ਅਖਵਾਉਂਦੀ ਇੱਕ ਧਿਰ ਵੱਲੋਂ ਸਾਧੂ ਸਿੰਘ ਦੇ ਕਤਲ ਬਾਰੇ ਚੁੱਪੀ ਨਾ ਤੋੜਨਾ ਸਾਂਇਦ ਇਹੀ ਦਰਸਾਉਂਦਾ ਹੈ ਕਿ ਸਾਧੂ ਸਿੰਘ ਦਾ ਕਤਲ ਉਹਨਾਂ ਲਈ 'ਸ਼ਰੀਕ ਉੱਜੜਿਆਤ!' ਵਾਂਗ ਸਾਬਤ ਹੋਇਆ ਹੋਵੇ। ਸਾਧੂ ਸਿੰਘ ਨੇ ਜਿੰਨੀ ਕੁ ਲੜਾਈ ਕਿਸਾਨ ਹਿਤਾਂ ਲਈ ਲੜੀ ਹੈ ਕਾਬਲੇ ਤਾਰੀਫ ਹੈ ਜਦੋਂਕਿ ਉਕਤ ਆਗੂ ਸਾਹਿਬਾਨ ਨੂੰ ਤਾਂ ਹਾਕਮ ਧਿਰ ਸਰਕਾਰੀ ਪੀਪਣੀ ਵਜੋਂ ਵਰਤ ਰਹੀ ਹੈ। ਜਿਸ ਤਰ੍ਹਾਂ ਦੀ ਫੂਕ ਵੱਜਦੀ ਹੈ ਜਨਾਬ ਵੀ ਐਸੀ ਹੀ ਆਵਾਜ ਆਪਣੇ ਅਖਬਾਰੀ ਬਿਆਨ ਰਾਹੀਂ ਕੱਢ ਦਿੰਦੇ ਹਨ। ਬਸ਼ਰਤੇ ਕਿ ਜਨਾਬ ਨੂੰ ਮਿਲੀ ਸਰਕਾਰੀ ਕੁਰਸੀ ਦੀ ਕਾਇਮੀ ਬਣੀ ਰਹੇ। ਇਹੋ ਜਿਹੇ ਜੁਗਾੜਲਾਊ ਮਾਹੌਲ ਵਿੱਚ ਲਾਲਚ ਰਹਿਤ ਘੋਲ ਵਿੱਚ ਮੌਤ ਦੇ ਮੂੰਹ ਪੈ ਜਾਣਾ ਵੀ ਕੁਰਬਾਨੀ ਸ਼ਬਦ ਨੂੰ ਛੋਟਾ ਜਿਹਾ ਦਿਖਾ ਦਿੰਦਾ ਹੈ। ਇੱਕ ਡਰਾਇੰਗ ਟੀਚਰ ਦੇ ਹੱਥਾਂ ਵਿੱਚ ਰਿਟਾਇਰਮੈਂਟ ਉਪਰੰਤ ਰੰਗਾਂ ਨਾਲ ਅਠਖੇਲੀਆਂ ਕਰਨ ਵਾਲੇ ਬੁਰਸ਼ਾਂ ਦੀ ਜਗ੍ਹਾ ਭਾਰਤੀ ਕਿਸਾਨ ਯੂਨੀਅਨ ਦਾ ਝੰਡਾ ਆ ਜਾਣਾ ਕਾਫੀ ਮਾਅਨੇ ਰੱਖਦਾ ਹੈ। ਜੇ ਚਾਹੁੰਦਾ ਤਾਂ ਸਾਧੂ ਸਿੰਘ ਵੀ ਹੋਰਨਾਂ ਵਾਂਗ ਪੈਨਸ਼ਨ ਨਾਲ ਚੰਗਾ ਨਿਰਬਾਹ ਕਰ ਸਕਦਾ ਸੀ ਪਰ ਲੋਕਾਂ ਲਈ ਆਪਾ ਵਾਰਨ ਦੀ ਪਰਿਵਾਰਕ ਪਿਛੋਕੜ 'ਚੋਂ ਮਿਲੀ ਸਿੱਖਿਆ ਨੇ ਸਾਧੂ ਸਿੰਘ ਨੂੰ ਸੰਘਰਸ਼ਾ ਦੇ ਰਾਹ ਤੁਰਨ ਲਈ ਪ੍ਰੇਰਿਆ। ਉਹਨਾਂ ਦਾ ਹਾਈ ਸਕੂਲ ਭਾਗੀਕੇ ਦਾ ਵਿਦਿਆਰਥੀ ਹੋਣ ਦੇ ਨਾਤੇ ਉਹਨਾਂ ਨੂੰ ਸ਼ਰਧਾ ਪੁਸ਼ਪ ਅਰਪਣ ਕਰਦਾ ਹੋਇਆ ਉਹਨਾਂ ਦੇ ਕਾਤਲਾਂ ਅਤੇ ਉਹਨਾਂ ਦੇ 'ਚਲੇ' ਜਾਣ ਤੋਂ ਬਾਦ ਲੁੱਡੀਆਂ ਪਾ ਰਹੇ ਟੋਲੇ ਨੂੰ ਆਗਾਹ ਕਰਦਾ ਹਾਂ ਕਿ ਇਹ ਤਾਂ ਸਿਰਫ ਇੱਕ ਸਾਧੂ ਸਿੰਘ ਖੁਦ ਲੋਕਾਂ ਦੀਆਂ ਨਜ਼ਰਾਂ ਤੋਂ 'ਪਰ੍ਹੇ' ਹੋਇਆ ਹੈ। ਉਸ ਦੀ ਸੂਝ ਬੂਝ ਜ਼ਰੀਏ ਵਿਚਾਰਧਾਰਕ ਤੌਰ 'ਤੇ ਪੈਦਾ ਹੋਏ ਅਨੇਕਾਂ ਸਾਧੂ ਸਿੰਘ ਉਸ ਰਾਹ 'ਤੇ ਆਣ ਖੜ੍ਹੇ ਹੋਣਗੇ ਜਿਸ ਰਾਹ ਤੋਂ ਉਸਨੂੰ ਕਤਲ ਕਰਕੇ 'ਮੋੜ ਦਿੱਤਾ' ਸਮਝਿਆ ਜਾ ਰਿਹਾ ਹੈ। ਇਹ ਕਾਤਲਾ ਦਾ ਵਹਿਮ ਹੋਵੇਗਾ ਕਿਉਂਕਿ ਸਾਧੂ ਸਿੰਘ ਸਰੀਰਕ ਤੌਰ 'ਤੇ ਕਤਲ ਕਰ ਦਿੱਤਾ ਗਿਆ ਹੈ ਜਦੋਂਕਿ ਉਹ ਵਿਚਾਰ ਬਣਕੇ ਲੋਕ ਮਨਾਂ 'ਚ ਵਸ ਚੁੱਕਾ ਹੈ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਵਿਚਾਰਾਂ ਦੇ ਤੂਫਾਨ ਝੁੱਲਦੇ ਹਨ ਤਾਂ ਤਖਤਾਂ ਤਾਜਾਂ ਨੂੰ ਵੀ ਵਖਤ ਪੈ ਜਾਂਦੇ ਹਨ। ਅੰਨਦਾਤੇ ਸਿਰ ਜਿੱਤ ਦਾ ਸਿਹਰਾ ਸਜੇ....

# ਪੰਜਾਬੀ ਯੂਨੀਵਰਸਿਟੀ ਦੀਆਂ ਕੁੜੀਆਂ ਦਾ ਸੰਘਰਸ਼

ਪੰਜਾਬੀ ਯੂਨੀਵਰਸਿਟੀ ਦੀਆਂ ਕੁੜੀਆਂ ਹੋਸਟਲਾਂ ਵਿਚ ਆਉਣ ਜਾਣ ਦੇ ਸਮੇਂ ਦੀ ਪਾਬੰਦੀ ਦੇ ਖ਼ਿਲਾਫ਼ ਸੰਘਰਸ਼ ਕਰ ਰਹੀਆਂ ਹਨ। ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੀਆਂ ਅਗਾਂਹਵਧੂ ਜੱਥੇਬੰਦੀਆਂ ਉਨ੍ਹਾਂ ਦੀ ਹਿਮਾਇਤ 'ਤੇ ਹਨ।

ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੀਆਂ ਹੋਰ ਮੁਸ਼ਕਿਲਾਂ ਦੇ ਨਾਲ ਨਾਲ ਕੈਂਪਸ ਵਿਚ ਪੜ੍ਹਦੇ 80% ਵਿਦਿਆਰਅਥੀਆਂ (ਕੁੜੀਆਂ) ਦੀ ਹੋਸਟਲਾਂ ਨਾਲ ਜੁੜੀ ਸਮੇਂ ਦੀ ਬੇਲੋੜੀ ਪਾਬੰਦੀ ਦੀ ਸਮੱਸਿਆ ਨੂੰ ਡੀਐਸਓ ਨੇ ਉਠਾਇਆ ਸੀ ਅਤੇ ਹੋਰ ਸਭ ਜੱਥੇਬੰਦੀਆਂ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਤੁਰ ਰਹੀਆਂ ਹਨ।

ਇਸ ਦੇ ਪ੍ਰਤਿਕਰਮ ਵਿਚ ਕਿੰਨੇ ਹੀ ਲੋਕ ਕੁੜੀਆਂ ਦੇ ਹਮਦਰਦ ਬਣ ਕੇ, ਪੰਜਾਬੀ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਦੇ ਰੱਖਿਅਕ ਬਣ ਕੇ, ਕਿਤਾਬਾਂ-ਪੜ੍ਹਾਈ ਲਿਖਾਈ ਨੂੰ ਸਭ ਤੋਂ ਵਧੇਰੇ ਮਹੱਤਵ ਦੇਣ ਵਾਲੇ ਸਾਊ ਵਿਦਿਆਰਥੀ ਬਣਕੇ, ਯੂਨੀਵਰਸਿਟੀ ਦੇ ਅਤੇ ਹੋਸਟਲ ਦੇ ਨਿਯਮਾਂ ਦੇ ਅੰਨਿੰਨ ਪਾਲਕ ਬਣ ਕੇ ਸਾਹਮਣੇ ਆਏ ਹਨ ਜਾ ਕਹੋ ਕਿ ਰਾਤੋ ਰਾਤ ਖੁੰਭਾਂ ਵਾਂਗੂ ਪ੍ਰਗਟ ਹੋ ਗਏ ਹਨ।

ਇਹ ਹਮਦਰਦ, ਰੱਖਿਅਕ, ਸਾਊ, ਨਿਯਮ ਪਾਲਕ ਪਹਿਲੀ ਵਾਰ ਨਹੀਂ ਆਏ।

ਇਹ ਸਮੇਂ ਸਮੇਂ ਆਉਂਦੇ ਰਹਿੰਦੇ ਹਨ। ਇਨ੍ਹਾਂ ਦਾ ਆਉਣਾ ਜ਼ਰੂਰ ਵੀ ਹੈ ਕਿਉਂਕਿ ਕੁੜੀਆਂ ਦੀਆਂ ਜਿੱਤਾਂ ਦਾ ਆਨੰਦ ਦੂਣਾ ਕਰਨ ਵਿਚ ਇਹ ਆਪਣਾ ਖ਼ੂਨ ਸਾੜਦੇ ਹਨ। ਇਨ੍ਹਾਂ ਨਾਲ ਹਮਦਰਦੀ ਕਰਨੀ ਚਾਹੀਦੀ ਹੈ।

ਇਹ ਉਦੋਂ ਵੀ ਆਏ ਸਨ ਜਦੋਂ ਕੁੜੀਆਂ ਨੇ ਘਰ ਦੀ ਚਾਰਦਿਵਾਰੀ ਤੋਂ ਬਾਹਰ ਪੜ੍ਹਨ ਲਈ ਪਹਿਲੇ ਕਦਮ ਪੁੱਟੇ ਸਨ, ਜਦੋਂ ਉਨ੍ਹਾਂ ਨੇ ਸਕੂਲਾਂ, ਹਸਪਤਾਲਾਂ ਤੇ ਦਫ਼ਤਰਾਂ ਵਿਚ ਨੌਕਰੀਆਂ ਕਰਨੀਆਂ ਸ਼ੁਰੂ ਕੀਤੀਆਂ ਸਨ, ਜਦੋਂ ਉਨ੍ਹਾਂ ਨੇ ਘਰਾਂ ਤੋਂ ਦੂਰ ਕਾਲਜਾਂ/ਸਕੂਲਾਂ ਵਿਚ ਬੱਸਾਂ ਰਾਹੀਂ ਪੜ੍ਹਨ ਲਈ ਜਾਣਾ ਆਉਣਾ ਸ਼ੁਰੂ ਕੀਤਾ ਸੀ, ਜਦੋਂ ਕੁੜੀਆਂ ਨੂੰ ਪਹਿਲਾਂ ਪਹਿਲ ਹੋਸਟਲਾਂ ਵਿੱਚ ਛੱਡਣ ਦੇ ਮਸਲੇ 'ਤੇ ਗੱਲਬਾਤ ਛਿੜੀ ਸੀ, ਜਦੋਂ ਮਰਦ-ਪੁਲਿਸ ਫ਼ੋਰਸ ਵਿਚ ਪਹਿਲੀਆਂ ਕੁੜੀਆਂ ਨੂੰ ਭਰਤੀ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਈ ਸੀ, ਉਦੋਂ ਵੀ ਇਹੋ ਜਿਹੀਆਂ ਸਿਆਣੀਆਂ ਤਰਕਪੂਰਣ ਅਤੇ ਸਾਫ਼ ਸੁਥਰੀਆਂ ਗੱਲਾਂ ਕੀਤੀਆਂ ਗਈਆਂ ਸਨ। ਉਦੋਂ ਵੀ ਪੰਜਾਬੀ ਸਭਿਆਚਾਰ ਅਤੇ ਧੀਆਂ-ਭੈਣਾਂ ਦੀ ਇੱਜ਼ਤ ਆਬਰੂ ਨੂੰ ਖ਼ਤਰੇ ਦੀਆਂ ਘੰਟੀਆਂ ਖੜਕਾਈਆਂ ਗਈਆਂ ਸਨ। ਉਦੋਂ ਵੀ ਇਨ੍ਹਾਂ ਰਾਹਾਂ ਉੱਤੇ ਪਹਿਲੇ ਕਦਮ ਧਰਨ ਵਾਲੀਆਂ ਕੁੜੀਆਂ ਦਾ ਚਰਿੱਤਰਘਾਤ ਕੀਤਾ ਗਿਆ ਸੀ। ਕੁੜੀਆਂ ਨੂੰ ਹਮੇਸ਼ਾਂ ਕੋਈ ਨਵਾਂ ਕਦਮ ਪੁੱਟਣ ਸਮੇਂ ਇਹੋ ਜਿਹੇ ਹਮਦਰਦ ਮਿਲਦੇ ਰਹਿੰਦੇ ਹਨ। ਹਰ ਯੁਗ ਵਿਚ ਇਹੋ ਜਿਹੇ ਲੋਕ ਵੱਖ ਵੱਖ ਨਾਵਾਂ, ਜੂਨਾਂ ਅਤੇ ਭੇਸਾਂ ਵਿਚ ਜਨਮ ਲੈਂਦੇ ਹਨ, ਪਰ ਸਮਾਂ ਬੜਾ ਜ਼ੋਰਾਵਰ ਹੈ, ਕੀ ਕਰੀਏ ਇਨ੍ਹਾਂ ਨਾਲ ਹਮਦਰਦੀ ਹੀ ਕਰ ਸਕਦੇ ਹਾਂ!

ਥੋੜ੍ਹਾ ਧੰਨਵਾਦ ਵੀ ਕਰਨਾ ਚਾਹੀਦਾ ਹੈ ਇਨ੍ਹਾਂ ਦਾ ਕਿਉਂਕਿ;

**ਕੰਡੇ ਤੁਸਾਂ ਖਿਲਾਰੇ, ਰਸਤੇ ਆਸਾਨ ਹੋਏ**
**ਮੰਜ਼ਿਲ ਦਾ ਸ਼ੌਕ ਵੀ ਤਾਂ ਜ਼ਖ਼ਮਾਂ 'ਚੋਂ ਜਾਗਦਾ ਹੈ।**

(ਇਹ ਕੁੜੀਆਂ ਦੇ ਹਮਦਰਦ ਉਦੋਂ ਪਤਾ ਨਹੀਂ ਕਿੱਥੇ ਚਲੇ ਜਾਂਦੇ ਹਨ ਜਦੋਂ ਪੰਜਾਬ ਦੇ ਸਧਾਰਣ ਪਰੰਪਰਾਵਾਦੀ ਲੋਕ ਆਪਣੀਆਂ ਕੁੜੀਆਂ ਨੂੰ ਵਧੀਆਂ ਮੌਕਿਆਂ ਦੀ ਭਾਲ ਵਿਚ ਵਿਦੇਸ਼ਾਂ ਵਿਚ ਭੇਜਦੇ ਹਨ, ਜਿੱਥੇ ਕਿਸੇ ਕਿਸਮ ਦੀ ਪਾਬੰਦੀ ਦੀ ਪਾਲਣਾ ਦੀ ਕੋਈ ਸ਼ਰਤ ਨਹੀਂ ਰਹਿ ਜਾਂਦੀ)

**-ਡਾ. ਸੁਰਜੀਤ**

ਗੱਗਬਾਣੀ

# ਪੰਜਾਬ ਸਰਕਾਰ ਦਾ '295 ਏ ਐਕਟ' ਨਵਾਂ ਕਾਨੂੰਨ ਕਿ ਹਨ੍ਹੇਰਗਰਦੀ?

ਉੱਤਰ: ਇਸ ਤੇ ਜਿੰਨਾ ਵੀ ਚਾਨਣਾ ਪਾਇਆ ਜਾਵੇ, ਹਨ੍ਹੇਰਾ ਹੀ ਨਜ਼ਰ ਆਉਣਾ ਹੈ। ਇਹ ਇੱਕ ਅਜਿਹੀ ਧਾਰਾ ਹੈ ਜਿਸ ਅੱਗੇ ਚੋਰੀ, ਡਕੈਤੀ, ਕਤਲ, ਬਲਾਤਕਾਰ ਦੀਆਂ ਧਾਰਾਵਾਂ ਵੀ ਸਿਰ ਨਿਵਾਉਂਦੀਆਂ ਹਨ। ਇਸ ਧਾਰਾ ਦੀ ਖ਼ਾਸੀਅਤ ਇਹ ਹੈ ਕਿ ਜਿਸ ਰਫ਼ਤਾਰ ਨਾਲ ਇਸ ਵਿੱਚ ਸੋਧਾਂ ਕਰ-ਕਰ ਕੇ ਇਸ ਦਾ ਰੂਪ ਨਿਖਾਰਿਆ ਜਾ ਰਿਹਾ ਹੈ, ਇੱਕ ਦਿਨ ਇਹ ਧਾਰਾ ਗਧਿਆਂ, ਸੂਰਾਂ, ਬਾਂਦਰਾਂ, ਮੱਝਾਂ, ਚਿੜੀਆਂ, ਕਬੂਤਰਾਂ ਤੇ ਵੀ ਲਾਗੂ ਹੋ ਜਾਣੀ ਹੈ। ਜੇ ਬਾਬੇ ਨਾਨਕ ਦੇ ਵੇਲੇ ਇਹ ਧਾਰਾ ਲਾਗੂ ਹੁੰਦੀ ਤਾਂ ਬਾਬੇ ਨੇ ਚਾਰ ਉਦਾਸੀਆਂ ਦੀ ਥਾਂ ਜੇਲ੍ਹ ਵਿੱਚ ਪੰਡਿਤਾਂ ਦੀਆਂ ਪੱਤਲਾਂ ਸਾਫ਼ ਕਰਦੇ ਹੋਣਾ ਸੀ।

ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਸੰਵਿਧਾਨਕ ਹੱਕ ਨੂੰ ਕੁਚਲਣ ਲਈ ਅਤੇ ਵਿਰੋਧ ਦੀ ਆਵਾਜ਼ ਨੂੰ ਦਬਾਉਣ ਲਈ ਫ਼ਾਸ਼ੀਵਾਦੀ ਸਰਕਾਰਾਂ ਲੋਕ ਮਾਰੂ ਕਾਨੂੰਨ ਬਣਾਉਂਦੀਆਂ ਅਤੇ ਲਾਗੂ ਕਰਦੀਆਂ ਹਨ। ਪੰਜਾਬ ਸਰਕਾਰ ਵਲੋਂ ਹਾਲ ਹੀ ਵਿੱਚ ਇਸ ਧਾਰਾ ਵਿੱਚ ਸੋਧ ਕਰਦਿਆਂ ਇਸ ਨੂੰ 295 ਏ ਏ ਦਾ ਰੂਪ ਦਿੱਤਾ ਗਿਆ ਹੈ ਜਿਸ ਅਨੁਸਾਰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਬਦਲੇ, ਧਾਰਮਿਕ ਪੁਸਤਕਾਂ ਦੀ ਬੇਅਦਬੀ ਬਦਲੇ 3 ਸਾਲ ਦੀ ਬਜਾਏ ਘੱਟੋ-ਘੱਟ 10 ਸਾਲ ਅਤੇ ਵੱਧ ਤੋਂ ਵੱਧ ਉਮਰਕੈਦ ਦੀ ਸਜ਼ਾ ਦਾ ਪ੍ਰਾਵਧਾਨ ਕੀਤਾ ਗਿਆ ਹੈ। ਜੇ ਫਿਰ ਵੀ ਘਟਨਾਵਾਂ ਵਾਪਰਦੀਆਂ ਰਹੀਆਂ ਤਾਂ ਗੁਨਾਹ ਕਰਨ ਵਾਲੇ ਦੀ ਪਤਨੀ, ਬੱਚੇ, ਮਾਪੇ ਅਤੇ ਦੂਰ-ਨੇੜੇ ਦੇ ਰਿਸ਼ਤੇਦਾਰਾਂ ਲਈ ਵੀ ਸਜ਼ਾ ਦਾ ਪ੍ਰਬੰਧ ਕੀਤੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਮਾਮਲਾ ਹੀ ਕੁੱਤੇ ਦੀ ਪੂਛ ਵਰਗਾ ਹੈ, ਇਹ ਧਰਮ ਦਾ ਨਹੀਂ, ਧਰਮ ਦੇ ਨਾਮ ਤੇ ਭਾਵਨਾਵਾਂ ਲੁੱਟਣ ਦਾ ਮਾਮਲਾ ਹੈ।

ਪੰਜਾਬ ਵਿੱਚ ਸਿੱਖਾਂ ਦੇ ਗੁਰੂ ਗਰੰਥ ਸਾਹਿਬ ਦੇ ਵਰਕੇ ਪਾੜਨ ਦਾ ਕੰਪੀਟੀਸ਼ਨ ਚੱਲਿਆ ਹੋਇਆ ਹੈ। ਹਰ ਹਫ਼ਤੇ ਕਿਤਿਓਂ ਨਾ ਕਿਤਿਓਂ ਅੱਗ ਲਾਊ ਖ਼ਬਰਾਂ ਆ ਹੀ ਜਾਂਦੀਆਂ ਹਨ। ਇਹਨਾਂ ਘਟਨਾਵਾਂ ਦੀ ਕਰਮਭੂਮੀ ਪੰਜਾਬ ਹੈ। ਸੀਜ਼ਨ ਵਿੱਚ ਵੀ ਜੇ ਬੇਅਦਬੀ ਦੀਆਂ ਘਟਨਾਵਾਂ ਨਾ ਹੋਣ ਤਾਂ ਕਦੋਂ ਹੋਣ, ਇਹ ਸਵਾਲ ਰਾਜਨੀਤਿਕ ਧਿਰਾਂ ਲਈ ਚਿੰਤਾ ਦਾ ਵਿਸ਼ਾ ਹੈ ਅਤੇ ਰਹੇਗਾ ਵੀ। ਪੰਜਾਬ ਦੇ ਨਾਲ ਹੀ ਹਿਮਾਚਲ, ਹਰਿਆਣਾ, ਰਾਜਸਥਾਨ ਆਦਿ ਸੂਬੇ ਲੱਗਦੇ ਹਨ। ਪਰ ਬੇਅਦਬੀ ਦਾ ਕੇਂਦਰਬਿੰਦੂ ਪੰਜਾਬ ਹੀ ਹੈ ਕਿਉਂਕਿ ਬਾਕੀ ਸੂਬਿਆਂ ਵਿੱਚ ਗਰੰਥ ਸਾਹਿਬ ਦੇ ਗੁਟਕੇ ਦੀਆਂ ਸਹੁੰਆਂ ਪਾ ਕੇ ਵੋਟਾਂ ਨਹੀਂ ਬਟੋਰੀਆਂ ਜਾ ਸਕਦੀਆਂ, ਉਹਨਾਂ ਸੂਬਿਆਂ ਵਿੱਚ ਗੋਲਕਾਂ ਤੇ ਕਬਜ਼ੇ ਦੀਆਂ ਲੜਾਈਆਂ ਵੀ ਘੱਟ ਹੁੰਦੀਆਂ ਹਨ ਅਤੇ ਸਿਰ ਢੱਕ ਕੇ ਲੰਗਰ ਛਕਣ ਦੇ ਹੁਕਮਨਾਮੇ ਵੀ ਕਾਗਜ਼ੀ ਹੀ ਹੁੰਦੇ ਹਨ।

ਪੰਜਾਬ ਦੇ ਲੋਕ ਏਨੇ ਧਾਰਮਿਕ ਨਹੀਂ ਹਨ, ਜਿੰਨੇ ਸਰਕਾਰਾਂ ਤੋਂ ਅੱਕੇ ਹੋਏ ਹਨ। ਇਸ ਦੇ ਬਾਵਜੂਦ ਵੀ ਵਰਕੇ ਪਾੜਨਾ, ਸਾੜਨਾ ਆਮ ਲੋਕਾਂ ਦਾ ਸ਼ੁਗਲ ਨਹੀਂ ਹੈ, ਇਹ ਰਾਜਨੀਤੀਵਾਨਾਂ ਦਾ ਸ਼ੁਗਲ ਹੈ। ਆਮ ਲੋਕ ਤਾਂ ਭੋਲ਼ੇ ਹੁੰਦੇ ਹਨ, ਅਪਣੀ ਮਰਜ਼ੀ ਨਾਲ ਗੁਰਦੁਆਰੇ ਵੀ ਨਹੀਂ ਜਾਂਦੇ। ਤਦੇ ਹੀ ਹਰ ਮੱਸਿਆ, ਸਗਰਾਂਦ ਨੂੰ ਸਪੀਕਰਾਂ ਵਿੱਚ ਕੰਨ ਪਾੜਵੇਂ ਹੋਕੇ ਦੇ ਕੇ ਲੋਕਾਂ ਨੂੰ ਸੱਦਿਆ ਜਾਂਦਾ ਹੈ, ਅਖੰਡ ਪਾਠਾਂ ਦੀਆਂ ਲੜੀਆਂ ਦਾ ਪਾਖੰਡ ਕੀਤਾ ਜਾਂਦਾ ਹੈ, ਪ੍ਰਭਾਤਫੇਰੀਆਂ ਕੱਢੀਆਂ ਜਾਂਦੀਆਂ ਹਨ ਅਤੇ ਇਸ ਸਾਰੀ ਪਾਖੰਡਬਾਜ਼ੀ ਦਾ ਸਿੱਖੀ ਨਾਲ ਦੂਰ-ਨੇੜੇ ਦਾ ਵੀ ਵਾਸਤਾ ਨਹੀਂ ਹੁੰਦਾ।

ਆਮ ਲੋਕ ਕੰਮਾਂ-ਕਾਰਾਂ ਵਾਲੇ ਕਬੀਲਦਾਰੀ ਦਾ ਬੋਝ ਢੋਅ ਰਹੇ ਲੋਕ ਹੁੰਦੇ ਹਨ, ਜਦੋਂ ਕਿ ਧਰਮ ਵਿਹਲੜ ਅਤੇ ਨਿਕੰਮੇ ਲੋਕਾਂ ਦਾ ਰੋਜ਼ਗਾਰ ਤੋਰਦਾ ਹੈ। ਧਰਮ ਇੱਕ ਰੋਜ਼ਗਾਰ ਹੀ ਨਹੀਂ, ਪੂਰਾ ਕਮੀਨਗੀ ਭਰਿਆ ਕਾਰੋਬਾਰ ਵੀ ਹੈ ਜਿਸ ਵਿੱਚ ਧੇਲੇ ਦੀ ਵੀ ਕਾਰ ਨਹੀਂ ਕਰਨੀ ਪੈਂਦੀ।

ਇਹੋ ਕਾਰਣ ਹੈ ਕਿ ਜਿਵੇਂ-ਜਿਵੇਂ ਪੂੰਜੀਵਾਦ ਦਾ ਪਸਾਰਾ ਵਧਦਾ ਜਾਂਦਾ ਹੈ, ਆਰਥਿਕ ਅਸਮਾਨਤਾ ਵਧਦੀ ਜਾਂਦੀ ਹੈ, ਬੇਰੁਜ਼ਗਾਰੀ ਅਤੇ ਅਨਿਸ਼ਚਿਤਤਾ ਵੀ ਵਧਦੀ ਜਾਂਦੀ ਹੈ ਅਤੇ ਅੰਧਵਿਸ਼ਵਾਸ ਗ੍ਰਸਤ ਲੋਕਾਂ ਵਿੱਚ ਅੰਧਵਿਸ਼ਵਾਸ ਕਾਇਮ ਰੱਖਣ ਲਈ ਧਰਮਾਂ ਦਾ ਪੁਨਰਜਨਮ ਕੀਤਾ ਜਾਂਦਾ ਹੈ, ਪਾਖੰਡਬਾਜ਼ੀ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ, ਸਕੂਲੀ ਸਿੱਖਿਆ ਮਹਿੰਗੀ ਅਤੇ ਕਾਰਪੋਰੇਟ ਜਗਤ ਦੀ ਸਹੂਲਤ ਲਈ ਪੂੰਜੀਵਾਦੀ ਪ੍ਰਬੰਧ ਦੇ ਅਨੁਕੂਲ ਤਿਆਰ ਕੀਤੀ ਜਾਂਦੀ ਹੈ, ਪ੍ਰਹੇਜ ਦੀ ਬਜਾਏ ਲਾਲਸਾ ਜਗਾ ਕੇ ਬਿਮਾਰੀਆਂ ਨੂੰ ਖ਼ਤਮ ਕਰਨ ਦੀ ਬਜਾਏ ਬੀਮਾਰੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ ਤਾਂ ਜੋ ਆਰਥਿਕ ਮੰਦੀ ਦੇ ਦੌਰ ਵਿੱਚ ਵੀ ਆਈ-ਚਲਾਈ ਚੱਲਦੀ ਰਹੇ।

ਇਸ ਕੰਮ ਵਾਸਤੇ ਧਰਮ ਦੇ ਨਾਮ ਤੇ ਡੇਰੇ ਬਣਾਏ ਜਾਂਦੇ ਹਨ, ਗੁਰੂਦੁਆਰੇ, ਮੰਦਿਰ ਆਦਿ ਇਮਾਰਤਾਂ ਉਸਾਰ ਕੇ ਵੱਧ ਤੋਂ ਵੱਧ ਲੋਕਾਂ ਨੂੰ ਅਪਣੀ ਦੁਕਾਨ ਤੇ ਖਿੱਚਣ ਦਾ ਯਤਨ ਕੀਤਾ ਜਾਂਦਾ ਹੈ, ਜਿਸ ਵਿੱਚੋਂ ਵੱਖ-ਵੱਖ ਧਰਮਾਂ ਦੀ ਆਪਸੀ ਕੁੜੱਤਣ ਨਿਕਲਦੀ ਹੈ। ਏਸੇ ਦਾ ਨਤੀਜਾ ਹੈ 20ਵੀਂ ਸਦੀ ਦੇ ਮੁੱਢ ਵਿੱਚ ਸਥਾਪਿਤ ਹੋਏ ਸਿੱਖ ਧਰਮ ਦਾ ਵੱਖਰੀ ਪਹਿਚਾਣ ਦਾ ਰੌਲ਼ਾ ਪੈਣ ਤੋਂ ਪਹਿਲਾਂ ਹੀ ਭੋਗ ਪੈਣਾ ਸ਼ੁਰੂ ਹੋ ਗਿਆ ਹੈ। ਇਸੇ ਹੀਣ ਭਾਵਨਾ ਦੇ ਸ਼ਿਕਾਰ ਹੋਣ ਕਾਰਣ ਇਸ ਦੇ ਪੈਰੋਕਾਰ ਕਦੇ ਨਿਰੰਕਾਰੀਆਂ ਨਾਲ ਸਿੰਗ ਫਸਾਈ ਰੱਖਦੇ ਹਨ ਕਦੇ ਸਰਸੇ ਵਾਲੇ ਰਾਮ ਰਹੀਮ ਨਾਲ, ਕਦੇ ਨਾਨਕਸਰੀਆਂ ਨਾਲ ਅਤੇ ਕਦੇ ਆਪਸ ਵਿੱਚ ਹੀ ਪੱਗੋ-ਹੱਥੀ ਹੋਏ ਹੁੰਦੇ ਹਨ। ਇਹ ਸਾਰਾ ਰੌਲ਼ਾ ਧਰਮ ਦੀ ਸਿੱਖਿਆ ਦਾ ਨਹੀਂ, ਧਰਮ ਦੀ ਖੁਰਦੀ ਜਾਂਦੀ ਸਾਖ਼ ਨੂੰ ਬਚਾਉਣ ਦਾ ਹੈ।

ਅਕਾਲੀ ਦਲ ਸਿੱਖਾਂ ਦਾ ਧਾਰਮਿਕ ਰਾਜਨੀਤਿਕ ਸੰਗਠਨ ਹੈ ਜਿਸਦੀ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਤੇ ਮਜ਼ਬੂਤ ਪਕੜ ਹੈ। ਏਸੇ ਰਾਜਨੀਤਿਕ ਸੰਗਠਨ ਦੀ ਹਮੇਸ਼ਾ ਲੋੜ ਰਹੀ ਹੈ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸੌਦਾ ਮਾਰ ਕੇ ਸਰਗਰਮ ਰਾਜਨੀਤੀ ਵਿੱਚ ਬਣੇ ਰਹਿਣਾ ਅਤੇ ਵੱਧ ਤੋਂ ਵੱਧ ਨਿਜੀ ਖ਼ਜ਼ਾਨੇ ਭਰਨਾ। ਨਹੀਂ ਤੇ ਭਲਾ ਨਿਰੰਕਾਰੀਆਂ ਨਾਲ, ਨਾਮਧਾਰੀਆਂ ਨਾਲ, ਸਿੱਖਾਂ ਦਾ ਕਾਹਦਾ ਰੌਲ਼ਾ ਹੈ? ਅੱਜ ਸਰਸੇ ਵਾਲੇ ਰਾਮ ਰਹੀਮ ਨੂੰ ਸਿੱਖ ਸਭ ਤੋਂ ਵੱਡੇ ਦੁਸ਼ਮਣ ਵਜੋਂ ਵੇਖਦੇ ਹਨ, ਕੀ ਉਹ ਸੱਚਮੁਚ ਸਿੱਖਾਂ ਦਾ ਸਭ ਤੋਂ ਵੱਡਾ ਦੁਸ਼ਮਣ ਹੈ? ਜਦੋਂ ਉਸ ਨੇ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾ ਕੇ ਅਪਣੇ ਚੇਲਿਆਂ ਨੂੰ ਅੰਮ੍ਰਿਤ ਜਲ ਛਕਾਇਆ ਸੀ, ਉਦੋਂ ਤਾਂ ਉਸ ਦੇ ਚਿੱਤ ਚੇਤੇ ਵੀ ਨਹੀਂ ਹੋਣਾ ਕਿ ਇਹ ਏਨੀ ਵੱਡੀ ਗੱਲ ਬਣ ਜਾਵੇਗੀ। ਉਦੋਂ ਉਸ ਦੇ ਇਸ ਤਰ੍ਹਾਂ ਸਵਾਂਗ ਰਚਾਉਣ ਦਾ ਏਨੇ ਵੱਡੇ ਪੱਧਰ ਤੇ ਵਿਰੋਧ ਨਹੀਂ ਸੀ ਹੋਇਆ। ਉਸ ਤੋਂ ਕਾਫ਼ੀ ਸਮੇਂ ਬਾਅਦ ਜਦੋਂ ਬਾਦਲਾਂ ਨੂੰ ਵੋਟਾਂ ਚਾਹੀਦੀਆਂ ਸੀ ਤਾਂ ਸਾਲ-ਛੀ ਮਹੀਨੇ ਪੁਰਾਣਾ ਸਵਾਂਗ ਵਾਲਾ ਮੁੱਦਾ ਚੁੱਕ ਕੇ ਇਸ ਨੂੰ ਗੁਰੂ ਗੋਬਿੰਦ ਸਿੰਘ ਦੀ ਨਕਲ ਆਖ ਕੇ ਅਜਿਹਾ ਭੰਡਿਆ ਕਿ ਪੰਜਾਬੀ ਅੱਜ ਤੱਕ ਭਰਾ ਮਾਰੂ ਜੰਗ ਵਿੱਚ ਬਲੀ ਦੇ ਬੱਕਰੇ ਬਣਦੇ ਆ ਰਹੇ ਹਨ।

ਬਾਕੀ ਪਾਰਟੀਆਂ ਦੇ ਕਿਹੜਾ ਪੰਜਾਬੀ ਮਾਸੀ ਦੇ ਪੁੱਤ ਲੱਗਦੇ ਹਨ। ਧਰਮ ਵਾਲਾ ਪੱਤਾ ਉਹਨਾਂ ਵੀ ਖ਼ੂਬ ਖੇਡਿਆ ਅਤੇ ਲੋਕਾਂ ਦੇ ਖ਼ੂਨ ਨਾਲ ਰੰਗ ਕੇ ਵੋਟਾਂ ਹਾਸਲ ਕੀਤੀਆਂ ਜਾਂਦੀਆਂ ਰਹੀਆਂ ਹਨ ਜੋ ਅੱਜ ਤੱਕ ਜਾਰੀ ਹੈ।

ਇਹ ਬੇਅਦਬੀ, ਧਾਰਮਿਕ ਭਾਵਨਾਵਾਂ ਦਾ ਭੜਕ ਜਾਣਾ ਲੋਕਾਂ ਦਾ ਮੁੱਦਾ ਨਹੀਂ ਹੈ। ਇਹ ਇੱਕ ਰਾਜਨੀਤਿਕ ਮੁੱਦਾ ਹੈ। ਕੋਈ ਸਰਸੇ ਵਾਲੇ ਦੇ ਪੁਤਲੇ ਫੂਕੇਗਾ ਤਾਂ ਸਰਸੇ ਵਾਲੇ ਦੇ ਚੇਲੇ ਕਦੋਂ ਪਿੱਛੇ ਰਹਿਣਗੇ? ਕਿਸੇ ਨਾਂਗੇ ਸਾਧੂ ਦਾ ਕੁਟਾਪਾ ਲਾਓਗੇ ਜਾਂ ਕਿਸੇ ਦੇ ਪੀਰਾਂ ਦੀ ਸਮਾਧ ਤੋੜੋਗੇ ਤਾਂ ਕੀ ਉਹ ਨਿਹੰਗਾਂ ਨੂੰ ਨਹੀਂ ਘੇਰਨਗੇ ਜਾਂ ਹੋਰ ਕੋਈ ਘਿਨਾਉਣੀ ਘਟਨਾ ਨੂੰ ਅੰਜਾਮ ਨਹੀਂ ਦੇਣਗੇ? ਫੇਰ ਇਹ ਬੇਅਦਬੀ ਹੈ ਜਾਂ ਬਦਲਾ ਲਊ ਕਾਰਵਾਈ?

ਧਾਰਮਿਕ ਗਰੰਥਾਂ ਦੇ ਪੰਨੇ ਪਾੜਨ ਅਤੇ ਗੁੱਤਾਂ ਕੱਟੇ ਜਾਣ ਦੀਆਂ ਘਟਨਾਵਾਂ ਵਿੱਚ ਇੱਕ ਸਮਾਨਤਾ ਹੈ ਕਿ ਅਸਲ ਕਾਰਣ ਹੋਰ ਹੁੰਦਾ ਹੈ ਅਤੇ ਅਫ਼ਵਾਹ ਏਦਾਂ ਫੈਲਾਈ ਜਾਂਦੀ ਹੈ ਕਿ ਪਤਾ ਨਹੀਂ ਕਿੱਡੀ ਕੁ ਵੱਡੀ ਘਟਨਾ ਹੋ ਗਈ ਹੋਵੇ।

ਅੱਜ ਸਿੱਖਾਂ ਦੇ ਗੁਰੂ ਗਰੰਥ ਸਾਹਿਬ ਦੇ ਪੰਨੇ ਪਾੜੇ ਜਾ ਰਹੇ ਹਨ ਅਤੇ ਦੋਸ਼ੀ ਵੀ ਬਹੁਤੇ ਥਾਈਂ ਸਿੱਖ ਹੀ ਨਿਕਲ ਰਹੇ ਹਨ ਅਤੇ ਇਹਨਾਂ ਘਟਨਾਵਾਂ ਦਾ ਕਾਰਣ ਵੀ ਨਿੱਜੀ ਰੰਜਿਸ਼ ਨਿਕਲ ਰਿਹਾ ਹੈ। ਕੀ ਇਹ ਘਟਨਾਵਾਂ ਰੋਕੀਆਂ ਜਾ ਸਕਦੀਆਂ ਹਨ? ਇਹ ਸਵਾਲ ਪ੍ਰੇਸ਼ਾਨ ਕਰਨ ਵਾਲਾ ਹੈ। ਦਰਅਸਲ ਇਹਨਾਂ ਘਟਨਾਵਾਂ ਨੂੰ ਜਾਰੀ ਰੱਖਣਾ ਹੀ ਰਾਜਨੀਤਿਕ ਧਿਰਾਂ ਦੀ ਅਣਸਰਦੀ ਲੋੜ ਹੈ।

ਬੇਰੁਜ਼ਗਾਰੀ ਨੂੰ ਲੈ ਕੇ, ਮਹਿੰਗਾਈ ਨੂੰ ਲੈ ਕੇ, ਫ਼ੀਸਾਂ ਦੇ ਵਾਧੇ ਨੂੰ ਲੈ ਕੇ, ਹਸਪਤਾਲਾਂ ਵਿੱਚ ਹੁੰਦੀ ਲੁੱਟ ਅਤੇ ਥਾਣਿਆਂ ਵਿੱਚ ਹੁੰਦੀ ਗੁੰਡਾਗਰਦੀ ਨੂੰ ਲੈ ਕੇ, ਬੁਨਿਆਦੀ ਹੱਕਾਂ ਨੂੰ ਲੈ ਕੇ ਆਵਾਜ਼ ਉੱਠਾ ਰਹੇ ਲੋਕਾਂ ਦੇ ਰੋਹ ਨੂੰ ਠੱਲ੍ਹਣ ਲਈ ਬਹੁਤ ਜ਼ਰੂਰੀ ਹੈ ਗ੍ਰੰਥ ਸਾਹਿਬ ਦੇ ਪੰਨਿਆਂ ਦਾ ਪਾੜਿਆ ਜਾਣਾ।

ਇਹਨਾਂ ਘਟਨਾਵਾਂ ਦੀ ਜਾਂਚ ਕਦੇ ਵੀ ਸਿਰੇ ਨਹੀਂ ਲੱਗਦੀ ਅਤੇ ਨਾ ਹੀ ਲੱਗਣ ਦੀ ਸੰਭਾਵਨਾ ਹੈ, ਕਿਉਂਕਿ ਲੋੜ ਹੀ ਨਹੀਂ ਹੈ।

ਅੱਜ ਦਸ-ਦਸ ਰੁਪਏ ਨੂੰ ਹੱਟੀਆਂ ਤੇ ਗੁਟਕੇ ਆਮ ਮਿਲ ਜਾਂਦੇ ਹਨ। ਕਿਸੇ ਦੀ ਜੇਬ੍ਹ ਵਿੱਚੋਂ ਬਟੂਆ ਡਿੱਗਣ ਵਾਂਗ ਡਿੱਗਿਆ ਗੁਟਕਾ ਪੰਜਾਬ ਦੀ ਆਬੋ ਹਵਾ ਵਿੱਚ ਜ਼ਹਿਰ ਘੋਲਣ ਦੀ ਸਮਰੱਥਾ ਰੱਖਦਾ ਹੈ। ਧਾਰਮਿਕ ਗਰੰਥ ਨੂੰ ਪਾਠੀਆਂ ਆਦਿ ਤੱਕ ਸੀਮਿਤ ਕਰ ਕੇ ਰੱਖ ਦਿੱਤਾ ਗਿਆ ਹੈ। ਜੇ ਕਿਸੇ ਨੇ ਅਧਿਐਨ ਕਰਨਾ ਹੋਵੇ, ਖੋਜ ਕਰਨੀ ਹੋਵੇ ਤਾਂ ਇਹ ਸੰਭਵ ਹੀ ਨਹੀਂ ਹੈ ਕਿ ਉਸ ਤੇ 295 ਏ ਲਾਗੂ ਨਾ ਹੁੰਦੀ ਹੋਵੇ। ਕਿਉਂਕਿ ਉਸਨੇ ਪੜ੍ਹਨਾ ਹੈ, ਟੀਕਾ ਟਿੱਪਣੀ ਕਰਨੀ ਹੈ, ਪੈਂਸਲ ਨਾਲ ਨਿਸ਼ਾਨੀਆਂ ਵੀ ਲਾਉਣੀਆਂ ਹਨ, ਸਿਰ ਵੀ ਨਹੀਂ ਢੱਕਣਾ ਹੈ ਅਤੇ ਆਪਣੀ ਆਦਤ ਅਨੁਸਾਰ ਸਿਗਰੇਟ ਦੇ ਕਸ਼ ਖਿੱਚਦਿਆਂ ਧਿਆਨ ਵੀ ਲਾਉਣਾ ਹੋ ਸਕਦਾ ਹੈ। ਸੂਈ ਜਿੰਨੀ ਵੀ ਗੁੰਜਾਇਸ਼ ਨਹੀਂ ਹੈ ਕਿ ਉਹ ਉਮਰ ਕੈਦ ਦੇ ਮੁਕੱਦਮੇ ਦਾ ਸਾਹਮਣਾ ਨਾ ਕਰੇ। ਗੁਰਦੁਆਰੇ ਦੇ ਸਪੀਕਰ ਤੋਂ ਉੱਚਾ ਮੰਦਿਰ ਦਾ ਸਪੀਕਰ ਹੋ ਜਾਵੇ ਤਾਂ ਮੰਦਿਰ ਵਾਲਿਆਂ ਤੇ ਬੇਅਦਬੀ ਜਾਂ ਧਾਰਮਿਕ ਭਾਵਨਾਵਾਂ ਦਾ ਕੇਸ ਵੱਟ ਤੇ ਪਿਆ ਹੈ ਅਤੇ ਏਸੇ ਤਰ੍ਹਾਂ ਮੰਦਰ ਵਾਲੇ ਵੀ ਗੁਰਦੁਆਰੇ ਵਾਲਿਆਂ ਤੇ ਮੁਕੱਦਮਾ ਠੋਕ ਸਕਦੇ ਹਨ।

ਲਾਵਾਂ-ਫੇਰੇ ਲੈਂਦੇ ਸਮੇਂ ਲਾੜੇ ਜਾਂ ਵਹੁਟੀ ਵਲੋਂ ਤੇਜ਼ ਕਦਮ ਚੱਲਦਿਆਂ ਲਾਮ ਮੁੱਕਣ ਤੋਂ ਪਹਿਲਾਂ ਹੀ ਜੇ ਫੇਰਾ ਪੂਰਾ ਕਰ ਲਿਆ ਜਾਵੇ ਤਦ ਵੀ ਉਮਰ ਕੈਦ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੇ ਕਈ ਪਿੰਡ ਸੁਣੀਂਦੇ ਹਨ, ਜਿੱਥੇ ਕਿਸੇ ਧਾਰਮਿਕ ਇਮਾਰਤ ਤੋਂ ਉੱਚੀ ਕੋਈ ਇਮਾਰਤ ਨਹੀਂ ਹੋ ਸਕਦੀ ਸੀ ਪਰ ਤਰਕਸ਼ੀਲਾਂ ਅਤੇ ਅਗਾਂਹਵਧੂ ਸੋਚ ਵਾਲੇ ਲੋਕਾਂ ਨੇ ਇਸ ਅੰਦਵਿਸ਼ਵਾਸ ਨੂੰ ਨਕਾਰਦਿਆਂ ਦੋ ਮੰਜ਼ਿਲਾ-ਤਿਮੰਜ਼ਿਲਾ ਚੁਬਾਰੇ ਪਾ ਕੇ ਰੀਤ ਤੋੜੀ ਹੈ, ਪਰ ਹੁਣ ਧਾਰਮਿਕ ਬੇਅਦਬੀ ਦੇ ਨਾਮ ਤੇ ਉਮਰਕੈਦ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਭੋਤਨਾ ਪਿੰਡ ਦੀਆਂ ਔਰਤਾਂ ਪਤਾ ਨਹੀਂ ਕਿਵੇਂ ਬਚ ਗਈਆਂ, ਨਹੀਂ ਤੇ ਸਮੂਹ ਪਿੰਡ ਦੀਆਂ ਔਰਤਾਂ ਗੁਰਦੁਆਰੇ ਦੀ ਜ਼ਮੀਨ ਤੇ ਤੀਆਂ ਮਨਾਉਣ ਦੇ ਦੋਸ਼ ਵਿੱਚ 295 ਏ ਏ ਦਾ ਸਾਹਮਣਾ ਕਰਕੇ ਜੇਲ੍ਹ ਵਿੱਚ ਜਨਮ ਸਫਲਾ ਕਰ ਰਹੀਆਂ ਹੁੰਦੀਆਂ।

ਸਰਕਾਰ ਨੂੰ ਸਵੇਰੇ ਚਾਰ ਵਜੇ ਕੁੱਤਿਆਂ ਦੇ ਭੌਂਕਣ ਤੇ ਪਾਬੰਦੀ ਲਾਉਣ ਬਾਰੇ ਵੀ ਇਰਾਦਾ ਸਪੱਸ਼ਟ ਕਰਨਾ ਚਾਹੀਦਾ ਹੈ, ਕਿਉਂਕਿ ਉਹ ਬਰਾਬਰੀ ਦੇ ਦੋਸ਼ੀ ਗਰਦਾਨੇ ਜਾ ਸਕਦੇ ਐ।

ਭੰਗ ਨੂੰ ਧਾਰਮਿਕ ਬੂਟੀ ਗਰਦਾਨ ਦਿੱਤਾ ਜਾਣਾ ਚਾਹੀਦਾ ਹੈ।

ਜਿੱਥੇ ਤੱਕ ਕਿਸੇ ਗੁਰੂਦੁਆਰੇ ਦੇ ਸਪੀਕਰ ਦੀ ਆਵਾਜ਼ ਜਾਂਦੀ ਹੈ, ਓਥੋਂ ਤੱਕ ਕਿਸੇ ਦੇ ਬੀੜੀ ਪੀਣ ਤੇ ਪਾਬੰਦੀ ਲੱਗਣੀ ਚਾਹੀਦੀ ਹੈ।

ਗਾਂ ਦੇ ਮੂਤਣ ਦਾ ਟਾਈਮ ਫਿਕਸ ਕਰ ਦੇਣਾ ਚਾਹੀਦਾ ਹੈ ਤਾਂ ਜੋ ਇਸ ਕੀਮਤੀ ਅੰਮ੍ਰਿਤ ਦੀ ਇੱਕ-ਇੱਕ ਬੂੰਦ ਬਚਾਈ ਜਾ ਸਕੇ।

ਗਧੇ ਦੇ ਮੂਤ ਤੋਂ ਬਿਜਲੀ ਪੈਦਾ ਕਰਨ ਦੇ ਬਿਆਨ ਦਾਗਣ ਵਾਲੇ ਮੰਤਰੀ ਤੇ ਧਾਰਮਿਕ ਮੂਤ ਦੀ ਬੇਅਦਬੀ ਕਰਨ ਅਤੇ ਗਾਂ ਦੇ ਮੂਤ ਦੀ ਸਮਰੱਥਾ ਤੇ ਸ਼ੱਕ ਕਰਨ ਦੇ ਦੋਸ਼ ਵਜੋਂ 295 ਏ ਏ ਤਹਿਤ ਦੂਹਰੀ ਉਮਰਕੈਦ ਹੋਣੀ ਚਾਹੀਦੀ ਹੈ।

ਕੁੱਤਿਆਂ ਦੇ ਮੂਤਣ ਲਈ ਬਾਥਰੂਮਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਕਿਉਂਕਿ ਥਾਂ-ਥਾਂ ਮਟੀਆਂ, ਸ਼ਿਵਲਿੰਗ, ਪਿੱਪਲ ਆਦਿ ਆਮ ਹੀ ਮਿਲ ਜਾਂਦੇ ਹਨ ਅਤੇ ਕੁੱਤੇ ਤਾਂ ਫਿਰ ਕੁੱਤੇ ਹੀ ਹੁੰਦੇ ਹਨ।

ਤਰਕਸ਼ੀਲਾਂ ਅਤੇ ਸਾਹਿਤਕਾਰਾਂ ਦਾ ਕੀ ਹੈ? ਇਹਨਾਂ ਕੋਲੋਂ ਸੱਚ ਆਖੇ ਬਿਨਾਂ ਰਹਿ ਨਹੀਂ ਹੋਣਾ। ਇਹ ਕਾਣੇ ਨੂੰ ਕਾਣਾ ਹੀ ਕਹਿਣਗੇ, ਧ੍ਰਿਤਰਾਸ਼ਟਰ ਨੂੰ ਅੰਨ੍ਹਾ ਹੀ ਕਹਿਣਗੇ, ਮੱਖਣਚੋਰ ਨੂੰ ਚੋਰ ਹੀ ਕਹਿਣਗੇ, ਨਹਾਉਂਦੀਆਂ ਗੋਪੀਆਂ ਦੇ ਕੱਪੜੇ ਚੁਰਾ ਕੇ ਅੱਖਾਂ ਤੱਤੀਆਂ ਕਰਨ ਵਾਲੇ ਨੂੰ ਠਰਕੀ ਹੀ ਆਖਣਗੇ। ਗਊ ਮੂਤ ਤੇ ਸਵਾਲ ਚੁੱਕਣਗੇ, ਬੰਦੇ ਦੇ ਧੜ ਤੇ ਹਾਥੀ ਦੇ ਸਿਰ ਨੂੰ ਗੱਪ ਹੀ ਆਖਣਗੇ। ਪੰਜੇ ਨਾਲ ਪਹਾੜ ਰੋਕਣ ਨੂੰ ਵੀ ਗੱਪ ਹੀ ਆਖਣਗੇ। ਜੇ ਇਹ ਬੇਅਦਬੀ ਹੈ ਤਾਂ ਬਾ-ਅਦਬ ਏਦਾਂ ਦੀ ਬੇਅਦਬੀ ਕਰਦੇ ਰਹਿਣਗੇ। ਉਮਰਕੈਦ ਬਹੁਤ ਨਿਗੂਣੀ ਜਿਹੀ ਸਜ਼ਾ ਹੈ ਇਹਨਾਂ ਵਾਸਤੇ। ਫਿਰ ਵੀ ਇਹਨਾਂ ਨੂੰ ਬਗੈਰ ਮੁਕੱਦਮਾ ਚਲਾਏ ਹੀ ਉਮਰਕੈਦ ਦੇ ਦੇਣੀ ਚਾਹੀਦੀ ਹੈ ਕਿਉਂਕਿ ਯੂ ਏ ਪੀ ਏ, 295 ਏ, 295 ਏ ਏ ਅਤੇ ਹੋਰ ਏਦਾਂ ਦੇ ਲੋਕ ਮਾਰੂ ਕਾਨੂੰਨ ਬਣਾਏ ਤਾਂ ਤੁਸੀਂ ਇਹਨਾਂ ਵਾਸਤੇ ਹੀ ਹਨ।

# ਆਓ ਅੰਗਰੇਜ਼ੀ ਪਰਖ਼ਣ ਵਾਲੇ ਟੈਸਟ 'ਆਈਲਟਸ' ਦੀ ਧੱਕੇਸ਼ਾਹੀ ਖ਼ਿਲਾਫ਼ ਜੰਗ ਵਿੱਢੀਏ

ਵਿਕਾਸਸ਼ੀਲ ਅਤੇ ਪਛੜੇ ਦੇਸ਼ਾਂ ਦੇ ਲੋਕਾਂ ਵੱਲੋਂ ਪੱਛਮੀ ਦੇਸ਼ਾਂ ਵਿੱਚ ਪਹੁੰਚਣ ਦੀ ਤਾਂਘ ਵਿੱਚੋਂ ਕਮਾਈ ਕਰਨ ਦੇ ਇਰਾਦੇ ਨਾਲ ਕਾਰੋਬਾਰੀਆਂ ਨੇ ਅੰਗਰੇਜ਼ੀ ਪਰਖ਼ਣ ਵਾਲੇ ਇਮਤਿਹਾਨਾਂ ਦੀ ਖ਼ੋਜ ਕਰ ਲਈ ਅਤੇ ਵੇਖਦੇ ਹੀ ਵੇਖਦੇ ਇਹ ਕਾਰੋਬਾਰ ਏਡਾ ਵੱਡਾ ਹੋ ਗਿਆ ਕਿ ਇੰਨ੍ਹਾਂ ਇਮਤਿਹਾਨਾਂ ਦੇ ਕਾਰੋਬਾਰੀਆਂ ਲਈ ਅੰਗਰੇਜ਼ੀ ਵਾਲਾ ਇਮਤਿਹਾਨ ਸੋਨੇ ਦਾ ਆਂਡਾ ਦੇਣ ਵਾਲੀ ਮੁਰਗੀ ਬਣ ਗਿਆ। ਇਹ ਕਾਰੋਬਾਰੀ ਅਦਾਰੇ ਏਡੇ ਵੱਡੇ ਹੋ ਗਏ ਹਨ ਕਿ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਕੋਲੋਂ ਆਪਣਾ ਸੌਦਾ ਵੇਚਣ ਲਈ ਮਰਜ਼ੀ ਦੇ ਫ਼ੈਸਲੇ ਕਰਾਉਣ ਵਿੱਚ ਕਾਮਯਾਬ ਹੋ ਗਏ ਹਨ। ਇਹ Lobbying ਕਰਕੇ ਸਰਕਾਰਾਂ ਨੂੰ ਕਾਨੂੰਨਾਂ ਵਿੱਚ ਅਜਿਹੇ ਫ਼ੈਸਲੇ ਕਰਨ ਲਈ ਰਾਜ਼ੀ ਕਰ ਲੈਂਦੇ ਹਨ ਕਿ ਜਿਸ ਨਾਲ ਪ੍ਰਾਰਥੀਆਂ ਨੂੰ ਇਹ ਇਮਤਿਹਾਨ ਵਾਰ-ਵਾਰ ਦੇਣਾ ਪਵੇ ਅਤੇ ਇੰਨ੍ਹਾਂ ਦਾ ਤੋਰੀ-ਫੁਲਕਾ ਚੱਲਦਾ ਰਹੇ।

ਅੰਗਰੇਜ਼ੀ ਪਰਖ਼ਣ ਵਾਲੇ ਇਮਤਿਹਾਨ ਦੁਨੀਆਂ ਦੇ ਇੱਕੋ-ਇੱਕ ਅਜਿਹੇ ਇਮਤਿਹਾਨ ਹਨ ਜਿਸ ਵਿੱਚ ਨਤੀਜਿਆਂ ਦੀ ਮਿਆਦ ਪੁੱਗ ਜਾਂਦੀ ਹੈ।ਤੁਸੀਂ ਡਾਕਟਰੀ, ਵਕਾਲਤ, ਇੰਜੀਨੀਅਰਿੰਗ ਆਦਿ ਦੀ ਡਿਗਰੀ ਇੱਕੋ ਵਾਰ ਕਰਦੇ ਹੋ ਅਤੇ ਤਾ-ਉਮਰ ਇਹ ਡਿਗਰੀ ਕਾਰਆਮਦ ਰਹਿੰਦੀ ਹੈ ਪਰ ਅੰਗਰੇਜ਼ੀ ਵਾਲੇ ਇਮਤਿਹਾਨ ਦੀ ਮਿਆਦ ਦੋ ਤੋਂ ਤਿੰਨ ਸਾਲ ਵਿੱਚ ਪੁੱਗ ਜਾਂਦੀ ਹੈ। ਇਸ ਤੋਂ ਬਾਅਦ ਸਾਨੂੰ ਇਹ ਇਮਤਿਹਾਨ ਦੁਬਾਰਾ ਦੇਣਾ ਪੈਂਦਾ ਹੈ ਮੈਂ ਕੁਝ ਸਾਲ ਪਹਿਲਾਂ ਲਿਖੇ ਲੇਖ ਵਿੱਚ ਵੀ ਇਹ ਸਵਾਲ




ਕੀਤਾ ਸੀ ਕਿ ਜੇ ਡਾਕਟਰੀ, ਵਕਾਲਤ ਅਤੇ ਇੰਜੀਨੀਅਰਿੰਗ ਦੀ ਪੜ੍ਹਾਈ ਇੱਕ ਵਾਰ ਮੁਕੰਮਲ ਕਰਨ 'ਤੇ ਸਾਰੀ ਉਮਰ ਨਹੀਂ ਭੁੱਲਦੀ ਤਾਂ ਅੰਗਰੇਜ਼ੀ ਕਿਹੜੀ ਬਲਾ ਹੈ ਜਿਸਦੀ ਮਿਆਦ 2-3 ਸਾਲਾਂ ਵਿੱਚ ਪੁੱਗ ਜਾਂਦੀ ਹੈ ਅਤੇ ਸਾਨੂੰ ਇਹ ਇਮਤਿਹਾਨ ਦੁਬਾਰਾ ਦੇਣ ਲਈ ਕਿਹਾ ਜਾਂਦਾ ਹੈ।

ਹੋਰ ਕਹਿਰ ਇਹ ਹੈ ਕਿ ਇਸ ਇਮਤਿਹਾਨ ਦੇ ਚਾਰੇ ਮਾਡਿਊਲਾਂ ਨੂੰ ਇੱਕੋ ਵਾਰ ਵਿੱਚ ਇੱਕੋ ਜਿਹੇ ਅੰਕ ਲੈਣ ਨਾਲ ਹੀ ਮਾਈਗਰੇਸ਼ਨ ਲਈ ਲੋੜੀਂਦੇ ਅੰਕ ਮਿਲਦੇ ਹਨ। ਦੁਨੀਆਂ ਭਰ ਦੀਆਂ ਸਾਰੀਆਂ ਡਿਗਰੀਆਂ ਵਿੱਚ ਤੁਸੀਂ ਆਪਣੀ ਸਹੂਲਤ ਮੁਤਾਬਿਕ ਅਲੱਗ-ਅਲੱਗ ਵਿਸ਼ੇ ਨੂੰ ਵਾਰੀ-ਵਾਰੀ ਪਾਸ ਕਰ ਸਕਦੇ ਹੋ ਪਰ ਅੰਗਰੇਜ਼ੀ ਵਾਲੇ ਟੈਸਟ ਦੇ ਸਾਰੇ ਵਿਸ਼ੇ ਤੁਹਾਨੂੰ ਇੱਕੋ ਵਾਰ ਵਿੱਚ ਹੀ ਪਾਸ ਕਰਨੇ ਪੈਂਦੇ ਹਨ। ਇਹ ਨਿਰੋਲ ਕਾਰੋਬਾਰੀ ਠੱਗੀ ਹੈ।

ਕੁਝ ਸੁਹਿਰਦ ਸੱਜਣਾਂ ਅਤੇ ਮੀਡੀਆ ਹਾਊਸਾਂ ਨਾਲ ਰਲ ਕੇ ਇਸ ਵਧੀਕੀ ਨੂੰ ਕਾਨੂੰਨੀ ਢੰਗ ਨਾਲ ਚੁੱਕਣਾ ਚਾਹੁੰਦੇ ਹਾਂ। ਇਸ ਕਾਰਜ ਲਈ ਤੁਹਾਡੇ ਸਹਿਯੋਗ ਦੀ ਲੋੜ ਹੈ। ਆਪਣਾ ਕੇਸ ਮਜਬੂਤ ਕਰਨ ਲਈ ਸਾਨੂੰ ਅਜਿਹੇ ਕੇਸ ਚਾਹੀਦੇ ਹਨ ਜਿੱਥੇ ਕਿਸੇ ਨੇ ਇਹ ਇਮਤਿਹਾਨ ਖ਼ਾਸ ਮੁਕਾਮ ਤੱਕ ਪਹੁੰਚਣ ਲਈ ਵਾਰ-ਵਾਰ ਦਿੱਤਾ ਹੋਵੇ। ਤੁਸੀਂ ਜੇ ਚਾਹੋ ਤਾਂ ਤੁਹਾਡਾ ਨਾਮ ਅਤੇ ਜਾਣਕਾਰੀ ਗੁਪਤ ਰੱਖ ਲਈ ਜਾਵੇਗੀ। ਹੇਠ ਲਿਖੇ ਹਾਲਤਾਂ ਵਿੱਚ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ;

1. ਜੇ ਤੁਸੀਂ ਵੱਖ-ਵੱਖ ਆਈਲਟਸ ਇਮਤਿਹਾਨਾਂ ਵਿੱਚ 7 ਦੇ ਅੰਕ ਨੂੰ ਪਾਰ ਕੀਤਾ ਹੋਵੇ ਪਰ ਇੱਕੋ ਵਾਰ ਸਾਰੇ ਮੌਡਿਊਲਾਂ ਵਿੱਚ ਇੱਕੋ ਜਿਹੇ ਅੰਕ ਨਾਂ ਆਏ ਹੋਣ
2. ਤੁਸੀਂ 5 ਤੋਂ ਵੱਧ ਵਾਰ ਇਹ ਇਮਤਿਹਾਨ ਦਿੱਤਾ ਹੋਵੇ ਅਤੇ ਇੱਕੋ ਵਾਰ ਵਿੱਚ ਇੱਕੋ ਜਿਹੇ ਨੰਬਰ ਨਾਂ ਆਏ ਹੋਵਣ
3. ਜੇ ਤੁਸੀਂ ਆਸਟਰੇਲੀਆ ਦੀ ਯੂਨੀਵਰਸਿਟੀ ਵਿੱਚ ਚੰਗੇ ਨੰਬਰਾਂ ਨਾਲ ਡਿਗਰੀ ਲਈ ਹੈ ਪਰ ਆਇਲਟਸ ਕਾਰਨ ਮਨ ਚਾਹੀ ਮੰਜ਼ਿਲ ਹਾਲਸ ਕਰਨੋ ਖੁੰਝ ਗਏ ਹੋ
4. ਆਸਟਰੇਲੀਆ ਦਾਖ਼ਲ ਹੋਣ ਵੇਲੇ ਜੇ ਤੁਸੀਂ ਆਈਲਟਸ ਵਿੱਚੋਂ ਚੰਗੇ ਨੰਬਰ ਲਏ ਸਨ ਪਰ ਹੁਣ ਤੁਹਾਨੂੰ ਆਈਲਟਸ ਵਾਲੇ ਨੰਬਰ ਨਹੀਂ ਦੇ ਰਹੇ।

ਤੁਸੀਂ ਆਈਲਟਸ ਦੀ ਕਿਸੇ ਵੀ ਵਧੀਕੀ ਸਬੰਧੀ ਜਾਣਕਾਰੀ ਫ਼ੋਨ ਜ਼ਰੀਏ, ਈਮੇਲ ਰਾਹੀਂ , ਇੰਨ-ਬਾਕਸ ਵਿੱਚ ਸੁਨੇਹੇਂ ਰਾਹੀਂ ਦੇ ਸਕਦੇ ਹੋ।ਅਸੀਂ ਸਫ਼ਲ ਹੋਈਏ ਜਾਂ ਨਾ ਹੋਈਏ ਪਰ ਇਸ ਵਧੀਕੀ ਖ਼ਿਲਾਫ਼ ਲੜਾਈ ਜ਼ਰੂਰ ਲੜਾਂਗੇ।

**Prabhjot Singh Sandhu Sydney**
**Email: ssp123@gmail.com**
**Ph: +61402138322**
**Wattsap: +61402138322**

## ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ 21 ਸਾਲਾ ਵਿੱਤੀ ਸਫ਼ਰ

# ਇੱਕ ਜਨਤਕ ਸੰਸਥਾ ਦੀ ਨਿੱਜੀਕਰਨ ਦੀ ਗਾਥਾ



ਡਾ. ਬਲਵਿੰਦਰ ਸਿੰਘ ਟਿਵਾਣਾ
ਪ੍ਰੋਫੈਸਰ,
ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
98728-85601

ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਜਾਬ ਦੀਆਂ 4 ਮੁੱਖ ਯੂਨੀਵਰਸਿਟੀਆਂ ਵਿੱਚ ਇੱਕ ਹੈ ਜਿਸ ਦਾ ਨੀਂਹ ਪੱਥਰ 1962 ਵਿੱਚ ਭਾਰਤ ਦੇ ਰਾਸ਼ਟਰਪਤੀ ਡਾ. ਐਸ. ਰਾਧਾ ਕ੍ਰਿਸ਼ਨਨ ਨੇ ਰੱਖਿਆ ਸੀ। ਇਸ ਯੂਨੀਵਰਸਿਟੀ ਤੋਂ ਕਿੰਨੇ ਹੀ ਜਾਣੇ ਪਛਾਣੇ ਲੇਖਕ, ਅਫ਼ਸਰ, ਬੁੱਧੀਜੀਵੀ, ਸਿਆਸਤਦਾਨ, ਫੌਜੀ ਅਫ਼ਸਰ, ਗਾਇਕ, ਫ਼ਿਲਮੀ ਕਲਾਕਾਰ, ਪੁਲੀਸ ਵਾਲੇ ਤੇ ਜਨਤਕ ਸ਼ਖ਼ਸੀਅਤਾਂ ਪੈਦਾ ਹੋਈਆਂ ਹਨ। ਮੈਂ ਇਸ ਸੰਸਥਾ ਦੀ 1991 ਤੋਂ ਗਾਥਾ ਸੁਣਾਵਾਂਗਾ। ਬਾਕੀ ਵਿਚਾਰ ਚਰਚਾ ਫਿਰ ਕਦੇ।

ਇਸ ਵੇਲੇ ਪੰਜਾਬੀ ਯੂਨੀਵਰਸਿਟੀ ਪੰਜਾਬ ਸੂਬੇ ਦੇ 22 ਵਿਚੋਂ 9 ਜ਼ਿਲ੍ਹਿਆਂ ਵਿੱਚ ਸੇਵਾਵਾਂ ਪ੍ਰਦਾਨ ਕਰਨ ਕਰਕੇ ਸਭ ਤੋਂ ਵੱਡੀ ਯੂਨੀਵਰਸਿਟੀ ਹੈ ਤੇ ਅਸਲ ਵਿੱਚ ਇਸ ਸੰਸਥਾ ਦੀ ਬਿਖੜੇ ਪੈਂਡੇ ਦੀ ਯਾਤਰਾ 1991-92 ਤੋਂ ਸ਼ੁਰੂ ਹੁੰਦੀ ਹੈ। ਜੋ ਦਰਦ 1992-93 ਤੋਂ ਸ਼ੁਰੂ ਹੋਇਆ ਉਹ ਵਧਦਾ ਹੀ ਚਲਾ ਗਿਆ ਅਤੇ ਹੁਣ ਤਾਂ ਬਰਦਾਸ਼ਤ ਤੋਂ ਬਾਹਰ ਹੋ ਗਿਆ ਹੈ।

ਸਮਾਂ ਬੀਤਣ ਨਾਲ, ਪੰਜਾਬ ਦੇ ਮਾਲਵੇ ਖੇਤਰ ਦੀ ਇਹ ਮਹੱਤਵਪੂਰਨ ਸੰਸਥਾ ਲੋਕਾਂ ਤੋਂ ਫੀਸਾਂ ਤੇ ਫੰਡਾਂ ਦੇ ਰੂਪ ਵਿੱਚ ਵੱਧ ਤੋਂ ਵੱਧ ਵਿੱਤੀ ਮਦਦ ਹਾਸਲ ਕਰ ਰਹੀ ਸੀ ਤੇ ਕਰ ਰਹੀ ਹੈ ਤੇ ਪੰਜਾਬ ਸਰਕਾਰ ਤੋਂ ਵਿੱਤੀ ਮਦਦ ਘਟਦੀ ਗਈ। ਕੁਝ ਤੱਥ ਇਸ ਤਰ੍ਹਾਂ ਹਨ: 1991-92 ਵਿੱਚ ਤਕਰੀਬਨ 400 ਅਧਿਆਪਕ, 3000 ਵਿਦਿਆਰਥੀ ਤੇ 2400 ਗੈਰ-ਅਧਿਆਪਨ ਅਮਲਾ ਸੀ। ਇਸ ਵਿੱਦਿਅਕ ਸੰਸਥਾ ਅਧੀਨ ਕੋਈ ਕਾਂਸਟੀਚਿਊਐਂਟ ਕਾਲਜ ਨਹੀਂ ਸੀ ਸਿਰਫ਼ ਸੰਬੰਧਤ ਕਾਲਜ ਹੀ ਸਨ। ਕੇਵਲ ਇੱਕ ਰੀਜ਼ਨਲ ਸੈਂਟਰ ਬਠਿੰਡਾ ਸੀ। 1991-92 ਵਿੱਚ ਯੂਨੀਵਰਸਿਟੀ ਦੀ ਕੁਲ ਆਮਦਨ 18.66 ਕਰੋੜ ਰੁਪਏ ਸੀ ਤੇ ਇਸ ਵਿੱਚ ਪੰਜਾਬ ਸਰਕਾਰ ਦਾ ਗਰਾਂਟ ਦੇ ਰੂਪ ਵਿੱਚ ਹਿੱਸਾ 15.156 ਕਰੋੜ ਰੁਪਏ ਸੀ। ਇਸ ਤਰ੍ਹਾਂ ਆਮਦਨ ਦਾ 81.18 ਪ੍ਰਤੀਸ਼ਤ ਹਿੱਸਾ ਪੰਜਾਬ ਸਰਕਾਰ ਵਲੋਂ ਦਿੱਤਾ ਜਾਂਦਾ ਸੀ। ਪਰ 1992-93 ਦੇ ਮਾਮੂਲੀ ਜਿਹੇ ਵਾਧੇ ਤੋਂ ਬਾਅਦ ਪੰਜਾਬ ਸਰਕਾਰ ਦਾ ਇਹ ਹਿੱਸਾ ਪੰਜਾਬ ਸਰਕਾਰ ਵਲੋਂ ਦਿੱਤਾ ਜਾਂਦਾ ਸੀ। ਪਰ 1992-93 ਦੇ ਮਾਮੂਲੀ ਜਿਹੇ ਵਾਧੇ ਤੋਂ ਬਾਅਦ ਪੰਜਾਬ ਸਰਕਾਰ ਦਾ ਇਹ ਹਿੱਸਾ ਲਗਾਤਾਰ ਘਟਦਾ ਹੀ ਚਲਾ ਗਿਆ। 1995-96 ਵਿੱਚ 74.78 ਪ੍ਰਤੀਸ਼ਤ, 2000-01 ਵਿੱਚ 52.66, 2004-05 ਵਿੱਚ 29.28 ਤੇ 2016-17 ਵਿੱਚ ਸਿਰਫ਼ 19.94 ਪ੍ਰਤੀਸ਼ਤ ਰਹਿ ਗਿਆ। ਇਸ ਲਿਹਾਜ ਨਾਲ ਮੁਕਾਬਲਤਨ ਪੰਜਾਬ ਸਰਕਾਰ ਦੇ ਹਿੱਸੇ ਵਿੱਚ 1991-92 ਤੋਂ 2016-17 ਦੌਰਾਨ 61 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ ਜਿਹੜੀ ਇਹ ਦੱਸਦੀ ਹੈ ਕਿ ਪੰਜਾਬ ਸਰਕਾਰ ਆਪਣੀ ਸਮਾਜਿਕ ਤੇ ਸਿੱਖਿਆ ਦੇਣ ਦੀ ਜ਼ਿੰਮੇਵਾਰੀ ਤੋਂ ਤੇਜੀ ਨਾਲ ਤੇ ਬੁਰੀ ਤਰ੍ਹਾਂ ਪਿਛੇ ਹਟ ਗਈ। 1991-92 ਤੋਂ 2017-18 ਦੌਰਾਨ ਪੰਜਾਬੀ ਯੂਨੀਵਰਸਿਟੀ ਦੀ ਆਮਦਨ 18.66 ਕਰੋੜ ਰੁਪਏ ਤੋਂ ਵਧ ਕੇ 410.73 ਕਰੋੜ ਰੁਪਏ ਹੋ ਗਈ ਪਰ ਪੰਜਾਬ ਸਰਕਾਰ ਦੀ ਗਰਾਂਟ ਸਿਰਫ਼ 5.81 ਗੁਣਾ ਹੀ ਵਧੀ ਤੇ ਇਹ 1991-92 ਦੀ 15.15 ਕਰੋੜ ਰੁਪਏ ਤੋਂ 2017-18 ਵਿੱਚ ਸਿਰਫ਼ 88.09 ਕਰੋੜ ਰੁਪਏ ਹੋਈ। ਤੁਸੀਂ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹੋ ਕਿ ਯੂਨੀਵਰਸਿਟੀ ਕਿਸ ਦੇ ਸਹਾਰੇ ਛੱਡ ਦਿੱਤੀ ਗਈ। ਇਹ ਅਹਿਮ ਸਵਾਲ ਹੈ ਜਿਸ ਦੇ ਲੋਕਾਂ ਲਈ ਕਈ ਗੰਭੀਰ ਸਿੱਟੇ ਨਿਕਲਦੇ ਹਨ। ਜਿਉਂ-ਜਿਉਂ ਪੰਜਾਬ ਸਰਕਾਰ ਨਵ-ਉਦਾਰਵਾਦ ਨੀਤੀਆਂ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਦੀ ਗਈ ਤਿਵੇਂ-ਤਿਵੇਂ ਪੰਜਾਬੀ ਯੂਨੀਵਰਸਿਟੀ ਨੂੰ ਚਲਾਉਣ ਦਾ ਬੋਝ ਲੋਕਾਂ ਦੇ ਮੋਢਿਆਂ ਤੇ ਪੈਂਦਾ ਗਿਆ।

ਇਸ ਤੱਥ ਦੀ ਤਸਦੀਕ ਪੰਜਾਬ ਸਰਕਾਰ ਦੇ ਯੂਨੀਵਰਸਿਟੀ ਦੇ ਕੁੱਲ ਖ਼ਰਚੇ ਵਿੱਚ ਵਿੱਤੀ ਯੋਗਦਾਨ ਤੋਂ ਵੀ ਹੋ ਸਕਦੀ ਹੈ। ਯੂਨੀਵਰਸਿਟੀ ਦਾ ਕੁੱਲ ਖਰਚਾ 1991-92 ਵਿੱਚ 17.09 ਕਰੋੜ ਰੁਪਏ ਤੋਂ ਵੱਧ ਕੇ 2016-17 ਵਿੱਚ 452.95 ਕਰੋੜ ਰੁਪਏ ਹੋ ਗਿਆ ਜੋ ਕਿ 26.5 ਗੁਣਾ ਦਾ ਵਾਧਾ ਹੈ। ਪਰ ਪੰਜਾਬ ਸਰਕਾਰ ਦਾ ਇਸ ਕੁਲ ਖ਼ਰਚੇ ਵਿੱਚ ਹਿੱਸਾ 1991-92 ਵਿੱਚ 81.18 ਪ੍ਰਤੀਸ਼ਤ ਤੋਂ ਘੱਟ ਕੇ ਸਾਲ 2016-17 ਵਿੱਚ ਸਿਰਫ਼ 19.45 ਪ੍ਰਤੀਸ਼ਤ ਰਹਿ ਗਿਆ। ਹਿੱਸਾ ਕਿੰਨੀ ਤੇਜ਼ੀ ਨਾਲ ਘਟਿਆ ਹੈ। ਪੰਜਾਬ ਸਰਕਾਰ ਦਾ ਕੁਲ ਖ਼ਰਚੇ ਵਿੱਚ ਹਿੱਸਾ ਸਾਲ 2007-08, 2008-09 ਤੇ 2009-10 ਦੌਰਾਨ ਕੇਵਲ 14 ਤੋਂ 16 ਪ੍ਰਤੀਸ਼ਤ ਹੀ ਸੀ। 2007-08 ਤੋਂ ਪਿਛਲੇ 10 ਸਾਲਾਂ ਦੌਰਾਨ ਇਹ ਹਿੱਸਾ ਕਦੇ ਵੀ 22 ਪ੍ਰਤੀਸ਼ਤ ਤੋਂ ਨਹੀਂ ਵਧਿਆ ਸਿਰਫ਼ ਸਾਲ 2012-13 ਨੂੰ ਛੱਡਕੇ। ਜਦੋਂ ਕਿ ਇਹੀ ਹਿੱਸਾ ਸਾਲ 1991-92 ਤੋਂ 1995-96 ਦੌਰਾਨ 70 ਪ੍ਰਤੀਸ਼ਤ ਤੋਂ ਜ਼ਿਆਦਾ ਸੀ ਤੇ ਇਸ ਤੋਂ ਬਾਅਦ ਸਾਲ 1996-97 ਤੋਂ 2002-03 (ਸਾਲ 2001-02 ਨੂੰ ਛੱਡਕੇ) ਦੌਰਾਨ 50 ਤੋਂ 67 ਪ੍ਰਤੀਸ਼ਤ ਸੀ। ਇਹ ਤੱਥ ਇਸ ਮੁੱਦੇ ਨੂੰ ਸਪਸ਼ਟ ਤੌਰ 'ਤੇ ਉਜਾਗਰ ਕਰਦੇ ਹਨ ਕਿ ਨਵ-ਉਦਾਰਵਾਦੀ ਨੀਤੀ ਤਹਿਤ ਪੰਜਾਬ ਸਰਕਾਰ ਦਾ ਪੰਜਾਬੀ ਯੂਨੀਵਰਸਿਟੀ ਚਲਾਉਣ ਦੀ ਜ਼ਿੰਮੇਵਾਰੀ ਤੋਂ ਭੱਜਣ ਕਰਕੇ ਇਸ ਸੰਸਥਾ ਦਾ ਵਿੱਤੀ ਤੌਰ ਤੇ ਜਿਉਂਦੇ ਰਹਿਣਾ ਕਿਵੇਂ ਸੰਭਵ ਹੈ?

ਪੰਜਾਬ ਦੇ ਆਮ ਲੋਕਾਂ ਦੇ ਪੁੱਤਰ-ਧੀਆਂ ਨੂੰ ਪੰਜਾਬੀ ਯੂਨੀਵਰਸਿਟੀ ਦੀ ਆਮਦਨ ਵਿੱਚ ਸਮਾਂ ਬੀਤਣ ਦੇ ਨਾਲ-ਨਾਲ ਵੱਧ ਤੋਂ ਵੱਧ ਹਿੱਸਾ ਪਾਉਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਵਿਦਿਆਰਥੀਆਂ ਦੀਆਂ ਫੀਸਾਂ ਤੇ ਫੰਡਾਂ ਦਾ ਯੂਨੀਵਰਸਿਟੀ ਦੀ ਕੁੱਲ ਆਮਦਨ ਵਿੱਚ ਹਿੱਸਾ 1991-92 ਵਿੱਚ ਸਿਰਫ਼ 9.05 ਪ੍ਰਤੀਸ਼ਤ ਸੀ ਤੇ ਇਹ ਵਧਕੇ 1994-95 ਵਿੱਚ 17.80, 2000-01 ਵਿੱਚ 35.69, 2010-11 ਵਿੱਚ 49.64 ਤੇ 2017-18 ਵਿੱਚ 49.13 ਪ੍ਰਤੀਸ਼ਤ ਹੋ ਗਿਆ। ਵਿਦਿਆਰਥੀਆਂ ਉਤੇ ਇਸ ਸੰਸਥਾ ਦੀ ਆਮਦਨ ਵਿੱਚ ਵਧ ਤੇ ਹੋਰ ਵਧ ਹਿੱਸਾ ਪਾਉਣ ਦਾ ਦਬਾਅ ਲਗਾਤਾਰ ਵੱਧਦਾ ਹੀ ਗਿਆ। ਇਸੇ ਕਰਕੇ ਪਿਛਲੇ 18 ਸਾਲਾਂ ਦੌਰਾਨ ਯੂਨੀਵਰਸਿਟੀ ਨੇ ਕਈ ਤਿੱਖੇ ਤੇ ਤਕੜੇ ਵਿਦਿਆਰਥੀ ਘੋਲ ਵੇਖੇ। 1991-92 ਤੋਂ 2016-17 ਦੇ ਸਮੇਂ ਦੌਰਾਨ ਫੀਸਾਂ ਤੇ ਫੰਡਾਂ ਦੀ ਰਕਮ ਵਿੱਚ 124.81 ਗੁਣਾ ਦਾ ਵਾਧਾ ਹੋਇਆ ਹੈ ਤੇ ਇਹ 1991-92 ਵਿੱਚ 1.69 ਕਰੋੜ ਰੁਪਏ ਤੋਂ ਵੱਧ ਕੇ 2016-17 ਵਿੱਚ 210.93 ਕਰੋੜ ਰੁਪਏ ਹੋ ਗਏ ਹਨ। ਇੱਥੇ ਇਕ ਤਰਕ ਇਹ ਦਿੱਤਾ ਜਾ ਸਕਦਾ ਹੈ ਕਿ ਇਸ ਸਮੇਂ ਦੌਰਾਨ ਅਧਿਆਪਕਾਂ ਤੇ ਗੈਰ-ਅਧਿਆਪਨ ਅਮਲੇ ਦੀ ਗਿਣਤੀ ਵੱਧੀ ਹੈ ਜਿਸ ਕਰਕੇ ਖ਼ਰਚਾ ਵੱਧ ਗਿਆ ਹੈ। ਜੇ ਇਹ ਤਰਕ ਮੰਨ ਲਿਆ ਜਾਵੇ ਤਾਂ ਪੰਜਾਬ ਸਰਕਾਰ ਦੀ ਗਰਾਂਟ ਵੀ ਵਧਣੀ ਚਾਹੀਦੀ ਸੀ। ਹੋਰ ਤਰਕ ਇਹ ਹੋ ਸਕਦਾ ਹੈ ਕਿ ਇੱਥੇ ਇੰਜਨੀਅਰਿੰਗ ਕਾਲਜ, ਕਾਂਸਟੀਚਿਊਂਟ ਕਾਲਜ, ਨੇਬਰਹੁੱਡ ਕੈਂਪਸ ਤੇ ਰੀਜ਼ਨਲ ਸੈਂਟਰ ਖੁੱਲ੍ਹਣ ਕਰਕੇ ਖ਼ਰਚਾ ਵਧ ਗਿਆ ਹੈ। ਪਰ ਇਹ ਤਰਕ ਪੰਜਾਬ ਸਰਕਾਰ ਨੂੰ ਉਚੇਰੀ ਸਿੱਖਿਆ ਦੀ ਆਪਣੀ ਜ਼ਿੰਮੇਵਾਰੀ ਤੋਂ ਨਵ- ਉਦਾਰਵਾਦੀ ਨੀਤੀ ਤਹਿ ਭੱਜਣ ਦੇ ਦੋਸ਼ ਤੋਂ ਜਾਣ ਬਚਾਉਣ ਵਿੱਚ ਕੋਈ ਮਦਦ ਨਹੀਂ ਕਰਦੇ। ਸਾਡੇ ਕੇਸ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਲਈ ਜ਼ਿੰਮੇਵਾਰੀ ਤੋਂ। ਆਓ ਤੱਥਾਂ ਨੂੰ ਵੇਖੀਏ। ਅਧਿਆਪਕਾਂ ਦੀ ਗਿਣਤੀ ਜੋ 1991-92 ਵਿੱਚ ਤਕਰੀਬਨ 400 ਸੀ ਵੱਧ ਕੇ 2017-18 ਵਿੱਚ ਲਗਭਗ 1100 ਹੋ ਗਈ। ਇਸ ਤਰ੍ਹਾਂ ਤਕਰੀਬਨ 3 ਗੁਣਾ ਵਾਧਾ ਹੋਇਆ ਤੇ ਇਸੇ ਸਮੇਂ ਦੌਰਾਨ ਗੈਰ-ਅਧਿਆਪਕ ਅਮਲੇ ਦੀ ਗਿਣਤੀ ਤਕਰੀਬਨ 2400 ਤੋਂ ਵੱਧ ਕੇ 5000 ਹੋ ਗਈ ਜੋ ਕਿ ਕਰੀਬ 2.08 ਗੁਣਾ ਦਾ ਵਾਧਾ ਹੈ। ਵਿਦਿਆਰਥੀਆਂ ਦੀ ਗਿਣਤੀ ਜੋ 1991-92 ਵਿੱਚ 3000 ਦੇ ਕਰੀਬ ਸੀ ਵੱਧ ਕੇ 2017-18 ਵਿੱਚ ਕਰੀਬ 30000 ਹੋ ਗਈ। ਇਸ ਵਿੱਚ ਦੂਰ-ਸੰਚਾਰ ਸਿੱਖਿਆ ਦੇ ਵਿਦਿਆਰਥੀ ਸ਼ਾਮਲ ਨਹੀਂ ਹਨ। ਇਸ ਤਰ੍ਹਾਂ ਵਿਦਿਆਰਥੀਆਂ ਦੀ ਗਿਣਤੀ 10 ਗੁਣਾ ਵਧੀ। ਇੱਥੇ ਹੀ ਗੜਬੜ ਹੈ ਜੋ ਪੰਜਾਬ ਸਰਕਾਰ ਵਲੋਂ ਆਪਣਾਈ ਨੀਤੀ ਤਹਿਤ ਯੂਨੀਵਰਸਿਟੀ ਨੂੰ ਚਲਾਉਣ ਦੀ ਵਿਤੀ ਜ਼ਿੰਮੇਵਾਰੀ ਆਮ ਲੋਕ ਦੇ ਮੋਢਿਆਂ ਉੱਤੇ ਸੁੱਟਣ ਨੂੰ ਉਜਾਗਰ ਕਰਦੀ ਹੈ। 1991-92 ਤੋਂ 2016-17 ਦੌਰਾਨ ਵਿਦਿਆਰਥੀਆਂ ਦੀ ਗਿਣਤੀ ਵਧੀ 10 ਗੁਣਾ ਪਰ ਆਮਦਨ ਵਿੱਚ ਉਨ੍ਹਾਂ ਦੀਆ ਫੀਸਾਂ ਤੇ ਫੰਡਾਂ ਦਾ ਹਿੱਸਾ ਵਧਿਆ 124.81 ਗੁਣਾ। ਇਹ ਸਪਸ਼ਟ ਕਰਦਾ ਹੈ ਕਿ ਫ਼ੀਸਾਂ ਤੇ ਫੰਡਾਂ ਦੇ ਰੂਪ ਵਿੱਚ ਪੰਜਾਬ ਦੇ ਲੋਕਾਂ ਤੋਂ ਵਿੱਤ ਇਕੱਤਰ ਕਰਕੇ ਯੂਨੀਵਰਸਿਟੀ ਨੂੰ ਚਲਾਉਣ ਦਾ ਵਿੱਤੀ ਬੋਝ ਆਮ ਜਨਤਾ ਦੇ ਮੋਢਿਆਂ ਤੇ ਲੱਦ ਦਿੱਤਾ ਗਿਆ।

ਇੱਕ ਹੋਰ ਦਿਲਚਸਪ ਤੱਥ ਇਹ ਹੈ ਕਿ ਮੂਲ/ਮੁੱਖ ਤੌਰ 'ਤੇ ਯੂਨੀਵਰਸਿਟੀਆਂ ਪੋਸਟ-ਗਰੈਜੂਏਸ਼ਨ ਤੇ ਖੋਜ ਲਈ ਸਨ ਤੇ ਹਨ। ਪਿਛਲੇ 20 ਸਾਲ ਦੌਰਾਨ ਯੂਨੀਵਰਸਿਟੀਆਂ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਅੰਡਰ-ਗਰੈਜੂਏਟ ਕੋਰਸ ਖੋਜ ਦੀ ਕੀਮਤ ਦੇ ਕੇ ਚਲਾਉਣ ਲਈ ਮਜ਼ਬੂਰ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ ਨੇ ਵੀ ਇਹੀ ਕੀਤਾ। ਇਹ ਸਾਰਾ ਕੁਝ ਫੀਸ ਤੇ ਫੰਡ ਇਕੱਤਰ ਕਰਨ ਲਈ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ ਨੇ ਪਟਿਆਲਾ ਕੈਂਪਸ, ਤਲਵੰਡੀ ਤੇ ਰਾਮਪੁਰਾ ਫੂਲ ਵਿਖੇ ਇੰਜਨੀਅਰਿੰਗ ਕਾਲਜ ਖੋਲੇ। 2018-19 ਦੇ 34 ਨਵੇਂ ਕੋਰਸਾਂ ਸਮੇਤ ਬਹੁਤ ਸਾਰੇ ਕੋਰਸ ਚਾਲੂ ਕੀਤੇ ਹਨ। ਇਹ ਸਭ ਕੁਝ ਲੋਕਾਂ ਤੋਂ ਪੈਸੇ ਇਕੱਠੇ ਕਰਨ ਲਈ ਕੀਤਾ। ਸਾਨੂੰ ਸਮਝਣ ਦੀ ਲੋੜ ਹੈ ਕਿ ਸਭ ਕੁਝ ਸਿਰਫ਼ ਤੇ ਸਿਰਫ਼ ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਦੀ ਜ਼ਿੰਮੇਵਾਰੀ ਤੋਂ ਭੱਜਣ ਕਰਕੇ ਹੋ ਰਿਹਾ ਹੈ। ਅਸਲ ਵਿੱਚ ਇਹ ਪੰਜਾਬ ਸਰਕਾਰ ਵਲੋਂ ਹੋਸ਼ੋਹਵਾਸ ਵਿੱਚ ਅਪਨਾਈ ਨਵ-ਉਦਾਰਵਾਦੀ ਨੀਤੀ ਤਹਿਤ ਜਨਤਕ ਸਿੱਖਿਆ ਅਦਾਰਿਆਂ ਦੇ ਨਿੱਜੀਕਰਨ ਦੀ ਪ੍ਰੀਕਿਰਿਆ ਹੈ। ਜ਼ਾਹਰਾ ਤੌਰ ਤੇ ਸਿੱਖਿਆ ਪ੍ਰਾਪਤ ਕਰਨ ਲਈ ਇਸ ਸਮੇਂ ਵਿਦਿਆਰਥੀ ਹੀ ਅਧਿਆਪਕ ਤੇ ਗੈਰ-ਅਧਿਆਪਨ ਅਮਲੇ ਨੂੰ ਨੌਕਰੀ ਦੇ ਰਹੇ ਹਨ ਕਿਉਂਕਿ ਤਨਖ਼ਾਹਾਂ ਸਿੱਧੇ ਤੌਰ ਤੇ ਮੁਖ ਰੂਪ ਵਿੱਚ ਉਨਾਂ ਵਲੋਂ ਹੀ ਦਿੱਤੀਆਂ ਜਾ ਰਹੀਆਂ ਹਨ। ਇਹ ਇਸ ਤੱਥ ਤੋਂ ਸਪਸ਼ਟ ਹੈ ਕਿ ਯੂਨੀਵਰਸਿਟੀ ਦੇ ਕੁੱਲ ਤਨਖ਼ਾਹ ਬਿੱਲ ਵਿੱਚ ਫੀਸਾਂ ਤੇ ਫੰਡਾਂ ਦਾ ਹਿੱਸਾ ਜੋ 1991-92 ਵਿੱਚ 13.88 ਪ੍ਰਤੀਸ਼ਤ ਸੀ ਉਹ ਵਧ ਕੇ 2016-17 ਵਿੱਚ 81.38 ਪ੍ਰਤੀਸ਼ਤ ਹੋ ਗਿਆ ਹੈ। ਤਨਖ਼ਾਹ ਬਿਲ 1991-92 ਵਿੱਚ 12.10 ਕਰੋੜ ਰੁਪਏ ਸੀ ਜੋ 2016-17 ਵਿੱਚ 259.18 ਕਰੋੜ ਰੁਪਏ ਹੋ ਗਿਆ ਤੇ ਇਸ ਸੰਦਰਭ ਵਿੱਚ ਫੀਸ ਤੇ ਫੰਡ 1.69 ਕਰੋੜ ਰੁਪਏ ਤੋਂ ਵਧ ਕੇ 210.93 ਕਰੋੜ ਰੁਪਏ ਹੋ ਗਏ। ਜੇ ਇਹ ਨਿੱਜੀਕਰਨ ਨਹੀਂ ਹੈ ਤਾਂ ਹੋਰ ਕੀ ਹੈ? ਇਹ ਪੱਕੇ ਤੌਰ ਤੇ ਸੋਚੀ ਸਮਝੀ ਲੋਕ ਵਿਰੋਧੀ ਨੀਤੀ ਤਹਿਤ ਨਿੱਜੀਕਰਨ ਹੈ, ਹੋਰ ਕੁਝ ਨਹੀਂ।

ਕੋਈ ਹੋਰ ਇਹ ਤਰਕ ਵੀ ਦੇ ਸਕਦਾ ਹੈ ਕਿ ਪੰਜਾਬ ਸਰਕਾਰ ਕੋਲ ਪੈਸੇ ਨਹੀਂ ਹਨ ਤੇ ਇਹ ਕਿੱਥੋਂ ਯੂਨੀਵਰਸਿਟੀ ਨੂੰ ਵਿੱਤ ਪ੍ਰਦਾਨ ਕਰੇ। ਇਸ ਤਰਕ ਦੇ ਸੰਦਰਭ ਵਿੱਚ ਦੋ ਤੱਥ ਹਨ ਜਿਹੜੇ ਇਸ ਤਰਕ ਨੂੰ ਟਿਕਣ ਨਹੀਂ ਦੇਣਗੇ। ਪਹਿਲਾ, ਕੀ ਪੰਜਾਬ ਸਰਕਾਰ ਪਾਸ 1991-92 ਤੋਂ ਹੀ ਪੈਸੇ ਨਹੀਂ ਹਨ? ਜੇ ਹਾਂ, ਤਾਂ ਭਵਿੱਖ ਵਿੱਚ ਕੋਈ ਉਮੀਦ ਨਹੀਂ। ਸੋ ਲੋਕਾਂ ਨੂੰ ਅਜਿਹੀ ਸਰਕਾਰ ਦੀ ਲੋੜ ਨਹੀਂ ਹੈ ਜੋ ਲੋਕਾਂ ਨੂੰ ਸਿੱਖਿਆ ਪ੍ਰਦਾਨ ਨਹੀਂ ਕਰ ਸਕਦੀ। ਇਥੋਂ ਤੱਕ ਕਿ ਪ੍ਰਸਿੱਧ ਅਰਥ-ਸ਼ਾਸਤਰੀ ਐਡਮ ਸਮਿਥ ਤੇ ਪਰਾਕਿਰਤੀਵਾਦੀਆਂ ਨੇ ਵੀ ਸਰਕਾਰ ਵਲੋਂ ਲੋਕਾਂ ਤੇ ਟੈਕਸ ਲਾਉਣ ਨੂੰ ਇਸ ਆਧਾਰ ਤੇ ਜ਼ਾਇਜ ਮੰਨਿਆ ਸੀ ਕਿ ਸਰਕਾਰ ਦਾ ਇੱਕ ਕੰਮ ਲੋਕਾਂ ਨੂੰ ਸਿੱਖਿਆ ਪ੍ਰਦਾਨ ਕਰਨਾ ਹੈ। ਦੂਜਾ, ਜੇ ਸਰਕਾਰ ਪਾਸ ਪੈਸੇ ਨਹੀਂ ਹਨ ਤਾਂ ਆਮ ਲੋਕਾਂ ਪਾਸ ਫੀਸ ਤੇ ਫੰਡ ਦੇਣ ਲਈ ਪੈਸੇ ਕਿਵੇਂ ਹੋ ਸਕਦੇ ਹਨ? ਅਸਲ ਵਿੱਚ ਇਹ ਕਿਹਾ ਜਾ ਰਿਹਾ ਹੈ ਕਿ ਪੰਜਾਬ ਵਿੱਚ ਆਮ ਆਦਮੀ ਅਮੀਰ ਹੋ ਰਿਹਾ ਹੈ ਇਸ ਲਈ ਉਹ ਸਿੱਖਿਆ ਤੇ ਖ਼ਰਚ ਕਰ ਸਕਦਾ ਹੈ। ਇਸ ਨੂੰ ਸਰਕਾਰ ਦੀ ਭਾਸ਼ਾ ਵਿੱਚ ਲੋਕਾਂ ਤੋਂ ਸਿੱਖਿਆ ਲਈ ਵਰਤੋਂ ਚਾਰਜਿਜ਼ (ਚਤਕਗ ਫੀ ਕਿਹਾ ਜਾ ਸਕਦਾ ਹੈ। ਇਸ ਤਰ੍ਹਾਂ ਪੰਜਾਬ ਵਿੱਚ ਕਿਸ ਤਰ੍ਹਾਂ ਦੀ ਹਾਸੋਹੀਣੀ ਸਥਿਤੀ ਹੈ! ਜਿਥੇ ਆਮ ਲੋਕ ਅਮੀਰ ਹੋ ਰਹੇ ਹਨ ਤੇ ਪੰਜਾਬ ਸਰਕਾਰ ਗ਼ਰੀਬ ਹੋ ਰਹੀ ਹੈ। ਕੀ ਤੁਸੀਂ ਸੋਚਦੇ ਹੋ ਇਹ ਵਾਪਰ ਰਿਹਾ ਹੈ? ਸਮਝਦਾਰੀ ਨਾਲ ਸੋਚੋ। ਇਹ ਓਦੋਂ ਤੱਕ ਹੀ ਵਾਪਰ ਰਿਹਾ ਹੈ ਜਦੋਂ ਤੱਕ ਪੰਜਾਬ ਸਰਕਾਰ ਭਰਿਸ਼ਟ ਹੈ ਤੇ ਟਰਾਂਸਪੋਰਟ/ਰੇਤਾ/ਸ਼ਰਾਬ/ਭੂਮੀ/ਨਸ਼ਾ ਮਾਫ਼ੀਏ ਦੀ ਮਦਦ ਕਰ ਰਹੀ ਹੈ, ਟੈਕਸ ਚੋਰੀ, ਸਰਕਾਰੀ ਜਾਇਦਾਦ ਦੀ ਲੁਟਾਈ ਕਰਵਾ ਰਹੀ ਹੈ ਤੇ ਗੁੰਡਾਂ ਗੈਂਗਾ ਦੀ ਮਦਦ ਕਰ ਰਹੀ ਹੈ। ਨਹੀਂ ਤਾਂ ਇਹ ਹੋ ਹੀ ਨਹੀਂ ਸਕਦਾ ਕਿ ਸਿਆਸੀ ਨੇਤਾ ਤੇਜ਼ੀ ਨਾਲ ਅਮੀਰ ਤੋਂ ਅਮੀਰ ਹੋਈ ਜਾਣ ਤੇ ਪੰਜਾਬ ਸਰਕਾਰ ਗ਼ਰੀਬ ਤੋਂ ਗ਼ਰੀਬ ਹੋਈ ਜਾਵੇ ਤੇ ਸਮਾਂ ਬੀਤਣ ਨਾਲ ਕਰਜ਼ੇ ਦੇ ਭਾਰ ਥੱਲੇ ਦਬਦੀ ਜਾਵੇ।

ਇਸ ਸਮੇਂ ਪੰਜਾਬੀ ਯੂਨੀਵਰਸਿਟੀ ਸਿਰ 100 ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਹੈ। ਯੂਨੀਵਰਸਿਟੀ ਆਤਮ ਹਤਿਆ ਨਹੀਂ ਕਰ ਸਕਦੀ ਪਰ ਮਰਨ ਵੱਲ ਧੱਕੀ ਜਾ ਰਹੀ ਹੈ। ਆਸ ਸਿਰਫ਼ ਲੋਕਾਂ ਤੋਂ ਹੈ ਉਹ ਵੀ ਮੁੱਖ ਤੌਰ ਤੇ ਸੰਗਠਿਤ ਲੋਕਾਂ ਤੋਂ ਜਿਹੜੇ ਦਬਾਅ ਪਾ ਕੇ ਘੱਟੋ-ਘੱਟ 300 ਕਰੋੜ ਰੁਪਏ ਯੱਕ ਮੁਸ਼ਤ ਤੇ ਇਸੇ ਵੇਲੇ ਪੰਜਾਬ ਸਰਕਾਰ ਤੋਂ ਅਦਾ ਕਰਵਾ ਦੇਣ। ਇਸ ਤੋਂ ਅੱਗੇ 1991-92 ਦੀ ਸਥਿਤੀ ਹਰ ਹਾਲ ਮੁੜ ਬਹਾਲ ਕੀਤੀ ਜਾਵੇ ਜਿਸ ਵਿੱਚ ਯੂਨੀਵਰਸਿਟੀ ਦੇ ਕੁੱਲ ਖਰਚ ਦਾ 80 ਪ੍ਰਤੀਸ਼ਤ ਹਿੱਸਾ ਪੰਜਾਬ ਸਰਕਾਰ ਦੇਵੇ ਤਾਂ ਕਿ ਲੋਕਾਂ ਦੀ ਇਹ ਸੰਸਥਾ ਜੀਵਤ ਰਹੇ। ਮੈਂ ਪੰਜਾਬ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਉਹ ਸਮੇਂ ਦਾ ਹਾਣੀ ਬਣਦੀ ਹੋਈ ਸਮੇਂ ਦੀ ਪੁਕਾਰ ਅਨੁਸਾਰ ਮਾਲਵਾ ਖਿੱਤੇ ਦੀ ਇਸ ਸਿਰਮੌਰ ਸੰਸਥਾ ਲਈ ਲੋਕਾਂ ਤੋਂ ਟੈਕਸਾਂ ਦੇ ਰੂਪ ਵਿੱਚ ਇਕੱਤਰ ਪੈਸੇ ਵਿੱਚ ਤੁਰੰਤ ਪੈਸੇ ਦੇਵੇ ਤੇ ਸਾਡੇ ਪੁਰਾਣੇ ਦਿਨ ਵਾਪਿਸ ਕਰਨ ਦੀ ਖੇਚਲ ਕਰੇ। ਇਸ ਨਿੱਜੀਕਰਨ ਕੀਤੀ ਯੂਨੀਵਰਸਿਟੀ ਦਾ ਮੁੜ ਤੋਂ ਜਨਤਕੀਕਰਨ ਕੀਤਾ ਜਾਵੇ।



### ਕਵਿਤਾ/ -ਅੰਤਰ ਪ੍ਰੀਤ

ਅਗਲਾ ਯੁੱਧ ਤਿਆਰ ਖੜ੍ਹਾ ਹੈ
ਤੂੰ ਹਲੇ ਪਿਛਲੇ ਯੁੱਧ ਦੀ
ਹਾਰ ਦੇ ਜਸ਼ਨ 'ਚ ਡੁੱਬਾ ਏਂ
ਫਿਕਰ ਨਾ ਕਰ, ਕਾਮਰੇਡ!
ਦੁਸ਼ਮਣ ਤੋਂ ਉਧਾਰ ਲਏ ਹਥਿਆਰਾਂ ਨਾਲ
ਯੁੱਧ ਇਸੇ ਤਰ੍ਹਾਂ ਲੜ੍ਹੇ ਜਾਂਦੇ ਨੇ

ਤੈਨੂੰ ਯਾਦ ਹੋਣੈ
ਦੁਸ਼ਮਣ ਨੂੰ ਕੱਚਾ ਖਾ ਜਾਣ ਦੀ ਰੁੱਤੇ
ਤੂੰ ਸੰਵਿਧਾਨ ਫੜ੍ਹ ਕੇ
ਸਿਰਫ ਕਸਮਾਂ ਹੀ ਖਾ ਸਕਿਆ ਸੀ
ਤੂੰ ਹੁਣ ਤੱਕ ਦੁਸ਼ਮਣ ਦਾ
ਸਭ ਤੋਂ ਮਨਪਸੰਦ ਵਿਰੋਧੀ ਬਣ ਚੁੱਕਾ ਏਂ
ਕੁਤਬ ਮੀਨਾਰ ਦੀ ਪੰਜਵੀਂ ਮੰਜ਼ਿਲ -
ਜਿਹੜੀ ਦੁਸ਼ਮਣ ਨੂੰ
ਧੱਕਾ ਦੇਣ ਲਈ ਬਣੀ ਹੈ
ਤੂੰ ਉੱਥੇ ਜਾ ਕੇ ਸੰਵਾਦ ਰਚਾਉਂਦਾ ਏਂ
ਇਹ ਯੁੱਧ ਨੀਤੀ

ਕਿਸੇ ਯੂਰਪੀ ਮੁਲਕ ਦੀ
ਤਾਂ ਹੋ ਸਕਦੀ ਹੈ
ਵੀਅਤਨਾਮ ਦੀ ਨਹੀਂ
ਮਾਰਕਸ ਦਾ ਫਲਸਫਾ
ਤੂੰ ਵਡਗਾਮ ਦੀਆਂ ਗਲੀਆਂ ਵਿੱਚ
ਪਾੜ ਸੁੱਟਿਆ
ਤੇਰੀ ਰਣਭੂਮੀ ਦੀਆਂ
ਉੱਚੀਆਂ ਕੰਧਾਂ ਦੇ ਪਾਰ
ਸੰਸਦ ਦੀ ਹੱਦ ਸ਼ੁਰੂ ਹੋ ਜਾਂਦੀ ਹੈ

ਇਹ ਕੈਸੀ ਕ੍ਰਾਂਤੀ ਹੈ ਕਾਮਰੇਡ ?
ਕਿ ਅਸੈਂਬਲੀ ਹਾਲ 'ਚ
ਬਟੁਕੇਸ਼ਵਰ ਦੇ ਹੱਥ 'ਚ ਬੰਬ ਨਹੀਂ,
ਤੁੰਹੀ ਦਾ ਥੀਸਿਸ ਥਮਾ ਕੇ ਭੇਜਿਆ
ਭੁੱਲ ਗਿਆ ਏਂ ਤੂੰ
ਇਤਿਹਾਸ ਸਿਰਫ ਕਿਤਾਬਾਂ ਵਿੱਚ ਨਹੀਂ
ਕੰਧਾਂ 'ਤੇ ਵੀ ਲਿਖਿਆ ਹੁੰਦਾ ਹੈ
ਪਰ ਤੂੰ ਖੁਸ਼ਕਿਸਮਤ ਏਂ
ਜੋ ਤੇਰੇ ਰਾਹ ਵਿੱਚ
ਸਰਸਾ ਨਹੀਂ ਆਉਂਦੀ।

# ਹਿੰਦੂਤਵ-ਫਾਸ਼ੀਵਾਦ ਅੰਦਰ ਇਮਾਨਦਾਰ ਪੱਤਰਕਾਰੀ ਵਿਸ਼ੇ ’ਤੇ ਪ੍ਰਸਿੱਧ ਪੱਤਰਕਾਰ ਨਿਰੰਜਨ ਟਾਕਲੇ ਦਾ ਲੈਕਚਰ ਕਰਵਾਇਆ

ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਅਤੇ ਡੈਮੋਕਰੇਸੀ ਇਕੁਆਲਿਟੀ ਐਂਡ ਸੈਕੂਲਰਿਜ਼ਮ ਇਨ ਸਾਊਥ ਏਸੀਆ ਵੱਲੋਂ ਸਾਂਝੇ ਤੌਰ ’ਤੇ ਸਰ ਵਿਲੀਅਮ ਸਟੇਫਨਸਨ ਲਾਇਬਰੇਰੀ 765 ਕਵੇਟਨ ਸਟਰੀਟ ਵਿਖੇ ਇੰਡੀਆ ਤੋਂ ਵਿੰਨੀਪੈਗ ਆਏ ਪ੍ਰਸਿੱਧ ਪੱਤਰਕਾਰ ਨਿਰੰਜਨ ਟਾਕਲੇ ਦਾ ਪਬਲਿਕ ਲੈਕਚਰ ਹਿੰਦੂਤਵ-ਫਾਸ਼ੀਵਾਦ ਅੰਦਰ ਇਮਾਨਦਾਰ ਪੱਤਰਕਾਰੀ ਵਿਸ਼ੇ ’ਤੇ ਕਰਵਾਇਆ ਗਿਆ। ਪ੍ਰੋਗਰਾਮ ਦਾ ਅਰੰਭ ਪ੍ਰੋਫੈਸਰ ਰਾਧਿਕਾ ਡਿਸਾਈ ਨੇ ਨਿਰੰਜਨ ਟਾਕਲੇ ਬਾਰੇ ਜਾਣਕਾਰੀ ਅੰਗਰੇਜ਼ੀ ਵਿਚ ਲੋਕਾਂ ਨਾਲ ਸਾਂਝੀ ਕੀਤੀ ਅਤੇ ਉਸ ਤੋਂ ਬਾਅਦ ਪੰਜਾਬੀ ਵਿੱਚ ਸਭਾ ਦੇ ਕਨਵੀਨਰ ਮੰਗਤ ਸਹੋਤਾ ਨੇ ਨਿਰੰਜਨ ਟਾਕਲੇ ਸਬੰਧੀ ਜਾਣਕਾਰੀ ਦਰਸ਼ਕਾਂ ਨਾਲ ਸਾਂਝੀ ਕੀਤੀ ਅਤੇ ਪ੍ਰੋਗਰਾਮ ਦੀ ਮਹੱਤਤਾ ਬਾਰੇ ਸੰਖੇਪ ’ਚ ਜਾਣਕਾਰੀ ਅਤੇ ਕੇਰਲਾ ਦੇ ਹੜ੍ਹ ਪੀੜਤਾਂ ਦੀ ਮੱਦਦ ਕਰਨ ਦੀ ਅਪੀਲ ਵੀ ਕੀਤੀ।





ਇਸ ਤੋਂ ਬਾਅਦ ਨਿਰੰਜਨ ਟਾਕਲੇ ਨੂੰ ਦਰਸ਼ਕਾਂ ਦੇ ਰੂਬਰੂ ਹੋਣ ਦਾ ਸੱਦਾ ਦਿੱਤਾ ਗਿਆ। ਨਿਰੰਜਨ ਟਾਕਲੇ ਨੇ ਆਪਣੀ ਗੱਲ ਸੁਰੂ ਕਰਦਿਆਂ ਭਾਰਤੀ ਰਾਜਸਤਾ ਵੱਲੋਂ ਆਪਣੇ ਹਿੰਦੂਤਵ ਦੇ ਅਜੰਡੇ ਨੂੰ ਲਾਗੂ ਕਰਨ ਲਈ ਭਾਰਤੀ ਸੰਸਥਾਵਾਂ ਵਿੱਚ ਦਖਲ ਅੰਦਾਜ਼ੀ ਬਾਰੇ ਦੱਸਿਆ। ਉਸ ਨੇ ਦੱਸਿਆ ਕਿ ਨਿਆਂ ਦੇ ਮੰਦਰ ਨਿਆਂ ਪਾਲਿਕਾਂ ਅਤੇ ਲੋਕਤੰਤਰ ਦਾ ਚੌਥਾ ਥੰਮ ਮੰਨੇ ਜਾਦੇ ਪੱਤਰਕਾਰੀ ਦੇ ਕਿੱਤੇ ਤੇ ਕਿਸ ਤਰ੍ਹਾਂ ਮੋਦੀ ਦੀ ਭਾਜਪਾ ਹਕੂਮਤ ਨੇ ਕਬਜਾ ਕੀਤਾ ਹੈ ਬਾਰੇ ਵਿਸਥਾਰ ਨਾਲ ਦੱਸਿਆ। ਉਸਨੇ ਦੱਸਿਆ ਕਿ ਜਦੋਂ ਆਰ ਐਸ ਐਸ ਤੇ ਭਾਜਪਾ ਵੱਲੋਂ ਹਿੰਦੂ ਰਾਸਟਰ ਦੇ ਨਿਰਮਾਤਾ ਸਾਵਰਕਰ ਨੂੰ ਭਾਰਤ ਰਤਨ ਨਾਲ ਨਿਵਾਜਣ ਦਾ ਫੈਸਲਾ ਕੀਤਾ ਤਾ ਇਸ ਖੋਜੀ ਪੱਤਰਕਾਰ ਨੇ ਵੀਰ ਸਾਵਰਕਰਬਾਰੇ ਜਾਣਕਾਰੀ ਇਕੱਠੀ ਕਰਕੇ ਇੱਕ ਰਿਪੋਰਟ ‘ਲੇਲੇ ਨੂੰ ਸ਼ੇਰ ਦੀ ਖੱਲ’ ਛਾਪੀ ਤਾਂ ਇਹ ਰਿਪੋਰਟ ਨਸਰ ਹੋਣ ਨਾਲ ਸਾਵਰਕਰ ਦਾ ਭਾਰਤ ਦੀ ਆਜਾਦੀ ’ਚ ਪਾਇਆ ਅੰਗਰੇਜ ਭਗਤੀ ਵਾਲਾ ਯੋਗਦਾਨ ਤੱਥਾਂ ਸਮੇਤ ਜੱਗ ਜਾਹਰ ਹੋ ਗਿਆ। ਉਸ ਸਮੇਂ ਤੋਂ ਇਹ ਪੱਤਰਕਾਰ ਹਿੰਦੂਤਵੀ ਜਥੇਬੰਦੀਆ ਦੇ ਰੜਕਣ ਲੱਗ ਪਿਆ ਸੀ।

ਜਦੋਂ ਭਾਜਪਾ ਨੇ 2014 ’ਚ ਕੇਦਰੀ ਸਤਾ ਤੇ ਕਬਜਾ ਕਰ ਲਿਆ ਤਾਂ ਉਸ ਨੇ ਆਪਣਾ ਹਿੰਦੂ ਰਸਟਰਵਾਦ ਦਾ ਅਜੰਡਾ ਲਾਗੂ ਕਰਨ ਲਈ ਬੜੇ ਹੀ ਸਿਲਸਲੇਵਾਰ ਢੰਗ ਨਾਲ ਵੱਖ ਵੱਖ ਅਦਾਰਿਆ ਜਿਵੇਂ ਵਿਦਿਆ, ਅਫਸਰਸਾਹੀ, ਪੁਲਸ, ਨਿਆਂਪਾਲਿਕਾ ਅਤੇ ਮੀਡੀਆ ਤੇ ਆਪਣਾ ਕਬਜਾ ਕਰਨ ਦਾ ਅਮਲ ਤੇਜ ਕਰ ਦਿੱਤਾ ਹੈ ਤਾਂ ਇਸੇ ਲੜੀ ਵਜੋਂ ਸੀ, ਬੀ.ਆਈ ਦੇ ਜੱਜ ਲੋਇਆ ਦਾ ਕਤਲ ਇੱਕ ਇਤਹਾਸਕ ਘਟਨਾ ਵਾਲੀ ਗੱਲ ਹੋ ਨਿਬੜੀ ।2005 ਵਿੱਚ ਸੁਹਾਬੂਦੀਨ ਸ਼ੇਖ ਦਾ ਗੁਜਰਾਤ ਪੁਲੀਸ ਵੱਲੋਂ ਕਤਲ ਕੀਤਾ ਗਿਆ ਸੀ ਜਿਸ ਨੂੰ ਅਖੌਤੀ ‘ਪੁਲਿਸ ਮੁਬਾਕਲੇ’ ਦਾ ਨਾਮ ਦਿੱਤਾ ਗਿਆ ਸੀ । ਜਦੋਂ ਕਿ ਇਸ ਮਾਮਲੇ ਵਿੱਚ ਸੁਹਾਬੂਦੀਨ ਦੀ ਪਤਨੀ ਇੱਕੋ ਇੱਕ ਚਸਮਦੀਦ ਗਵਾਹ ਸੀ ਜਿਸ ਦਾ ਬਾਅਦ ਵਿੱਚ ਬਲਾਤਕਾਰ ਕਰਨ ਤੋਂ ਬਾਦ ਕਤਲ ਕਰ ਦਿੱਤਾ ਗਿਆ ਸੀ । ਅਮਿੱਤ ਸਾਹ ਉਸ ਸਮੇਂ ਗੁਜਰਾਤ ਦੀ ਮੋਦੀ ਹਕੂਮਤ ਵਿੱਚ ਹੋਮ ਮਨਿਸਟਰ ਸੀ ਤੇ ਇਸ ਪਰੌਜੈਕਟ ਦਾ ਡਾਇਰੈਕਟਰ ਵੀ ਸੀ ।ਉਹੀ ਅਮਿੱਤ ਸਾਹ ਅੱਜ ਕੱਲ ਭਾਜਪਾ ਦਾ ਕੌਮੀ ਪਰਧਾਨ ਹੈ । ਸੁਪਰੀਮ ਕੋਰਟ ਨੇ ਇਸ ਕੇਸ ਦੀ ਇਨਕੁਆਰੀ ਪਹਿਲਾਂ ਗੁਜਰਾਤ ਪੁਲਿਸ ਅਤੇ ਫਿਰ ਸੀ. ਬੀ.ਆਈ ਨੂੰ ਕਰਨ ਦੇ ਆਦੇਸ਼ ਦਿੱਤੇ।ਇਸ ਕੇਸ ਦੀ ਸੁਣਵਾਈ ਲਈ ਸੀ.ਬੀ.ਆਈ.ਦੀ ਅਦਾਲਤ ਵੀ ਸਥਾਪਤ ਕੀਤੀ ਗਈ ਜਿਸ ਨੇ ਅਮਿੱਤ ਸਾਹ ਅਤੇ 11 ਪੁਲਿਸ ਅਫਸਰਾਂ ਉਪਰ ਲੱਗੇ ਦੋਸਾਂ ਦੀ ਸੁਣਵਾਈ ਕਰਨੀ ਸੀ ।ਸੁਪਰੀਮ ਕੋਰਟ ਦਾ ਹੁਕਮ ਸੀ ਕਿ ਇਸ ਕੇਸ ਦੀ ਸੁਣਵਾਈ ਅਖੀਰ ਤੱਕ ਸਿਰਫ ਇੱਕ ਹੀ ਜੱਜ ਕਰੇਗਾ ਇਸ ਕੇਸ ਦੀ ਸੁਣਵਾਈ ਲਈ ਜੱਜ ਜੇ.ਟੀ.ਉਤਪਟ ਨਿਯੁਕਤ ਕੀਤਾ ਗਿਆ। ਅਦਾਲਤ ਵਿੱਚ ਲਗਾਤਾਰ ਗੈਰਹਾਜਰ ਰਹਿਣ ਤੋਂ ਅੱਕੇ ਜੱਜ ਨੇ ਅਮਿੱਤ ਸਾਹ ਨੂੰ26 ਜੂਨ 2014 ਨੂੰ ਅਦਾਲਤ ਵਿੱਚ ਹਾਜਰ ਹੋਣ ਦਾ ਹੁਕਮ ਦਿੱਤਾ ਪਰ 25 ਜੂਨ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਜੱਜ ਉਤਪਟ ਦੀ ਬਦਲੀ ਕਰ ਦਿੱਤੀ ਗਈ ਤੇ ਉਸ ਦੀ ਥਾਂ ਤੇ ਬ੍ਰਿਜਗੋਪਾਲ ਹਰਕਿਸ਼ਨ ਲੋਇਆ ਨੂੰ ਨਿਯੁਕਤ ਕੀਤਾ ਗਿਆ। ਅਮਿੱਤ ਸਾਹ ਦੀ ਲਗਾਤਾਰ ਗੈਰਹਾਜਰੀ ਤੋਂ ਤੰਗ ਆਕੇ ਜੱਜ ਲੋਇਆ ਨੇ ਅਮਿੱਤ ਸਾਹ ਨੂੰ ਮਿਤੀ 15 ਦਸੰਬਰ 2014 ਨੂੰ ਅਦਾਲਤ ਪੇਸ ਹੋਣ ਦੇ ਹੁਕਮ ਜਾਰੀ ਕਰ ਦਿੱਤੇ । ਪਰ 1 ਦਸੰਬਰ ਨੂੰ ਜੱਜ ਲੋਇਆ ਹੋਰ ਜੱਜਾਂ ਨਾਲ ਵਿਆਹ ਸਮਾਗਮ ਵਿੱਚ ਸਾਮਲ ਹੋਣ ਲਈ ਨਾਗਪੁਰ ਗਿਆ ਜਿਥੇ ਉਸ ਦੀ ਮੌਤ ਹੋ ਗਈ । ਮੌਤ ਦਾ ਕਾਰਨ ਕੁਦਰਤੀ ਦੱਸਿਆ ਗਿਆ ।ਜੱਜ ਲੋਇਆ ਦੀ ਥਾਂ ਤੇ ਜੱਜ ਐਮ .ਬੀ. ਗੋਸਵੀ ਨੂੰ ਲਾਇਆ ਗਿਆ ਜਿਸ ਨੇ ਅਮਿੱਤ ਸਾਹ ਤੇ11 ਪੁਲਿਸ ਅਫਸਰਾਂ ਨੂੰ 30 ਦਸੰਬਰ ਨੂੰ ਬਰੀ ਕਰ ਦਿੱਤਾ । ਜੱਜ ਲੋਇਆ ਦੀ ਭਾਣਜੀ ਨੇ ਆਪਣੇ ਮਾਮੇ ਦੀ ਮੌਤ ਸਬੰਧੀ ਪੱਤਰਕਾਰ ਟਾਕਲੇ ਨਾਲ ਸੰਪਰਕ ਕੀਤਾ ਤੇ ਇਸ ਸਬੰਧੀ ਜੋ ਵੀ ਤੱਥ ਪਰਿਵਾਰ ਕੋਲ ਸਨ ਉਹ ਸਾਝੇ ਕੀਤੇ ਨਿਰੰਜਨ ਟਾਕਲੇ ਨੇ ਦੱਸਿਆ ਕਿ ਜਦੋਂ ਮੈਂ ਜੱਜ ਲੋਇਆ ਦੇ ਪੁੱਤਰ ਤੇ ਦਾਦੇ ਨੂੰ ਮਿਲਣ ਉਹਨਾਂ ਦੇ ਪਿੰਡ ਗਿਆ ਤਾਂ ਜਦੋਂ ਵੀ ਮੈਂ ਉਸ ਦੇ ਪੁੱਤਰ ਨੂੰ ਕੋਈ ਵੀ ਸਵਾਲ ਕਰਦਾ ਤਾਂ ਉਸ ਦਾ ਦਾਦਾ ਪਹਿਲਾਂ ਹੀ ਬੋਲ ਪੈਦਾ। ਸਗੋਂ ਸਾਰੀ ਗੱਲਬਾਤ ਦੌਰਾਨ ਜੱਜ ਲੋਇਆ ਦਾ ਪੁੱਤਰ ਨੀਵੀਂ ਪਾ ਕੇ ਬੈਠਾ ਰਿਹਾ ।ਅਖੀਰ ਜੱਜ ਲੋਇਆ ਦੇ ਪਿਤਾ ਨੇ ਮੈਨੂੰ ਦੱਸਿਆ ਕਿ ਅਸਲ ਵਿੱਚ ਇਸ ਨੂੰ ਨਾ ਤਾਂ ਨਿਆਪਾਲਿਕਾ ਤੇ ਨਾ ਹੀ ਪੁਲੀਟੀਕਨ ਸਿਸਟਮ ਅਤੇ ਨਾ ਹੀ ਪੱਤਰਕਾਰਾਂ ਤੇ ਭਰੋਸਾ ਰਿਹਾ ਹੈ। ਇਸ ਗੱਲ ਨੇ ਮੈਨੂੰ ਕਾਫੀ ਨਿਰਾਸ਼ ਕੀਤਾ। ।ਇਹ ਗੱਲ ਮੈਂ ਆਪਣੀ ਬੇਟੀ ਨਾਲ ਸਾਝੀ ਕੀਤੀ ਕਿ ਜਿਸ ਤਰਾਂ ਇਹ ਨਿਰਾਸਤਾ ’ਚ ਹੈ ਮੈਨੂੰ ਪਤਾ ਜੇਕਰ ਤੂੰ ਜੱਜ ਲੋਇਆ ਦੇ ਪੁੱਤਰ ਨਾਲ ਗੱਲ ਕਰੇ ਤਾਂ ਸਾਇਦ ਉਹ ਤੇਰੇ ਨਾਲ ਕੋਈ ਗੱਲ ਕਰੇ ਤੂੰ ਉਸ ਨੂੰ ਇਸ ਹਾਲਤ ਵਿੱਚੋਂ ਕੱਢਣ ’ਚ ਮੇਰੀ ਮੱਦਦ ਕਰ। ਟਾਕਲੇ ਦੱਸਦਾ ਕਿ ਮੇਰੀ ਬੇਟੀ ਨੇ ਮੈਨੂੰ ਜਵਾਬ ਦਿੱਤਾ ਕਿ ਤੁਸੀਂ ਆਪ ਆਪਣੇ ਕਿੱਤੇ ਦਾ ਵਿਸਵਾਸ ਉਸ ’ਚ ਪੈਦਾ ਕਰੋ ਜੇ ਕਰ ਤੁਸੀਂ ਇਹ ਨਾ ਕਰ ਸਕੇ ਤਾਂ ਇਹ ਪੱਤਰਕਾਰੀ ਦੇ ਕਿੱਤੇ ਨਾਲ ਇਨਸਾਫ ਨਹੀਂ ਹੋਵੇਗਾ ਤਾਂ ਮੈਂ ਸੋਚਿਆ ਕਿ ਮੈਂ ਇਹ ਸਾਰਾ ਸੱਚ ਲੋਕਾਂ ’ਚ ਲੈ ਕੇ ਜਾਵਾਂਗਾ ਤੇ ਮੈਂ ਪੱਤਰਕਾਰ ਅਤੇ ਪੱਤਰਕਾਰੀ ਦੇ ਕਿੱਤੇ ਦੀ ਪਵਿੱਤਰਤਾ ਕਿਸੇ ਵੀ ਕੀਮਤ ਤੇ ਬਰਕਰਾਰ ਰੱਖਾਂਗਾ। ਇੱਕ ਹੋਰ ਘਟਨਾ ਦਾ ਜਿਕਰ ਕਰਦਿਆ ਟਾਕਲੇ ਨੇ ਦੱਸਿਆ ਕਿ ਜਦੋਂ ਇਹ ਸਟੋਰੀ ਕਾਰਵਾਂ ਵਿੱਚ ਛਪ ਗਈ ਤਾਂ ਮੈਂ ਮੁਬੰਈ ਪਰੈਸ ਕਲੱਬ ’ਚ ਗਿਆ ਜਿਸ ਦੇ ਲੱਗਭੱਗ ਤਿੰਨ ਸੌ ਦੇ ਕਰੀਬ ਮੈਂਬਰ ਹਨ ਤਾਂ ਸਿਰਫ ਚਾਰ ਪੰਜ ਪੱਤਰਕਾਰ ਹੀ ਮੇਰੀ ਹਮਾਇਤ ’ਚ ਖੜ੍ਹੇ। ਬਕੀਆਂ ਨੇ ਮੇਰੇ ਨਾਲ ਮਿਲਣ ਤੋਂ ਅਤੇ ਗੱਲਬਾਤ ਕਰਨ ਤੋਂ ਵੀ ਟਾਲਾ ਵੱਟ ਲਿਆ। ਉਹ ਦੱਸਦਾ ਹੈ ਕਿ ਪੂਰੀ ਸਟੋਰੀ ਤੱਥਾਂ ਸਮੇਤ ਇਕੱਠੀ ਕਰਨ ਤੋਂ ਬਾਅਦ ਜਦੋਂ ਮੈਂ ਆਪਣੇ ਅਖਬਾਰ ‘ਦਿ ਵੀਕ’ ਜਿਸ ਵਿੱਚ ਮੈਂ ਕੰਮ ਕਰਦਾ ਸੀ ਨੂੰ ਛਾਪਣ ਲਈ ਦਿੱਤੀ, ਜਿਸ ਨੇ ਇਸ ਨੂੰ ਛਾਪਣ ਤੋਂ ਨਾਹ ਕਰ ਦਿੱਤੀ। ਟਾਕਲੇ ਦੇ ਮਨ ਨੂੰ ਇਸ ਨਾਲ ਗਹਿਰੀ ਸੱਟ ਵੱਜੀ ਤੇ ਦੁਖੀ ਹੋ ਕੇ ਟਾਕਲੇ ਨੇ ਅਖਬਾਰਦਿ ਵੀਕ ਤੋਂ ਅਸਤੀਫਾ ਦੇ ਦਿੱਤਾ। ਟਾਕਲੇ ਦੱਸਦਾ ਹੈ ਕਿ ਪੂਰੀ ਸਟੋਰੀ ਸਬੂਤਾਂ ਸਮੇਤ ਤਿਆਰ ਹੋਣ ਦੇ ਬਾਵਜੂਦ ਕੋਈ ਛੇ ਸੱਤ ਮਹੀਨੇ ਕੋਈ ਪੱਤਰਕਾਰ, ਟੀ .ਵੀ ਚੈਨਲ ਇਸ ਸਟੋਰੀ ਨੂੰ ਨਸਰ ਕਰਨ ਲ਼ਈ ਤਿਆਰ ਨਾ ਹੋਇਆ ਤਾਂ ਮੈਨੂੰ ਭਾਰੀ ਮਾਨਸਿਕ ਤੇ ਆਰਥਿਕ ਪ੍ਰੇਸ਼ਾਨੀ ਵਿੱਚੋਂ ਲੰਘਣਾ ਪਿਆ।

ਅਖੀਰ ਕਾਰਵਾਂ ਮੈਗਜੀਨ ਨੇ ਇਹ ਸਟੋਰੀ ਪ੍ਰਕਾਸ਼ਤ ਕੀਤੀ ਜਦੋਂ ਇਹ ਖਬਰ ਛਪ ਗਈ ਤਾਂ ਜੱਜ ਲੋਇਆ ਦੇ ਪਰੀਵਾਰ ਦਾ ਸੰਪਰਕ ਵੀ ਮੇਰੇ ਨਾਲੋਂ ਟੁੱਟ ਗਿਆ ਜੋ ਅੱਜ ਤੱਕ ਵੀ ਨਹੀਂ ਹੋ ਸਕਿਆ। ਕਾਰਵਾ ’ਚ ਸਟੋਰੀ ਨਸ਼ਰ ਹੋਣ ਤੋਂ ਬਾਅਦ ਸਿਆਸਤਦਾਨਾਂ ਦਾ ਇੱਕ ਵਫਦ ਰਾਸਟਰਪਤੀ ਨੂੰ ਜੱਜ ਲੋਇਆ ਦੇ ਕੇਸ ਸਬੰਧੀ ਮਿਲਿਆ। ਇਸ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਚ ਹੋਈ ਪਰ ਬੇਸਿੱਟਾ ਇਸ ਸਾਰੇ ਮਾਮਲੇ ਬਾਰੇ ਮੀਡੀਆ ਦਾ ਵੱਡਾ ਹਿੱਸਾ ਘੁੰਗਣੀਆ ਵੱਟੀ ਬੈਠਾ ਰਿਹਾ। ਟਾਕਲੇ ਨੇ ਅਖੀਰ ਚ ਆਪਣੀ ਗੱਲ ਇਹਨਾਂ ਲਾਇਨਾਂ ਨੂੰ ਕਹਿ ਕੇ ਸਮਾਪਤ ਕੀਤੀ ਕਿ ਆਦਮੀ ਮਰਨੇ ਕੇ ਬਾਅਦ ਕੁੱਛ ਨਹੀਂ ਸੋਚਤਾ, ਆਦਮੀ ਮਰਨੇ ਕੇ ਬਾਅਦ ਕੁੱਛ ਨਹੀਂ ਬੋਲਤਾ, ਕੁੱਛ ਨਾ ਸੋਚਨੇ ਸੇ, ਕੁੱਛ ਨਾ ਬੋਲਨੇ ਪਰ ਆਦਮੀ ਵੈਸੇ ਭੀ ਤੋਂ ਮਰ ਹੀ ਜਾਤਾ ਹੈ ਜਦੋਂ ਭਾਜਪਾ ਦੀ ਵੀਹ ਤੋਂ ਵੱਧ ਸੂਬਿਆ ਵਿਚ ਸਰਕਾਰ ਹੈ ਤੇ ਆਪਣੇ ਵਿਕਾਸ ਦਾ ਭਰਾੜ ਉਸ ਨੂੰ ਉਸ ਦਾ ਭਵਿੱਖ ਦਿਖਾ ਰਿਹਾ ਹੈ ਤਾਂ 2019 ਚ ਫਿਰ ਹਕੂਮਤ ਤੇ ਕਾਬਜ ਹੋਣ ਲਈ ਨਵੇਂ ਨਵੇਂ ਹੱਥ ਕੰਡੇ ਵਰਤਣੇ ਸੁਰੂ ਕਰ ਦਿੱਤੇ ਹਨ। ਆਦਿਵਾਸੀਆਂ, ਦਲਿਤਾਂ ਦੇ ਹੱਕਾਂ ’ਚ ਅਵਾਜ ਬੁਲੰਦ ਕਰਨ ਵਾਲੇ ਬੁਧੀਜੀਵੀਆ, ਪੱਤਰਕਾਰਾ, ਲੇਖਕਾਂ, ਜਮਹੂਰੀ ਕਾਰਕੁੰਨਾਂ ਨੂੰ ਮਾਓਵਾਦੀਅਤੇ ਸਹਿਰੀ ਨਕਸਲਦੇ ਨਾਂ ਉੱਤੇ ਜੇਹਲਾਂ ਵਿੱਚ ਸੁਟਿਆ ਜਾ ਰਿਹਾ ਹੈ ਤਾਂ ਇਹ ਗੱਲ ਚਿੱਟੇ ਦਿਨ ਵਾਂਗ ਸਾਫ ਹੈ ਕਿ ਭਾਜਪਾ ਆਪਣੀ ਹਰ ਵਿਰੋਧੀ ਅਵਾਜ਼ ਨੂ ਡੰਡੇ ਦੇ ਜੋਰ ਦਬਾਉਣਾ ਚਾਹੁੰਦੀ ਹੈ ਤਾਂ ਸਭ ਲੋਕ ਹਤੈਸੀ ਜਥੇਬੰਦੀਆ, ਕਾਰਕੁੰਨਾਂ ਦਾ ਫਰਜ ਬਨਦਾ ਹੈ ਕਿ ਹਕੂਮਤ ਦੀ ਇਸ ਧੱਕੇ ਸਾਹੀ ਦੇ ਵਿਰੁੱਧ ਇੱਕਜੁੱਟ ਤੇ ਮਜਬੂਤ ਲੜਾਈ ਲੜੀ ਜਾਵੇ। ਇਸ ਪਰੋਗਰਾਮ ਵਿੱਚ ਸਭਾ ਵੱਲੋਂ ਕਿਤਾਬਾਂ ਦੀ ਸਟਾਲ ਵੀ ਲਾਈ ਗਈ ਜਿਸ ਨੂੰ ਹਾਜ਼ਰ ਲੋਕਾਂ ਵੱਲੋਂ ਕਾਫੀ ਹੁੰਗਾਰਾ ਮਿਲਿਆ। ਇਸ ਪ੍ਰੋਗਰਾਮ ਦੀ ਵਿਲੱਖਣਤਾ ਇਹ ਵੀ ਸੀ ਕਿ ਇਸ ਵਿੱਚ ਭਾਰਤੀਆਂ ਤੋਂ ਬਿਨਾਂ ਹੋਰ ਦੇਸ਼ਾਂ ਦੇ ਲੋਕ ਵੀ ਹਾਜਰ ਹੋਏ। ਹਾਜ਼ਰ ਲੋਕਾਂ ਨੇ ਕੇਰਲਾ ਦੇ ਹੜ੍ਹ ਪੀੜਤਾਂ ਲਈ ਮੱਦਦ ਵੀ ਦਿੱਤੀ। ਕੁੱਲ ਮਿਲਾਕੇ ਪਰੋਗਰਾਮ ਸਫਲ ਰਿਹਾ ਅੰਤ ਤੇ ਸਭਾ ਦੀ ਮੈਂਬਰ ਸਭਜੀਤ ਨੇ ਆਏ ਹੋਏ ਲੋਕਾਂ ਅਤੇ ਪੱਤਰਕਾਵਾਂ ਨਵਸਵੇਰ ਅਤੇ ਪੰਜਾਬ ਟੂਡੇ ਦਾ ਵੀ ਧੰਨਵਾਦ ਕੀਤਾ।

**ਮੰਗਤ ਸਹੋਤਾ**


BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains

Jaswinder S Bains, Ph.D., OD.
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
DR. J.S. BAINS & ASSOCIATES-(OPTOMETRY)
- Complete Eye Exam — ਨਜ਼ਰ ਦੀ ਪੂਰੀ ਜਾਂਚ
- Ocular Health Assessment — ਅੱਖਾਂ ਦੀ ਅੰਦਰਲੀ ਜਾਂਚ
- Contact Lenses — ਕਾਂਨਟੈਕਟ ਲੈਨਜ਼ ਲਗਾਉਣੇ

403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Every Monday, 9:30 to 5:00 pm at Dr. Pardeep Dhillon Optometric Corporation
7110 120 St, #102, Surrey, BC V3W 3M8
604-635-0155

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work
ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਉਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।
HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work

Paul Sekhon: 403-829-5000
Free Estimate Paul Sekhon: 403-701-4947
Bay 11 2316 27 Ave. NE, Calgary Ph.: 403-719-4947

# ਕਮਿਊਨਿਸਟ ਪਾਰਟੀ ਕੈਨੇਡਾ ਵੱਲੋਂ ਡੱਗ ਫੋਰਡ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਬਰੈਂਪਟਨ ਵਿਖੇ ਹੋਇਆ ਵਿਸ਼ਾਲ ਮੁਜ਼ਾਹਰਾ




ਬਰੈਂਪਟਨ, (ਹਰਿੰਦਰ ਹੁੰਦਲ) : ਕਮਿਊਨਿਸਟ ਪਾਰਟੀ ਆਫ਼ ਕੈਨੇਡਾ ਵੱਲੋਂ ਡੱਗ ਫੋਰਡ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਖਿਲਾਫ਼ ਬੀਤੇ ਐਤਵਾਰ ਐਮ. ਪੀ.ਪੀ. ਅਮਰਜੋਤ ਸੰਧੂ ਦੇ ਬਰੈਂਪਟਨ ਸਥਿਤ ਹਲਕਾ ਦਫ਼ਤਰ ਦੇ ਸਾਹਮਣੇ ਮੁਜ਼ਾਹਰਾ ਕੀਤਾ ਗਿਆ। ਖ਼ਰਾਬ ਮੌਸਮ ਹੋਣ ਦੇ ਬਾਵਜੂਦ ਭਾਰੀ ਗਿਣਤੀ ਵਿੱਚ ਨੌਜੁਆਨਾਂ, ਬਜ਼ੁਰਗਾਂ ਅਤੇ ਬੱਚਿਆਂ ਵੱਲੋਂ ਫ਼ੋਰਡ ਸਰਕਾਰ ਦੀਆਂ ਮਜ਼ਦੂਰਾਂ, ਵਿੱਦਿਆ, ਸਿਹਤ ਸਹੂਲਤਾਂ ਅਤੇ ਵਾਤਾਵਰਨ ਵਿਰੋਧੀ ਨੀਤੀਆਂ ਬਾਰੇ ਸਪੱਸ਼ਟ ਸੰਦੇਸ਼ ਦਿੱਤਾ ਗਿਆ ਕਿ ਫ਼ੋਰਡ ਸਰਕਾਰ ਮਜ਼ਦੂਰਾਂ ਦੇ ਹੱਕਾਂ 'ਤੇ ਹਮਲਾ ਕਰਨ ਤੋਂ ਦੂਰ ਰਹੇ, ਜ਼ਰੂਰੀ ਸੇਵਾਵਾਂ ਦਾ ਨਿੱਜੀ ਕਰਨ ਬੰਦ ਕਰੇ ਅਤੇ ਲੋਕਾਂ ਦੇ ਹੱਕਾਂ ਨੂੰ ਪਹਿਲ ਨਾ ਕੇ ਬਿਲਡਰਾਂ ਅਤੇ ਕਾਰਪੋਰੇਟਾਂ ਦੇ ਹਿੱਤਾਂ ਨੂੰ ਮੁੱਖ ਰੱਖਣਾ ਬੰਦ ਕਰੇ। ਮੁਜ਼ਾਹਰੇ ਨੂੰ ਓਂਟਾਰੀਓ ਦੀ ਕਮਿਊਨਿਸਟ ਪਾਰਟੀ ਦੇ ਸੂਬਾ ਆਗੂ ਕਾਮਰੇਡ ਡੇਵ ਮਕੀਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਡੱਗ ਫੋਰਡ ਨੇ ਜਿੱਤਣ 'ਤੇ ਇਹ ਐਲਾਨ ਕੀਤਾ ਸੀ ਕਿ ਪਹਿਲੀ ਵਾਰ ਲੋਕਾਂ ਦੀ ਸਰਕਾਰ ਚੁਣੀ ਗਈ ਹੈ ਪਰ ਅਜੇ ਸਰਕਾਰ ਬਣੀ ਨੂੰ ਦੋ ਮਹੀਨੇ ਦਾ ਸਮਾਂ ਹੀ ਹੋਇਆ ਹੈ ਅਤੇ ਇਸ ਸਰਕਾਰ ਦਾ ਲੋਕ-ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਇਸ ਸਰਕਾਰ ਨੇ ਸਭ ਤੋਂ ਪਹਿਲਾ ਹਮਲਾ ਪਬਲਿਕ ਸੈਕਟਰ ਦੇ ਕਾਮਿਆਂ 'ਤੇ ਕੀਤਾ ਜਿਸ ਤਹਿਤ ਯੌਰਕ ਯੂਨੀਵਰਸਿਟੀ ਦੇ ਮੁਲਾਜਮਾਂ ਨੂੰ ਕੰਮ 'ਤੇ ਵਾਪਸ ਆਉਣ ਦਾ ਬਿੱਲ ਪਾਸ ਕਰਕੇ ਉਨ੍ਹਾਂ ਨੂੰ ਹੜਤਾਲ ਕਰਨ ਤੋਂ ਵਾਝਿਆਂ ਕੀਤਾ ਗਿਆ ਅਤੇ ਪਬਲਿਕ ਸੈਕਟਰ ਵਿੱਚ ਨਵੀਆਂ ਨੌਕਰੀਆਂ 'ਤੇ ਰੋਕ ਲਾਈ ਗਈ ਹੈ। ਏਸੇ ਤਰ੍ਹਾਂ ਮਜ਼ਦੂਰਾਂ ਅਤੇ ਉਨ੍ਹਾਂ ਦੇ ਪ੍ਰੀਵਾਰਾਂ 'ਤੇ ਹਮਲਾ ਕਰਨ ਤਹਿਤ $15 ਡਾਲਰ ਦੇ ਵੇਤਨ ਵਾਧੇ ਨੂੰ ਰੋਕਣਾ ਅਤੇ ਹੁਣ $14 ਡਾਲਰ ਵੇਤਨ ਦਰ ਨੂੰ ਵਾਪਸ ਕਰਨ ਬਾਰੇ ਵਿਚਾਰਾਂ ਕਰਨਾ ਫ਼ੋਰਡ ਸਰਕਾਰ ਦਾ ਬੇਹੱਦ ਸ਼ਰਮਨਾਕ ਕਾਰਾ ਹੈ. ਸੋਸ਼ਲ ਸਹਾਇਤਾ 'ਤੇ ਗੁਜ਼ਾਰਾ ਕਰ ਰਹੇ ਲੋਕਾਂ ਦੇ ਆਮਦਨ ਵਾਧੇ ਨੂੰ ਅੱਧਾ ਕਰਕੇ ਅਤੇ ਸਰਕਾਰ ਨੇ ਨਵੇਂ ਸੈੱਕਸ ਪਾਠਕਰਮ ਨੂੰ ਰੱਦ ਕਰਕੇ ਬੱਚਿਆਂ ਦੀ ਸਿਹਤ ਨੂੰ ਖ਼ਤਰੇ ਵਿੱਚ ਪਾਉਣ ਵਾਲਾ ਬੇਹੱਦ ਮਾੜਾ ਕੰਮ ਕੀਤਾ ਹੈ। ਇਸ ਦੇ ਨਾਲ ਹੀ ਇਕ ਅਜਿਹੀ ਫ਼ੋਨ-ਲਾਇਨ ਸਥਾਪਿਤ ਕੀਤੀ ਗਈ ਹੈ ਜਿਸ ਤਹਿਤ ਅਧਿਆਪਕਾਂ ਖਿਲਾਫ਼ ਸ਼ਿਕਾਇਤਾਂ ਕੀਤੀਆਂ ਜਾ ਸਕਣ। ਕਾਮਰੇਡ ਡੇਵ ਨੇ ਕਿਹਾ ਕਿ ਫੋਰਡ ਦੀ ਸਰਕਾਰ ਨੇ ਆਉਂਦਿਆਂ ਹੀ ਵਾਤਾਵਰਨ ਦੀ ਸੰਭਾਲ ਸਬੰਧੀ ਸਾਰੇ ਪ੍ਰੋਗਰਾਮ ਰੱਦ ਕਰਕੇ ਬੇਹੱਦ ਮਾੜਾ ਫੈਲਿਆ ਹੈ। ਸਰਕਾਰ ਨੇ ਸਥਾਨਿਕ ਕੌਂਸਲ ਦੀ ਗਿਣਤੀ ਘਟਾ ਕੇ ਜਮਹੂਰੀ ਪਰਕਿਰਿਆ ਦਾ ਵੀ ਗਲਾ ਘੁੱਟਿਆ ਹੈ।

ਕੈਨੇਡਾ ਦੇ ਮੂਲ-ਵਾਸੀਆਂ ਸਬੰਧੀ ਵਿਦਿਆ ਦੇ ਪਾਠ ਕਰਮ ਨੂੰ ਰੱਦ ਕਰਕੇ ਅਤੇ ਉੱਤਰੀ ਓਂਟਾਰੀਓ ਵਿੱਚ ਮੂਲ-ਵਾਸੀਆਂ ਦੀਆਂ ਜ਼ਮੀਨਾਂ ਵਿੱਚੋਂ ਕੀਮਤੀ ਖਣਿਜ ਕੱਢਣ ਸਬੰਧੀ ਕਾਰਪੋਰੇਟਾਂ ਨੂੰ ਅਧਿਕਾਰ ਦਿੱਤੇ ਹਨ ਜੋ ਮੂਲ-ਵਾਸੀਆਂ ਦੇ ਹਿੱਤਾਂ ਵਿਰੁੱਧ ਫ਼ੈਸਲੇ ਹਨ। ਉਨ੍ਹਾਂ ਕਿਹਾ ਕਿ ਇਹ ਸਰਕਾਰ ਬਹੁ-ਗਿਣਤੀ ਲੋਕ ਵਿਰੋਧੀ ਹੈ ਜਦ ਕਿ ਮੁੱਠੀ ਭਰ ਕਾਰਪੋਰੇਟਾਂ ਦੇ ਹਿੱਤਾਂ ਨੂੰ ਪਾਲ ਰਹੀ ਹੈ। ਇਹ ਲੋਕਾਂ ਦੀ ਸਰਕਾਰ ਨਹੀਂ ਹੈ, ਬਲਕਿ ਇਹ ਲੋਕ-ਵਿਰੋਧੀ ਸਰਕਾਰ ਹੈ। ਇਹ ਫੋਰਡ ਸਰਕਾਰ ਦੇ ਸੱਤਾ ਵਿੱਚ ਆਉਣ ਦੇ ਸੌ ਦਿਨਾਂ ਤੋਂ ਪਹਿਲਾਂ ਹੀ ਸਾਬਤ ਹੋ ਗਿਆ ਹੈ ਅਤੇ ਅਜਿਹੀ ਲੋਕ-ਵਿਰੋਧੀ ਸਰਕਾਰ ਨੂੰ ਲੋਕਾਂ ਵਿੱਚ ਨੰਗਿਆਂ ਕੀਤਾ ਜਾਣਾ ਚਾਹੀਦਾ ਹੈ। ਕਾਮਰੇਡ ਡੇਵ ਨੇ ਕਿਹਾ ਅਜਿਹਾ ਸੂਬੇ ਵਿੱਚ ਮੌਜੂਦਾ ਸਰਕਾਰ ਵਿਰੋਧ ਲਗਾਤਾਰ ਮੁਜ਼ਾਹਰੇ ਕਰਕੇ ਹੀ ਕੀਤਾ ਜਾ ਸਕਦਾ ਹੈ।

ਸੂਬੇ ਵਿੱਚ ਅਜਿਹੇ ਅਗਾਂਹ-ਵਧੂ ਬਹੁਤ ਸਾਰੇ ਮੁਜ਼ਾਹਰਿਆਂ ਦਾ ਐਲਾਨ ਵੀ ਹੋ ਚੁੱਕਾ ਹੈ। ਵੱਧ ਤੋਂ ਵੱਧ ਲੋਕਾਂ ਨੂੰ ਮੁਜ਼ਾਹਰਿਆਂ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਮੌਜੂਦਾ ਸਰਕਾਰ ਦੀਆਂ ਮਾਰੂ ਨੀਤੀਆਂ ਦਾ ਮੂੰਹ ਤੋੜ ਜਵਾਬ ਦਿੱਤਾ ਜਾ ਸਕੇ। ਮਜ਼ਦੂਰ ਜਮਾਤ ਦੇ ਸਾਰੇ ਹਲਕਿਆਂ ਨੂੰ ਸਾਂਝੀ, ਜੁਝਾਰੂ ਅਤੇ ਬੱਝਵੀਂ ਲਹਿਰ ਉਸਾਰ ਕੇ ਹਰ ਪੱਖ ਤੋਂ ਮੌਜੂਦਾ ਸਰਕਾਰ ਨੂੰ ਹਰਾਇਆ ਜਾ ਸਕਦਾ ਹੈ। ਲੋਕਾਂ ਦੀਆਂ ਹੱਕੀ ਅਤੇ ਜਮਹੂਰੀ ਮੰਗਾਂ ਨੂੰ ਧਿਆਨ ਵਿੱਚ ਰੱਖ ਕੇ ਅਜਿਹੀ ਲਹਿਰ ਉਸਾਰਨੀ ਸਮੇਂ ਦੀ ਬੇਹੱਦ ਜ਼ਰੂਰੀ ਲੋੜ ਹੈ। ਉਨ੍ਹਾਂ ਕਿਹਾ ਕਿ ਕਮਿਊਨਿਸਟ ਪਾਰਟੀ ਸਾਰੀਆਂ ਮਜ਼ਦੂਰ ਅਤੇ ਲੋਕ-ਪੱਖੀ ਧਿਰਾਂ ਨਾਲ ਰਲ ਕੇ ਇਸ ਦਿਸ਼ਾ ਵੱਲ ਕੰਮ ਕਰੇਗੀ. ਕਾਮਰੇਡ ਡੇਵ ਨੇ ਬਰੈਂਪਟਨ ਵਾਸੀਆਂ ਦਾ ਮੁਜ਼ਾਹਰੇ ਵਿੱਚ ਆਉਣ 'ਤੇ ਧੰਨਵਾਦ ਕੀਤਾ। ਲੰਘ ਰਹੇ ਲੋਕਾਂ ਨੇ ਲਗਾਤਾਰ ਮੁਜ਼ਾਹਰਾ ਕਾਰੀਆਂ ਦਾ ਹਾਰਨ ਮਾਰ ਕੇ ਅਤੇ ਬੋਲ ਕੇ ਸਮਰਥਨ ਕੀਤਾ। ਕਾਮਰੇਡ ਵਿੱਲਫਰੈੱਡ ਨੇ ਕਿਹਾ ਪਾਰਟੀ ਜਲਦੀ ਹੀ ਅਗਲੇ ਐਕਸ਼ਨ ਦਾ ਐਲਾਨ ਕਰੇਗੀ। ਇਸ ਸਬੰਧੀ ਹੋਰ ਜਾਣਕਾਰੀ ਲਈ ਹਰਿੰਦਰ ਹੁੰਦਲ ਨਾਲ 647-818-6880 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ
ਸਰੋਕਾਰਾਂ ਦੀ ਆਵਾਜ਼
ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।






ਹਰਬੰਸ ਸਿੰਘ (ਟੋਰਾਂਟੋ) 416-817-7142
ਮਾਸਟਰ ਭਜਨ (ਕੈਲਗਰੀ) 403-455-4220
ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794
ਸੁਖਵੀਰ ਗਰੇਵਾਲ (ਕੈਲਗਰੀ) 403 402 0770

CARE Inc.
Home Health Solutions
403-605-6300
ਪੰਜਾਬੀ ਮਾਰਕੀਟ ਗਰੋਸਰੀ ਸਟੋਰ ਦੇ ਸਾਹਮਣੇ
ਸੋਮਵਾਰ ਤੋਂ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ
ਐਤਵਾਰ ਬੰਦ



"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"




ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।


ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca





Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca Edmonton Store #108-5239 55 Ave. NW, 780-229-3233



Punjabi Rang Radio
CHKT 1430AM
11pm to 12am Every Friday
Producer/ Host
Chamkaur Singh Cell 416 662 1313
Email punjabirang13@hotmail.com


Jagwant Gill
Sales Representative
- Home
- Investment
- Business
For Free Consultation




Rai Realty Ltd.
4656-Westwinds & Calgary AB T3J 2Z5
Contact : 403-875-2392

# ‘ਅਸੀਂ ਜਿੱਤਾਂਗੇ ਜ਼ਰੂਰ ਜੰਗ ਜਾਰੀ ਰੱਖਿਓ’ ਦਾ ਸੰਦੇਸ਼ ਦਿੰਦਾ ਹੋਇਆ ਨਾਟਕ ਸਮਾਗਮ

- ਸਮਾਜ ਵਿੱਚ ਪਾਖੰਡ ਤੇ ਅੰਧ ਵਿਸ਼ਵਾਸ਼ ਫੈਲਾ ਰਹੇ ਜੋਤਸ਼ੀਆਂ, ਤਾਂਤਰਿਕਾਂ, ਪੀਰਾਂ, ਬਾਬਿਆਂ ਵਿਚੋਂ ਕੋਈ 1 ਲੱਖ ਦਾ ਇਨਾਮ ਜਿੱਤਣ ਨਾ ਪਹੁੰਚਿਆ
- ਨਾਟਕ ਸਮਾਗਮ ਦੇਖਣ ਲਈ ਭਾਰੀ ਗਿਣਤੀ ਵਿੱਚ ਦਰਸ਼ਕ ਪਹੁੰਚੇ, ਬਹੁਤ ਸਾਰੇ ਦਰਸ਼ਕਾਂ ਨੂੰ ਸਾਈਡਾਂ ਤੇ ਖੜ ਕੇ ਜਾਂ ਪੌੜੀਆਂ ਵਿੱਚ ਬੈਠ ਕੇ ਪ੍ਰੋਗਰਾਮ ਦੇਖਣਾ ਪਿਆ














ਪ੍ਰੌਗੈਰਸਿਵ ਕਲਚਰ ਐਸੋਸੀਏਸ਼ਨ ਕੈਲਗਰੀ ਦੇ ਸੱਦੇ ’ਤੇ ਇਸ ਵਾਰ ਵੀ 9ਵਾਂ ਸਲਾਨਾ ਸੋਹਣ ਮਾਨ ਯਾਦਗਾਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਨੂੰ ਕਿਰਤੀ ਵਰਗ ਦੇ ਮਹਾਨ ਚਿੰਤਕ ਕਾਰਲ ਮਾਰਕਸ ਦੇ 200ਵੇਂ ਅਤੇ ਸ਼ਹੀਦ ਭਗਤ ਸਿੰਘ ਦੇ 110ਵੇਂ ਜਨਮ ਦਿਵਸ ਨੂੰ ਸਮਰਪਿਤ ਵੀ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਪਿਛਲੇ ਦਿਨੀਂ ਪ੍ਰੌਗੈਰਸਿਵ ਕਲਚਰ ਐਸੋਸੀਏਸ਼ਨ ਦੇ ਪ੍ਰਧਾਨ ਸੋਹਣ ਮਾਨ ਦੇ ਸਦੀਵੀ ਵਿਛੋੜਾ ਦੇ ਗਏ ਸਨ, ਉਨ੍ਹਾਂ ਦੀ ਤਸਵੀਰ ’ਤੇ ਫੁੱਲ ਮਲਾਵਾਂ ਭੇਂਟ ਕਰਦਿਆਂ ਕੀਤੀ ਗਈ ਸੀ। ਫੁੱਲ ਮਲਾਵਾਂ ਭੇਟ ਕਰਦਿਆਂ ਜਥੇਬੰਦੀ ਦੇ ਪ੍ਰਧਾਨ ਜੀਤਇੰਦਰ ਪਾਲ, ਮਾ. ਭਜਨ ਸਿੰਘ, ਹਰਬੰਸ ਸਿੰਘ ਟੋਰਾਂਟੋ, ਕੁਸਮ ਸ਼ਰਮਾ, ਹਰੀਪਾਲ, ਕਮਲ ਪੰਧੇਰ, ਨਵਕਿਰਨ ਢੁਡੀਕੇ, ਗੋਪਾਲ ਜੱਸਲ, ਹਰਚਰਨ ਪਰਹਾਰ ਅਤੇ ਜਸਵਿੰਦਰ ਮਾਨ ਆਦਿ ਨੇ ਵਿਛੜੇ ਸਾਥੀ ਸੋਹਣ ਮਾਨ ਦੀ ਪ੍ਰਗਤੀਸ਼ੀਲ ਸੋਚ ’ਤੇ ਪਹਿਰਾ ਦੇਣ ਦਾ ਅਹਿਦ ਲਿਆ। ਇਸ ਉਪਰੰਤ ਛੋਟੇ ਛੋਟੇ ਬੱਚਿਆਂ ਦੀ ਕੋਰੀਓਗ੍ਰਾਫ਼ੀ ਪੇਸ਼ ਹੋਈ ‘ਅਸੀਂ ਜਿੱਤਾਂਗੇ ਜ਼ਰੂਰ ਜੰਗ ਜਾਰੀ ਰੱਖੀਓ’, ਸ਼ਹੀਦ ਭਗਤ ਸਿੰਘ ਦੇ ਬੋਲਾਂ ਦਾ ਪ੍ਰਗਟਾਅ ਪੇਸ਼ ਕਰਦੀ ਕੋਰੀਓਗ੍ਰਾਫ਼ੀ ਹੋਈ। ਇਸ ਤੋਂ ਬਾਅਦ ਨਾਟਕ ‘ਅੱਗ ਦਾ ਸਫ਼ਾ ਹੈ’ ਪੇਸ਼ ਹੋਇਆ। ਇਹ ਨਾਟਕ ਸੰਸਾਰ ਅਮਨ ਦਾ ਸੱਦਾ ਦਿੰਦਾ ਹੈ। ਇਸ ਨਾਟਕ ਵਿਚ ਭਾਰਤ ਦੇਸ਼ ਵਿਚ ਘੱਟ ਗਿਣਤੀਆਂ ’ਤੇ ਹੁੰਦੇ ਜ਼ੁਲਮ ਅਤੇ ਡਰ ਅਤੇ ਸਹਿਮ ਦੇ ਮਾਹੌਲ ਦੀ ਹੂਬਹੂ ਝਾਕੀ ਪੇਸ਼ ਕਰ ਗਿਆ। ਗੁਰਮੇਹਰ ਕੌਰ ਦੀ ਜ਼ਿੰਦਗੀ ਉਪਰ ਆਧਾਰਿਤ ਇਸ ਨਾਟਕ ਨੇ ਇਹ ਸੱਦਾ ਵੀ ਦਿੱਤਾ ਕਿ ਗ਼ਦਰੀ ਬਾਬਿਆਂ, ਭਗਤ ਸਰਾਭਿਆਂ ਦੇ ਵਾਰਸ ਕਦੇ ਵੀ ਕੱਟੜਵਾਦੀ ਤਾਕਤਾਂ ਅੱਗੇ ਝੁਕਦੇ ਨਹੀਂ ਸਗੋਂ ਮੁਕਾਬਲਾ ਕਰਦੇ ਹਨ। ਨਾਟਕ ਵਿਚ ਗੁਰਮੇਹਰ ਦੇ ਰੂਪ ਵਿਚ ਰਿਸ਼ਮ ਸ਼ਰਮਾ ਦੀ ਅਦਾਕਾਰੀ ਬੇਹੱਦ ਪ੍ਰਸੰਸਾਯੋਗ ਸੀ। ਨਾਟਕ ਸ੍ਰੀ ਹਰਕੇਸ਼ ਚੌਧਰੀ ਲੋਕ ਕਲਾ ਮੰਚ ਮੁੱਲਾਂਪੁਰ ਦੇ ਨਿਰਦੇਸ਼ਕ ਦਾ ਲਿਖਿਆ ਤੇ ਨਿਰਦੇਸ਼ਿਕ ਸੀ। ਇਸ ਨਾਟਕ ਵਿਚ ਅਮਨਦੀਪ ਗਿੱਲ, ਗੁਰਚਰਨ ਕੌਰ ਥਿੰਦ ਦਾਦੀ ਦੇ ਰੂਪ ਵਿਚ ਬਹੁਤ ਹੀ ਸੁਭਾਵਿਕ ਅਦਾਕਾਰੀ ਕਰ ਗਏ, ਜਸ਼ਨਪ੍ਰੀਤ ਗਿੱਲ, ਅਮਨ ਸਿੱਧੂ, ਕਮਲਪ੍ਰੀਤ ਪੰਧੇਰ, ਸਿਧਾਂਤ, ਅਮਰਜੀਤ ਕੌਰ ਅਤੇ ਹਰਕੇਸ਼ ਚੌਧਰੀ ਨੇ ਦਾਦਾ ਜੀ ਦੀ ਭੂਮਿਕਾ ਵਿਚ ਯਾਦਗਾਰੀ ਰੋਲ ਅਦਾ ਕੀਤਾ। ਨਾਟਕ ਦਰਸ਼ਕਾਂ ਦੀਆਂ ਵਾਰ ਵਾਰ ਅੱਖਾਂ ਨਮ ਕਰ ਰਿਹਾ ਸੀ। ਜੰਗ ਦੇ ਵਿਰੋਧ ਵਿਚ ਅਮਨ ਦਾ ਸੁਨੇਹਾ ਦੇਣ ਵਿਚ ਪੂਰੀ ਤਰ੍ਹਾਂ ਕਾਮਯਾਬ ਰਿਹਾ, ਦਰਸ਼ਕਾਂ ਨੇ ਸਵਾ ਘੰਟਾ ਸਾਹ ਰੋਕ ਕੇ ਨਾਟਕ ਦੇਖਿਆ। ਨਾਟਕ ਤੋਂ ਤੁਰੰਤ ਬਾਅਦ ਟੋਰਾਂਟੋ ਸ਼ਹਿਰ ਤੋਂ ਆਏ ‘ਸਰੋਕਾਰਾਂ ਦੀ ਅਵਾਜ਼’ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਸਿੰਘ ਟੋਰਾਂਟੋ ਨੇ ਲੋਕਾਂ ਨੂੰ ਕਿਰਤ ਦੀ ਸਰਦਾਰੀ ਵਾਲਾ ਸਮਾਜ ਸਿਰਜਣ ਦਾ ਸੱਦਾ ਦਿੰਦਿਆਂ ਕਿਹਾ ਕਿ ਅੱਜ ਦੇ ਪੂੰਜੀਵਾਦੀ ਦੌਰ ਵਿਚ ਅਜਿਹੇ ਸਮਾਗਮਾਂ ਦੀ ਬਹੁਤ ਸਾਰਥਿਕਤਾ ਹੈ। ਇਸ ਸਮਾਗਮ ਵਿਚ ਸ਼ਹਾਦਤ ਹਸਨ ਮੰਟੋ ਦੀ ਕਹਾਣੀ ‘ਟੋਬਾ ਟੇਕ ਸਿੰਘ’ ’ਤੇ ਆਧਾਰਤ ਇਕ ਮੋਨੋ ਐਕਟਿੰਗ ਵਿਜੈ ਸਚਦੇਵਾ ਦੁਆਰਾ ਪੇਸ਼ ਕੀਤੀ ਗਈ।

ਨਾਟਕ ਸਮਾਗਮ ਵਿਚ ਅਗਲੀ ਪੇਸ਼ਕਾਰੀ ਕੈਲਗਰੀ ਦੇ ਬੱਚਿਆਂ ਦੁਆਰਾ ਤਿਆਰ ਕੀਤਾ ਪੰਜਾਬ ਦਾ ਲੋਕ ਨਾਚ ਗਿੱਧਾ ਸੀ। ਜਿਸ ਨੂੰ ਕਿ ਨਵਦੀਪ ਔਲਖ, ਨਰਿੰਦਰ ਗਿੱਲ ਅਤੇ ਸੁਖਜੀਵਨ ਗਿੱਲ ਨੇ ਸਾਂਝੇ ਰੂਪ ਵਿਚ ਤਿਆਰ ਕਰਵਾਇਆ ਸੀ। ਇਹ ਪੇਸ਼ਕਾਰੀ ਕੈਲਗਰੀ ਗਿੱਧਾ ਤੇ ਡਾਂਸ ਅਕੈਡਮੀ ਦੇ ਬੱਚਿਆਂ ਵਲੋਂ ਤਿਆਰ ਕੀਤਾ ਸੀ। ਗਿੱਧੇ ਦੀ ਪੇਸ਼ਕਾਰੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਸੀ। ਨਾਟਕ ਸਮਾਗਮ ਸਿਖਰ ਵੱਲ ਵੱਧ ਰਿਹਾ ਸੀ। ਪ੍ਰੌਗੈਰਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਦੁਆਰਾ ਤਿਆਰ ਕੀਤਾ ਕੈਨੇਡਾ ਦੀ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ’ਤੇ ਝਾਤ ਪੁਆਉਂਦਾ ਨਾਟਕ ਪੇਸ਼ ਕੀਤਾ ਗਿਆ। “ਕੀ ਕੁਝ ਰਹਿ ਗਿਆ ਬਾਕੀ’ ਇਸ ਨਾਟਕ ਵਿਚ ਕੰਮਾਂ ਕਾਰਾਂ ਵਿਚ ਮਸ਼ੀਨ ਬਣੇ ਮਾਪਿਆਂ ਦੁਆਰਾ ਆਪਣੇ ਬੱਚਿਆਂ ਵੱਲ ਲੋੜੀਂਦਾ ਧਿਆਨ ਨਾ ਦੇ ਸਕਣ ਕਾਰਨ ਗਲਤ ਰਸਤਿਆਂ ਵੱਲ ਜਾ ਰਹੇ ਬੱਚਿਆਂ ਦੀ ਕਹਾਣੀ ਪੇਸ਼ ਹੋਈ ਅਤੇ ਸਟੂਡੈਂਟ ਵੀਜ਼ੇ ’ਤੇ ਆਏ ਬੱਚਿਆਂ ਨਾਲ ਹੁੰਦੇ ਧੱਕਿਆਂ ਦੀ ਕਹਾਣੀ ਪੇਸ਼ ਹੋਈ ਸੀ। ਇਸ ਨਾਟਕ ਵਿਚ ਕਮਲਪ੍ਰੀਤ ਪੰਧੇਰ, ਗੁਰਚਰਨ ਕੌਰ ਥਿੰਦ, ਅਮਨਦੀਪ ਗਿੱਲ, ਸਿਧਾਂਤ, ਅਮਰਜੀਤ ਕੌਰ, ਸੰਦੀਪ ਕੌਰ, ਅਮਰੀਤ ਗਿੱਲ, ਸਾਹਿਬ ਪੰਧੇਰ, ਸਹਿਜ ਪੰਧੇਰ, ਜੈਸੀ ਮੁੰਜਾਲ, ਚੰਨਪ੍ਰੀਤ ਮੁੰਜਾਲ, ਕਮਲ ਸਿੱਧੂ, ਜਰਨੈਲ ਤੱਗੜ, ਜਸਲੀਨ ਸਿੱਧੂ ਆਦਿ ਕਲਾਕਾਰਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਇਸ ਨਾਟਕ ਦਾ ਨਿਰਦੇਸ਼ਨ ਸ੍ਰੀ ਹਰਕੇਸ਼ ਚੌਧਰੀ ਨੇਕੀਤਾ ਅਤੇ ਸਹਿ. ਨਿਰਦੇਸ਼ਿਕਾ ਕਮਲਪ੍ਰੀਤ ਪੰਧੇਰ ਨੇ ਕੈਨੇਡੀਅਨ ਜੀਵਨ ਦੇ ਵੱਖ-ਵੱਖ ਪਹਿਲੂਆਂ ਬਾਰੇ ਬਾਰੇ ਆਪਣੇ ਕੀਮਤੀ ਸੁਝਾਅ ਦੇ ਕੇ ਨਾਟਕ ਦੀ ਪੇਸ਼ਕਾਰੀ ਵਧੀਆ ਬਣਾ ਦਿੱਤੀ। ਕਾਸਟਿਊਮਜ਼ ਦੀ ਜ਼ਿੰਮੇਵਾਰੀ ਨਵਕਿਰਨ ਢੁਡੀਕੇ ਨੇ ਨਿਭਾਈ। ਪ੍ਰੌਗੈਰਸਿਵ ਕਲਚਰ ਐਸੋਸੀਏਸ਼ਨ ਦੇ ਜਨਰਲ ਸੈਕਟਰੀ ਮਾ. ਭਜਨ ਸਿੰਘ ਨੇ ਸੁਚੱਜੀ ਵਿਉਂਤਬੰਦੀ ਨਾਲ ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਨਿਭਾਉਂਦਿਆਂ ਕਿਹਾ ਕਿ ਇਹ ਮੇਲੇ ਕਰਵਾਉਣ ਦਾ ਸਾਡਾ ਮਕਸਦ ਸ਼ਹੀਦਾਂ ਦੇ ਅਧੂਰੇ ਸੁਪਨੇ ਪੂਰੇ ਕਰਨਾ ਅਤੇ ਲੱਚਰ ਸਹਿਤ ਦੇ ਮੁਕਾਬਲੇ ਉਸਾਰੂ ਸਹਿਤ ਸਭਿਆਚਾਰ ਉਸਾਰਨਾ ਹੈ। ਸਮਾਗਮ ਦੇਅੰਤ ਵਿਚ ਗੁਰਦਾਸ ਮਾਨ ਦੇ ਗੀਤ ‘ਦੁੱਖ ਪੰਜਾਬ ਦਾ’ ਦੇ ਆਧਾਰਤ ਕੋਰੀਓਗ੍ਰਾਫ਼ੀ ਪੇਸ਼ ਕੀਤੀ ਗਈ ਜਿਸ ਵਿਚ ਨਸ਼ਿਆਂ ਮਾਰੀ ਪੰਜਾਬ ਦੀ ਧਰਤੀ ਦੇ ਬੇਰੁਜ਼ਗਾਰੀ ਦੇ ਝੰਬੇ ਨੌਜਵਾਨੀ ਦਾ ਬਿਰਤਾਂਤ ਪੇਸ਼ ਕੀਤਾ ਗਿਆ। ਇਸ ਸਮਾਗਮ ਵਿਚ ਬੱਚਿਆਂ ਨੇਆਪਣੀ ਕਲਾ ਦੇ ਜੌਹਰ ਦਿਖਾਏ ਜਿਨ੍ਹਾਂ ਵਿਚ ਰਵਨੀਤ ਬਰਾੜ, ਪਰਨੀਤ ਬਰਾੜ, ਪੁਨੀਤ ਢੱਡਾ, ਸੋਨਲ ਜੱਸਲ, ਐਸਵਰਿਆ, ਪ੍ਰਭਲੀਨ ਗਰੇਵਾਲ, ਸੁਖਮਨੀ ਸਿੱਧੂ, ਰੀਆ ਸੇਖੋਂ, ਸਲੋਨੀ ਆਦਿ ਨੇ ਵੱਖ-ਵੱਖ ਪੇਸ਼ਕਾਰੀਆਂ ਵਿਚ ਭਾਗ ਲਿਆ। ਇਸ ਮੌਕੇ ’ਤੇ ਹਰਬੰਸ ਸਿੰਘ ਟੋਰਾਂਟੋ ਮੁੱਖ ਸੰਪਾਦਕ ‘ਸਰੋਕਾਰਾਂ ਦੀ ਆਵਾਜ਼’ ਅਤੇ ਹਰਕੇਸ਼ ਚੌਧਰੀ ਨਿਰਦੇਸ਼ਕ ਲੋਕ ਕਲਾ ਮਚ ਰਜਿ. ਮੰਡੀ ਮੁੱਲਾਂਪੁਰ ਦਾ ਵਿਸ਼ੇਸ਼ ਰੂਪ ਵਿਚ ਸਨਮਾਨ ਕੀਤਾ ਗਿਆ। ਇਸ ਦੌਰਾਨ ਗੁਰਸ਼ਰਨ ਕਲਾ ਭਵਨ ਦੀ ਆਰਥਿਕ ਮਦਦ ਕਰਨ ਵਾਲੀਆਂ ਸ਼ਖਸੀਅਤਾਂ ਦਾ ਵੀ ਲੋਕ ਕਲਾ ਮੰਚ ਮੁੱਲਾਂਪੁਰ ਵਲੋਂ ਸਨਮਾਨ ਕੀਤਾ ਗਿਆ। ਨਾਟਕ ਦਾ ਸੈਟ ਬਣਾਉਣ ਤੇ ਮਿਊਜਕ ਚਲਾਉਣ ਦੀ ਜ਼ਿੰਮੇਵਾਰੀ, ਰੁਪਿੰਦਰ ਪਾਲ ਪੰਥੇਰ, ਗੁਰਪਿਆਰ ਗਿੱਲ ਨੇ ਨਿਭਾਈ। ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਮਾ. ਭਜਨ ਨੇ ਨਿਭਾਈ। ਇਹ ਮੇਲਾ ਅਮਿੱਟ ਪੈੜਾਂ ਛੱਡ ਗਿਆ। ਇਸ ਪ੍ਰੋਗਰਾਮ ਦੀ ਖਾਸੀਅਤ ਇਹ ਸੀ ਕਿ ਪ੍ਰੋਗਰਾਮ ਤੋਂ ਪਹਿਲਾਂ ਪ੍ਰਬੰਧਕਾਂ ਵਲੋਂ ਐਲਾਨ ਕੀਤਾ ਗਿਆ ਸੀ ਕਿ ਸਮਾਜ ਵਿੱਚ ਅੰਧ ਵਿਸ਼ਵਾਸ਼ ਤੇ ਪਾਖੰਡ ਫੈਲਾ ਕੇ ਲੋਕਾਂ ਨੂੰ ਲੁੱਟ ਰਹੇ ਜੋਤਸੀਆਂ, ਪੰਡਤਾਂ, ਪੀਰਾਂ, ਬਾਬਿਆਂ ਆਦਿ ਕੋਲ ਅਗਰ ਕੋਈ ਸ਼ਕਤੀ ਹੈ ਜਾਂ ਉਹ ਲੋਕਾਂ ਦਾ ਭਵਿੱਖ ਦੱਸ ਸਕਦੇ ਹਨ ਤਾਂ ਉਹ ਸਾਡਾ ਚੈਲਿੰਜ ਕਬੂਲ ਕਰਨ ਤੇ ਇੱਕ ਲੱਖ ਦਾ ਇਨਾਮ ਜਿੱਤਣ। ਪਰ ਕੋਈ ਵੀ ਵਿਅਕਤੀ ਅਜਿਹਾ ਚੈਲਿੰਜ ਕਬੂਲ ਕਰਨ ਨਹੀਂ ਪਹੁੰਚਾ।ਇਹ ਵੀ ਵਰਨਣਯੋਗ ਹੈ ਕਿ ਦਰਸ਼ਕਾਂ ਵਲੋਂ ਹਮੇਸ਼ਾਂ ਹੀ ਇਸ ਪ੍ਰੋਗਰਾਮ ਨੂੰ ਭਰਪੂਰ ਸਹਿਯੋਗ ਦਿੱਤਾ ਜਾਂਦਾ ਹੈ, ਪਰ ਇਸ ਵਾਰ ਵੱਡੀ ਗਿਣਤੀ ਵਿੱਚ ਪੁੱਜੇ ਦਰਸ਼ਕਾਂ ਕਰਕੇ ਬਹੁਤ ਸਾਰੇ ਦਰਸ਼ਕਾਂ ਨੂੰ ਥੀਏਟਰ ਵਿੱਚ ਸਾਈਡਾਂ ਤੇ ਖੜ ਕੇ ਅਤੇ ਬਹੁਤ ਸਾਰਿਆਂ ਨੂੰ ਪੌੜੀਆਂ ਵਿੱਚ ਬੈਠ ਕੇ ਪ੍ਰੋਗਰਾਮ ਦੇਖਣਾ ਪਿਆ।ਬਹੁਤ ਸਾਰੇ ਕਲਾਕਾਰ ਤੇ ਬੱਚੇ ਸਟੇਜ ਦੇ ਸਾਹਮਣੇ ਫਲੋਰ ਤੇ ਬੈਠੇ ਵੀ ਦੇਖੇ ਗਏ।

ਹੋਰ ਜਾਣਕਾਰੀ ਲਈ ਫੋਨ : 403-455-4220 ’ਤੇ ਸੰਪਰਕ ਕਰੋ।

# ਜੇਐਨਯੂ ਵਿਦਿਆਰਥੀ ਚੋਣਾਂ 'ਚ ਖੱਬੇ ਮੋਰਚੇ ਦੀ ਹੂੰਝਾ ਫੇਰੂ ਜਿੱਤ

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇਐਨਯੂ) ਦੀ ਵਿਦਿਆਰਥੀ ਯੂਨੀਅਨ ਲਈ ਪਈਆਂ ਵੋਟਾਂ ਦੀ ਗਿਣਤੀ ਅੱਜ ਸਵੇਰੇ ਖ਼ਤਮ ਹੋ ਗਈ ਤੇ ਖੱਬੀਆਂ ਧਿਰਾਂ ਦੇ ਸਾਂਝੇ ਮੋਰਚੇ ਨੇ ਆਪਣਾ ਦਬਦਬਾ ਕਾਇਮ ਰੱਖਦੇ ਹੋਏ ਚਾਰੋਂ ਸੀਟਾਂ ਜਿੱਤ ਲਈਆਂ। ਖੱਬੀਆਂ ਧਿਰਾਂ ਦੇ ਸਾਂਝੇ ਮੋਰਚੇ ਦੇ ਸਾਰੇ ਉਮੀਦਵਾਰਾਂ ਨੇ ਆਪਣੇ ਵਿਰੋਧੀ ਭਾਜਪਾ ਦੇ ਵਿਦਿਆਰਥੀ ਵਿੰਗ ਏਬੀਵੀਪੀ ਦੇ ਉਮੀਦਵਾਰਾਂ ਨੂੰ ਵੱਡੇ ਫ਼ਰਕ ਨਾਲ ਮਾਤ ਦਿੱਤੀ। ਬੀਤੀ ਸ਼ਾਮ ਵੋਟਾਂ ਦੀ ਗਿਣਤੀ ਮੁੜ ਸ਼ੁਰੂ ਕੀਤੇ ਜਾਣ ਮਗਰੋਂ ਅੱਜ ਸਵੇਰੇ ਨਤੀਜੇ ਐਲਾਨੇ ਗਏ ਜਿਨ੍ਹਾਂ ਵਿੱਚ ਖੱਬੇ ਪੱਖੀ ਉਮੀਦਵਾਰ ਐਨ ਸਾਈ ਬਾਲਾਜੀ ਨੇ ਏਬੀਵੀਪੀ ਦੇ ਲਲਿਤ ਪਾਂਡੇ ਨੂੰ 1179 ਵੋਟਾਂ ਦੇ ਫ਼ਰਕ ਨਾਲ ਹਰਾਇਆ। ਕੁੱਲ 5185 ਵੋਟਾਂ ਵਿੱਚੋਂ ਬਾਲਾਜੀ ਨੂੰ 2161 ਵੋਟਾਂ ਅਤੇ ਪਾਂਡੇ ਨੂੰ 982 ਵੋਟਾਂ ਮਿਲੀਆਂ। ਕਾਂਗਰਸ ਦੇ ਵਿਦਿਆਰਥੀ ਵਿੰਗ ਐਨਐਸਯੂਆਈ ਦਾ ਉਮੀਦਵਾਰ 402 ਵੋਟਾਂ ਹੀ ਲੈ ਸਕਿਆ। ਮੀਤ ਪ੍ਰਧਾਨਗੀ ਦੇ ਅਹੁਦੇ 'ਤੇ ਡੈਮੋਕ੍ਰੇਟਿਕ ਸਟੂਡੈਂਟਸ ਫੈਡਰੇਸ਼ਨ ਦੀ ਸਾਰਿਕਾ ਚੌਧਰੀ ਨੇ (2692 ਵੋਟਾਂ) ਏਬੀਵੀਪੀ ਦੀ ਗੀਤਾ ਸ੍ਰੀ (1013 ਵੋਟਾਂ) ਨੂੰ ਹਰਾਇਆ। ਜਨਰਲ ਸਕੱਤਰ ਵਜੋਂ ਚੁਣੇ ਗਏ ਐਸਐਫਆਈ ਦੇ ਅਜ਼ੀਜ਼ ਅਹਿਮਦ ਨੂੰ 2426 ਵੋਟਾਂ ਮਿਲੀਆਂ ਜਦੋਂ ਕਿ ਏਬੀਵੀਪੀ ਦੇ ਗਣੇਸ਼ ਗੁੱਜਰ ਨੂੰ 1235 ਵੋਟਾਂ ਮਿਲੀਆਂ। ਸੰਯੁਕਤ ਸਕੱਤਰ ਦੇ ਅਹੁਦੇ ਲਈ ਏਐਸਐਫਆਈ ਦੇ ਅਮੁਥ ਜੈਦੀਪ ਨੇ 2047 ਵੋਟਾਂ ਲੈ ਕੇ ਏਬੀਵੀਪੀ ਦੇ ਵੈਂਕਟ ਚੌਬੇ (1290 ਵੋਟਾਂ) ਨੂੰ ਹਰਾਇਆ। ਸ਼ੁੱਕਰਵਾਰ ਨੂੰ ਪਈਆਂ ਵੋਟਾਂ ਦੀ ਸ਼ਨਿਚਰਵਾਰ ਦੇਰ ਸ਼ਾਮ ਨੂੰ ਗਿਣਤੀ ਸ਼ੁਰੂ ਹੋਈ ਤਾਂ ਏਬੀਵੀਪੀ ਦੇ ਕਾਰਕੁਨਾਂ ਵੱਲੋਂ ਹੰਗਾਮਾ ਅਤੇ ਤੋੜ-ਫੋੜ ਕਰਨ ਮਗਰੋਂ ਕਰੀਬ 15 ਘੰਟੇ ਗਿਣਤੀ ਰੁਕੀ ਰਹੀ ਪਰ ਫਿਰ ਬੀਤੀ ਦੇਰ ਸ਼ਾਮ ਗਿਣਤੀ ਮੁੜ ਸ਼ੁਰੂ ਹੋਈ। ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ), ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ (ਐਸਐਫਆਈ), ਡੈਮੋਕ੍ਰੈਟਿਕ ਸਟੂਡੈਂਟਸ ਫੈਡਰੇਸ਼ਨ (ਡੀਐਸਐਫ) ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਏਆਈਐਸਐਫ) ਨੇ ਮਿਲ ਕੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ। ਪਿਛਲੇ ਸਾਲ ਵੀ ਖੱਬੀਆਂ ਧਿਰਾਂ ਨੇ ਇਹ ਤਜਰਬਾ ਕਰ ਕੇ ਸੱਜੀ ਧਿਰ ਨੂੰ ਹਾਰ ਦਿੱਤੀ ਸੀ। ਇਸ ਦੌਰਾਨ, ਅਦਾਕਾਰਾ ਸਵੱਰਾ ਭਾਸਕਰ ਨੇ ਜੈਐਨਯੂ ਵਿੱਚ ਹਿੰਸਾ ਕਰਨ ਬਦਲੇ ਏਬੀਵੀਪੀ ਦੀ ਨੁਕਤਾਚੀਨੀ ਕੀਤੀ। ਸੀਪੀਐਮ ਨੇ ਕਿਹਾ ਕਿ ਖੱਬੀਆਂ ਧਿਰਾਂ ਦੀ ਏਕਤਾ ਨੇ ਜੇਐਨਯੂ ਦੀਆਂ ਚੋਣਾਂ ਇਕਤਰਫ਼ਾ ਜਿੱਤੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਆਰਐਸਐਸ ਇਹ ਬਰਦਾਸ਼ਤ ਨਹੀਂ ਕਰ ਸਕਿਆ ਅਤੇ ਹਿੰਸਾ ਤੇ ਕੁੱਟਮਾਰ ਜ਼ਰੀਏ ਚੋਣ ਰੱਦ ਕਰਨਾ ਚਾਹੁੰਦੇ ਸਨ। ਪਾਰਟੀ ਨੇ ਕਿਹਾ ਕਿ ਉਹ ਲੋਕਤੰਤਰ ਲਈ ਲੜ ਰਹੇ ਵਿਦਿਆਰਥੀਆਂ ਦੇ ਨਾਲ ਖੜ੍ਹੇ ਹਨ। ਉਨ੍ਹਾਂ ਹੰਗਾਮੇ ਨੂੰ ਲੈ ਕੇ ਜੇਐਨਯੂ ਪ੍ਰਸ਼ਾਸਨ ਦੀ ਭੂਮਿਕਾ ਦੀ ਵੀ ਨਿਖੇਧੀ ਕੀਤੀ।




# ਇੰਡੀਆ ਵਿੱਚ ਬੁੱਧੀਜੀਵੀਆਂ, ਲੇਖਕਾਂ ਅਤੇ ਜਮਹੂਰੀ ਤੇ ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ ਦੀਆਂ ਗੈਰ ਕਨੂੰਨੀ ਗ੍ਰਿਫਤਾਰੀਆਂ ਵਿਰੁੱਧ ਕੈਲਗਰੀ ਵਿੱਚ ਰੋਸ ਰੈਲੀ!




ਕੈਲਗਰੀ: ਪਿਛਲੇ ਕੁਝ ਸਮੇਂ ਤੋਂ ਇੰਡੀਆ ਭਰ ਵਿਚੋਂ ਅਨੇਕਾਂ ਬੁੱਧੀਜੀਵੀਆਂ, ਲੇਖਕਾਂ ਅਤੇ ਜਮਹੂਰੀ ਤੇ ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ ਨੂੰ ਗੈਰ ਕਨੂੰਨੀ ਢੰਗ ਨਾਲ ਝੂਠੇ ਕੇਸਾਂ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਅਨੇਕਾਂ ਹੋਰ ਨੂੰ ਗ੍ਰਿਫਤਾਰ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਸ ਲੜੀ ਵਿੱਚ ਪਿਛਲ਼ੇ ਦਿਨੀਂ ਗ੍ਰਿਫਤਾਰ ਕੀਤੇ ਗਏ ਪੰਜ ਉੱਘੇ ਲੇਖਕਾਂ ਤੇ ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ ਪ੍ਰੋ: ਵਾਰਵਰਾ ਰਾਉ, ਗੌਤਮ ਨਵਲੱਖਾ, ਐਡਵੋਕੇਟ ਸੁਧਾ ਭਾਰਦਵਾਜ, ਐਡਵੋਕੇਟ ਅਰੁਣ ਫਰੇਰਾ, ਵਰਨੌਂਨ ਗੌਂਜ਼ੈਲਵਸ ਦੇ ਨਾਮ ਵਿਸ਼ੇਸ਼ ਤੌਰ 'ਤੇ ਵਰਤਨਯੋਗ ਹਨ। ਇਨ੍ਹਾਂ ਤੋਂ ਪਹਿਲਾਂ ਪ੍ਰੋ: ਸ਼ੋਮਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਸੁਧੀਰ ਧਾਵਲੇ, ਮਹੇਸ਼ ਰਾਵਤ, ਰੋਨਾ ਵਿਲਸਨ, ਪ੍ਰੋ: ਸਾਈਂ ਬਾਬਾ, ਚੰਦਰ ਸ਼ੇਖਰ ਆਦਿ ਕਈ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਦੇਸ਼ ਧ੍ਰੋਹ ਆਦਿ ਦੇ ਝੂਠੇ ਕੇਸਾਂ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਜਦੋਂ ਤੋਂ ਇੰਡੀਆ ਵਿੱਚ ਮੋਦੀ ਸਰਕਾਰ ਆਈ ਹੈ, ਕਈ ਅਗਾਂਹਵਧੂ ਤੇ ਜਮਹੂਰੀ ਕਦਰਾਂ ਕੀਮਤਾਂ ਨੂੰ ਸਮਰਪਿਤ ਲੇਖਕਾਂ ਤੇ ਬੁੱਧੀਜੀਵੀਆਂ ਦੇ ਕਤਲ ਵੀ ਹੋ ਚੁੱਕੇ ਹਨ। ਇਨ੍ਹਾਂ ਗੈਰ ਕਨੂੰਨੀ ਗ੍ਰਿਫਤਾਰੀਆਂ ਤੇ ਸੰਭਾਵੀ ਗ੍ਰਿਫਤਾਰੀਆਂ ਦੇ ਰੋਸ ਵਜੋਂ ਇੰਡੀਆ ਭਰ ਵਿੱਚ ਵੱਖ-ਵੱਖ ਮਨੁੱਖੀ ਤੇ ਜਮਹੂਰੀ ਅਧਿਕਾਰ ਜਥੇਬੰਦੀਆਂ, ਲੇਖਕਾਂ, ਬੁੱਧੀਜੀਵੀਆਂ ਵਲੋਂ 5 ਸਤੰਬਰ ਨੂੰ ਰੋਸ ਰੈਲੀਆਂ ਤੇ ਮੁਜਾਹਰੇ ਕੀਤੇ ਗਏ। ਇਸੇ ਲੜੀ ਵਿੱਚ ਕੈਲਗਰੀ (ਕਨੇਡਾ) ਵਿੱਚ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਅਦਾਰਾ ਸਿੱਖ ਵਿਰਸਾ ਮੈਗਜ਼ੀਨ ਦੀ ਅਗਵਾਈ ਵਿੱਚ ਇੱਕ ਰੋਸ ਰੈਲੀ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿੱਚ ਬੋਲਦਿਆਂ ਮਾਸਟਰ ਭਜਨ ਸਿੰਘ ਤੇ ਹਰਚਰਨ ਸਿੰਘ ਵਲੋਂ ਜਿਥੇ ਇਨ੍ਹਾਂ ਗ੍ਰਿਫਤਾਰੀਆਂ ਦੀ ਸਖਤ ਨਿਖੇਧੀ ਕੀਤੀ ਗਈ, ਉਥੇ ਇਨ੍ਹਾਂ ਸਾਰੇ ਕਾਰਕੁੰਨਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ ਗਈ। ਰੋਸ ਰੈਲੀ ਵਿੱਚ ਸ਼ਾਮਿਲ ਔਰਤਾਂ, ਮਰਦਾਂ ਤੇ ਬੱਚਿਆਂ ਵਲੋਂ ਮੋਦੀ ਸਰਕਾਰ ਦੀਆਂ ਫਾਸ਼ੀ ਕਾਰਵਾਈਆਂ ਖਿਲਾਫ ਨਾਹਰੇ ਲਗਾਏ ਗਏ ਤੇ ਅਜਿਹੀਆਂ ਲੋਕ ਵਿਰੋਧੀ ਕਾਰਵਾਈਆਂ ਦੀ ਸਖਤ ਨਿਖੇਧੀ ਕੀਤੀ ਗਈ।

FOR ALL YOUR REAL ESTATE NEEDS
MLS MULTIPLE LISTING SERVICE
Contact Long time trusted name in the community
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762
or
29 DREAM (37326)
Special Packages Available For All Occasions

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

REAL CORE REALTY
FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

# ਚੀਨ ਅਮਰੀਕਾ ਵਪਾਰ ਜੰਗ ਅਤੇ ਸੰਸਾਰ ਸ਼ਕਤੀਆਂ



ਮੋਹਨ ਸਿੰਘ (ਡਾ.)
78883-276755

ਚੀਨ ਅਮਰੀਕਾ ਵਪਾਰਕ ਜੰਗ ਨੇ ਪਹਿਲਾਂ ਹੀ ਸੰਕਟ ਵਿਚ ਫਸੀ ਸੰਸਾਰ ਪੂੰਜੀਵਾਦੀ ਅਰਥਚਾਰੇ ਨੂੰ ਕੰਬਣੀ ਛੇੜੀ ਹੋਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨ ਅਤੇ ਹੋਰ ਮੁਲਕਾਂ ਨੂੰ ਝੁਕਾਉਣ ਲਈ ਅਮਰੀਕਾ ਅੰਦਰ ਸਟੀਲ ਦੀਆਂ ਦਰਾਮਦਾਂ 'ਤੇ 25 ਫ਼ੀਸਦੀ ਅਤੇ ਐਲਮੀਨੀਅਮ ਦੀਆਂ ਦਰਾਮਦਾਂ 'ਤੇ 10 ਫ਼ੀਸਦੀ ਕਸਟਮ ਡਿਊਟੀਆਂ ਲਾਈਆਂ। ਚੀਨ ਨੇ ਵੀ ਮੋੜਵੇਂ ਰੂਪ ਵਿਚ ਅਮਰੀਕਾ ਦੀਆਂ ਆਪਣੇ ਮੁਲਕ ਅੰਦਰ ਦਰਾਮਦਾਂ ਉਪਰ ਓਨੀਆਂ ਹੀ ਕਸਟਮ ਡਿਊਟੀਆਂ ਲਾ ਕੇ ਜਵਾਬੀ ਕਾਰਵਾਈ ਕੀਤੀ। ਟਰੰਪ ਨੇ ਹੋਰ ਦਬਾਅ ਵਧਾਉਣ ਲਈ ਚੀਨ ਦੀਆਂ ਅਮਰੀਕਾ ਅੰਦਰ ਇਕ ਸਾਲ ਦੀਆਂ ਤਕਰੀਬਨ 500 ਅਰਬ ਡਾਲਰ ਤੋਂ ਵੱਧ ਹੋ ਰਹੀਆਂ ਸਾਰੀਆਂ ਦਰਾਮਦਾਂ ਉਪਰ ਵੀ ਕਸਟਮ ਡਿਊਟੀਆਂ ਲਾਉਣ ਦੀ ਧਮਕੀ ਦਿੱਤੀ ਅਤੇ 233 ਅਰਬ ਦੀਆਂ ਦਰਾਮਦਾਂ ਉਪਰ ਕਸਟਮ ਡਿਊਟੀਆਂ ਲਾਉਣ ਦਾ ਐਲਾਨ ਵੀ ਕਰ ਦਿੱਤਾ। ਅਮਰੀਕਾ ਨਾਲ ਵੱਡੇ ਵਪਾਰਕ ਵਾਧੇ ਵਾਲੇ ਮੁਲਕ ਚੀਨ, ਜਰਮਨੀ, ਰੂਸ, ਦੱਖਣੀ ਕੋਰੀਆ, ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ, ਨੈਦਰਲੈਂਡ, ਬਰਾਜ਼ੀਲ, ਤਾਇਵਾਨ ਅਤੇ ਇਟਲੀ ਹਨ। ਚੀਨ ਦਾ ਅਮਰੀਕਾ ਨਾਲ 2017 'ਚ ਸਭ ਤੋਂ ਵੱਧ ਵਪਾਰਕ ਵਾਧਾ 421.44 ਅਰਬ ਡਾਲਰ ਸੀ। ਇਸ ਵਪਾਰਕ ਘਾਟੇ ਕਾਰਨ ਅਮਰੀਕਾ 193 ਖਰਬ ਡਾਲਰ ਦੇ ਵਿਦੇਸ਼ੀ ਕਰਜ਼ੇ ਨਾਲ ਦੁਨੀਆਂ ਦਾ ਸਭ ਤੋਂ ਵੱਡਾ ਕਰਜ਼ਈ ਮੁਲਕ ਬਣ ਗਿਆ ਹੈ। ਅਮਰੀਕਾ ਦੂਜੇ ਮੁਲਕਾਂ ਨੂੰ ਆਪਣੀਆਂ ਬਰਾਮਦਾਂ ਦੇ ਦਰਵਾਜੇ ਖੋਲ੍ਹਣ ਲਈ ਮਜਬੂਰ ਕਰ ਰਿਹਾ ਹੈ। ਜਿਥੇ ਅਮਰੀਕਾ ਪਹਿਲਾਂ 'ਖੁੱਲ੍ਹੇ ਵਪਾਰ' ਦੇ ਨਾਂ ਹੇਠ ਹੋਰ ਮੁਲਕਾਂ ਉਪਰ ਸੰਸਾਰੀਕਰਨ ਦੀਆਂ ਨੀਤੀਆਂ ਠੋਸ ਰਿਹਾ ਸੀ, ਉਥੇ ਉਹੀ ਅਮਰੀਕਾ ਅੱਜ ਸੁਰੱਖਿਆਵਾਦੀ ਨੀਤੀਆਂ ਅਪਣਾ ਕੇ ਬਹੁਪੱਖੀ ਸਬੰਧਾਂ ਦੇ ਉਲਟ ਦੁਵੱਲੇ ਸਬੰਧ ਬਣਾਉਣ ਉਪਰ ਚੱਲ ਰਿਹਾ ਹੈ।

ਇਰਾਨ ਨਾਲ 2015 ਵਿੱਚ ਹੋਇਆ ਪਰਮਾਣੂ ਸਮਝੌਤਾ ਰੱਦ ਕਰਕੇ ਅਮਰੀਕਾ ਉਸ ਦੀ ਬਾਂਹ ਮਰੋੜ ਕੇ ਉਸ ਦੇ ਤੇਲ ਭੰਡਾਰਾਂ ਉਪਰ ਏਕਾਧਿਕਾਰ ਕਾਇਮ ਕਰਨਾ ਲੋਚਦਾ ਹੈ। ਅਜਿਹਾ ਕਰਨ ਲਈ ਉਹ ਇਰਾਨ ਦਾ ਤੇਲ ਨਾ ਖਰੀਦਣ ਲਈ ਹੋਰ ਮੁਲਕਾਂ ਦੀ ਬਾਂਹ ਵੀ ਮਰੋੜ ਰਿਹਾ ਹੈ। ਟਰੰਪ ਯੂਐਨਓ ਸਿਸਟਮ ਨੂੰ ਪਹਿਲਾਂ ਹੀ ਵੇਲਾ ਵਿਹਾ ਚੁੱਕਾ ਕਹਿ ਰਿਹਾ ਹੈ ਅਤੇ ਯੂਰੋਪੀਅਨ ਯੂਨੀਅਨ ਮੁਲਕਾਂ ਨੂੰ ਫੌਜੀ ਬਜਟ ਵਧਾਉਣ ਲਈ ਨਾਟੋ ਵਿੱਚੋਂ ਬਾਹਰ ਆਉਣ ਦੀਆਂ ਧਮਕੀਆਂ ਦੇ ਰਿਹਾ ਹੈ। ਉਹ ਪੈਰਿਸ ਜਲਵਾਯੂ ਸਮਝੌਤੇ 2015 ਵਿਚੋਂ ਇਸੇ ਕਰਕੇ ਬਾਹਰ ਹੋ ਗਿਆ ਅਤੇ ਪਹਿਲਾਂ ਹੀ ਸਾਹ ਵਰੋਲਦੀ ਸੰਸਾਰ ਵਪਾਰ ਸੰਸਥਾ ਵਿਚੋਂ ਵੀ ਬਾਹਰ ਆਉਣ ਦੀਆਂ ਧਮਕੀਆਂ ਦੇ ਰਿਹਾ ਹੈ। ਹੁਣ ਉਹ ਚੀਨ ਨੂੰ ਇਸ ਵਿਚ ਸ਼ਾਮਿਲ ਕਰਨ ਨੂੰ ਗਲਤ ਕਰਾਰ ਦੇ ਰਿਹਾ ਹੈ। ਯੂਐਨਓ ਨੂੰ ਅਮਰੀਕਾ ਦੇ ਉਲਟ ਭੁਗਤਣ ਦੇ ਫਤਵੇ ਦੇ ਰਿਹਾ ਹੈ। ਉਸ ਨੇ ਯੋਰੋਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਵਜੋਂ ਮਾਨਤਾ ਦੇ ਦਿੱਤੀ ਹੈ। ਅਮਰੀਕਾ ਅੰਦਰ ਫ਼ਲਸਤੀਨੀ ਸਫਾਰਤਖਾਨਾ ਬੰਦ ਕਰਨ ਦੇ ਹੁਕਮ ਦੇ ਕੇ ਉਸ ਉਪਰ ਇਜ਼ਰਾਈਲ ਨਾਲ ਬੇਮੇਚੇ ਸਮਝੌਤੇ ਲਈ ਦਬਾਅ ਪਾ ਰਿਹਾ ਹੈ। ਅਮਰੀਕਾ ਕੌਮਾਂਤਰੀ ਨਿਆਂ ਟ੍ਰਿਬਿਊਨਲ ਦੇ ਜੱਜਾਂ ਨੂੰ ਅਮਰੀਕਾ ਜਾਂ ਇਜ਼ਰਾਈਲ ਵਰਗੇ ਆਪਣੇ ਭਾਈਵਾਲ ਮੁਲਕਾਂ ਦੇ ਸੈਨਿਕਾਂ ਅਤੇ ਸ਼ਹਿਰੀਆਂ ਨੂੰ ਅਪਰਾਧਿਕ ਮਾਮਲਿਆਂ ਵਿਚ ਸਜ਼ਾ ਦੇਣ ਵਿਰੁੱਧ ਸਿੱਟੇ ਭੁਗਤਣ ਦੀਆਂ ਚਿਤਾਵਨੀ ਦੇ ਰਿਹਾ ਹੈ। ਗੱਲ ਕੀ, ਬਹੁਪੱਖੀ ਸੰਸਾਰ ਸੰਸਥਾਵਾਂ ਅੱਜ ਉਸ ਨੂੰ ਚਿੱਟਾ ਹਾਥੀ ਲੱਗ ਰਹੀਆਂ ਹਨ।

ਇਸ ਵੇਲੇ ਅਮਰੀਕਾ ਵਿੱਚ ਬੇਰੁਜ਼ਗਾਰੀ 23 ਫ਼ੀਸਦੀ ਹੋਣ, ਮਜ਼ਦੂਰਾਂ ਦੀਆਂ ਉਜਰਤਾਂ 'ਚ ਕਟੌਤੀ, ਆਰਥਿਕ ਨਾ-ਬਰਾਬਰੀ ਵਿੱਚ ਬੇਓੜਕ ਵਾਧਾ ਹੋਣ, ਸਿਹਤ ਤੇ ਸਿੱਖਿਆ ਸੇਵਾਵਾਂ ਮਹਿੰਗੀਆਂ ਹੋਣ, ਅਮਰੀਕਾ ਦਾ ਬੁਨਿਆਦੀ ਢਾਂਚਾ ਪਛੜਨ, ਦੂਜੇ ਸਾਮਰਾਜੀ ਮੁਲਕਾਂ ਨਾਲ ਮੰਡੀ 'ਚ ਮੁਕਾਬਲਾ ਘਟਣ, ਟੈਕਸਾਂ 'ਚ ਵਾਧੇ ਨਾਲ ਲੋਕ ਤੰਗ ਹੋਣ, ਵਾਤਾਵਰਨ ਬਜਟ 'ਚ ਕਟੌਤੀ ਕਰਨ ਅਤੇ ਅਤਿਵਾਦ ਨੂੰ ਕੁਚਲਣ ਦੇ ਬਹਾਨੇ ਵੱਡੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੋਣ ਨਾਲ ਬੇਚੈਨੀ ਵਧ ਰਹੀ ਹੈ। ਇਸ ਹਾਲਤ ਵਿਚ ਅਮਰੀਕਨ ਹਾਕਮ ਜਮਾਤਾਂ ਕੋਲ ਆਰਥਿਕ ਸੰਕਟ ਦਾ ਕੋਈ ਹੱਲ ਨਾ ਹੋਣ ਕਾਰਨ ਵੱਖ ਵੱਖ ਧਰਮਾਂ ਅਤੇ ਨਸਲਾਂ 'ਚ ਪਾਟਕ ਪਾਉਣ ਲਈ ਭਟਕਾਊ ਨੀਤੀਆਂ ਤੇ ਹੱਥ ਕੰਡੇ ਵਰਤਣ ਤੋਂ ਬਿਨਾਂ ਕੋਈ ਰਸਤਾ ਨਹੀਂ ਸੀ। ਇਹੀ ਰਸਤਾ ਟਰੰਪ ਨੇ ਅਖਤਿਆਰ ਕੀਤਾ ਹੈ। ਬੇਰੁਜ਼ਗਾਰੀ ਦਾ ਭਾਂਡਾ ਗੈਰ-ਗੋਰੇ ਪਰਵਾਸੀਆਂ ਸਿਰ ਭੰਨ ਕੇ ਨਸਲ਼ੀ ਭੇਦਭਾਵ ਵਧਾਉਣ ਲਈ ਮੈਕਸੀਕੋ-ਅਮਰੀਕਾ ਸਰਹੱਦ 'ਤੇ ਕੰਧ ਬਣਾਉਣ, ਮੁਸਲਮਾਨਾਂ 'ਤੇ ਅਮਰੀਕਾ ਅੰਦਰ ਪਰਵਾਸ ਕਰਨ 'ਤੇ ਪਾਬੰਦੀਆਂ ਲਾਉਣ, ਡੇਢ ਕਰੋੜ ਗੈਰ-ਕਾਨੂੰਨੀ ਪਰਵਾਸੀਆਂ ਨੂੰ ਮੁਲਕ ਵਿੱਚੋਂ ਕੱਢਣ, ਖ਼ਰਚਾ ਘਟਾਉਣ ਲਈ ਦੂਜੇ ਨਾਟੋ ਮੁਲਕਾਂ ਉਪਰ ਫੌਜੀ ਬਜਟ ਵਧਾਉਣ ਲਈ ਦਬਾਅ ਪਾਉਣ, ਰੂਸ ਤੇ ਓਪੇਕ ਨਾਲ ਮਿਲ ਕੇ ਤੇਲ ਮੰਡੀ 'ਤੇ ਏਕਾਧਿਕਾਰ ਕਾਇਮ ਕਰਕੇ ਵੱਧ ਤੋਂ ਵੱਧ ਮੁਨਾਫ਼ੇ ਕਮਾਉਣ, 'ਪਹਿਲ ਅਮਰੀਕਾ ਨੂੰ' ਦੇਣ ਆਦਿ ਦੇ ਪ੍ਰੋਗਰਾਮ ਤੇ ਨਾਅਰੇ ਪੇਸ਼ ਕੀਤੇ ਗਏ। ਚੋਣਾਂ ਤੋਂ ਬਾਅਦ ਟਰੰਪ ਇਕੱਲੇ ਅਮਰੀਕਾ ਦੇ ਹਿੱਤਾਂ ਨੂੰ ਅੱਗੇ ਰੱਖਣ ਦੀਆਂ ਨੀਤੀਆਂ ਉਪਰ ਚੱਲ ਰਿਹਾ ਹੈ।

ਯੂਰੋਪੀਅਨ ਯੂਨੀਅਨ ਬਣਨ ਵੇਲੇ ਇਸ ਦੇ ਇਕ ਹੋਰ ਮਹਾਂਸ਼ਕਤੀ ਵਜੋਂ ਉਭਰਨ ਦੇ ਕਿਆਫੇ ਸਨ ਅਤੇ ਯੂਰੋ ਕਰੰਸੀ ਨੂੰ ਡਾਲਰ ਦੇ ਬਦਲ ਦੇ ਤੌਰ 'ਤੇ ਚਿਤਵਿਆ ਜਾਂਦਾ ਸੀ ਪਰ ਇਸ ਦੇ ਸੰਕਟ ਵਿਚ ਫਸਣ ਅਤੇ ਬਰਤਾਨੀਆ ਦੇ ਇਸ ਵਿਚੋਂ ਬਾਹਰ ਨਿਕਲ ਜਾਣ ਨਾਲ ਇਹ ਬੱਝਵੀਂ ਆਰਥਿਕ ਤੇ ਵੱਡੀ ਫੌਜੀ ਸ਼ਕਤੀ ਵਜੋਂ ਨਹੀਂ ਉਭਰ ਸਕੀ। ਉਧਰ, ਰੂਸ ਦੇ ਖਿੰਡਣ ਅਤੇ ਚੀਨ ਦੇ ਪੂੰਜੀਵਾਦੀ ਮੁਲਕ ਬਣਨ ਨਾਲ ਅਮਰੀਕਾ ਨੂੰ ਇਨ੍ਹਾਂ ਮੁਲਕਾਂ ਦੀਆਂ ਵੱਡੀਆਂ ਮੰਡੀਆਂ ਖੁੱਲ੍ਹਣ ਨਾਲ ਵੱਡੇ ਪੂੰਜੀ ਨਿਵੇਸ਼ ਦੇ ਮੌਕੇ ਪੈਦਾ ਹੋਣ ਦੀ ਆਸ ਸੀ ਪਰ 21ਵੀਂ ਸਦੀ 'ਚ ਪ੍ਰਵੇਸ਼ ਕਰਨ 'ਤੇ ਰੂਸ ਮੁੜ ਆਪਣੇ ਪੈਰੀਂ ਖੜ੍ਹਾ ਹੋ ਗਿਆ ਅਤੇ ਇਸ ਨੇ ਅਮਰੀਕਾ ਨੂੰ ਫੌਜੀ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ। ਯੂਕਰੇਨ 'ਤੇ ਹਮਲਾ ਕਰਕੇ ਕਰੀਮੀਆ ਨੂੰ ਰੂਸੀ ਫੈਡਰੇਸ਼ਨ ਵਿਚ ਮਿਲਾ ਕੇ ਮੱਧ ਪੂਰਬ ਏਸ਼ੀਆ ਵਿਚ ਅਮਰੀਕਾ ਅਤੇ ਯੂਰੋਪੀਅਨ ਯੂਨੀਅਨ ਨੂੰ ਪਿਛਾਂਹ ਧੱਕਣ ਲਈ ਦਖਲਅੰਦਾਜ਼ੀ ਸ਼ੁਰੂ ਕਰ ਦਿੱਤੀ।


ਇਹੀ ਨਹੀਂ, ਰੂਸ ਅਮਰੀਕਾ ਵਿਰੋਧੀ ਸੀਰੀਆ ਦੇ ਰਾਸ਼ਟਰਪਤੀ ਬਸਰ ਅਲ-ਅਸਦ ਦੀ ਮਦਦ ਅਤੇ ਅਸਦ ਵਿਰੋਧੀ ਤਾਕਤਾਂ ਨੂੰ ਕੁਚਲਣ ਲਈ ਉਨ੍ਹਾਂ ਉਪਰ ਬੰਬਾਰੀ ਕਰਨ ਲੱਗ ਪਿਆ। ਚੀਨ ਨੇ ਦੱਖਣੀ ਚੀਨ ਸਾਗਰ 'ਤੇ ਅਧਿਕਾਰ ਜਮਾ ਕੇ ਆਪਣੀ ਫ਼ੌਜ ਤਾਇਨਾਤ ਕਰ ਲਈ ਅਤੇ ਕੌਮਾਂਤਰੀ ਟ੍ਰਿਬਿਊਨਲ ਵੱਲੋਂ ਚੀਨ ਵਿਰੁੱਧ ਫਤਵੇ ਨੂੰ ਚੀਨ ਨੇ ਦਰਕਿਨਾਰ ਦਿੱਤਾ। ਚੀਨ ਕੌਮਾਂਤਰੀ ਤੌਰ 'ਤੇ ਪ੍ਰਚਲਤ ਤੈਰਵੀਂ ਮੁਦਰਾ ਰੇਟ ਅਨੁਸਾਰ, ਅਮਰੀਕਾ ਤੋਂ ਬਾਅਦ ਦੂਸਰੀ ਵੱਡੀ ਆਰਥਿਕਤਾ ਵਜੋਂ ਉਭਰਿਆ ਹੈ ਅਤੇ ਮੁਦਰਾ ਦੀ ਖਰੀਦ ਸ਼ਕਤੀ (ਪੀਪੀਪੀ) ਅਨੁਸਾਰ ਚੀਨ ਦੁਨੀਆਂ ਦੀ ਪਹਿਲੀ ਵੱਡੀ ਆਰਥਿਕ ਸ਼ਕਤੀ ਬਣ ਗਿਆ ਹੈ। ਤਕਨੀਕੀ ਮਾਹਰਾਂ ਅਨੁਸਾਰ, ਚੀਨ ਆਧੁਨਿਕ ਤਕਨੀਕ ਵਿਚ ਅਮਰੀਕਾ ਨਾਲ ਮੁਕਾਬਲੇ ਵਿਚ ਸਿਰਫ਼ ਇਕ ਸਾਲ ਪਿਛੇ ਹੈ। ਚੀਨ ਵੱਲੋਂ ਸੰਸਾਰ ਬੈਂਕ ਦੇ ਮੁਕਾਬਲੇ ਬਣਾਈ ਏਸ਼ੀਆ ਵਿਕਾਸ ਬੈਂਕ ਵਿਚ ਅਮਰੀਕਾ ਤੇ ਜਾਪਾਨ ਨੂੰ ਛੱਡ ਕੇ ਸਾਰੇ ਸਾਮਰਾਜੀ ਮੁਲਕ ਸ਼ਾਮਿਲ ਹੋਏ ਹਨ।

ਚੀਨ ਆਪਣੇ ਵਪਾਰਕ ਅਤੇ ਰਣਨੀਤਕ ਹਿੱਤਾਂ ਦਾ ਪਸਾਰਾ ਕਰਨ ਲਈ ਏਸ਼ੀਆ, ਯੂਰੋਪੀਅਨ ਯੂਨੀਅਨ ਅਤੇ ਅਫਰੀਕਨ ਮੁਲਕਾਂ ਤੱਕ ਰੇਲਵੇ ਵਿਸਤਾਰ ਕਰ ਰਿਹਾ ਹੈ। ਇਸ ਪ੍ਰਾਜੈਕਟ ਨੂੰ ਅਫਰੀਕੀ ਲੋਕ ਚੀਨ ਦਾ ਨਵਬਸਤੀਵਾਦ ਕਹਿ ਕੇ ਵਿਰੋਧ ਕਰ ਰਹੇ ਹਨ। ਚੀਨ ਨੇ ਵੱਡੇ ਪੱਧਰ 'ਤੇ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਨਿਰਭਰ ਅਤੇ ਪਛੜੇ ਮੁਲਕਾਂ ਅਤੇ ਭਾਰਤ ਦੇ ਗੁਆਂਢੀ ਮੁਲਕਾਂ ਨੇਪਾਲ, ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ, ਮਾਲਦੀਵ ਨੂੰ ਕਰਜ਼ੇ ਦੇ ਜਾਲ ਵਿਚ ਫਸਾ ਲਿਆ ਹੈ। ਚੀਨ ਕੋਲ ਵਿਦੇਸ਼ੀ ਮੁਦਰਾ 3.23 ਟ੍ਰਿਲੀਅਨ (32.3 ਅਰਬ) ਡਾਲਰ ਦੇ ਭੰਡਾਰ ਹਨ। ਚੀਨ ਕੋਲ ਆਹਲਾ ਤਕਨੀਕ ਅਤੇ ਸਸਤੀ ਮਜ਼ਦੂਰੀ ਹੋਣ ਕਰਕੇ ਇਸ ਦਾ ਵਿਦੇਸ਼ੀ ਵਪਾਰ ਬਹੁਤ ਵਾਧੂ ਰਹਿੰਦਾ ਹੈ। ਚੀਨ ਦੇ ਵਧਦੇ ਪ੍ਰਭਾਵ ਕਾਰਨ ਏਸ਼ੀਆ 'ਚ ਅਮਰੀਕਾ ਦੀ ਪਕੜ ਢਿੱਲੀ ਪੈ ਗਈ ਹੈ।



ਅਮਰੀਕਾ ਨੇ 1990ਵਿਆਂ ਵਿਚ ਸੋਵੀਅਤ ਯੂਨੀਅਨ ਦੇ ਖਿੰਡਣ ਅਤੇ ਚੀਨ ਵਿਚ ਪੂੰਜੀਵਾਦੀ ਦੀ ਬਹਾਲੀ ਹੋ ਜਾਣ ਨਾਲ ਕਿਆਫ਼ੇ ਲਾਏ ਸਨ ਕਿ ਇਹ ਮੁਲਕ ਅਮਰੀਕਾ 'ਤੇ ਨਿਰਭਰ ਹੋ ਜਾਣਗੇ ਅਤੇ ਸੰਸਾਰ ਵਪਾਰ ਸੰਸਥਾ ਬਣਨ ਨਾਲ ਸਾਰੇ ਮੁਲਕਾਂ ਦੀਆਂ ਮੰਡੀਆਂ ਅਮਰੀਕਾ ਲਈ ਖੁੱਲ੍ਹ ਜਾਣਗੀਆਂ ਪਰ ਹੁਣ ਹਾਲਤ ਉਲਟ ਗਈ ਹੈ ਕਿਉਂਕਿ ਠੰਢੀ ਜੰਗ ਵੇਲੇ ਅਮਰੀਕਾ ਨੂੰ ਸੋਵੀਅਤ ਯੂਨੀਅਨ ਨਾਲ ਕੇਵਲ ਫੌਜੀ ਖੇਤਰ ਅੰਦਰ ਲੜਾਈ ਲੜਨੀ ਪੈ ਰਹੀ ਸੀ ਪਰ ਚੀਨ ਦੇ ਆਰਥਿਕ ਸ਼ਕਤੀ ਵਜੋਂ ਉਭਰਨ ਨਾਲ ਅਮਰੀਕਾ ਨੂੰ ਆਰਥਿਕ ਅਤੇ ਫੌਜੀ, ਦੋਵਾਂ ਖੇਤਰਾਂ ਅੰਦਰ ਲੜਨਾ ਪੈ ਰਿਹਾ ਹੈ। ਅਮਰੀਕਾ ਸਿਰ ਵੱਡੀ ਪੱਧਰ 'ਤੇ ਕਰਜ਼ਾ ਚੜ੍ਹਨ ਅਤੇ ਲਗਾਤਾਰ ਵਪਾਰਕ ਘਾਟਾ ਪੈਣ ਕਾਰਨ, ਉਸ ਵੱਲੋਂ ਸੰਸਾਰ ਭਰ ਅੰਦਰ ਉਸਾਰੀ ਹੋਈ ਵੱਡੀ ਸਲਤਨਤ ਸੰਭਾਲਣੀ ਮੁਸ਼ਕਿਲ ਹੋ ਰਹੀ ਹੈ। ਉਸ ਦੇ ਦੁਨੀਆਂ ਭਰ ਵਿਚ ਬਣਾਏ ਫੌਜੀ ਅੱਡਿਆਂ ਦੀ ਸੰਭਾਲ ਦਾ ਖਰਚਾ ਭਾਰਤ ਦੇ ਕੁਲ ਮਿਲਟਰੀ ਨਾਲੋਂ ਤਿੰਨ ਗੁਣਾਂ ਨਾਲੋਂ ਵੀ ਵੱਡਾ ਹੈ ਪਰ ਹੁਣ ਆਪਣੀ ਚੌਧਰ ਨੂੰ ਖੋਰਾ ਲਗਦਾ ਦੇਖ ਕੇ ਅਮਰੀਕਾ ਹੋਰ ਨਵੇਂ ਸੂਖ਼ਮ ਪਰਮਾਣੂ ਬੰਬ ਧਮਾਕੇ ਕਰਨ ਅਤੇ ਸਟਾਰ ਜੰਗ ਦੀ ਤਿਆਰੀ ਕਰਕੇ ਸੰਸਾਰ ਨੂੰ ਹਥਿਆਰਾਂ ਦੀ ਨਵੀਂ ਦੌੜ 'ਚ ਪਾ ਰਿਹਾ ਹੈ। ਹੁਣ ਅਮਰੀਕਾ ਨੂੰ ਇਕ ਪਾਸੇ ਰੂਸ ਨਾਲ ਸੰਸਾਰ ਵਿਚ ਫੌਜੀ ਚੁਣੌਤੀ ਦਾ ਸਾਹਮਣਾ ਹੈ, ਦੂਜੇ ਪਾਸੇ ਚੀਨ ਨਾਲ ਫੌਜੀ ਤੇ ਆਰਥਿਕ ਦੋਵਾਂ ਖੇਤਰਾਂ ਵਿਚ ਲੜਾਈ ਲੜਨੀ ਪੈ ਰਹੀ ਹੈ। ਦਰਅਸਲ ਪੂੰਜੀਵਾਦ ਦਾ ਵਿਕਾਸ ਹਮੇਸ਼ਾਂ ਅਣਸਾਵਾਂ ਹੁੰਦਾ ਹੈ ਜਿਸ ਅੰਦਰ ਅਮਰੀਕਾ ਉਤਰਾਈ ਵਿਚ ਜਾ ਰਿਹਾ ਹੈ, ਰੂਸ ਦਾ ਮੁੜ ਫੌਜੀ ਉਭਾਰ ਹੋ ਰਿਹਾ ਹੈ ਅਤੇ ਚੀਨ ਉਭਰ ਰਹੀ ਆਰਥਿਕ ਸ਼ਕਤੀ ਹੈ। ਇਉਂ ਅਮਰੀਕਾ-ਚੀਨ ਦੀ ਦਿਖਾਈ ਦੇ ਰਹੀ ਵਪਾਰਕ ਜੰਗ ਪਿੱਛੇ ਅਸਲੀ ਕਾਰਨ ਸੰਸਾਰ ਸ਼ਕਤੀਆਂ ਦਾ ਬਦਲ ਰਿਹਾ ਸਮਤੋਲ ਹੈ।

# ਸੁਖਾਵੀਂ ਨੀਂਦ ਦਾ ਮੂਲ ਮੰਤਰ





ਗੋਬਿੰਦਰ ਸਿੰਘ ਢੀਂਡਸਾ

ਸਿਹਤ ਮਾਹਿਰਾਂ ਅਨੁਸਾਰ ਮਨੁੱਖੀ ਸਰੀਰ ਲਈ ਅੱਠ ਘੰਟੇ ਨੀਂਦ ਜ਼ਰੂਰੀ ਹੈ ਪਰ ਬੱਚਿਆਂ ਨੂੰ ਛੱਡ ਕੇ ਵਿਰਲੇ ਭਾਗਾਂ ਵਾਲੇ ਹੀ ਹੋਣਗੇ ਜੋ ਰੱਜਵੀਂ ਜਾਂ ਪੂਰੀ ਨੀਂਦ ਲੈਂਦੇ ਹੋਣਗੇ।ਕਿਸੇ ਦੀ ਸਵੇਰ ਦੀ ਉਡੀਕ ਕਰਦੇ ਦੀ ਚਾਅ ਚ ਅੱਖ ਨਹੀਂ ਲੱਗਦੀ ਤੇ ਬਹੁਤੇ ਕਿਸੇ ਡਰ ਜਾਂ ਦੁੱਖ ਕਰਕੇ ਸਵੇਰ ਹੋਣ ਦੇ ਡਰੋਂ ਇਹ ਰਾਤ ਕਦੇ ਨਾ ਮੁੱਕਣ ਦੀ ਲੋਚਦੇ ਰਹਿੰਦੇ ਹਨ।ਕਦੇ ਕਦਾਈਂ ਚਾਅ ਚ ਅੱਖ ਨਾ ਲੱਗਣਾ ਤਾਂ ਵਿਲੱਖਣ ਆਨੰਦ ਬਖਸ਼ਦੀ ਹੈ ਪਰੰਤੂ ਜੋ ਨੀਂਦ ਨੂੰ ਚਿੰਤਾ ਰੂਪੀ ਕਾਲ ਡੰਗਦਾ ਹੈ, ਉਹ ਨੁਕਸਾਨਦੇਹ ਹੈ। ਜਿਆਦਾਤਰ ਲੋਕ ਵੱਖੋ ਵੱਖਰੇ ਫ਼ਿਕਰਾਂ, ਸੰਸਿਆਂ ਦੇ ਮਾਰੇ ਚੈਨ ਦੀ ਨੀਂਦ ਤੋਂ ਵਾਂਝੇ ਰਹਿ ਰਹੇ ਹਨ ਅਤੇ ਇਹ ਸੰਸੇ ਸਾਡੀ ਜੀਵਨਸ਼ੈਲੀ ਪ੍ਰਤੀ ਗੈਰ ਸੰਵੇਦਨਸ਼ੀਲਤਾ ਦੇ ਸਿੱਟੇ ਹਨ ਜਿਨ੍ਹਾਂ ਨੂੰ ਠੁਕਰਾਇਆ ਨਹੀਂ ਜਾ ਸਕਦਾ।


ਇਹ ਦੁਖਾਂਤ ਹੈ ਕਿ ਹਰ ਕੋਈ ਇੱਕੋ ਸਾਹੇ ਪੈਸੇ ਪਿੱਛੇ ਭੱਜ ਰਿਹਾ ਹੈ ਅਤੇ ਪੈਸੇ ਦੀ ਲਾਲਸਾ ਘੱਟਣ ਜਾਂ ਸਥਿਰ ਹੋਣ ਦੀ ਬਜਾਏ ਦੁੱਗਣੀ-ਚੌਗੁਣੀ ਰਫ਼ਤਾਰ ਨਾਲ ਵੱਧ ਰਹੀ ਹੈ।ਸੰਸਾਰ ਵਿੱਚ ਵਿਚਰਣ ਲਈ ਪੈਸੇ ਦੀ ਆਪਣੀ ਮਹੱਤਤਾ ਹੈ, ਪਰੰਤੂ ਪੈਸਾ ਹੀ ਸਭ ਕੁਝ ਨਹੀਂ ਅਤੇ ਪੈਸਾ ਸਭ ਕੁਝ ਨਹੀਂ ਖਰੀਦ ਸਕਦਾ। ਕਿੱਕਰਾਂ ਦੇ ਬੀਜ ਬੋਅ ਕੇ ਕਦੇ ਗੁਲਾਬ ਦੇ ਫੁੱਲਾਂ ਦੀ ਆਸ ਨਹੀਂ ਰੱਖਣੀ ਚਾਹੀਦੀ ਸੋ ਠੱਗੀਆਂ ਠੋਰੀਆਂ ਮਾਰ ਕੇ ਕਮਾਇਆ ਪੈਸਾ ਤਾਂ ਉਂਝ ਹੀ ਰਾਤਾਂ ਦੀ ਨੀਂਦ ਲੈ ਬਹਿੰਦਾ ਹੈ। ਸੰਸਾਰ ਦਾ ਯਥਾਰਥ ਹੈ ਕਿ ਝੁੱਗੀਆਂ ਵਾਲੇ ਤਾਂ ਆਰਾਮ ਨਾਲ ਸੌਂ ਜਾਂਦੇ ਹਨ ਜਦਕਿ ਮਹਿਲਾਂ ਵਾਲਿਆਂ ਨੂੰ ਨੀਂਦ ਦੀਆਂ ਗੋਲੀਆਂ ਲੈ ਕੇ ਸੌਂਦੇ ਵੇਖਿਆ ਗਿਆ ਹੈ।

ਮਜ਼ਦੂਰ ਦੇ ਪਸੀਨੇ ਦੀ ਮਹਿਕ ਉਸਨੂੰ ਆਤਮਿਕ ਸੰਤੁਸ਼ਟੀ ਨਾਲ ਗੂੜੀ ਨੀਂਦ ਬਖ਼ਸ਼ਦੀ ਹੈ। ਸਾਦਾ ਜੀਵਨ ਬਤੀਤ ਕਰਨ ਵਾਲੇ ਜ਼ਿੰਦਗੀ ਪ੍ਰਤੀ ਜਿਆਦਾ ਆਸਵੰਦ ਨਜ਼ਰੀਆ ਰੱਖਦੇ ਹਨ ਅਤੇ ਚੈਨ ਦੀ ਨੀਂਦ ਉਹਨਾਂ ਨੂੰ ਆਪਣੇ ਕਲਾਵੇਂ ਵਿੱਚ ਲੈਂਦੀ ਹੈ।ਨੇਕ ਕਮਾਈ ਕਰਨ ਵਾਲੇ, ਆਪਣੀ ਚਾਦਰ ਵੇਖ ਕੇ ਪੈਰ ਪਸਾਰਣ ਅਤੇ ਸਰਬੱਤ ਦਾ ਭਲਾ ਚਾਹੁਣ ਵਾਲਿਆਂ ਦੇ ਮੱਥਿਆਂ ਤੇ ਚਮਕ ਆਪ ਮੁਹਾਰੇ ਚਮਕਦੀ ਹੈ ਜੋ ਉਹਨਾਂ ਦੀ ਸੁਖਾਵੀਂ ਨੀਂਦ ਦੀ ਪੁਸ਼ਟੀ ਕਰਦੀ ਹੈ। ਜ਼ਰੂਰੀ ਨਹੀਂ ਨੀਂਦ ਪਲੰਘਾਂ ਤੇ ਹੀ ਆਵੇ, ਇਹ ਭੁੰਝੇ ਵੀ ਸੁਰਗ ਦਾ ਝੂਟਾ ਦੇ ਸਕਦੀ ਹੈ ਤੇ ਪਲੰਗਾਂ ਤੇ ਵੀ ਕੰਢਿਆਂ ਦੀ ਸੇਜ ਵਿਛਾ ਸਕਦੀ ਹੈ, ਨਿਰਭਰ ਕਰਦਾ ਹੈ ਨੀਂਦ ਦੇ ਕਿਰਦਾਰ ਤੇ।

ਮਨੁੱਖੀ ਜੂਨ ਉੱਤਮਤਾ ਦਾ ਸਿਖ਼ਰ ਹੈ ਅਤੇ ਮਨੁੱਖਾਂ ਲਈ ਸੁਖਾਵੀਂ ਨੀਂਦ ਇੱਕ ਸੁਖਮਈ ਅਹਿਸਾਸ। ਜਿਸ ਨੂੰ ਸੁਖਾਵੀਂ ਨੀਂਦ ਨਹੀਂ ਆਉਂਦੀ, ਉਹ ਆਪਣੇ ਆਪ ਵਿੱਚ ਨਰਕ ਭੋਗ ਰਿਹਾ ਹੈ, ਚਾਹੇ ਦੁਨੀਆਂ ਤੇ ਉਸਦਾ ਡੰਕਾ ਕਿਉਂ ਨਾ ਵੱਜ ਰਿਹਾ ਹੋਵੇ।ਸੁਖਾਵੀਂ ਨੀਂਦ ਦਾ ਅਸਲ ਮੂਲ ਮੰਤਰ ਸਮੇਂ ਦੀ ਵੰਨਗੀ ਵਿੱਚ ਮਸਤ ਰਹਿਣਾ ਹੈ ਅਤੇ ਇਸ ਯਥਾਰਥ ਨੂੰ ਮਨ ਦੀ ਫੱਟੀ ਤੇ ਲਿਖਣਾ ਕਿ ਜੇ ਸਦਾ ਚੰਗਾ ਸਮਾਂ ਨਹੀਂ ਰਹਿੰਦਾ ਤਾਂ ਕਦੇ ਸਦਾ ਮਾੜਾ ਸਮਾਂ ਵੀ ਨਹੀਂ ਰਹਿਣਾ। ਸੁਖਾਵੀਂ ਨੀਂਦ ਲਈ ਜ਼ਰੂਰੀ ਹੈ ਕਿ ਫਿਕਰਾਂ ਸੰਸਿਆਂ ਨੂੰ ਨਜਿੱਠਣ ਲਈ ਜੀਵਨਸ਼ੈਲੀ ਨੂੰ ਸਰਲ ਬਣਾਇਆ ਜਾਵੇ, ਸੁਭਾਅ ਵਿੱਚ ਨਿਮਰਤਾ, ਮਾਫ਼ ਕਰਨ ਅਤੇ ਅੱਗੇ ਵਧਣ ਦੀ ਆਦਤ ਦਾ ਸ਼ੁਮਾਰ ਹੋਵੇ।

# ਵਤਨੋਂ ਆਇਆ ਸੁੱਖਦ ਹਵਾ ਦਾ ਬੁੱਲਾ...

ਭਾਰਤ ਦੀਆਂ ਯੂਨੀਆਂ-ਕਾਲਜਾਂ ਵਿੱਚ ਪਿਛਲੇ ਕੁੱਝ ਅਰਸੇ ਤੋਂ ਭਗਵੇਂ ਬ੍ਰਿਗੇਡ ਕਾਫ਼ੀ ਹਾਵੀ ਹਨ। ਰਾਜਨੀਤਕ ਸ਼ਹਿ ਪ੍ਰਾਪਤ ਦੱਲਿਆਂ ਅਤੇ ਨਗੱਲਿਆਂ ਦੇ ਹੋ-ਹੱਲੇ ਵਿੱਚ ਕਾਨੂੰਪ੍ਰੀਆ ਦੀ ਜਿੱਤ ਬਹੁਤ ਅਹਿਮ ਹੈ। ਵੱਡੇ ਬਹੁਮਤ ਨਾਲ ਇਕ ਔਰਤ ਦਾ ਚੰਡੀਗੜ੍ਹ ਵਰਗੀ ਵੱਡੀ ਯੂਨੀ ਦਾ ਪ੍ਰਧਾਨ ਬਣਨਾ ਬਹੁਤ ਵੱਕਾਰੀ, ਉਤਸ਼ਾਹਜਨਕ ਅਤੇ ਇਨਕਲਾਬੀ ਬਦਲਾਅ ਹੈ। ਕਾਮਰੇਡ ਕਨੱਈਏ ਤੋਂ ਬਾਅਦ ਕਾਨੂੰ ਦਾ ਨੇਤਵ ਵਿੱਦਿਅਕ ਅਦਾਰਿਆਂ ਵਿੱਚ ਸਰਗਰਮ ਪ੍ਰਗਤੀਸ਼ੀਲ ਧਿਰਾਂ ਲਈ ਸ਼ੁੱਭ ਸ਼ਗਨ ਹੈ। ਇਸ ਮੁਹਿੰਮ ਵਿੱਚ ਜ਼ਿੰਦਾਬਾਦ ਦੇ ਸਲੋਗਨ ਨਾਲ ਉੱਠੀ ਹਰ ਮੁੱਠੀ ਦੇ ਸਦਕੇ ?? ਮੁਬਾਰਕਾਂ!



'ਪੰਜਾਬ ਯੂਨੀਵਰਸਿਟੀ ਕੈਂਪਸ ਸਟੂਡੈਂਟਸ ਕੌਂਸਲ' (ÉPUCSC) ਦੀਆਂ ਹੋਈਆਂ ਚੋਣਾਂ ਵਿੱਚ ਇਨਕਲਾਬੀ ਵਿਚਾਰਧਾਰਾ ਵਾਲੀ ਜਥੇਬੰਦੀ 'ਸਟੂਡੈਂਟਸ ਫਾਰ ਸੁਸਾਇਟੀ' (SFS) ਨੇ ਅੱਜ ਬੀ.ਜੇ.ਪੀ.ਵਾਲੀ ਭਗਵੀਂ ABVP, ਕਾਂਗਰਸ ਦੀ NSUI, ਅਕਾਲੀ ਦਲ ਦੀ ਸੁਖਬੀਰ ਬਾਦਲ ਵਾਲੀ SOI ਅਤੇ ਕਈ ਹੋਰ ਵਿਦਿਆਰਥੀ ਜਥੇਬੰਦੀਆਂ ਦੇ ਬਣੇ ਗਠਜੋੜਾਂ ਨੂੰ ਭਾਂਜ ਦੇ ਕੇ ਇੱਕ ਲੰਬੇ ਅਰਸੇ ਬਾਅਦ ਯੂਨੀਵਰਸਿਟੀ ਕੈਂਪਸ ਵਿਖੇ ਲਾਲ ਪਰਚਮ ਲਹਿਰਾਇਆ ਅਤੇ ਪੱਟੀ ਕਸਬੇ ਦੀ ਵਸਨੀਕ ਤੇ M.Sc. Zoology ਦੀ ਵਿਦਿਆਰਥਣ Kanu Priya ਇਸ ਯੂਨੀਵਰਸਿਟੀ ਦੀ ਪਹਿਲੀ ਮਹਿਲਾ ਪ੍ਰਧਾਨ ਬਣੀ !!

ਇਹ ਰਿਜ਼ਲਟ ਕਾਕਾਸ਼ਾਹੀ, ਫੁਕਰਪੁਣੇ, ਨਸ਼ਿਆਂ, ਬੁਲਟਾਂ ਤੇ ਮਹਿੰਗੀਆਂ ਗੱਡੀਆਂ ਦੇ ਪ੍ਰਭਾਵ ਦੀ ਹਾਰ ਹੈ ਅਤੇ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਤੇ ਆਮ ਕਿਰਤੀ ਲੋਕਾਂ ਦੇ ਮੁੰਡਿਆਂ ਕੁੜੀਆਂ ਦੇ ਸਿਦਕ, ਸਿਰੜ ਤੇ ਇਮਾਨਦਾਰੀ ਦੀ ਜਿੱਤ ਹੈ, ਜ਼ੁਬਾਨਬੰਦੀ ਦੇ ਇਸ ਦੌਰ 'ਚ ਇਹ ਜਿੱਤ ਹੋਰ ਵੀ ਵੱਡੀ ਮਹੱਤਤਾ ਰੱਖਦੀ।

# ਬਾਲ ਸੁਰੱਖਿਆ ਘਰਾਂ ਵਿੱਚ ਕਿਉਂ ਹੁੰਦਾ ਹੈ ਸ਼ੋਸ਼ਣ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਬਾਲ ਸੁਰੱਖਿਆ ਘਰ (ਚਿਲਡਰਨ ਹੋਮ) ਆਖਰ ਕਿੰਨਾ ਲਈ ਹਨ? ਇਨ੍ਹਾਂ ਸੁਰੱਖਿਆ ਘਰਾਂ ਵਿੱਚ ਬੇਸਹਾਰਾ, ਬੇਘਰ, ਘਰਾਂ ਤੋਂ ਭੱਜੇ, ਤਸਕਰਾਂ ਦੇ ਚੁੰਗਲ ਵਿੱਚੋਂ ਬਚਾਏ ਗਏ ਬੱਚੇ ਰੱਖੇ ਜਾਂਦੇ ਹਨ। ਉਹ ਬੱਚੇ ਵੀ ਰੱਖੇ ਜਾਂਦੇ ਹਨ ਜੋ ਅਜੇ ਬਾਲਗ ਨਹੀਂ ਹੁੰਦੇ ਅਤੇ ਕਿਸੇ ਅਪਰਾਧ ਵਿਚ ਸ਼ਾਮਲ ਹੁੰਦੇ ਹਨ। ਇਨ੍ਹਾਂ ਸੁਰੱਖਿਆ ਘਰਾਂ ਵਿੱਚ ਕੁਝ ਦਾ ਪ੍ਰਬੰਧ ਸਰਕਾਰ ਖ਼ੁਦ ਚਲਾਉਂਦੀ ਹੈ ਪਰ ਬਹੁਤਿਆਂ ਨੂੰ ਤਾਂ ਗੈਰ ਸਰਕਾਰੀ ਸੰਸਥਾਵਾਂ (ਐਨਜੀਓ) ਹੀ ਚਲਾਉਂਦੀਆ ਹਨ। ਉਨ੍ਹਾਂ ਨੂੰ ਸਰਕਾਰ ਤੋਂ ਫੰਡ ਮਿਲਦਾ ਹੈ। ਇਨ੍ਹਾਂ ਕੇਂਦਰਾਂ ਦਾ ਮਕਸਦ ਵਾਂਝੇ ਤੇ ਲੁੱਟ-ਜ਼ਬਰ ਦਾ ਸ਼ਿਕਾਰ ਲੋਕਾਂ ਦੇ ਹੱਕਾਂ ਦੀ ਬਹਾਲੀ ਅਤੇ ਉਨ੍ਹਾਂ ਦੇ ਜੀਵਨ ਨੂੰ ਉੱਨਤ ਬਣਾਉਣਾ ਹੈ ਅਤੇ ਮੰਨਿਆ ਜਾਂਦਾ ਹੈ ਕਿ ਉੱਥੇ ਰਹਿ ਰਹੇ ਬੱਚੇ ਮਹਿਫ਼ੂਜ਼ ਹਨ ਪਰ ਬਿਹਾਰ ਦੇ ਮੁਜ਼ੱਫਰਨਗਰ, ਫਿਰ ਉੱਤਰ ਪ੍ਰਦੇਸ਼ ਦੇ ਦੇਵਰੀਆ ਅਤੇ ਹੁਣ ਦਿੱਲੀ ਦੇ ਕੜਕੜਡੂਮਾ ਦੇ ਕੇਂਦਰਾਂ ਤੋਂ ਜਿਹੋ ਜਿਹੀਆਂ ਜਬਰ ਤਸ਼ੱਦਦ ਦੀਆਂ ਕਹਾਣੀਆਂ ਖੁੱਲ੍ਹ ਰਹੀਆਂ ਹਨ ਉਸ ਤੋਂ ਤਾਂ ਅੰਦਾਜ਼ਾ ਇਹੀ ਲੱਗਦਾ ਹੈ ਕਿ ਇਨ੍ਹਾਂ ਵਿੱਚੋਂ ਕਈ ਕੇਂਦਰ ਨਰਕ ਤੋਂ ਭੈੜੇ ਹਨ। ਅਜਿਹਾ ਨਹੀਂ ਹੈ ਕਿ ਪਹਿਲੀ ਵਾਰੀ ਅਜਿਹੀਆਂ ਕਹਾਣੀਆਂ ਸਾਹਮਣੇ ਆਈਆਂ ਹਨ। ਮੁਜ਼ੱਫਰਪੁਰ "ਬੱਚੀ ਸੁਰੱਖਿਆ ਘਰ" ਵਿੱਚ 34 ਨਾਬਾਲਗ ਲੜਕੀਆਂ ਦੇ ਨਾਲ ਜ਼ਿਆਦਤੀ ਦੀ ਪੁਸ਼ਟੀ ਤੋਂ ਕਰੀਬ ਇੱਕ ਦਹਾਕੇ ਪਹਿਲਾਂ ਜੁਲਾਈ 2007 ਵਿੱਚ ਤਾਮਿਲਨਾਡੂ ਦੇ ਮਹਾਂਬਲੀਪੁਰਮ ਵਿੱਚ ਪੈਸੇ ਦੇ ਕੇ ਦੇਸੀ ਵਿਦੇਸ਼ੀ ਸੈਲਾਨੀਆਂ ਵੱਲੋਂ ਅਨਾਥ ਘਰਾਂ ਵਿੱਚ ਰਹਿ ਰਹੇ ਬੱਚਿਆਂ ਦਾ ਜਿਨਸੀ ਸ਼ੋਸ਼ਣ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਬਾਰੇ ਸੁਪਰੀਮ ਕੋਰਟ ਵਿੱਚ ਪੀ ਆਈ ਐੱਲ ਦਾਖਲ ਕੀਤੀ ਗਈ ਅਤੇ ਬੀਤੇ ਸਾਲ ਮਈ ਵਿੱਚ ਸਿਖ਼ਰਲੀ ਅਦਾਲਤ ਨੇ ਦੇਸ਼ ਭਰ ਵਿੱਚ ਚੱਲ ਰਹੇ ਬੱਚਿਆਂ ਦੇ ਸਾਰੇ ਸੁਰੱਖਿਆ ਕੇਂਦਰਾਂ ਦੀ ਜੁਵੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ) ਐਕਟ ਯਾਨੀ "ਜੇ ਜੇ ਐਕਟ" ਦੇ ਤਹਿਤ ਰਜਿਸਟਰੇਸ਼ਨ ਕਰਾਉਣ ਦਾ ਹੁਕਮ ਦਿੱਤਾ ਸੀ। ਦੇਸ਼ ਭਰ ਵਿੱਚ ਕੁੱਲ 9,589 ਚਾਈਲਡ ਕੇਅਰ ਹੋਮ ਹਨ। ਇਨ੍ਹਾਂ ਵਿੱਚ 3.68 ਲੱਖ ਬੱਚੇ ਰਹਿੰਦੇ ਹਨ। ਜਿਨ੍ਹਾਂ ਵਿੱਚ 1.98 ਲੱਖ ਲੜਕੇ, 1.69 ਲੱਖ ਲੜਕੀਆਂ ਤੇ 92 ਟਰਾਂਸਜੈਂਡਰ ਹਨ। ਇਨ੍ਹਾਂ ਕੇਂਦਰਾਂ ਵਿੱਚੋਂ 8747 ਨੂੰ ਐਨਜੀਓ (ਗੈਰ ਸਰਕਾਰੀ ਸੰਸਥਾਵਾਂ) ਚਲਾ ਰਹੀਆਂ ਹਨ। ਬਾਕੀ ਸੁਪਰੀਮ ਕੋਰਟ ਦੇ ਹੁਕਮ ਤੋਂ ਕਰੀਬ ਇੱਕ ਸਾਲ ਬਾਅਦ ਵੀ 3087 ਚਾਇਲਡ ਕੇਅਰ ਹੋਮ ਹੀ ਜੇ ਜੇ ਐਕਟ ਤਹਿਤ ਰਜਿਸਟਰ ਹੋਏ ਹਨ। ਮੁਜ਼ੱਫਰਪੁਰ ਕਾਂਡ ਪਿੱਛੋਂ ਕੇਂਦਰੀ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਰਾਜ ਸਰਕਾਰਾਂ ਨੂੰ ਦੋ ਮਹੀਨੇ ਦੇ ਅੰਦਰ ਅੰਦਰ ਸਾਰੇ ਕੇਂਦਰਾਂ ਦਾ ਸਪੈਸ਼ਲ ਆਡਿਟ ਕਰਾਉਣ ਨੂੰ ਕਿਹਾ ਹੈ। ਇਸ ਸਤੰਬਰ ਵਿੱਚ ਰਿਪੋਰਟ ਆਉਣ ਦੀ ਉਮੀਦ ਕੀਤੀ ਜਾ ਰਹੀ ਹੈ। ਸੋਸ਼ਲ ਆਡਿਟ ਕਰਾਉਣ ਦਾ ਫ਼ੈਸਲਾ ਪਹਿਲੀ ਵਾਰ ਨਹੀਂ ਕੀਤਾ ਗਿਆ ਹੈ ਪਿਛਲੇ ਸਾਲ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਬੱਚਿਆਂ ਦੀ ਦੇਖ ਭਾਲ ਕਰ ਰਹੀਆਂ ਸਾਰੀਆਂ ਸੰਸਥਾਵਾਂ ਦਾ ਆਡਿਟ ਕੌਮੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (ਐਨ ਸੀ ਪੀ ਸੀ ਆਰ) ਤੋਂ ਕਰਵਾਉਣ ਦਾ ਹੁਕਮ ਦਿੱਤਾ ਸੀ ਪਰ ਬਿਹਾਰ, ਉੱਤਰ ਪ੍ਰਦੇਸ਼, ਮੇਘਾਲਿਆ, ਅਰੁਣਾਚਲ ਪ੍ਰਦੇਸ਼, ਤ੍ਰਿਪੁਰਾ, ਮਿਜ਼ੋਰਮ ਵਿੱਚ ਕਮਿਸ਼ਨ ਨੂੰ ਆਡਿਟ ਕਰਨ ਹੀ ਨਹੀਂ ਦਿੱਤਾ ਗਿਆ। ਕੇਂਦਰੀ ਮੰਤਰਾਲੇ ਨੇ 2016 ਵਿੱਚ ਵੀ ਇਨ੍ਹਾਂ ਕੇਂਦਰਾਂ ਦਾ ਅਧਿਐਨ ਕਰਵਾਇਆ ਸੀ ਪਰ ਉਸ ਵਿੱਚ ਬੱਚੇ ਕਿਨ੍ਹਾਂ ਹਾਲਤਾਂ ਵਿੱਚ ਹਨ ਇਹ ਜਾਣਨ ਦੀ ਦਿਲਚਸਪੀ ਨਹੀਂ ਵਿਖਾਈ ਗਈ ਸੀ। ਮੁਜ਼ੱਫਰਪੁਰ ਕਾਂਡ ਦੀਆਂ ਪਰਤਾਂ ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼ (ਟਿਸ)ਦੇ ਪ੍ਰਾਜੈਕਟ "ਕੋਸ਼ਿਸ਼" ਦੀ ਸੋਸ਼ਲ ਅਡਿਟ ਰਿਪੋਰਟ ਤੋਂ ਖੁੱਲ੍ਹਣੀਆਂ ਸ਼ੁਰੂ ਹੋਈਆ। "ਕੋਸ਼ਿਸ਼" ਦੇ ਡਾਇਰੈਕਟਰ ਮੁਹੰਮਦ ਤਾਰਿਕ ਨੇ ਦੱਸਿਆ ਹੈ ਕਿ "ਜਦ ਇਨ੍ਹਾਂ ਕੇਂਦਰਾਂ ਦੀ ਜਾਂਚ ਹੁੰਦੀ ਹੈ ਤਾਂ ਦਸਤਾਵੇਜ਼ਾਂ ਦੀ ਜਾਂਚ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ, ਉੱਥੇ ਰਹਿ ਰਹੇ ਲੋਕਾਂ ਦਾ ਅਨੁਭਵ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ।" ਪਰਿਆਸ ਜੇ ਏ ਸੀ ਸੁਸਾਇਟੀ ਦੇ ਜਨਰਲ ਸਕੱਤਰ ਅਮੋਦ ਕੇ ਕੰਠ ਮੁਤਾਬਿਕ ਇਹ ਮਸਲਾ ਸਿਰਫ ਸੁਰੱਖਿਆ ਘਰਾਂ ਦਾ ਹੀ ਨਹੀਂ ਹੈ। ਬੱਚਿਆਂ ਖਿਲਾਫ ਅਪਰਾਧ ਲਗਾਤਾਰ ਵਧ ਰਹੇ ਹਨ ਉਹ ਘਰ ਅਤੇ ਬਾਹਰ ਕਿਤੇ ਵੀ ਸੁਰੱਖਿਅਤ ਨਹੀਂ ਹਨ। ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਮੇਨਕਾ ਗਾਂਧੀ ਨੇ ਵੀ ਸੰਸਦ ਵਿੱਚ ਦੱਸਿਆ ਸੀ ਕਿ 2013-14 ਵਿੱਚ ਬਾਲ ਸੁਰੱਖਿਆ ਕੇਂਦਰਾਂ ਵਿੱਚ 932 ਮਾਮਲੇ ਸ਼ੋਸ਼ਣ ਅਤੇ ਹਿੰਸਾ ਦੇ ਸਾਹਮਣੇ ਆਏ ਹਨ। ਗਾਂਧੀ ਨੇ ਇਸ ਸਾਲ 17 ਜੁਲਾਈ ਨੂੰ ਲੋਕ ਸਭਾ ਵਿੱਚ ਦੱਸਿਆ ਕਿ ਐੱਨ ਸੀ ਪੀ ਸੀ ਆਰ ਨੂੰ ਇਸ ਸਾਲ ਅਪਰੈਲ ਤੋਂ ਜੂਨ ਦਰਮਿਆਨ ਨਾਲ 917 ਸ਼ਿਕਾਇਤਾਂ ਮਿਲੀਆਂ ਜਿਨ੍ਹਾਂ ਵਿੱਚ 164 ਮਾਮਲੇ ਯੌਨ ਸੋਸ਼ਣ ਦੇ ਸਨ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ ਯੌਨ ਸ਼ੋਸ਼ਣ ਤੋਂ ਬੱਚਿਆਂ ਨੂੰ ਬਚਾਉਣ ਲਈ ਬਣਾਏ ਗਏ ਕਾਨੂੰਨ ਪਾਸਕੋ ਤਹਿਤ ਵੀ 2016 ਵਿੱਚ 36 ਹਜ਼ਾਰ ਮਾਮਲੇ ਦਰਜ ਕੀਤੇ ਗਏ ਜੋ 2015 ਦੀ ਤੁਲਨਾ ਵਿੱਚ 5.5 ਫੀਸਦੀ ਵੱਧ ਹਨ। ਦਿੱਲੀ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਈਲਡ ਰਾਈਟਸ (ਡੀ ਸੀ ਪੀ ਸੀ ਆਰ) ਦੇ 2009 ਤੋਂ 2015 ਤੱਕ ਸਾਂਸਦ ਰਹੇ ਅਤੇ ਬੱਚਿਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਸੁਪਰੀਮ ਕੋਰਟ ਦੇ ਵਕੀਲ ਸਸਾਂਕ ਸ਼ੇਖਰ ਮੁਤਾਬਕ "ਜੇ ਜੇ ਐਕਟ ਮੁਤਾਬਕ ਇਨ੍ਹਾਂ ਕੇਂਦਰਾਂ ਦੀ ਜਿਸ ਤਰ੍ਹਾਂ ਨਾਲ ਪ੍ਰੀਕਲਪਨਾ ਕੀਤੀ ਗਈ ਹੈ ਉਹ ਤਾਂ ਜ਼ਮੀਨ ਤੇ ਉਕਾ ਹੀ ਨਹੀਂ ਹੈ।



ਮੇਰੇ ਹਿਸਾਬ ਨਾਲ ਬੱਚਿਆਂ ਦੀ ਰਾਖੀ ਤੇ ਬੇਹਤਰੀ ਲਈ ਜੋ ਸਹੂਲਤਾਂ ਤੇ ਸਾਧਨ ਹੋਣੇ ਚਾਹੀਦੇ ਹਨ ਉਹ ਸ਼ੈਲਟਰ ਹੋਮਾ ਵਿੱਚ ਨਹੀਂ ਹਨ। ਬੇ-ਨਿਯਮੀਆਂ ਉਦੋਂ ਸਾਹਮਣੇ ਆਉਂਦੀਆਂ ਹਨ ਜਦ ਕੋਈ ਬੱਚਾ ਮਰ ਜਾਂਦਾ ਹੈ, ਭੱਜ ਜਾਂਦਾ ਹੈ ਜਾਂ ਬਾਹਰ ਦੀ ਕੋਈ ਏਜੰਸੀ ਕੁਝ ਉਜਾਗਰ ਕਰਦੀ ਹੈ। ਸਾਫ਼ ਹੈ ਕਿ ਰਾਜਸੀ ਦਬਾਅ ਭਾਰੂ ਹੈ ਅਤੇ ਬੱਚੇ ਸਰਕਾਰ ਦੀਆਂ ਤਰਜੀਹਾਂ ਵਿੱਚ ਨਹੀਂ ਹਨ। ਦਿੱਲੀ ਵਿੱਚ ਸ਼ੈਲਟਰ ਹੋਮ ਚਲਾਉਣ ਵਾਲੀ ਇੱਕ ਐਨਜੀਓ ਦੇ ਮੁਖੀ ਨੇ ਨਾਂ ਨਾ ਛਾਪਣ ਦੀ ਸ਼ਰਤ ਤੇ ਦੱਸਿਆ ਕਿ ਅਜਿਹਾ ਜੇ ਚੱਲਦਾ ਰਿਹਾ ਤਾਂ ਜਬਰ ਤੇ ਲੁੱਟ ਦਾ ਇਹ ਸਿਲਸਿਲਾ ਕਦੇ ਵੀ ਖਤਮ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਕਿ ਨਿਯਮ ਹੈ ਕਿ ਜਿਸ ਐਨਜੀਓ ਨੂੰ ਸੁਰੱਖਿਆ ਘਰ ਚਲਾਉਣ ਦਾ ਟੈਂਡਰ ਦਿੱਤਾ ਜਾਂਦਾ ਹੈ ਤਿੰਨ ਸਾਲ ਪਿੱਛੋਂ ਫਿਰ ਤੋਂ ਉਸ ਦੀ ਪੜਤਾਲ ਕੀਤੀ ਜਾਵੇ "ਸਭ ਕੁਝ ਠੀਕ" ਮਿਲਣ ਤੇ ਹੀ ਦੁਬਾਰਾ ਟੈਂਡਰ ਦਿੱਤਾ ਜਾਵੇ ਪਰ ਅਜਿਹਾ ਹੁੰਦਾ ਕਦੇ ਵੀ ਨਹੀਂ। ਜ਼ਾਹਰ ਹੈ ਕਿ ਐਨਜੀਓ ਚਲਾਉਣ ਵਾਲੀਆਂ ਸੰਸਥਾਵਾਂ, ਅਧਿਕਾਰੀਆਂ ਤੇ ਨੇਤਾਵਾਂ ਦੀ ਮਿਲੀਭੁਗਤ ਕਾਰਨ ਹੀ ਉਹ ਅਜਿਹਾ ਨਹੀਂ ਹੋਣ ਦਿੰਦੀਆਂ। ਕਦੀ ਕਦੀ ਬੇਨਿਯਮੀਆ ਸਾਹਮਣੇ ਆ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ "ਮੈਨੇਜ" ਕਰ ਲਿਆ ਜਾਂਦਾ ਹੈ। ਮੁਜ਼ਫਰਨਗਰ ਮਾਮਲੇ ਵਿੱਚ ਵੀ ਸ਼ੁਰੂਆਤ ਚ ਅਜਿਹੀਆਂ ਕੋਸ਼ਿਸਾਂ ਹੋਈਆਂ ਸਨ। ਹੁਣ ਸੀਬੀਆਈ ਮੁੱਖ ਦੋਸ਼ੀ ਬ੍ਰਿਜੇਸ਼ ਠਾਕੁਰ 'ਤੇ ਦਬਾਅ ਪਾਉਣ ਤੇ ਅਸਤੀਫ਼ਾ ਦੇਣ ਲਈ ਮਜਬੂਰ ਹੋਈ ਬਿਹਾਰ ਦੀ ਸਮਾਜ ਕਲਿਆਣ ਮੰਤਰੀ ਮੰਜੂ ਵਰਮਾ ਵਿਚਾਲੇ ਸਬੰਧਾਂ ਦੀ ਪੜਤਾਲ ਕਰ ਰਹੀ ਹੈ। ਪਰਿਆਸ ਦੇਸ਼ ਦੇ ਨੌਂ ਰਾਜਾਂ ਵਿੱਚ ਬੱਚਿਆਂ ਲਈ ਸੰਤਾਲੀ ਸ਼ੈਲਟਰ ਹੋਮ ਚਲਾ ਰਹੀ ਹੈ ਇਨ੍ਹਾਂ ਵਿੱਚੋਂ ਇੱਕੀ ਦਿੱਲੀ ਤੇ ਬਿਹਾਰ ਵਿੱਚ ਹਨ। ਇਸ ਦੇ ਪ੍ਰਾਜੈਕਟ ਕੋਸ਼ਿਸ਼ ਦੀ ਸੋਸ਼ਲ ਰਿਪੋਰਟ ਵਿੱਚ ਜਿਨ੍ਹਾਂ ਕੁਝ ਕੇਂਦਰਾਂ ਦੀ ਤਾਰੀਫ ਕੀਤੀ ਗਈ ਹੈ ਉਨ੍ਹਾਂ ਵਿਚ ਪਰਿਆਸ ਦਾ "ਸ਼ੈਲਟਰ ਹੋਮ" ਵੀ ਸ਼ਾਮਿਲ ਹੈ। ਕੰਠ ਦੇ ਦੱਸਣ ਮੁਤਾਬਕ "ਸੁਰੱਖਿਆ ਘਰਾਂ ਵਿੱਚ ਰਹਿ ਰਹੇ ਬੱਚੇ ਕਾਨੂੰਨੀ ਤੌਰ 'ਤੇ ਸਰਕਾਰ ਦੀ ਜ਼ਿੰਮੇਵਾਰੀ ਹੈ। ਇਨ੍ਹਾਂ ਕੇਂਦਰਾਂ ਵਿਚ ਬੱਚਿਆਂ ਨੂੰ ਲਿਆਉਣ ਤੋਂ ਲੈ ਕੇ ਉਨ੍ਹਾਂ ਦੀ ਨਿਗਰਾਨੀ ਤੱਕ ਨਾਲ ਕਈ ਸਰਕਾਰੀ ਮਹਿਕਮੇ ਜੁੜੇ ਹੋਏ ਹਨ। ਇੱਥੇ ਰਹਿ ਰਹੇ ਬੱਚਿਆਂ ਨੂੰ ਸਾਰੇ ਉਹ 56 ਅਧਿਕਾਰ ਹਾਸਲ ਹਨ ਜਿਨ੍ਹਾਂ ਦਾ ਜ਼ਿਕਰ "ਯੂਨਾਈਟਿਡ ਨੇਸ਼ਨ ਕਨਵੈਨਸ਼ਨ ਆਨ ਦਾ ਰਾਈਸ ਆਫ਼ ਚਾਈਲਡ" ਵਿੱਚ ਕੀਤਾ ਗਿਆ ਹੈ। ਮੋਟੇ ਤੌਰ 'ਤੇ ਕਹੀਏ ਤਾਂ ਬੁਨਿਆਦੀ ਜ਼ਰੂਰਤਾਂ ਬੱਚਿਆਂ ਦਾ ਅਧਿਕਾਰ ਹੈ। ਅਜਿਹੇ ਵਿੱਚ ਉਸ ਨਿਗਰਾਨੀ ਜਾਂ ਅਧਿਅਨ ਦਾ ਕੀ ਮਤਲਬ ਰਹਿ ਜਾਂਦਾ ਹੈ ਜਿਨ੍ਹਾਂ 'ਚ ਬੱਚਿਆਂ ਦੀਆਂ ਲੋੜਾਂ ਤੇ ਵੀ ਧਿਆਨ ਨਾ ਦਿੱਤਾ ਜਾਵੇ। "ਸਾਫ ਹੈ ਕਿ ਜੇ ਸੁਰੱਖਿਆ ਘਰਾਂ ਦੀ ਨਿਯਮਿਤ ਨਿਗਰਾਨੀ ਹੁੰਦੀ ਤੇ ਨਿਯਮਾਂ ਦੀ ਸਹੀ ਤਰੀਕੇ ਨਾਲ ਪਾਲਣਾ ਹੁੰਦੀ ਤਾਂ ਅਜਿਹੀ ਨੌਬਤ ਸ਼ਾਇਦ ਕਦੇ ਨਾ ਆਉਂਦੀ, ਜਿਵੇਂ ਕਿ ਮੁਜਫਰਪੁਰ ਤੇ ਦੇਵਰੀਆ ਮਾਮਲੇ ਦੇ ਮੁੱਖ ਆਰੋਪੀ ਦੀ ਉੱਚੀ ਪਹੁੰਚ ਤੋਂ ਜ਼ਾਹਿਰ ਹੁੰਦਾ ਹੈ ਕਿ ਪੂਰਾ ਤਾਣਾ ਬਾਣਾ ਹੀ ਠੱਪ ਹੋ ਚੁੱਕਾ ਹੈ। ਅਜਿਹਾ ਵੀ ਨਹੀਂ ਹੈ ਕਿ ਦੇਸ਼ ਭਰ ਵਿੱਚ ਚੱਲ ਰਹੇ ਹਜ਼ਾਰਾਂ ਕੇਂਦਰਾਂ ਚ ਘੁੱਪ ਹਨੇਰਾ ਹੀ ਪਸਰਿਆ ਹੋਇਆ ਹੈ। 16 ਸਾਲਾਂ ਦੀ ਬੱਚੀ ਜ਼ਾਤੂਨ 2017 ਵਿੱਚ ਮਨੁੱਖੀ ਤਸਕਰੀ ਦੇ ਚੁੰਗਲ ਵਿੱਚੋਂ ਬਚਾਈ ਗਈ ਸੀ। ਉਹ ਫਿਲਹਾਲ ਫਰੀਦਾਬਾਦ ਵਿੱਚ ਆਪਣੇ ਮਾਪਿਆਂ ਨਾਲ ਰਹਿੰਦੀ ਹੈ। ਪਰਿਵਾਰ ਕੋਲ ਜਾਣ ਤੋਂ ਪਹਿਲਾਂ ਉਹ ਕਈ ਮਹੀਨਿਆਂ ਤੱਕ ਦਿੱਲੀ ਦੇ ਇੱਕ ਚਿਲਡਰਨ ਹੋਮ ਵਿੱਚ ਰਹੀ। ਹਿਨਾ ਨੇ ਦੱਸਿਆ ਕਿ ਉੱਥੇ ਉਸ ਨੂੰ ਸਦਮੇ ਵਿੱਚੋਂ ਬਾਹਰ ਆਉਣ ਲਈ ਹਰ ਤਰ੍ਹਾਂ ਦੀ ਮਦਦ ਦਿੱਤੀ ਗਈ ਅਤੇ ਸੰਚਾਲਕਾਂ ਦੀ ਵਜ੍ਹਾ ਕਰਕੇ ਹੀ ਉਹ ਆਪਣੇ ਮਾਪਿਆਂ ਨੂੰ ਦੁਬਾਰਾ ਮਿਲ ਸਕੀ। 15 ਸਾਲਾਂ ਦੀ ਲੱਛਮੀ ਦਾਸ ਨੂੰ ਤਾਂ ਉਸ ਦੀ ਮਾਂ ਹੀ ਸੜਕ ਤੇ ਛੱਡ ਕੇ ਚਲੀ ਗਈ ਸੀ। ਇਹ 2014 ਵੀਹ ਤੋਂ ਦਿੱਲੀ ਦੇ ਇੱਕ ਚਿਲਡਰਨ ਹੋਮ ਵਿੱਚ ਰਹਿ ਰਹੀ ਹੈ। ਇਸ ਵਾਰ ਇਸ ਨੇ ਸੱਤਵੀਂ ਜਮਾਤ ਵਿੱਚ 85 ਫੀ ਹਾਸਿਲ ਕੀਤੇ ਹਨ ਅਤੇ ਇੰਜੀਨੀਅਰ ਬਣਨ ਦੇ ਸੁਪਨੇ ਵੇਖ ਰਹੀ ਹੈ। ਪਰ ਅਫ਼ਸੋਸ ਹਰ ਬੱਚੀ ਦੀ ਕਹਾਣੀ ਹਿਨਾ ਤੇ ਲਕਸ਼ਮੀ ਵਰਗੀ ਨਹੀਂ ਹੈ ਅਤੇ ਵੈਸੀ ਤਾਂ ਬਿਲਕੁਲ ਨਹੀਂ ਹੈ ਜਿਸ ਦੀ ਪ੍ਰੀਕਲਪਨਾ ਜੇ ਜੇ ਐਕਟ ਵਿੱਚ ਕੀਤੀ ਗਈ ਹੈ ਤਾਂ ਫਿਰ ਕਦੋਂ ਸੁਰੱਖਿਆ ਘਰਾਂ ਨੂੰ ਮੈਨੇਜ ਕਰ ਕੇ ਤਸੀਹੇ ਘਰਾਂ ਵਿੱਚ ਬਦਲਣ ਦਾ ਫੈਸਲਾ ਟੁੱਟੇਗਾ ? ਇੱਥੇ ਪਹਿਚਾਣ ਗੁਪਤ ਰੱਖਣ ਲਈ ਬੱਚੀਆਂ ਦੇ ਨਾਂ ਬਦਲੇ ਗਏ ਹਨ ਤੇ ਆਊਟਲੁੱਕ ਸਤੰਬਰ ਅਠਾਰਾਂ ਤੋਂ ਸਮੱਗਰੀ ਲਈ ਗਈ ਹੈ।

# ਬਿਮਾਰ ਕਲਮਾਂ ਦੀ ਸਿਰਜਣਾ ਬਿਮਾਰ ਸਮਾਜ

ਸੁਖਮਿੰਦਰ ਸਿੰਘ ਸਹਿੰਸਰਾ

ਮਨੁੱਖੀ ਸਮਝ ਦਾ ਪਹਿਲਾ ਸੂਤਰ ਸੁਣਨਾ ਤੇ ਦੂਸਰਾ ਬੋਲਣਾ ਹੈ। ਮਨੁੱਖ ਪਹਿਲਾਂ ਸੁਣਦਾ ਹੈ ਤੇ ਬਾਅਦ ਵਿੱਚ ਬੋਲਣਾ ਸਿੱਖਦਾ ਹੈ। ਉਹ ਜਿਹੋ ਜਿਹੇ ਬੋਲ ਸੁਣਦਾ ਹੈ, ਉਹੋ ਜਿਹੇ ਬੋਲਦਾ ਹੈ। ਇਨ੍ਹਾਂ ਬੋਲਾਂ ਅਨੁਸਾਰ ਹੀ ਉਸ ਦੇ ਮਨ ਦੀ ਅਵਸਥਾ ਬਣਦੀ ਹੈ, ਇਸ ਅਵਸਥਾ ਅਨੁਸਾਰ ਹੀ ਉਹ ਕਰਮ ਕਰਦਾ ਹੈ। ਨਵਜਾਤ ਸਾਡੇ ਬੋਲਾਂ ਅਨੁਸਾਰ ਹੀ ਬੋਲਣਾ ਸਿੱਖਦਾ ਹੈ। ਬੋਲ ਹੌਲੀ-ਹੌਲੀ ਉਸ ਦੇ ਜ਼ਿਹਨ ਵਿੱਚ ਵੱਸ ਜਾਂਦੇ ਹਨ। ਵੱਸੇ ਬੋਲਾਂ ਅਨੁਸਾਰ ਉਹ ਆਪਣੇ ਮਾਤਾ ਪਿਤਾ ਦੀ ਪਛਾਣ ਕਰ ਲੈਂਦਾ ਹੈ। ਇਹ ਪਛਾਣ ਉਸਦਾ ਕਰਮ ਹੈ। ਜੇਕਰ ਕੰਨਾਂ ਵਿੱਚ ਸ਼ਰਾਬ, ਨਸ਼ੀਲੇ ਪਦਾਰਥ, ਹਥਿਆਰ ਤੇ ਇਸ਼ਕ ਦੇ ਪੇਚੇ ਲੜਾਉਣ ਆਦਿ ਦੇ ਬੋਲ ਪੈਣਗੇ ਤਾਂ ਇਹ ਬੋਲ ਸੁਣਨ ਵਾਲੇ ਦੇ ਜ਼ਿਹਨ ਵਿੱਚ ਵੱਸ ਜਾਣਗੇ। ਇਹ ਬੋਲ ਹੌਲੀ-ਹੌਲੀ ਕਰਮ ਵਿੱਚ ਤਬਦੀਲ ਹੋ ਜਾਣਗੇ।

ਮਨੁੱਖ ਜਿਹੋ ਜਿਹਾ ਸੁਣੇਗਾ, ਉਹੋ ਜਿਹਾ ਹੀ ਕਰਮ ਕਮਾਏਗਾ। ਜੇਕਰ ਸੰਗੀਤ ਵਿੱਚ ਬੋਲਾਂ ਨੂੰ ਪਰੋ ਕੇ ਪੇਸ਼ ਕੀਤਾ ਜਾਵੇ ਤਾਂ ਸੁਣਨ ਵਾਲੇ ਹਿਰਦੇ 'ਤੇ ਡੂੰਘੀ ਚੋਟ ਕਰਕੇ ਇਹ ਜ਼ਿਹਨ ਵਿੱਚ ਉਤਰ ਕੇ ਪੱਕੀ ਥਾਂ ਬਣਾ ਲੈਂਦੇ ਹਨ। ਵੈਸੇ ਸੁਣੇ ਬੋਲਾਂ ਦਾ ਓਨਾ ਜ਼ਿਆਦਾ ਅਸਰ ਨਹੀਂ ਹੁੰਦਾ ਜਿੰਨਾ ਸੰਗੀਤ ਵਿੱਚ ਪਰੋਏ ਬੋਲਾਂ ਦਾ ਹੁੰਦਾ ਹੈ। ਅੱਜ ਬਿਮਾਰ ਕਲਮਾਂ ਵੱਲੋਂ ਰਚੇ ਬੋਲ ਸੰਗੀਤ ਰਾਹੀਂ ਸੁਣਨ ਵਾਲਿਆਂ ਦੇ ਜ਼ਿਹਨ ਵਿੱਚ ਉਨ੍ਹਾਂ ਦੀ ਸੋਚ ਦਾ ਹਿੱਸਾ ਬਣਕੇ ਕਰਮ ਵਿੱਚ ਤਬਦੀਲ ਹੋ ਰਹੇ ਹਨ।

ਇਹ ਬਿਮਾਰ ਕਲਮਾਂ ਸਾਡੇ ਸੱਭਿਆਚਾਰ ਦੇ ਸੇਵਾਦਾਰ ਤੇ ਅਲੰਬਰਦਾਰ ਕਹਾਉਣ ਵਾਲੇ ਗੀਤਕਾਰ ਤੇ ਗਾਇਕਾਂ ਦੀਆਂ ਹਨ ਜੋ ਨਿਤ ਨਵੇਂ ਗੀਤ ਲਿਖ ਕੇ/ਗਾ ਕੇ ਸੁਣਨ ਵਾਲਿਆਂ ਦੀ ਮਾਨਸਿਕਤਾ ਨੂੰ ਬਿਮਾਰ ਕਰ ਰਹੀਆਂ ਹਨ, ਜਿਸ ਨਾਲ ਸਮਾਜ ਬਿਮਾਰ ਹੋ ਰਿਹਾ ਹੈ। ਜਦੋਂ ਨਸ਼ਿਆਂ ਨੂੰ ਲੈਣ ਲਈ ਉਕਸਾਉਣ ਵਾਲੇ ਬੋਲ, ਹਥਿਆਰ ਰੱਖਣ ਜਾਂ ਚਲਾਉਣ ਜਾਂ ਇਸ਼ਕ ਮੁਸ਼ਕ ਦੇ ਪੇਚੇ ਲੜਾਉਣ ਦੇ ਬੋਲ ਸਾਡੇ ਕੰਨੀਂ ਪੈਣਗੇ ਤਾਂ ਸੁਣਨ ਵਾਲੇ ਦਾ ਇਨ੍ਹਾਂ ਬੋਲਾਂ ਅਨੁਸਾਰ ਕਰਮ ਕਰਨਾ ਸੁਭਾਵਿਕ ਹੈ। ਪੰਜਾਬ ਵਿੱਚ ਨਸ਼ਿਆਂ ਦਾ ਕਾਰਨ ਬਿਮਾਰ ਕਲਮਾਂ ਹੀ ਹਨ। ਜਦੋਂ ਸ਼ਰਾਬ ਤੇ ਚਿੱਟੇ ਵਾਲੇ ਗੀਤ ਜ਼ਿਹਨ ਵਿੱਚ ਪੂਰੀ ਤਰ੍ਹਾਂ ਵਸ ਜਾਣਗੇ ਤਾਂ ਸੁਣਨ ਵਾਲੇ ਵੱਲੋਂ ਇਸਦਾ ਸੁਆਦ ਚੱਖਣਾ ਸੁਭਾਵਿਕ ਹੀ ਹੈ। ਪਹਿਲਾਂ ਸਾਡਾ ਸਮਾਜ ਲੱਚਰ ਗੀਤਕਾਰੀ ਲਈ ਚਿੰਤਤ ਸੀ, ਪਰ ਅੱਜ ਦੀ ਬਿਮਾਰ ਕਲਮ ਦੇ ਮੁਕਾਬਲੇ ਲੱਚਰ ਗੀਤਕਾਰੀ ਏਨੀ ਨੁਕਸਾਨਦੇਹ ਨਹੀਂ ਸੀ।

ਕਹਾਉਂਦੇ ਤਾਂ ਇਹ ਸਾਡੇ ਸੱਭਿਆਚਾਰ ਦੇ ਸੇਵਾਦਾਰ ਹਨ, ਪਰ ਇਹ ਕਿਹੋ ਜਿਹੀ ਸੇਵਾ, ਕਿਹੋ ਜਿਹੀ ਅਲੰਬਰਦਾਰੀ? ਹਥਿਆਰਾਂ 'ਚੋਂ ਨਿਕਲ ਕੇ ਖ਼ੁਸ਼ਗਵਾਰ ਮਾਹੌਲ ਨੂੰ ਗ਼ਮਗੀਨ ਕਰਦੀਆਂ ਗੋਲੀਆਂ, ਵਿਦਿਆਰਥੀਆਂ ਦੇ ਹੱਥਾਂ ਵਿੱਚ ਕਿਤਾਬਾਂ ਦੀ ਥਾਂ ਹਥਿਆਰ, ਮਾਰੂ ਨਸ਼ਿਆਂ ਦਾ ਵਰਤਾਰਾ, ਮਨਚਲੇ ਨੌਜਵਾਨਾਂ ਵੱਲੋਂ ਬੇਗਾਨੀਆਂ ਧੀਆਂ ਦੀ ਇੱਜ਼ਤ ਨਾਲ ਖਿਲਵਾੜ, ਪਿਆਰ ਦਾ ਨਾਟਕ, ਪਿਆਰ ਵਿੱਚ ਧੋਖਾ ਤੇ ਧੋਖੇ ਦੀਆਂ ਸ਼ਿਕਾਰ ਧੀਆਂ ਭੈਣਾਂ ਵੱਲੋਂ ਖ਼ੁਦਕੁਸ਼ੀਆਂ। ਜੇ ਇਹ ਸੇਵਾਦਾਰ ਜਾਂ ਅਲੰਬਰਦਾਰ ਹਨ ਤਾਂ ਸਾਨੂੰ ਅਜਿਹੇ ਸੇਵਾਦਾਰਾਂ ਜਾਂ ਅਲੰਬਰਦਾਰਾਂ ਦੀ ਲੋੜ ਨਹੀਂ। ਉਨ੍ਹਾਂ ਨੂੰ ਪੁੱਛੋ ਜਿਨ੍ਹਾਂ ਦੇ ਘਰ ਇਨ੍ਹਾਂ ਬਿਮਾਰ ਕਲਮਾਂ ਨੇ ਅੱਗ ਲਾਈ ਕਿ ਇਹ ਸੇਵਾ ਹੈ ਜਾਂ ਕੁਝ ਹੋਰ।

ਮੈਂ ਇੱਕ ਦੁਕਾਨ ਤੋਂ ਸਾਮਾਨ ਖਰੀਦ ਰਿਹਾ ਸੀ ਤਾਂ ਟੀ. ਵੀ. 'ਤੇ ਪੰਜਾਬੀ ਗਾਇਕ ਇੱਕ ਹੱਥ ਵਿੱਚ ਸ਼ਰਾਬ ਤੇ ਦੂਸਰੇ ਵਿੱਚ ਪਿਸਤੌਲ ਫੜਕੇ ਗੋਲੀਆਂ ਦੀ ਬੁਛਾੜ ਵਾਲਾ ਗੀਤ ਗਾ ਕੇ ਨੱਚ ਰਿਹਾ ਸੀ। ਦੁਕਾਨ 'ਤੇ ਕੰਮ ਕਰਦਾ 15 ਕੁ ਸਾਲ ਦਾ ਲੜਕਾ ਆਪਣੇ ਇੱਕ ਹੱਥ ਵਿੱਚ ਪਾਣੀ ਦਾ ਗਲਾਸ ਤੇ ਦੂਸਰੇ ਵਿੱਚ ਲੱਕੜ ਦੇ ਟੁਕੜੇ ਨੂੰ ਪਿਸਤੌਲ ਬਣਾ ਕੇ ਗੋਲੀਆਂ ਚਲਾਉਣ ਦੀ ਐਕਟਿੰਗ ਕਰਦਾ ਹੋਇਆ ਉਹੀ ਗੀਤ ਗਾ ਰਿਹਾ ਸੀ। ਦੇਖਣ ਨੂੰ ਤਾਂ ਇਹ ਮਾਮੂਲੀ ਨਕਲ ਲੱਗਦੀ ਸੀ, ਪਰ ਇਹ ਮਾਮੂਲੀ ਨਹੀਂ ਸੀ। ਇੱਕ ਬਿਮਾਰ ਕਲਮ ਦੇ ਬੋਲਾਂ ਨੇ ਇਸ ਮਾਸੂਮ ਦੀ ਮਾਨਸਿਕਤਾ ਨੂੰ ਅਪਾਹਜ ਕਰ ਦਿੱਤਾ ਸੀ। ਇਹ ਸੱਚ ਹੈ ਕਿ ਇਸ ਮਾਨਸਿਕਤਾ ਅਨੁਸਾਰ ਹੀ ਇਸ ਦਾ ਸੁਭਾਅ ਬਣੇਗਾ ਤੇ ਇਸ ਸੁਭਾਅ ਅਨੁਸਾਰ ਹੀ ਉਹ ਕਰਮ ਕਮਾਏਗਾ। ਸ਼ਰਾਬ ਪੀਵੇਗਾ, ਗੋਲੀਆਂ ਚਲਾਏਗਾ ਤੇ ਬੇਗਾਨੀਆਂ ਧੀਆਂ ਭੈਣਾਂ ਦੀ ਇੱਜ਼ਤ ਨਾਲ ਖੇਡੇਗਾ। ਇਹ ਸੁਭਾਅ ਇਸ ਨੂੰ ਅਪਰਾਧੀ ਵੀ ਬਣਾ ਸਕਦਾ ਹੈ। ਕਈ ਦਿਨਾਂ ਬਾਅਦ ਮੈਂ ਫਿਰ ਉਸ ਦੁਕਾਨ 'ਤੇ ਗਿਆ ਤਾਂ ਦੁਕਾਨਦਾਰ ਤੋਂ ਉਸ ਲੜਕੇ ਬਾਰੇ ਪੁੱਛਿਆ। ਦੁਕਾਨਦਾਰ ਬੋਲਿਆ, 'ਕੀ ਦੱਸੀਏ। ਉਸਨੂੰ ਤਾਂ ਸ਼ਰਾਬ ਦੀ ਲਤ ਲੱਗ ਗਈ, ਮਾੜੀ ਸੰਗਤ ਵਿੱਚ ਪੈ ਗਿਆ। ਕਿਸੇ ਦੀ ਕੁੜੀ ਛੇੜਦਾ ਫੜਿਆ ਗਿਆ ਤੇ ਉਨ੍ਹਾਂ ਨੇ ਪੁਲੀਸ ਨੂੰ ਫੜਾ ਦਿੱਤਾ। ਅੱਜ ਪੰਦਰਾਂ ਦਿਨ ਹੋ ਗਏ। ਪਿਓ ਪਹਿਲਾਂ ਹੀ ਪੂਰਾ ਹੋ ਗਿਆ ਸੀ। ਮਾਂ ਨੂੰ ਮੈਂ ਅੱਜ ਹੀ ਕੋਲੋਂ ਰਾਸ਼ਨ ਦਿੱਤਾ।' ਇਸਦਾ ਜ਼ਿੰਮੇਵਾਰ ਕੌਣ ਸੀ? ਬਿਮਾਰ ਕਲਮ।

ਇਹੋ ਜਿਹੇ ਮਾਪਿਆਂ ਦੇ ਦਿਲੋਂ ਇਨ੍ਹਾਂ ਕਲਮਾਂ ਲਈ ਬਦਅਸੀਸਾਂ ਨਿਕਲਦੀਆਂ ਹਨ। ਬਿਮਾਰ ਕਲਮਾਂ ਵਾਲੇ ਭੁੱਲ ਗਏ ਹਨ ਕਿ ਉਨ੍ਹਾਂ ਦੇ ਬੱਚੇ, ਬੱਚੀਆਂ ਵੀ ਇਸ ਸਮਾਜ ਦਾ ਹਿੱਸਾ ਹਨ। ਇਹ ਉਨ੍ਹਾਂ 'ਤੇ ਅਸਰ ਕਰਨਗੇ। ਸਾਡੇ ਵਿਦਿਆ ਦੇ ਮੰਦਰ ਇਨ੍ਹਾਂ ਬਿਮਾਰ ਕਲਮਾਂ ਵਾਲਿਆਂ ਦੇ ਅਖਾੜੇ ਬਣ ਗਏ ਹਨ। ਗਾਇਕ ਆਪਣੇ ਗੀਤਾਂ ਦੇ ਪ੍ਰਚਾਰ ਲਈ ਇਨ੍ਹਾਂ ਮੰਦਰਾਂ ਵਿੱਚ ਜਾਂਦੇ ਹਨ। ਪਤਾ ਨਹੀਂ ਪ੍ਰਬੰਧਕ ਇਨ੍ਹਾਂ ਨੂੰ ਮੰਦਰਾਂ ਵਿੱਚ ਆਉਣ ਦੀ ਇਜਾਜ਼ਤ ਕਿਉਂ ਦਿੰਦੇ ਹਨ? ਅੱਜ ਪੰਜਾਬ ਦਾ ਵਿਦਿਆਰਥੀ ਹੋਰਨਾਂ ਸੂਬਿਆਂ ਦੇ ਵਿਦਿਆਰਥੀਆਂ ਨਾਲੋਂ ਇਨ੍ਹਾਂ ਬਿਮਾਰ ਕਲਮਾਂ ਕਾਰਨ ਪੱਛੜ ਗਿਆ ਹੈ। ਅੱਜ ਸਮਾਜ ਨੂੰ ਤੰਦਰੁਸਤ ਕਲਮ ਦੀ ਲੋੜ ਹੈ ਜਿਹੜੀ ਤੰਦਰੁਸਤ ਸਮਾਜ ਸਿਰਜੇ। ਜੇਕਰ ਇਹ ਕਲਮਾਂ ਇਸੇ ਤਰ੍ਹਾਂ ਲਿਖਦੀਆਂ ਰਹੀਆਂ ਤਾਂ ਇਹ ਸਮਾਜ ਨੂੰ ਹੋਰ ਵੀ ਬੁਰੀ ਤਰ੍ਹਾਂ ਬਿਮਾਰ ਕਰ ਦੇਣਗੀਆਂ ਜਿਸ ਦੇ ਸਾਨੂੰ ਸਾਰਿਆਂ ਨੂੰ ਬੇਹੱਦ ਗੰਭੀਰ ਸਿੱਟੇ ਭੁਗਤਣੇ ਪੈਣਗੇ।

ਸੰਪਰਕ: 98766-529000

# ਵਾਤਾਵਰਣ ਨੂੰ ਬਚਾਉਣ ਲਈ ਦਰਖਤ ਲਗਾਉਣ ਦਾ ਸੱਦਾ ਅਤੇ ਚੰਗੀ ਸਿਹਤ ਲਈ ਸ਼ੂਗਰ ਤੇ ਫਾਸਟ ਫੂਡ ਤੋਂ ਦੂਰ ਰਹਿਣ ਦੀ ਸਲਾਹ !








ਕੈਲਗਰੀ: ਸਮਾਜ ਵਿੱਚ ਵੱਖ-ਵੱਖ ਵਿਸ਼ਿਆਂ ਤੇ ਚੇਤੰਨਤਾ ਪੈਦਾ ਕਰਨ ਤੇ ਅਗਾਂਹਵਧੂ ਗਤੀਵਿਧੀਆਂ ਲਈ ਕਈ ਸਾਲਾਂ ਤੋਂ ਕੈਲਗਰੀ ਵਿੱਚ ਲਗਾਤਾਰ ਸਰਗਰਮ ਸੰਸਥਾ 'ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਵਲੋਂ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਸੈਮੀਨਾਰ ਜਾਂ ਵਿਚਾਰ ਚਰਚਾ ਕਰਵਾਈ ਜਾਂਦੀ ਹੈ। ਇਸੇ ਲੜੀ ਵਿੱਚ 2 ਸਤੰਬਰ ਨੂੰ ਕੋਸੋ ਹਾਲ ਵਿੱਚ ਹੋਏ ਸੈਮੀਨਾਰ ਦੌਰਾਨ ਪੰਜਾਬ ਇੰਸ਼ੋਰੈਂਸ ਦੇ ਮੈਨੇਜਰ ਹਰਪਿੰਦਰ ਸਿੱਧੂ ਵਲੋਂ ਦੁਨੀਆਂ ਭਰ ਵਿੱਚ ਆਮ ਲੋਕਾਂ ਦੀ ਵਿਗੜ ਰਹੀ ਸਿਹਤ ਅਤੇ ਸਿਹਤ ਮਹਿਕਮਿਆਂ, ਡਾਕਟਰਾਂ, ਦਵਾਈਆਂ ਦੀਆਂ ਕੰਪਨੀਆਂ ਦੇ ਕੰਮ-ਕਾਜ ਤੇ ਟਿੱਪਣੀਆਂ ਕਰਦਿਆਂ ਕਿਹਾ ਕਿ ਖਾਣ-ਪੀਣ ਦੀ ਹਰ ਵਸਤੂ ਵਿੱਚ ਸ਼ੂਗਰ ਦੀ ਵੱਧ ਮਾਤਰਾ ਤੇ ਫਾਸਟ ਫੂਡ ਦੇ ਵਧ ਰਹੇ ਰੁਝਾਨਾਂ ਕਾਰਨ ਲੋਕ ਅਨੇਕਾਂ ਤਰ੍ਹਾਂ ਦੀਆਂ ਬੀਮਾਰੀਆਂ ਦੀ ਲਪੇਟ ਵਿੱਚ ਆ ਰਹੇ ਹਨ, ਡਾਕਟਰ ਤੇ ਦਵਾਈਆਂ ਦੀਆਂ ਕੰਪਨੀਆਂ ਦਾ ਮਕਸਦ ਵੀ ਲੋਕਾਂ ਨੂੰ ਠੀਕ ਕਰਨ ਦੀ ਥਾਂ ਸਾਰੀ ਉਮਰ ਦਵਾਈ ਤੇ ਲਗਾਉਣਾ ਵੱਧ ਹੈ, ਉਨ੍ਹਾਂ ਅਪੀਲ ਕੀਤੀ ਕਿ ਜਿਥੇ ਆਪਣੇ ਖਾਣੇ ਵਿਚੋਂ ਵੱਧ ਤੋਂ ਵੱਧ ਸ਼ੂਗਰ ਘਟਾਈ ਜਾਵੇ, ਉਥੇ ਫਾਸਟ ਫੂਡ ਜਾਂ ਹੋਰ ਤਰ੍ਹਾਂ ਦੇ ਬਜਾਰੂ ਫੂਡ ਦੀ ਥਾਂ ਘਰ ਪਕਾ ਕੇ ਖਾਣਾ ਖਾਣ ਨੂੰ ਤਰਜੀਹ ਦਿੱਤੀ ਜਾਵੇ।ਇਸ ਮੌਕੇ ਤੇ ਦੂਜੇ ਬੁਲਾਰੇ 'ਸਿੱਖ ਵਿਰਸਾ ਮੈਗਜ਼ੀਨ' ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ ਵਾਤਾਵਰਣ ਤੇ ਗਲੋਬਲ ਵਾਰਮਿੰਗ ਵਿਸ਼ੇ ਤੇ ਬੋਲਦਿਆਂ ਕਿਹਾ ਕਿ ਪਿਛਲੇ 100 ਸਾਲਾਂ ਵਿੱਚ ਪੈਟਰੋਲ ਤੇ ਡੀਜ਼ਲ ਦੀ ਲੱਖਾਂ ਗੁਣਾਂ ਵਧੀ ਖਪਤ, ਜੰਗਲਾਂ ਦੀ ਕਟਾਈ ਤੇ ਵਧ ਰਹੀ ਅਬਾਦੀ ਨੇ ਕੁਦਰਤ ਵਲੋਂ ਨੀਯਤ ਵਾਤਾਵਰਣ ਦੇ ਤਾਪਮਾਨ ਵਿੱਚ ਵਿਗਾੜ ਪੈਦਾ ਕਰ ਦਿੱਤਾ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਸੀਂ ਆਪਣੇ ਜੀਵਨ ਤੇ ਵਾਤਾਵਰਣ ਨੂੰ ਬਚਾਉਣ ਲਈ ਆਪਣੇ ਘਰਾਂ ਤੇ ਇਲਾਕਿਆਂ ਵਿੱਚ ਦਰਖਤ ਜ਼ਰੂਰ ਲਗਾਈਏ।ਉਨ੍ਹਾਂ ਦਰਖਤ ਲਗਾਉਣ ਦੇ ਪੰਜਾਬੀਆਂ ਵਿੱਚ ਘੱਟ ਰਹੇ ਰੁਝਾਨ ਨੂੰ ਮੁੱਖ ਰੱਖ ਕੇ ਮੁਹਿੰਮ ਚਲਾਉਣ ਲਈ ਵੀ ਸੁਝਾਓ ਦਿੱਤਾ।ਇਸ ਮੌਕੇ ਤੇ ਬੋਲਦਿਆਂ, ਕਮਲਪ੍ਰੀਤ ਪੰਧੇਰ ਨੇ ਪ੍ਰੋਗਰੈਸਿਵ ਕਲਚਰਲ ਵਲੋਂ 29 ਸਤੰਬਰ ਨੂੰ ਕਰਵਾਏ ਜਾ ਰਹੇ 9 ਵੇਂ ਸਲਾਨਾ ਨਾਟਕ ਸਮਾਗਮ ਬਾਰੇ ਜਾਣਕਾਰੀ ਦਿੱਤੀ ਅਤੇ ਕਈ ਸਾਲ ਪਹਿਲਾਂ ਪੰਜਾਬ ਵਿੱਚ ਕਿਰਨਜੀਤ ਕੌਰ, ਰੇਪ ਤੇ ਕਤਲ ਕਾਂਡ ਦੇ ਦੋਸ਼ੀਆਂ ਨਾਲ ਸਬੰਧਤ ਝੂਠੇ ਕੇਸਾਂ ਵਿੱਚ ਫਸਾਏ ਹੋਏ ਮਨਜੀਤ ਧਨੇਰ ਬਾਰੇ ਜਾਣਕਾਰੀ ਸਾਂਝੀ ਕੀਤੀ। ਸਟੇਜ ਸਕੱਤਰ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਮਾਸਟਰ ਭਜਨ ਸਿੰਘ ਵਲੋਂ ਇੰਡੀਆ ਵਿੱਚ ਫੈਲ ਰਹੇ ਫਾਸ਼ੀਵਾਦ ਤੇ ਜਿਥੇ ਚਿੰਤਾ ਪ੍ਰਗਟ ਕੀਤੀ, ਉਥੇ ਪਿਛਲੇ ਦਿਨੀਂ ਝੂਠੇ ਕੇਸਾਂ ਵਿੱਚ ਫੜੇ ਗਏ ਉਘੇ ਲੇਖਕਾਂ, ਬੁੱਧੀਜੀਵੀਆਂ ਤੇ ਮਨੁੱਖੀ ਕਾਰਕੁੰਨਾਂ ਦੀ ਗ੍ਰਿਫਤਾਰੀ ਦੀ ਨਿਖੇਧੀ ਕੀਤੀ ਗਈ।ਲੇਖਕ ਹਰੀਪਾਲ ਵਲੋਂ 'ਪ੍ਰੋਗਰੈਸਿਵ ਕਚਰਲ ਐਸੋਸੀਏਸ਼ਨ ਕੈਲਗਰੀ', 'ਅਦਾਰਾ ਸਰੋਕਾਰਾਂ ਦੀ ਆਵਾਜ਼' ਤੇ 'ਅਦਾਰਾ ਸਿੱਖ ਵਿਰਸਾ' ਵਲੋਂ ਇੰਡੀਆ ਵਿੱਚ ਬੁੱਧੀਜੀਵੀਆਂ ਦੀਆਂ ਹੋ ਰਹੀਆਂ ਗ੍ਰਿਫਤਾਰੀਆਂ ਦੀ ਨਿੰਦਾ ਅਤੇ ਮਨਜੀਤ ਧਨੇਰ ਦੀ ਬਿਨਾਂ ਸ਼ਰਤ ਰਿਹਾਈ ਦੇ ਮਤੇ ਪੜ੍ਹ ਕੇ ਸੁਣਾਏ।ਉਨ੍ਹਾਂ ਕੇਰਲਾ ਵਿੱਚ ਆਏ ਹੜ੍ਹਾਂ ਤੋਂ ਪੀੜ੍ਹਤ ਲੋਕਾਂ ਲਈ ਮੱਦਦ ਕਰਨ ਦੀ ਅਪੀਲ ਵੀ ਕੀਤੀ।ਮਾਸਟਰ ਬਚਿੱਤਰ ਗਿੱਲ ਵਲੋਂ ਇੰਡੀਆ ਵਿੱਚ ਆਰ ਐਸ ਐਸ ਦੀ ਅਗਵਾਈ ਵਿੱਚ ਮੋਦੀ ਸਰਕਾਰ ਵਲੋਂ ਘੱਟ ਗਿਣਤੀਆਂ ਖਿਲਾਫ ਵਿੱਢੀ ਨਫਰਤ ਤੇ ਹਿੰਸਾ ਦੀ ਮੁਹਿੰਮ ਦੀ ਨਿਖੇਧੀ ਕੀਤੀ।ਇਸ ਮੌਕੇ ਤੇ 'ਯੰਗਸਤਾਨ' ਦੇ ਸੁੱਖਵੀਰ ਗਰੇਵਾਲ ਵਲੋਂ ਪੰਜਾਬੀ ਸਿੱਖਣ ਵਾਲੇ ਬੱਚਿਆਂ ਦੀਆਂ ਮਨੋਰੰਜਕ ਗਤੀਵਿਧੀਆਂ ਲਈ 'ਬੌਟਲ ਡਰਾਈਵ' ਵਿੱਚ ਮੱਦਦ ਕਰਨ ਦੀ ਅਪੀਲ ਕੀਤੀ।ਅਖੀਰ ਵਿੱਚ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਕਾਰਜਕਾਰਨੀ ਤੇ ਪ੍ਰੋਗਰੈਸਿਵ ਕਲਾ ਮੰਚ ਦੀ ਟੀਮ ਵਲੋਂ ਭਰਵੇਂ ਇਕੱਠ ਵਿੱਚ 29 ਸਤੰਬਰ ਨੂੰ ਮੰਡੀ ਮੁੱਲਾਂਪੁਰ ਤੋਂ ਆ ਰਹੇ ਲੇਖਕ ਤੇ ਨਿਰਦੇਸ਼ਕ ਹਰਕੇਸ਼ ਚੌਧਰੀ ਦੀ ਅਗਵਾਈ ਵਿੱਚ ਹੋ ਰਹੇ ਦੋ ਡਰਾਮਿਆਂ, ਕੋਰੀਓਗ੍ਰਾਫੀਆਂ ਅਤੇ ਲੋਕ ਪੱਖੀ ਸਭਿਆਚਾਰ ਬੋਲੀਆਂ ਬਾਰੇ ਹੋ ਰਹੇ ਸਮਾਗਮ ਦਾ ਪੋਸਟਰ ਰਿਲੀਜ ਕੀਤਾ। ਸਭ ਨੂੰ 29 ਸਤੰਬਰ ਦੇ ਨਾਟਕ ਸਮਾਗਮ ਵਿੱਚ ਪਰਿਵਾਰਾਂ ਸਮੇਤ ਸ਼ਾਮਿਲ ਦਾ ਸੱਦਾ ਦਿੱਤਾ ਗਿਆ।

SHAHEED BHAGAT SINGH BOOK CENTRE
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220

Best Mobile Signs
All kinds of mobile sign board
best mobile sign
call for yours
Kamal Sidhu
403-966-7167
bestmobilesigns@gmail.com

BLACK ICE Auto Detailing
Lucky Dadrah
Cell : 403-404-0751
Tel : 587-896-1838
Email : blackiceautodetailing@gmail.com
Unit G 3515 32 ST NE, Calgary - AB T1Y 5Y9
www.blackiceautodetailing.com
GET YOUR CAR DETAILING DONE IN PROFESSIONAL WAY
• Exterior Hand Wash & Dry
• Complete Interior Vaccum
• Clean All Windows Including Trunk
• Engine Wash, Tires & Wheels
• Wax & Polish
• Remove Scratches & Shampoo

MAXVALUE REALTY LTD
To Sell and Buy Real Estate is a
Big Decision to Make
It is important to have
Knowledgeable Experienced Professional
Real Estate Associate on your side call
Call Dan Sidhu
Real Estate Broker
With 20 Years Experinced
e-mail:dansidhu@gmail.com 403-560-6300

PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜ਼ਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9


HomeLife SilverCity
Realty Inc., Brokerage
EACH OFFICE ENDEPENDENTLY OWNED & OPERATED
NEW LOCATION
OPEN TO SERVE
YOU BETTER
AIRPORT RD/DREW
Now Hiring
New / Experienced Real Estate Sales Representative / Brokers
Office: 905-913-8500
11775 Bramalea Rd # 201, Brampton
www.HomelifeSilvercityTeam.com
Team of OVER 425 Realtors
BALJIT GARCHA
BROKER OF RECORD
HARJINDER DHILLON
Manager/Broker
AJIT GARCHA
BROKER / PRESIDENT
www.homelifesilvercityteam.com
"All agents are Salespersons/Brokers/Unless otherwise stated. Not intended to solicit salespersons/brokers under contract. Some conditions apply."

# ਭਾਰਤੀ ਅਧਿਕਾਰੀਆਂ ਵਲੋਂ ਪੱਤਰਕਾਰ ਗੁਰਪ੍ਰੀਤ ਸਿੰਘ ਨੂੰ ਬੋਲਣ ਤੋਂ ਰੋਕਣ ਦੀ ਨਿਖੇਧੀ

ਕੈਲਗਰੀ: ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਅਦਾਰਾ ਸਿੱਖ ਵਿਰਸਾ ਵਲੋਂ ਜਾਰੀ ਇੱਕ ਪ੍ਰੈਸ ਨੋਟ ਵਿੱਚ ਵੈਨਕੂਵਰ ਏਰੀਏ ਵਿੱਚ ਪਿਛਲੇ ਦਿਨੀਂ ਕੇਰਲਾ ਦੇ ਹੜ੍ਹ ਪੀੜਤਾਂ ਦੀ ਮੱਦਦ ਲਈ ਹੋ ਰਹੇ ਪ੍ਰੋਗਰਾਮ ਦੌਰਾਨ ਉਘੇ ਪੱਤਰਕਾਰ, ਰੇਡੀਓ ਹੋਸਟ ਤੇ ਲੇਖਕ ਗੁਰਪ੍ਰੀਤ ਸਿੰਘ ਨੂੰ ਭਾਰਤੀ ਸਫਾਰਤਖਾਨੇ ਦੇ ਅਧਿਕਾਰੀਆਂ ਵਲੋਂ ਚੱਲਦੇ ਪ੍ਰੋਗਰਾਮ ਵਿੱਚ ਸਟੇਜ ’ਤੇ ਬੋਲਣ ਤੋਂ ਰੋਕਣ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਜਿਸ ਕਾਰਨ ਉਨ੍ਹਾਂ ਨੂੰ ਆਪਣੇ ਸਾਥੀਆਂ ਸਮੇਤ ਪ੍ਰੋਗਰਾਮ ਵਿੱਚੋਂ ਵਾਕਆਊਟ ਕਰਨਾ ਪਿਆ ਸੀ। ਜਦਕਿ ਉਹ ਉਥੇ ਹੜ੍ਹ ਪੀੜਤਾਂ ਦੀ ਮਦਦ ਲਈ ਇਕੱਠੇ ਕੀਤੇ ਫੰਡ ਦਾ ਚੈੱਕ ਦੇਣ ਗਏ ਸਨ। ਪ੍ਰੈਸ ਨੂੰ ਜਾਰੀ ਬਿਆਨ ਵਿੱਚ ਦੋਨਾਂ ਸੰਸਥਾਵਾਂ ਦੇ ਬੁਲਾਰਿਆਂ ਮਾਸਟਰ ਭਜਨ ਸਿੰਘ ਤੇ ਹਰਚਰਨ ਸਿੰਘ ਵਲੋਂ ਇਸ ਕਾਰਵਾਈ ਨੂੰ ਪ੍ਰੈਸ ਅਤੇ ਵਿਚਾਰਾਂ ਦੀ ਆਜ਼ਾਦੀ ’ਤੇ ਹਮਲਾ ਦੱਸਦਿਆਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਕਿਸੇ ਵੀ ਲੋਕਤੰਤਰੀ ਸਮਾਜ ਵਿੱਚ ਪ੍ਰਵਾਨ ਨਹੀਂ ਕੀਤੀਆਂ ਜਾ ਸਕਦੀਆਂ, ਖਾਸਕਰ ਉਦੋਂ, ਜਦੋਂ ਅਜਿਹਾ ਕਰਨ ਵਾਲਿਆਂ ਵਿੱਚ ਸਰਕਾਰੀ ਨੁਮਾਇੰਦੇ ਸ਼ਾਮਲ ਹੋਣ। ਉਨ੍ਹਾਂ ਅੱਗੇ ਕਿਹਾ ਕਿ ਕਨੇਡਾ ਤੇ ਇੰਡੀਆ ਦਾ ਸੰਵਿਧਾਨ ਆਪਣੇ ਨਾਗਰਿਕਾਂ ਨੂੰ ਆਪਣੇ ਵਿਚਾਰਾਂ ਨੂੰ ਅਜ਼ਾਦੀ ਨਾਲ ਪ੍ਰਗਟ ਕਰਨ ਦਾ ਪੂਰਨ ਅਧਿਕਾਰ ਦਿੰਦਾ ਹੈ ਤੇ ਇਹ ਅਧਿਕਾਰ ਲੋਕਾਂ ਨੇ ਲੰਬੇ ਸੰਘਰਸ਼ਾਂ ਤੋਂ ਬਾਅਦ ਹਾਸਲ ਕੀਤੇ ਹਨ। ਉਨ੍ਹਾਂ ਮੰਗ ਕੀਤੀ ਕਿ ਭਾਰਤੀ ਸਫਾਰਤਖਾਨੇ ਦੇ ਕੌਂਸਲੇਟ ਜਨਰਲ ਨੂੰ ਆਪਣੇ ਅਧਿਕਾਰੀਆਂ ਇਸ ਗਲਤੀ ਲਈ ਮੁਆਫੀ ਮੰਗਣੀ ਚਾਹੀਦੀ ਹੈ ਤੇ ਅਜਿਹੇ ਅਧਿਕਾਰੀਆਂ ਨੂੰ ਆਪਣੀ ਤਾਕਤ ਦੀ ਦੁਰਵਰਤੋਂ ਕਰਨ ਲਈ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਲੋਕਪੱਖੀ, ਜਮਹੂਰੀ ਤੇ ਮਨੁੱਖੀ ਅਧਿਕਾਰਾਂ ਦੀਆਂ ਸਭ ਸੰਸਥਾਵਾਂ ਨੂੰ ਪ੍ਰੈਸ ਤੇ ਵਿਚਾਰਾਂ ਦੀ ਅਜ਼ਾਦੀ ਅਤੇ ਗੁਰਪ੍ਰੀਤ ਸਿੰਘ ਨੂੰ ਇਨਸਾਫ ਦੁਆਉਣ ਲਈ ਅੱਗੇ ਆਉਣਾ ਚਾਹੀਦਾ ਹੈ।

















